# ਮੇਰੀ ਕਲਮ

(ਸੰਤੋਖ ਸਿੰਘ ਧੀਰ)

PK
2659
D466M47
1994X
c.1
ROBA

**SHASTRI INDO-CANADIAN INSTITUTE**
5, BHAI VIR SINGH MARG
NEW DELHI-110001

1149

LCN: 94907643
I-Pan-6725

PK2659.D466 (XL:.xZ46-479M)
Dhir, Santokh Singh. Merī kalama / Sanatokha Siṅgha Dhīra. Caṇḍīgaṛha : Nainasī Pabalisharaza, 1994. 196 p. ; 22 cm. I-11 In Panjabi.
Autobiography of a Panjabi writer. Rs150.00 Less 15%

Digitized by the Internet Archive
in 2013

http://archive.org/details/merkalama00dhir

# ਮੇਰੀ ਕਲਮ
(ਸਾਹਿਤਿਕ ਸਵੈ-ਜੀਵਨੀ)

## ਲੇਖਕ ਦੀਆਂ ਹੋਰ ਰਚਨਾਵਾਂ

ਕਾਵਿ ਸੰਗ੍ਰਹਿ : ਪਹੁ ਫੁਟਾਲਾ, ਧਰਤੀ ਮੰਗਦੀ ਮੀਂਹ ਵੇ, ਪੱਤ ਝੜੇ ਪੁਰਾਣੇ, ਬਿਰਹੜੇ, ਅੱਗ ਦੇ ਪੱਤੇ, ਕਾਲੀ ਬਰਛੀ, ਸੰਜੀਵਨੀ, ਸਿੰਘਾਵਲੀ, ਆਉਣ ਵਾਲਾ ਸੂਰਜ, ਜਦੋਂ ਅਸੀਂ ਆਵਾਂਗੇ ।

ਕਹਾਣੀ ਸੰਗ੍ਰਹਿ : ਸਿੱਟਿਆਂ ਦੀ ਛਾਂ, ਸਵੇਰ ਹੋਣ ਤਕ, ਸਾਂਝੀ ਕੰਧ, ਸ਼ਰਾਬ ਦਾ ਗਲਾਸ, ਊਸ਼ਾ ਭੈਣ ਜੀ ਚੁੱਪ ਸਨ, ਪੱਖੀ, ਸ਼ੇਰਾਂ ਦੀ ਆਵਾਜ਼ (ਸਿੱਖ ਇਤਿਹਾਸ ਦੀਆਂ ਕਹਾਣੀਆਂ) ।

ਨਾਵਲ : ਸ਼ਰਾਬੀ (ਨਵਾਂ ਨਾਂ "ਦੋ ਫੁੱਲ"), ਯਾਦਗਾਰ, ਮੈਨੂੰ ਇਕ ਸੁਫਨਾ ਆਇਆ, ਹਿੰਦੋਸਤਾਂ ਹਮਾਰਾ ।

ਸਫ਼ਰਨਾਮਾ : ਮੇਰੀ ਇੰਗਲੈਂਡ ਯਾਤਰਾ ।

ਚਿੱਠੀਆਂ : ਫੁੱਲਾਂ ਨਾਲ ਗੱਲਾਂ ।

ਲੋਕ ਸਾਹਿਤ : ਲੋਕ ਗੀਤਾਂ ਬਾਰੇ, ਪੰਜਾਬ ਦੀਆਂ ਲੋਕ ਕਹਾਣੀਆਂ ।

ਸੰਕਲਨ : ਮੇਰੀਆਂ ਸ੍ਰੇਸ਼ਟ ਕਹਾਣੀਆਂ, ਮੇਰੀ ਪ੍ਰਤਿਨਿਧ ਰਚਨਾ ।

ਅਨੁਵਾਦ : ਕਬੀਰ ਵਚਨਾਵਲੀ ।

# ਮੇਰੀ ਕਲਮ

ਸੰਤੋਖ ਸਿੰਘ ਧੀਰ

ਨੈਨਸੀ ਪਬਲਿਸ਼ਰਜ਼
ਚੰਡੀਗੜ੍ਹ

# MERI KALAM

A Literary Autobiography By

**Santokh Singh Dhir**

LIBRARY
FEB - 2 1998
UNIVERSITY OF TORONTO

ਹੱਕ ਰਾਖਵੇਂ ਹਨ

ਪਹਿਲੀ ਵਾਰ
1994

ਪ੍ਰਕਾਸ਼ਕ
ਨੈਨਸੀ ਪਬਲਿਸ਼ਰਜ਼
1118, ਸੈਕਟਰ 18-ਸੀ, ਚੰਡੀਗੜ੍ਹ

ਛਾਪਕ
ਪ੍ਰੇਰਨਾ ਪ੍ਰਿੰਟਿੰਗ ਪ੍ਰੈਸ
ਬੀ-52, ਫ਼ੇਜ਼-6, ਸ. ਅ. ਸ. ਨਗਰ (ਮੋਹਾਲੀ)

ਮੁੱਲ
150 ਰੁਪਏ

ਆਪਣੀ ਕਵਿਤਾ

"ਮੈਂ ਹਾਂ ਬਾਰੂ ਤਾਂਗੇ ਵਾਲਾ"

ਨੂੰ



(ਸਕੈੱਚ : ਤੌਕੀਰ ਚੁਗਤਾਈ, ਕਰਾਚੀ, ਪਾਕਿਸਤਾਨ)

...       ...       ...

ਕਲਮ ਮੇਰੀ ਤੀਰ ਵੀ, ਤਲਵਾਰ ਵੀ
ਲਹਿਲਹਾਂਦੀ ਫ਼ਸਲ ਵੀ
ਲਾਲ ਸੂਹੀ ਅੱਗ ਵੀ
ਮਿੱਲ ਦਾ ਪਹੀਆ ਵੀ ਬਣ ਜਾਂਦੀ ਹੈ ਇਹ
ਹਲ ਦੀ ਤਿੱਖੀ ਨੋਕ ਵੀ

...       ...       ...

(ਇਕ ਕਵਿਤਾ ਵਿਚੋਂ)

ਰਚਨਾ ਕਾਲ

(12 ਮਾਰਚ 1992—28 ਮਾਰਚ 1993)

# ਤਤਕਰਾ


ਕਵੀ ਜਾਂ ਲੇਖਕ ਉੱਕਾ ਨਹੀਂ ਸਾਂ ਬਣਨਾ ਚਾਹੁੰਦਾ 13

ਕਵੀ ਬਣਨ ਲਈ ਪ੍ਰੇਰਨਾ 17

ਮੇਰੀ ਪਹਿਲੀ ਕਵਿਤਾ 21

ਮੇਰਾ ਪਹਿਲਾ ਲੇਖ 24

ਪਹਿਲੇ ਲੇਖ ਦੇ ਕੁਝ ਇਕ ਅੰਸ਼ 28

ਪਹਿਲਾਂ ਪਹਿਲਾਂ ਮੇਰੇ ਵਿਸ਼ੇ 33

ਮੇਰੇ ਵਿਸ਼ੇ ਬਦਲ ਗਏ 37

ਮੋਹਨ ਸਿੰਘ ਦੇ "ਸਾਵੇ ਪੱਤਰ" 41

"ਪ੍ਰੀਤ ਲੜੀ" ਦਾ ਡੂੰਘਾ ਅਸਰ 46

ਕਹਾਣੀਆਂ ਵੀ ਲਿਖਣ ਲੱਗਾ 49

ਪਹਿਲੀਆਂ ਦੋ ਕਹਾਣੀਆਂ 52

ਇਕ ਹੋਰ ਇਤਿਹਾਸਕ ਕਹਾਣੀ 57

ਇਕਦਮ ਪ੍ਰਸਿੱਧ ਹੋਇਆ 60

"ਕੋਈ ਇਕ ਸਵਾਰ" 65

"ਨਿੱਕੀ ਸਲੇਟੀ ਸੜਕ ਦਾ ਟੋਟਾ" 69

ਰੋਜ਼ਨਬਰਗਾਂ ਬਾਰੇ ਕਵਿਤਾ 73

"ਓਡਣੀ" 77

ਕਾਵਿ ਸੰਗ੍ਰਹਿ "ਬਿਰਹੜੇ" 81

ਬੇਚੈਨੀ ਸ਼ੁਰੂ ਹੋਈ—ਕੁਝ ਵੱਡਾ ਲਿਖਣ ਲਈ 87

ਅਜੇ ਸਬਰ ਦੀ ਲੋੜ ਸੀ 91

ਮੇਰਾ ਜੀਵਨ, ਮੇਰੀ ਲਿਖਤ 94

ਮੇਰਾ ਪਹਿਲਾ ਨਾਵਲ 97

ਇਕ ਕਹਾਣੀ ਦੀ ਵਾਰਤਾ 101

ਮੇਰੀਆਂ ਤਿੰਨ ਕਹਾਣੀਆਂ 105

"ਭੇਤ ਵਾਲੀ ਗੱਲ" ਤੇ "ਮੰਗੋ" 110
"ਸੰਤ ਜੀ" ਕਹਾਣੀ ਬਾਰੇ 116
ਮੇਰੇ ਦੋ ਕਾਵਿ ਸੰਗ੍ਰਹਿ 121
ਮੇਰਾ ਨਾਵਲ "ਯਾਦਗਾਰ" 126
"ਨਵਾਂ ਜਨਮ" ਬਾਰੇ 131
ਸਵੈ-ਜੀਵਨੀ "ਬ੍ਰਿਹਸਪਤੀ" ਬਾਰੇ 138
"ਜਾਗ੍ਰਤੀ" ਨਾਲ ਝਗੜਾ 144
ਇਕ ਹੋਰ ਸਾਹਿਤਿਕ ਝਗੜਾ 148
ਕਿਵੇਂ ਨਾ ਮੈਂ ਲੜਾਂ ? 154
ਇਕ ਮਹੱਤਵਪੂਰਨ ਚਿੱਠੀ 159
ਮੁਸ਼ਕਿਲਾਂ 165
ਕੁਲਵਕਤੀ ਲੇਖਕ 172
ਮੇਰੇ ਉੱਤੇ ਪਏ ਪ੍ਰਭਾਵ 178
ਕਚਘਰੜ ਨੁਕਤਾਚੀਨੀ 182
ਵਿਚਾਰਧਾਰਕ ਫ਼ਰਕ 187
ਮੈਂ ਹਾਂ ਬਾਰੂ ਤਾਂਗੇ ਵਾਲਾ 192

# ਮੇਰੀ ਕਲਮ

# ਕਵੀ ਜਾਂ ਲੇਖਕ ਉੱਕਾ ਨਹੀਂ ਸਾਂ ਬਣਨਾ ਚਾਹੁੰਦਾ

ਮੇਰੀ ਕਵੀ ਜਾਂ ਲੇਖਕ ਬਣਨ ਦੀ ਉੱਕਾ ਮਰਜ਼ੀ ਨਹੀਂ ਸੀ। ਮੈਨੂੰ ਕਵੀ ਜਾਂ ਲੇਖਕ ਬਣਨਾ ਚੰਗਾ ਹੀ ਨਹੀਂ ਸੀ ਲਗਦਾ ਹੁੰਦਾ। ਮੈਨੂੰ ਇਸ ਤੋਂ ਚਿੜ ਸੀ ਸਗੋਂ। ਬਹੁਤ ਨਫ਼ਰਤ।

ਮੇਰੇ ਪਿਤਾ ਪੰਜਾਬੀ ਵਿਚ ਕਵਿਤਾਵਾਂ ਲਿਖਦੇ ਹੁੰਦੇ ਸਨ। ਵੱਡੇ ਕਵੀ ਤਾਂ ਨਹੀਂ ਸਨ ਉਹ, ਉਂਜ ਕਵਿਤਾਵਾਂ ਲਿਖਦੇ ਹੁੰਦੇ। ਇਹ ਕਵਿਤਾਵਾਂ ਛੋਟੇ-ਮੋਟੇ ਪਰਚਿਆਂ ਵਿਚ ਛਪਦੀਆਂ।

ਮੇਰੇ ਪਿਤਾ ਨੂੰ ਸ਼ੌਕ ਸੀ ਕਿ ਮੈਂ ਵੀ ਕਵਿਤਾ ਲਿਖਣ ਲੱਗਾਂ। ਪਰ ਮੈਂ ਕਵਿਤਾ ਲਿਖਣ ਨੂੰ ਕੋਈ ਚੰਗਾ ਨਹੀਂ ਸਾਂ ਸਮਝਦਾ ਹੁੰਦਾ। ਘਰ ਵਿਚ ਬਹੁਤ ਗ਼ਰੀਬੀ ਸੀ। ਖਾਂਦੇ-ਪੀਂਦੇ ਰਿਸ਼ਤੇਦਾਰ ਚੰਗਾ ਨਹੀਂ ਸਨ ਸਮਝਦੇ ਸਾਨੂੰ। ਹੀਣਾ ਜਿਹਾ ਸਮਝਦੇ। ਮੇਰੀ ਸੋਚਣੀ ਇਹ ਸੀ ਕਿ ਅਸੀਂ ਬਹੁਤ ਅਮੀਰ ਹੋਈਏ। ਚੰਗਾ ਖਾਈਏ; ਚੰਗਾ ਪਹਿਨੀਏ; ਬੜੇ ਹੀ ਚੰਗੇ ਘਰ ਵਿਚ ਰਹੀਏ। ਸਾਨੂੰ, ਸਾਡੀ ਦੁਨੀਆਂ ਵਿਚ, ਸਤਿਕਾਰ ਨਾਲ ਹੀ ਦੇਖਿਆ ਜਾਵੇ। ਮੇਰੇ ਪਿਤਾ ਦਾ ਕਾਵਿ-ਗੁਣ ਕੁਝ ਪੜ੍ਹਿਆਂ-ਲਿਖਿਆਂ ਲੋਕਾਂ ਵਿਚ ਤਾਂ ਮਾਣ-ਸਤਿਕਾਰ ਦਾ ਪਾਤਰ ਸੀ, ਪਰ ਆਮ ਸਮਾਜ ਵਿਚ ਨਹੀਂ ਸੀ। ਇਸ ਲਈ ਮੈਨੂੰ ਕਵਿਤਾ ਲਿਖਣਾ ਚੰਗਾ ਨਹੀਂ ਸੀ ਲਗਦਾ ਹੁੰਦਾ। ਕਿਉਂਕਿ ਮੈਂ ਤਾਂ ਆਮ ਸਮਾਜ ਵਿਚ ਮਾਣ-ਸਤਿਕਾਰ ਚਾਹ ਰਿਹਾ ਸਾਂ—ਉਸ ਆਮ ਸਮਾਜ ਵਿਚ ਜੋ ਕਿਸੇ ਨੂੰ ਮਾਲੀ ਹਾਲਤ ਵਜੋਂ ਹੀ ਮਾਣ-ਸਤਿਕਾਰ ਦੇ ਸਕਦਾ ਸੀ। ਇਹ ਮੈਨੂੰ ਪਤਾ ਹੀ ਨਹਾਂ ਸੀ ਉਦੋਂ ਕਿ ਕਵੀ ਹੋਣਾ ਆਪਣੇ-ਆਪ ਵਿਚ ਬਹੁਤ ਮਹੱਤਵਪੂਰਨ ਅਤੇ ਉੱਚਾ ਹੋਣਾ ਹੀ ਹੁੰਦਾ ਹੈ। ਜਿੰਨਾ ਕੋਈ ਉੱਚਾ ਕਵੀ ਹੈ, ਉੱਨਾ ਹੀ ਉਹ ਉੱਚਾ ਅਤੇ ਮਾਣ-ਸਤਿਕਾਰ ਦਾ ਪਾਤਰ ਹੈ। ਗੁਰੂ ਸਾਹਿਬਾਨ ਕਵੀ ਸਨ। ਸੰਤ ਤੇ ਭਗਤ ਕਵੀ ਸਨ। ਪਰ ਉਹਨਾਂ ਨੂੰ ਕੁਝ ਹੋਰ ਜਿਹਾ ਹੀ ਰੁਤਬਾ ਦਿੱਤਾ ਜਾਂਦਾ ਸੀ ਜੋ ਆਮ ਸੰਸਾਰ ਤੋਂ ਉੱਚਾ ਸੀ। ਉਹ ਤਾਂ "ਬਾਣੀ" ਰਚਦੇ ਸਨ। ਕਵੀ ਤਾਂ ਸਾਡੇ ਵਰਗੇ ਸਨ, ਮੇਰੇ ਪਿਤਾ ਵਰਗੇ, ਆਮ ਜਿਹੇ ਸੰਸਾਰੀ ਲੋਕ।

ਮੇਰੇ ਪਿਤਾ ਜਿਵੇਂ ਮੈਨੂੰ ਕਵੀ ਦੇਖਣਾ ਚਾਹੁੰਦੇ ਹੀ ਸਨ। ਉਹ ਆਪ ਕਵਿਤਾ ਲਿਖਕੇ ਮੇਰੇ ਨਾਂ ਨਾਲ ਛਪਵਾਉਂਦੇ ਰਹਿੰਦੇ। "ਵਲੋਂ : ਕਾਕਾ ਸੰਤੋਖ ਸਿੰਘ ਧੀਰ ਸਪੁੱਤਰ

ਗਿਆਨੀ ਈਸ਼ਰ ਸਿੰਘ ਦਰਦ।" ਉਹਨਾਂ ਦਾ ਨਾਂ ਕਿਸੇ ਨਾ ਕਿਸੇ ਘੇਰੇ ਵਿਚ ਪ੍ਰਸਿੱਧ ਸੀ। ਮੇਰੀ ਪਛਾਣ ਉਹਨਾ ਦੇ ਨਾਂ ਨਾਲ ਹੀ ਬਣ ਸਕਦੀ ਸੀ। ਇਹ ਪਛਾਣ ਬਣਦੀ ਵੀ। "ਅੱਛਾ, ਇਹ ਧੀਰ ਜੀ ਦਰਦ ਜੀ ਦੇ ਸਪੁੱਤਰ ਹਨ? ਵਾਹ ਜੀ ਵਾਹ! ਬਹੁਤ ਖ਼ੂਬ!" ਮੇਰਾ ਤਖ਼ੱਲਸ "ਧੀਰ" ਵੀ ਮੇਰੇ ਪਿਤਾ ਨੇ ਹੀ ਰੱਖ ਦਿੱਤਾ ਸੀ। ਕਾਰਨ ਕੋਈ ਵੀ ਨਹੀਂ ਸੀ। ਜੋ ਸਮਝਿਆ, ਰੱਖ ਦਿੱਤਾ।

ਮੈਨੂੰ ਇਹ ਤਖ਼ੱਲਸ ਵੀ ਕੋਈ ਚੰਗਾ ਨਹੀਂ ਸੀ ਲਗਦਾ ਹੁੰਦਾ। ਮੈਨੂੰ, ਆਪਣੇ-ਆਪ ਉਤੇ, ਇਹ ਠੋਸਿਆ ਜਿਹਾ ਜਾਪਦਾ। ਕੀ ਹੈ ਇਹ ਧੀਰ-ਧੂਰ? ਸੰਤੋਖ ਸਿੰਘ ਹੀ ਹੋਵਾਂ ਮੈਂ—ਜਿਵੇਂ ਦੁਨੀਆਂ ਹੁੰਦੀ ਹੈ। ਮੈਨੂੰ ਸਭਿਆਚਾਰ ਹੀ ਪਸੰਦ ਨਹੀਂ ਸੀ ਹੁੰਦਾ ਇਹ—ਕਵੀ ਹੋਣਾ ਜਾਂ ਲੇਖਕ ਹੋਣਾ। ਮੈਨੂੰ ਇਸ ਸਭਿਆਚਾਰ ਤੋਂ ਘਿਰਣਾ ਜਿਹੀ ਹੀ ਹੁੰਦੀ ਸੀ।

ਸੰਨ 1930 ਸੀ। ਅੰਬਾਲੇ ਵਿਚ ਬਰਾਦਰੀ ਦੀ ਕਾਨਫ਼ਰੰਸ ਹੋਣੀ ਸੀ। ਮੇਰੇ ਪਿਤਾ ਹੀ ਅੱਗੇ ਹੋ ਕੇ ਕਾਨਫ਼ਰੰਸ ਕਰ ਰਹੇ ਸਨ। ਮੁੱਖ ਸਕੱਤਰ ਵੀ ਉਹੀਓ ਸਨ। ਬਲਵੰਤ ਸਿੰਘ ਗਜਰਾਜ ਜੀ ਮੇਰੇ ਪਿਤਾ ਜੀ ਦੇ ਮਿੱਤਰ ਸਨ। ਉਹ ਪਟਿਆਲੇ ਰਹਿੰਦੇ ਸਨ। ਉਹ ਵੀ ਕਾਨਫ਼ਰੰਸ ਲਈ ਅੰਬਾਲੇ ਆਏ ਹੋਏ ਸਨ। ਜਿਵੇਂ ਸਭ ਨੂੰ ਪਤਾ ਹੀ ਹੈ, ਉਹ ਵੀ ਪੰਜਾਬੀ ਦੇ ਕਵੀ ਸਨ ਤੇ ਕਵੀ ਵਜੋਂ ਉਹ ਮੇਰੇ ਪਿਤਾ ਜੀ ਨਾਲੋਂ ਵੱਧ ਪ੍ਰਸਿੱਧ ਸਨ। ਸਥਾਪਤ ਵੀ ਉਹ ਵੱਧ ਸਨ। ਮਹਾਰਾਜਾ ਭੂਪਿੰਦਰ ਸਿੰਘ ਪਟਿਆਲੇ ਵਾਲੇ ਦੇ ਨੇੜੇ ਸਨ। ਗਾ ਕੇ ਕਵਿਤਾ ਪੜ੍ਹਦੇ ਸਨ। ਉਹਨਾਂ ਮੈਨੂੰ ਦੇਖਿਆ ਤਾਂ ਜਿਵੇਂ ਦੋਸਤ ਦੇ ਪੁੱਤਰ ਨੂੰ ਉਤਸ਼ਾਹ ਜਿਹਾ ਦਿੱਤਾ ਜਾਂਦਾ ਹੈ, ਹੁੱਬ ਨਾਲ ਉਹ ਆਖਣ ਲੱਗੇ: "ਮੈਂ ਕਾਕੇ ਨੂੰ ਮੈਡਲ ਦਿਆਂਗਾ!" ਕਾਨਫ਼ਰੰਸ ਵਿਚ ਇਕ ਰਾਤ ਨੂੰ ਕਵੀ ਦਰਬਾਰ ਵੀ ਹੋਣਾ ਸੀ। ਭਾਵ ਓਹਨਾਂ ਦਾ ਇਹ ਸੀ ਕਿ ਉਹ ਮੈਨੂੰ ਆਪ ਹੀ ਇਕ ਕਵਿਤਾ ਲਿਖਕੇ ਦੇਣਗੇ; ਫੇਰ ਮੈਂ ਉਹ ਕਵਿਤਾ ਕਵੀ ਦਰਬਾਰ ਵਿਚ ਸੁਣਾਵਾਂਗਾ; ਫੇਰ ਉਹ ਇਨਾਮ ਵਜੋਂ ਮੈਨੂੰ ਮੈਡਲ ਦੇਣਗੇ। ਆਪ ਹੀ, ਆਪਣੇ ਵਲੋਂ ਮੈਡਲ।

ਇਵੇਂ ਹੀ ਉਹਨਾਂ ਕੀਤਾ ਸੀ। ਉਹਨਾਂ ਮੈਨੂੰ ਆਪ ਇਕ ਕਵਿਤਾ ਲਿਖ ਕੇ ਦਿੱਤੀ ਤੇ ਫੇਰ ਮੈਥੋਂ ਪੜ੍ਹਵਾਈ ਸੀ ਤੇ ਫੇਰ ਮੈਡਲ ਵੀ ਦਿੱਤਾ ਸੀ। ਮੈਡਲ ਸੋਨੇ ਦਾ ਦਿੱਤਾ ਸੀ। ਸੋਨੇ ਦਾ ਤਾਂ ਨਹੀਂ ਸੀ, ਝਾਲ ਹੋਵੇਗੀ ਸੋਨੇ ਦੀ, ਉਂਜ ਸੁਨਹਿਰੀ ਮੈਡਲ ਸੀ। ਸ਼ਾਇਦ ਸਾਰੇ ਸੋਨੇ ਦੇ ਮੈਡਲ ਇਹੋ ਜਿਹੇ ਹੀ ਹੁੰਦੇ ਹੋਣ। ਨਿਰਾ ਸੋਨੇ ਦਾ ਮੈਡਲ ਤਾਂ ਬਹੁਤ ਕੀਮਤੀ ਹੁੰਦਾ ਹੋਵੇਗਾ।

ਕਹਿੰਦੇ ਸਨ, ਮੈਂ ਕਾਨਫ਼ਰੰਸ ਵਿਚ ਕਾਫ਼ੀ ਚੰਗੀ ਕਵਿਤਾ ਪੜ੍ਹੀ। ਖ਼ੈਰ, ਪੜ੍ਹੀ ਹੋਵੇਗੀ। ਪਰ ਇਹ ਤਾਂ ਸਭ ਕੁੱਝ ਉਂਜ ਹੀ ਮੈਨੂੰ ਉਤਸ਼ਾਹ ਦੇਣ ਲਈ ਹੋਇਆ ਸੀ। ਕਈ ਵਾਰ ਅਜਿਹੇ ਉਤਸ਼ਾਹ ਹੀ ਕਿਸੇ ਨੂੰ, ਕਿਸੇ ਰਸਤੇ ਵੱਲ ਨੂੰ, ਰਿੜ੍ਹਨ ਲਈ ਲਾ ਦਿੰਦੇ ਹਨ। ਪਰ ਇਹ ਯਤਨ ਮੇਰੇ ਬਾਰੇ ਕਾਰਗਰ ਨਹੀਂ ਸੀ ਹੋਇਆ ਬਹੁਤਾ। ਇਸ ਤੋਂ ਮਗਰੋਂ ਕਿਸੇ ਹੋਰ ਥਾਂ ਜਦ ਮੈਂ ਕਵਿਤਾ ਪੜ੍ਹੀ ਸੀ ਤਾਂ ਮੈਥੋਂ ਪੜ੍ਹੀ ਹੀ ਨਹੀਂ ਸੀ ਗਈ। ਸਗੋਂ

ਪੜ੍ਹਦੇ-ਪੜ੍ਹਦੇ ਮੇਰਾ ਰੋਣ ਹੀ ਨਿਕਲ ਗਿਆ ਸੀ। ਦਸ ਕੁ ਵਰ੍ਹੇ ਦੀ ਉਮਰ ਸੀ ਮੇਰੀ ਜਦ ਮੈਂ ਕਾਨਫ਼ਰੰਸ ਵਿਚ ਅੰਬਾਲੇ ਕਵਿਤਾ ਪੜ੍ਹੀ ਸੀ। ਦੂਜੀ ਕਵਿਤਾ ਰਾਜਪੁਰੇ ਇਕ ਗੁਰਦੁਆਰੇ ਵਿਚ ਪੜ੍ਹੀ ਸੀ, ਕੱਤਕ ਪੂਰਨਮਾਸ਼ੀ ਨੂੰ, ਗੁਰੂ ਨਾਨਕ ਦੇ ਜਨਮ ਦਿਨ ਦੇ ਗੁਰਪੁਰਬ ਦੇ ਮੌਕੇ ਉਤੇ।

ਅੰਬਾਲੇ ਕਾਨਫ਼ਰੰਸ ਵਿਚ ਜੋ ਮੈਨੂੰ ਮੈਡਲ ਮਿਲਿਆ ਸੀ, ਉਸਦੀ ਸਾਰੇ ਰਿਸ਼ਤੇਦਾਰਾਂ ਵਿਚ ਕਾਫ਼ੀ ਚਰਚਾ ਹੋਈ ਸੀ। ਸਾਰੇ ਮੈਡਲ ਦੇਖਦੇ। ਮੇਰੇ ਮਾਮੇ-ਮਾਮੀਆਂ ਨੂੰ ਇਸ ਦੀ ਕਾਫ਼ੀ ਖ਼ੁਸ਼ੀ ਸੀ। ਮੇਰਾ ਦਾਦਾ ਵੀ ਇਸ ਮੈਡਲ ਨੂੰ ਦੇਖ ਕੇ ਖ਼ੁਸ਼ ਹੋਇਆ ਸੀ। ਸ਼ਾਇਦ ਮੈਂ ਚੌਥੀ ਵਿਚ ਸਾਂ। ਮੇਰੇ ਸਕੂਲ ਦੇ ਮਾਸਟਰ ਵੀ ਇਸ ਤੋਂ ਕਾਫ਼ੀ ਖ਼ੁਸ਼ ਹੋਏ। ਉਹਨਾਂ ਨੂੰ ਮੇਰੀ ਹੋਣਹਾਰੀ ਦੀ ਇਸ ਤੋਂ ਝਲਕ ਪੈ ਰਹੀ ਸੀ। ਭਾਵੇਂ ਉਹਨਾਂ ਨੂੰ ਪਤਾ ਸੀ ਕਿ ਇਸ ਦੇ ਪਿੱਛੇ ਬਹੁਤਾ ਮੇਰੇ ਪਿਤਾ ਦੇ ਹੱਥ ਦਾ ਹੋਣਾ ਸੀ। ਉਹਨਾਂ ਨੂੰ ਮੇਰੇ ਪਿਤਾ ਦੇ ਕਵਿਤਾ ਲਿਖ ਸਕਣ ਦਾ ਪਤਾ ਸੀ। ਪਰ ਫੇਰ ਵੀ ਕਵਿਤਾ ਪੜ੍ਹਨਾ ਮੇਰੀ ਹੋਣਹਾਰੀ ਦਾ ਚਿੰਨ੍ਹ ਹੀ ਸੀ।

ਇਕ ਗੱਲ ਬੜੀ ਹੀ ਦਿਲ-ਤੋੜਵੀਂ ਜਿਹੀ ਵਾਪਰ ਗਈ। ਕਾਨਫ਼ਰੰਸ ਤੋਂ ਮਗਰੋਂ, ਬਰਾਦਰੀ ਦੇ ਅਖ਼ਬਾਰ ਵਿਚ, ਕਾਨਫ਼ਰੰਸ ਦੀ ਸਾਰੀ ਕਾਰਵਾਈ ਦੀ ਰਿਪੋਰਟ ਛਪੀ। ਕਵੀ ਦਰਬਾਰ ਦੇ ਜ਼ਿਕਰ ਵੇਲੇ ਇਹ ਵੀ ਛਪਿਆ ਹੋਇਆ ਸੀ ਕਿ ਕਾਕਾ ਸੰਤੋਖ ਸਿੰਘ ਧੀਰ ਨੇ ਵੀ ਕਵੀ ਦਰਬਾਰ ਵਿਚ ਕਵਿਤਾ ਸੁਣਾਈ। ਮੇਰੇ ਹਾਣੀ ਮੁੰਡਿਆਂ ਨੂੰ ਇਸਦਾ ਪਤਾ ਲੱਗਾ ਤਾਂ ਉਹ ਖ਼ੁਸ਼ ਹੋਣ ਦੀ ਥਾਂ ਮੇਰਾ ਮਖ਼ੌਲ ਉਡਾਉਣ ਲੱਗੇ। ਉਹ ਟੱਪ-ਟੱਪ ਕਹਿ ਰਹੇ ਸਨ : "ਕਾਕਾ ਸੰਤੋਖ ਸਿੰਘ ਧੀਰ ਨੇ ਕਵੀ ਦਰਬਾਰ ਵਿਚ ਕਵਿਤਾ ਸੁਣਾਈ!" ਲਫ਼ਜ਼ ਵੀ ਉਹ "ਕਵਿਤਾ" ਆਦਿ ਵਿਗਾੜ-ਵਿਗਾੜ ਕਹਿ ਰਹੇ ਸਨ। ਕਵਿਤਾ ਨੂੰ ਉਹ "ਕਤਤਾ" ਤੇ ਕਵੀ ਦਰਬਾਰ ਨੂੰ ਭੁੱਲ ਕੇ ਉਹ ਕਵੀਆਂ ਯਨੀ "ਕਤੀਆਂ" ਕਹਿੰਦੇ। "ਕਾਕਾ ਸੰਤੋਖ ਸਿੰਘ ਧੀਰ ਨੇ ਕਤੀਆਂ ਵਿਚ ਕਤਤਾ ਸੁਣਾਈ।" ਮੈਨੂੰ ਬੜੀ ਨਮੋਸ਼ੀ ਹੋਈ। ਜਿਵੇਂ ਮੈਂ ਕੋਈ ਬੜੀ ਹੀ ਮਾੜੀ ਗੱਲ ਕਰ ਬੈਠਾ ਹੋਇਆ ਹੋਵਾਂ ਅਤੇ ਮਖ਼ੌਲ ਦੇ ਲਾਇਕ ਹੋਵਾਂ।

ਉਹ ਵੀ ਦੋਸ਼ੀ ਨਹੀਂ ਸਨ। ਸਭਿਆਚਾਰ ਹੀ ਨਹੀਂ ਸੀ ਇਹ ਉਹਨਾਂ ਦੇ ਨੇੜੇ-ਤੇੜੇ ਕਿਤੇ। ਉਹਨਾਂ ਲਈ ਇਹ ਸਾਰਾ ਕੁਝ ਓਪਰਾ-ਓਪਰਾ ਜਿਹਾ ਹੀ ਸੀ। ਪਿੰਡਾਂ ਦੇ ਗੰਵਾਰ ਮੁੰਡੇ। ਪਿੰਡਾਂ ਵਿਚ, ਘੁੱਦਲ ਵਿਚ ਹੀ ਫਿੰਡ-ਖੁੰਢੀਆਂ ਖੇਡਣ ਵਾਲੇ। ਉਹ ਕੀ ਜਾਣਨ ਕਵਿਤਾ ਨੂੰ?

ਮੈਨੂੰ ਇਸਦੇ ਪਿੱਛੇ ਕੁਝ ਹੋਰ ਕਾਰਨ ਵੀ ਦਿਸਦਾ ਹੈ। ਅਕਾਲੀ ਅਤੇ ਸਿੰਘ ਸਭਾ ਲਹਿਰਾਂ ਹੋ ਕੇ ਹਟੀਆਂ ਸਨ ਅਤੇ ਇਹ ਲਹਿਰਾਂ, ਦੋਵੇਂ ਹੀ, ਅੰਗਰੇਜ਼ਾਂ ਦੇ ਖ਼ਿਲਾਫ਼ ਸਨ। ਉਹਨੀਂ ਦਿਨੀਂ ਰਾਗੀਆਂ, ਢਾਡੀਆਂ, ਪ੍ਰਚਾਰਕਾਂ ਨੂੰ ਕਾਫ਼ੀ ਨਫ਼ਰਤ ਕੀਤੀ ਜਾਂਦੀ। ਨੰਬਰਦਾਰ, ਜ਼ੈਲਦਾਰ, ਚਾਟੜੇ, ਸਰਦਾਰੜੇ ਅੰਗਰੇਜ਼ਾਂ ਦੇ ਹਿਮਾਇਤੀ ਸਨ। ਇਹਨਾਂ ਰਾਹੀਂ ਅੰਗਰੇਜ਼ ਇਹਨਾਂ ਲਹਿਰਾਂ ਨੂੰ ਬਦਨਾਮ ਕਰਦਾ, ਅਤੇ ਇਹਨਾਂ ਲਹਿਰਾਂ ਵਿਚ

ਹਿੱਸਾ ਲੈਣ ਵਾਲਿਆਂ ਨੂੰ ਉਹਦੇ ਪਿੱਠੂ ਤੇ ਟੁੱਕੜ-ਬੋਚ ਘਟੀਆ ਅਤੇ ਨੀਵਾਂ ਕਹਿੰਦੇ। ਇਸਦੀ ਇਕ ਉਦਾਹਰਣ ਇਕ ਲੋਕ ਗੀਤ ਵੀ ਦਿੰਦਾ ਹੈ : "ਜਦੋਂ ਮੁੱਕ ਗਏ ਘੜੇ ਦੇ ਦਾਣੇ, ਬਣ ਗਏ ਸਿੰਘ ਸਭੀਏ।" ਉਦੋਂ ਇਹਨਾਂ ਲਹਿਰਾਂ ਨਾਲ ਹੀ ਕਵਿਤਾ ਜੁੜੀ ਹੋਈ ਸੀ ਬਹੁਤੀ। ਖ਼ਾਸਕਰ ਪੰਜਾਬੀ ਕਵਿਤਾ। ਇਸ ਲਈ ਕਵਿਤਾ ਲਿਖਣ ਨੂੰ ਵੀ ਚੰਗਾ ਨਹੀਂ ਸੀ ਸਮਝਿਆ ਜਾਂਦਾ। ਕਵਿਤਾ ਲਿਖਣਾ "ਘੜੇ ਦੇ ਦਾਣੇ ਮੁੱਕਣ" ਨਾਲ ਸੰਬੰਧਿਤ ਸੀ।

ਇਸ ਲਈ ਗਜਰਾਜ ਜੀ ਦੇ ਏਡੇ ਯਤਨ ਨਾਲ ਵੀ, ਮੇਰੀ ਕਵਿਤਾ ਲਿਖਣ ਵੱਲ ਕੋਈ ਰੁਚੀ ਨਹੀਂ ਹੋ ਸਕੀ ਸੀ। ਮੇਰਾ ਪੈਰ ਇਸ ਰਸਤੇ ਵੱਲ ਨੂੰ ਠਿਲ੍ਹ ਹੀ ਨਹੀਂ ਸਕਿਆ ਸੀ। ਮੈਨੂੰ ਕਵੀ ਜਾਂ ਲੇਖਕ ਬਣਨਾ ਚੰਗਾ ਹੀ ਨਹੀਂ ਲਗਦਾ ਸੀ।

# ਕਵੀ ਬਣਨ ਲਈ ਪ੍ਰੇਰਨਾ

1938 ਸੀ। ਰਾਵਲਪਿੰਡੀ ਸਾਂ ਆਇਆ ਹੋਇਆ ਅਪਣੇ ਇਕ ਮਾਮੇ ਕੋਲ। ਰਾਵਲਪਿੰਡੀ ਅਸੀਂ ਸਦਰ ਬਾਜ਼ਾਰ ਵੱਲ ਰਹਿ ਰਹੇ ਸਾਂ। ਇਕ ਦਿਨ ਦੀ ਗੱਲ ਹੈ। ਸਦਰ ਬਾਜ਼ਾਰ ਦੇ ਨੇੜੇ ਹੀ ਮੈਂ ਇਕ ਕੰਧ ਉਤੇ ਇਕ ਇਸ਼ਤਿਹਾਰ ਵੇਖਿਆ। "ਕਵੀ ਗੁਲਜ਼ਾਰ ਵੱਲੋਂ ਸ਼ਾਨਦਾਰ ਪੰਜਾਬੀ ਕਵੀ ਦਰਬਾਰ।" ਇਸ਼ਤਿਹਾਰ ਪੰਜਾਬੀ ਬੋਲੀ ਤੇ ਫ਼ਾਰਸੀ ਲਿਪੀ ਵਿਚ ਸੀ। ਕਵੀ ਗੁਲਜ਼ਾਰ ਉਥੋਂ ਦੀ ਕੋਈ ਸੰਸਥਾ ਸੀ ਕਵੀਆਂ ਦੀ। ਉਸਦੀ ਛਤਰ-ਛਾਇਆ ਹੇਠ ਇਹ ਕਵੀ ਦਰਬਾਰ ਹੋ ਰਿਹਾ ਸੀ। ਮੈਂ ਤੁਰਦਾ-ਤੁਰਦਾ ਰੁਕਿਆ ਤੇ ਇਸ਼ਤਿਹਾਰ ਪੜ੍ਹਨ ਲੱਗਾ।

ਮੈਨੂੰ ਇਸ਼ਤਿਹਾਰ ਨਾਲ ਕੁਝ ਸਾਂਝ ਮਹਿਸੂਸ ਹੋ ਰਹੀ ਸੀ। ਮੈਨੂੰ ਇਸ਼ਤਿਹਾਰ ਦੀ ਬੋਲੀ ਬੜੀ ਹੀ ਮਿੱਠੀ ਲੱਗੀ ਸੀ—ਭਾਵੇਂ ਪੋਠੋਹਾਰ ਦੀ ਬੋਲੀ ਉਂਜ ਹੀ ਬੜੀ ਮਿੱਠੀ ਸੀ—ਖ਼ਾਸ ਕਰਕੇ ਇਸ਼ਤਿਹਾਰ ਵਿਚ "ਵੱਲੋਂ" ਦਾ ਲਿਖਿਆ ਸ਼ਬਦ ਮੈਨੂੰ ਬੜਾ ਹੀ ਮਿੱਠਾ ਲੱਗਾ ਸੀ। ਵਾਓ ਉਤੇ ਜ਼ਬਰ, ਲਾਮ-ਵਾਓ-ਲੋ, ਨੂਨ-ਗੁੱਨਾ : ਵੱ—ਲੋਂ। ਉਰਦੂ ਦੀ ਲਿਖਾਈ ਵਿਚ ਮੈਨੂੰ ਇਸਦੀ ਗੋਲ-ਗੋਲ ਜਿਹੀ ਸ਼ਕਲ ਵੀ ਬੜੀ ਹੀ ਚੰਗੀ ਲੱਗੀ।

ਪੰਜਾਬੀ ਮੇਰੀ ਬੋਲੀ ਸੀ। ਮੇਰੇ ਪਿਤਾ ਪੰਜਾਬੀ ਵਿਚ ਕਵਿਤਾਵਾਂ ਲਿਖਦੇ ਹੁੰਦੇ ਸਨ ਤੇ ਕਵੀ ਦਰਬਾਰ ਦੇ ਲਫ਼ਜ਼ ਮੇਰੇ ਕੰਨਾਂ ਵਿਚ ਪਏ ਹੋਏ ਸਨ। ਕੱਤਕ ਪੂਰਨਮਾਸ਼ੀ ਤੇ ਪੋਹ ਸੁਦੀ ਸਪਤਮੀ ਨੂੰ ਛੋਟੇ-ਛੋਟੇ, ਬੱਚਿਆਂ ਵਾਲੇ, ਕਵੀ ਦਰਬਾਰ ਹੁੰਦੇ ਸਨ ਤੇ ਮੇਰੇ ਪਿਤਾ ਕਵਿਤਾਵਾਂ ਲਿਖਕੇ ਇਹਨਾਂ ਕਵੀ ਦਰਬਾਰਾਂ ਵਿਚ ਵੀ ਬੋਲਣ ਲਈ ਮੈਨੂੰ ਦਿੰਦੇ ਹੁੰਦੇ। ਭਾਵੇਂ ਮੈਨੂੰ ਉਦੋਂ ਇਹ ਸਭ ਕੁਝ ਚੰਗਾ ਨਹੀਂ ਸੀ ਲਗਦਾ ਹੁੰਦਾ, ਪਰ ਅੱਜ ਮੇਰੇ ਮਨ ਵਿਚ ਕੁਝ ਹੋਰ ਹੀ ਭਾਵਨਾਵਾਂ ਸਨ। ਅੱਜ ਮੈਨੂੰ ਇਹ ਇਸ਼ਤਿਹਾਰ ਕੁਝ ਆਪਣਾ-ਆਪਣਾ ਜਪਦਾ।

ਕਵੀ ਦਰਬਾਰ ਦਾ ਲਫ਼ਜ਼ ਮੇਰੇ ਕੰਨਾਂ ਨਾਲ ਸੰਬੰਧਿਤ ਸੀ। ਪੰਜਾਬੀ ਮੇਰੇ ਪਿੰਡ ਨਾਲ ਤੇ ਮੇਰੇ ਪਿੰਡ ਦੀ ਮਿੱਟੀ ਨਾਲ। ਰਾਵਲਪਿੰਡੀ ਸਾਡੇ ਪਿੰਡੋਂ ਚਾਰ-ਪੰਜ ਸੌ ਮੀਲ ਸੀ। ਇਹ ਫ਼ਾਸਲਾ ਉਹਨੀਂ ਦਿਨੀਂ ਪਰਦੇਸ ਹੀ ਮੰਨਿਆ ਜਾਂਦਾ ਸੀ। ਇਸ਼ਤਿਹਾਰ ਪੜ੍ਹਦੇ-ਪੜ੍ਹਦੇ ਮੈਨੂੰ ਆਪਣੇ ਪਿਤਾ ਤੇ ਆਪਣੇ ਪਿੰਡ ਦੀ ਛੁਹ ਪ੍ਰਤੀਤ ਹੋਈ। ਜਿਵੇਂ ਮੇਰਾ ਪਿਤਾ ਤੇ ਪਿੰਡ ਦੋਵੇਂ ਮੈਨੂੰ ਮਿਲ ਪਏ ਹੋਣ।

ਮੇਰੇ ਪਿਤਾ ਪੰਜਾਬੀ ਬੋਲੀ ਗੁਰਮੁਖੀ ਵਿਚ ਹੀ ਲਿਖਦੇ ਸਨ। ਏਥੇ ਉਰਦੂ ਅੱਖਰਾਂ ਵਿਚ ਪੰਜਾਬੀ ਲਿਖੀ ਦੇਖ ਕੇ ਮੈਨੂੰ ਹੋਰ ਵੀ ਖ਼ੁਸ਼ੀ ਹੋਈ ਸੀ ਕਿ ਮੇਰੀ ਬੋਲੀ ਉਰਦੂ ਅੱਖਰਾਂ ਵਿਚ ਵੀ ਪਹੁੰਚੀ ਹੋਈ ਸੀ। ਗੁਰਮੁਖੀ ਨੂੰ ਸਿੱਖਾਂ ਨਾਲ ਸੰਬੰਧਿਤ ਮੰਨਿਆ ਜਾਂਦਾ ਸੀ, ਪਰ ਉਰਦੂ ਅੱਖਰ ਹਿੰਦੂਆਂ-ਮੁਸਲਮਾਨਾਂ ਨਾਲ ਵੀ ਜੁੜਦੇ ਸਨ। ਮੈਨੂੰ ਹੁਣ ਕਵਿਤਾ ਜਾਂ ਕਵੀ ਦਰਬਾਰ ਦੇ ਲਫ਼ਜ਼ਾਂ ਤੋਂ ਕੋਈ ਝਿਜਕ ਜਿਹੀ ਨਹੀਂ ਲਗਦੀ ਸੀ, ਸਗੋਂ ਮੈਨੂੰ ਇਹਨਾਂ ਨਾਲ ਕੁਝ ਮੋਹ ਜਿਹਾ ਉਗਮ ਪਿਆ ਸੀ। ਇਹ ਮੁਸਲਮਾਨੀ ਇਲਾਕਾ ਸੀ। ਏਧਰ ਸਿੱਖ ਥੋੜੇ ਸਨ। ਜਿਹੜੇ ਸਨ, ਉਹ ਸਹਿਜਧਾਰੀ ਜਾਂ ਹਿੰਦੂ ਸ਼ਕਲਾਂ ਵਾਲੇ ਸਨ। ਕਵਿਤਾ ਅਤੇ ਕਵੀ ਦਰਬਾਰ ਵੀ ਹੁਣ ਤਕ ਮੈਂ ਸਿੱਖ ਧਰਮ ਦੇ ਨਾਲ ਹੀ ਜੁੜੇ ਸਮਝਦਾ। ਹੁਣ ਇਹ ਮੈਨੂੰ ਸਿੱਖ ਧਰਮ ਤੋਂ ਬਾਹਰ ਆਉਂਦੇ ਨਜ਼ਰ ਆਏ। ਇਉਂ, ਇਸ਼ਤਿਹਾਰ ਨੂੰ ਪੜ੍ਹਕੇ, ਮੈਨੂੰ ਆਪਣਾ ਆਪ ਕੁਝ ਵਿਸ਼ਾਲ ਹੁੰਦਾ ਜਾਪਿਆ।

ਘਰ ਆਕੇ ਮੈਂ ਸਭ ਨੂੰ ਕਵੀ ਦਰਵਾਰ ਹੋਣ ਦੀ ਖ਼ਬਰ ਦਿੱਤੀ। ਕਵੀ ਦਰਬਾਰ ਰਾਤ ਨੂੰ ਇਕ ਇਹਾਤੇ ਵਿਚ ਹੋ ਰਿਹਾ ਸੀ। ਅਸੀਂ ਸਾਰੇ ਹੁੰਮ-ਹੁਮਾ ਕੇ ਕਵੀ ਦਰਬਾਰ ਸੁਣਨ ਲਈ ਗਏ।

ਇਹਾਤਾ ਕਾਫ਼ੀ ਖੁਲ੍ਹਾ ਸੀ। ਸਾਹਮਣੇ ਕਾਫ਼ੀ ਉੱਚੀ ਜਿਹੀ ਸਟੇਜ ਬਣੀ ਹੋਈ ਸੀ। ਸਟੇਜ ਉਤੇ ਇਕ ਮੇਜ਼ ਤੇ ਕੁਰਸੀ ਰੱਖੇ ਹੋਏ ਸਨ ਜਿਥੇ ਪ੍ਰਧਾਨ ਨੇ ਬਹਿਣਾ ਸੀ। ਕਵੀਆਂ ਲਈ ਇਕ ਪਾਸੇ ਇਕ ਚਿੱਟੀ ਚਾਦਰ ਵਿਛੀ ਸੀ ਤੇ ਇਸ ਪਾਸੇ ਇਕ ਛੋਟਾ ਜਿਹਾ ਬੈਨਰ ਵੀ ਲੱਗਾ ਹੋਇਆ ਸੀ ਜਿਸ ਉਤੇ ਗੁਰਮੁਖੀ ਵਿਚ "ਕਵੀਆਂ ਲਈ" ਲਿਖਿਆ ਹੋਇਆ ਸੀ। ਪਰ ਕਵੀ ਇਸ ਚਾਦਰ ਉਤੇ ਉੱਕਾ ਨਹੀਂ ਬੈਠੇ ਸਨ, ਸਗੋਂ ਸਟੇਜ ਦੇ ਉਤੇ ਹੀ ਏਧਰ-ਉਧਰ ਬੈਠ ਗਏ ਸਨ। ਇਹ ਚਾਦਰ ਸਟੇਜ ਤੋਂ ਕੁਝ ਹੇਠਾਂ ਜਿਹੇ ਵਿਛੀ ਸੀ ਜੋ ਲੋਕਾਂ ਤੋਂ ਕੁਝ ਉੱਚੀ ਸੀ। ਪਰ ਇਹ ਸਾਰਾ ਕਵੀ ਦਰਬਾਰ ਉਵੇਂ ਦੀ ਉਵੇਂ ਖ਼ਾਲੀ ਰਹੀ।

ਪ੍ਰਧਾਨਗੀ ਕਿਸੇ ਪੜ੍ਹੇ-ਲਿਖੇ ਸਿੱਖ ਸਰਦਾਰ ਨੇ ਕੀਤੀ ਸੀ ਜਿਸਨੇ ਬੜਾ ਹੀ ਚੁਸਤ ਕੋਟ-ਪਤਲੂਨ ਪਹਿਨਿਆ ਹੋਇਆ ਸੀ। ਉਸਦੀ ਪੱਗ ਜ਼ੰਗਾਲੀ ਜਿਹੀ ਹਲਕੀ-ਹਲਕੀ ਬੂੰਦ ਦੀ ਸੀ ਤੇ ਦਾੜ੍ਹੀ ਬੱਧੀ ਹੋਈ ਸੀ। ਬੋਲਣ ਦਾ ਸਲੀਕਾ ਉਸਦਾ ਚੁਸਤ ਅਤੇ ਅੰਗਰੇਜ਼ੀ ਸੀ। "ਵਾਹਿਗੁਰੂ ਜੀ ਕਾ ਖ਼ਾਲਸਾ ਤੇ ਵਾਹਿਗੁਰੂ ਜੀ ਕੀ ਫ਼ਤਹਿ" ਉਹਨੇ ਬੜੇ ਹਿਸਾਬ ਨਾਲ ਆਖੇ ਸਨ। ਅੰਗਰੇਜ਼ੀ ਜਿਹੇ ਢੰਗ ਨਾਲ। ਖ਼ਾਸ ਕਰਕੇ "ਫ਼ਤਹਿ" ਨੂੰ ਉਹ ਬੜੀ ਮਟਕ ਨਾਲ ਆਖਦਾ ਤਾਂ ਜੋ ਉਹ ਮੁਹੱਜ਼ਬ ਅਤੇ ਬਾਕੀਆਂ ਨਾਲੋਂ ਵੱਖਰਾ ਜਾਪੇ।

ਸਰੋਤੇ ਸਾਡੇ ਵਾਂਗ ਹੀ ਬੜੇ ਹੁੰਮ-ਹੁਮਾ ਕੇ ਆਏ ਸਨ। ਇਹਾਤਾ ਭਰਿਆ ਪਿਆ ਸੀ। ਅਸੀਂ ਨਾ ਤਾਂ ਅੱਗੇ ਸਾਂ, ਨਾ ਹੀ ਬਿਲਕੁਲ ਪਿੱਛੇ ਸਾਂ, ਵਿਚਕਾਰ ਜਿਹੇ ਬੈਠੇ ਹੋਏ ਸਾਂ।

ਕਵੀ ਕਵਿਤਾਵਾਂ ਪੜ੍ਹਨ ਲੱਗੇ। ਉਹ ਕਵਿਤਾਵਾਂ ਪੜ੍ਹਦੇ ਤਾਂ ਸੁਣਨ ਵਾਲੇ ਤਾੜੀਆਂ ਮਾਰ-ਮਾਰ ਕੇ ਉਹਨਾਂ ਨੂੰ ਦਾਦ ਦਿੰਦੇ। ਇਕ ਤੋਂ ਇਕ ਵਧੀਆ ਕਵੀ। ਨਹਿਲੇ ਉਤੇ ਦਹਿਲੇ ਵਾਂਗ। ਆਲਾ-ਦੁਆਲਾ ਜੋਸ਼ ਅਤੇ ਉਤਸ਼ਾਹ ਨਾਲ ਭਰਿਆ ਪਿਆ ਸੀ।

ਮੇਰੇ ਮਨ ਵਿਚ ਆਵੇ ਕਿ ਮੈਂ ਵੀ ਇਵੇਂ ਹੀ ਕਵੀ ਬਣਾਂ, ਇਵੇਂ ਹੀ ਕਵਿਤਾ

ਪੜ੍ਹਾਂ, ਤੇ ਇਵੇਂ ਹੀ ਮੈਨੂੰ ਦਾਦ ਮਿਲੇ। ਕਵੀ ਉਥੇ ਹੀਰੋ ਸਨ। ਮੈਨੂੰ ਇਹਨਾਂ ਹੀਰੋਆਂ ਨਾਲ ਰਸ਼ਕ ਜਿਹਾ ਹੋ ਰਿਹਾ ਸੀ। ਕਦੇ ਕਵੀ ਹੋਣ ਨੂੰ ਮੈਂ ਚੰਗਾ ਨਹੀਂ ਸਾਂ ਸਮਝਦਾ ਹੁੰਦਾ, ਅੱਜ ਹਾਲਤ ਇਹ ਸੀ ਕਿ ਕਵੀ ਹੋਣਾ ਮੈਨੂੰ ਬੜਾ ਮਹੱਤਵਪੂਰਨ ਲੱਗਣ ਲੱਗਾ। ਲੋਕਾਂ ਵਿਚ ਨਿਵੇਕਲਾ ਜਿਹਾ—ਜਿਸ ਨੂੰ ਲੋਕੀ ਸੁਣਦੇ ਤੇ ਮਾਣ-ਇੱਜ਼ਤ ਕਰਦੇ ਸਨ।

ਚੱਕਰਧਾਰੀ ਬੇਜ਼ਰ, ਤਾਰਾ ਸਿੰਘ ਤਾਰਾ ਤੇ ਬ੍ਰਿਜ ਲਾਲ ਚੱਕਰ ਆਦਿ ਨੇ ਏਥੇ ਕਵਿਤਾਵਾਂ ਪੜ੍ਹੀਆਂ ਸਨ। ਸਭ ਸਟੇਜੀ ਕਵੀ ਸਨ। ਸਭੋ ਹੀ ਉਸਤਾਦ ਸਨ। ਮੈਨੂੰ, ਕਵੀ ਬਣਨ ਲਈ, ਸਭ ਤੋਂ ਪਹਿਲੀ ਪ੍ਰੇਰਨਾ ਇਹਨਾਂ ਕਵੀਆਂ ਤੋਂ ਹੀ ਮਿਲੀ ਸੀ।

ਤਾਰਾ ਸਿੰਘ ਤਾਰਾ ਨੇ ਜਿਹੜੀ ਕਵਿਤਾ ਪੜ੍ਹੀ ਸੀ, ਉਸਦੀ ਪਹਿਲੀ ਸਤਰ ਸੀ : "ਆਖਣ ਲੋਕ ਕੁਰਬਾਨੀ ਦੀ ਹੱਦ ਹ ਗਈ, ਚੜ੍ਹਿਆ ਹੱਸ ਕੇ ਜਦੋਂ ਮਨਸੂਰ ਸੂਲੀ।" ਤੇ ਫੇਰ ਅੱਗੇ ਇਸੇ ਤਰ੍ਹਾ ਦੇ ਕਾਫ਼ੀਏ ਮਿਲਦੇ ਜਾਂਦੇ ਸਨ। ਇਕ ਕਾਫ਼ੀਆ ਇਹ ਵੀ ਸੀ : "ਹੋਈ ਟੁੱਟਕੇ ਸੀ ਚੂਰ ਚੂਰ ਸੂਲੀ।"

ਤਾਰਾ ਸਿੰਘ ਤਾਰਾ ਨੇ ਇਸ ਕਵਿਤਾ ਨੂੰ ਬੜੇ ਹੀ ਚੰਗੇ ਢੰਗ ਨਾਲ ਪੇਸ਼ ਕੀਤਾ ਸੀ। ਉਹ ਪਤਲਾ ਅਤੇ ਲੰਮਾ ਸੀ। ਚੂੜੀਦਾਰ ਪਜਾਮੇ ਉਤੇ ਅਚਕਣ ਪਹਿਨੀ ਹੋਈ ਸੀ। ਦਾੜ੍ਹੀ ਬੱਧੀ ਹੋਈ ਸੀ ਤੇ ਪੱਗ ਕਦਰੇ ਗੋਲ ਸੀ। ਆਵਾਜ਼ ਬੜੀ ਤਿੱਖੀ ਅਤੇ ਗੌਰਵ ਨਾਲ ਭਰਪੂਰ ਸੀ। ਉਸਦੀ ਕਵਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਾਰੇ ਸੀ। ਅੱਗੇ ਉਸ ਦੇ ਇਕ ਬੰਦ ਵਿਚ "ਟੋਟੇ" ਲਫ਼ਜ਼ ਆਉਂਦਾ ਸੀ। "ਵਾਰੇ ਆਪਣੇ ਜਿਗਰ ਦੇ ਚਾਰ ਟੋਟੇ... ਕੀਤੇ ਪਾੜ ਬੇਦਾਵੇ ਦੇ ਚਾਰ ਟੋਟੇ" ਆਦਿ।

ਜਦੋਂ ਉਹਨੇ ਕਿਹਾ ਸੀ : "ਹੋਈ ਟੁੱਟਕੇ ਸੀ ਚੂਰ ਚੂਰ ਸੂਲੀ" ਤਾਂ ਸਾਨੂੰ ਜਿਵੇਂ ਸੱਚ ਮੁੱਚ ਹੀ ਸੂਲੀ ਟੁੱਟਦੀ ਨਜ਼ਰ ਆਈ। ਅਤੇ, ਕੇਵਲ ਟੁੱਟਦੀ ਨਹੀਂ, ਜੜਾਕੇ ਜਿਹੇ ਵੱਜਦੇ ਤੇ ਚੂਰ-ਚੂਰ ਹੁੰਦੀ ਵੀ। ਉਸਦਾ ਜਿਸਮ ਕਾਨੇ ਵਾਂਗੂ ਲਰਜ਼ਦਾ ਦਿਸ ਰਿਹਾ ਸੀ। ਉਹ ਸਿਰ ਤੋਂ ਲੈ ਕੇ ਪੈਰਾਂ ਤੀਕਰ ਟੁੱਟਦਾ ਨਜ਼ਰ ਆਉਂਦਾ ਸੀ। ਉਸਦਾ ਭਾਵ ਇਹ ਸੀ ਕਿ ਦੁਨੀਆਂ ਵਿਚ ਵੱਡੇ-ਵੱਡੇ ਕੁਰਬਾਨੀਆਂ ਵਾਲੇ ਹੋਏ ਹਨ, ਪਰ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਕੁਰਬਾਨੀ ਬਹੁਤ ਵੱਡੀ ਹੈ।

ਜਦੋਂ ਉਹਨੇ ਕਿਹਾ ਸੀ : "ਕੀਤੇ ਪਾੜ ਬੇਦਾਵੇ ਦੇ ਚਾਰ ਟੋਟੇ" ਤਾਂ ਉਦੋਂ ਉਹਦੇ ਹੱਥ ਵਿਚ ਇਕ ਕਾਗਜ਼ ਫੜਿਆ ਹੋਇਆ ਸੀ ਜਿਸਦੇ ਉਹਨੇ ਆਪ ਵੀ ਪਾੜ ਕੇ ਚਾਰ ਟੋਟੇ ਕਰ ਦਿੱਤੇ ਸਨ। ਉਸਦੀ ਇਸ ਅਦਾ ਨਾਲ ਬਹੁਤ ਪ੍ਰਭਾਵ ਵਧ ਗਿਆ ਸੀ।

ਬ੍ਰਿਜ ਲਾਲ ਚੱਕਰ ਜਾਂ ਚੱਕਰਧਾਰੀ ਬੇਜ਼ਰ, ਇਹ ਹੁਣ ਮੈਨੂੰ ਯਾਦ ਨਹੀਂ, ਉਹਨਾਂ ਵਿਚੋਂ ਕਿਸੇ ਇਕ ਨੇ "ਪੰਜੇ" ਬਾਰੇ ਕਵਿਤਾ ਪੜ੍ਹੀ। 'ਪੰਜੇ" ਉਹਦੀ ਕਵਿਤਾ ਦੀ ਹਰ ਤੁਕ ਦੇ ਅੰਤ ਵਿਚ ਆਉਂਦਾ ਸੀ। ਹੱਥ ਦੀਆਂ ਉਂਗਲਾਂ ਪੰਜੇ; ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ ਵਿਕਾਰ ਪੰਜੇ; ਖ਼ਾਲਸਾ ਸਾਜਣ ਸਮੇਂ ਵਿਸਾਖੀ ਨੂੰ ਸਜੇ ਪਿਆਰੇ ਪੰਜੇ; ਮਹਾਭਾਰਤ ਦੇ ਪਾਂਡੋ ਪੰਜੇ, ਆਦਿ। ਜਦ ਉਹ ਆਪਣੀ ਤੁਕ ਦੇ ਅੰਤ 'ਤੇ ਪੁੱਜ ਕੇ "ਪੰਜੇ" ਆਖਦਾ ਤਾਂ ਅਸੀਂ ਸਾਰੇ ਸੁਣਨ ਵਾਲੇ ਵੀ ਨਾਲ ਹੀ "ਪੰਜੇ" ਆਖਦੇ, ਤੇ ਸਾਨੂੰ ਬੜਾ

ਆਨੰਦ ਆਉਂਦਾ। ਇਹ ਕਵਿਤਾਵਾਂ ਸਾਡੇ ਦਿਲ ਵਿਚ ਨਾਲੋ ਨਾਲ ਲਹਿ ਰਹੀਆਂ ਸਨ। ਸਾਨੂੰ ਇਹਨਾਂ ਦੀਆ ਤੁਕਾਂ ਦਾ ਮਿਲਣਾ ਬੜਾ ਹੀ ਚੰਗਾ ਲਗਦਾ ਸੀ।

ਈਸ਼ਰ ਸਿੰਘ ਭਾਈਆ ਨੇ ਵੀ ਉਥੇ ਕਵਿਤਾ ਪੜ੍ਹੀ ਸੀ ਸ਼ਾਇਦ। "ਭਾਈਏ ਮੇਰੇ ਨੇ ਨਵੀਂ ਇਕ ਮੱਝ ਆਂਦੀ ਪੰਜ ਵੀਹਾਂ ਸਿਰ 'ਤੇ ਕਰਜ਼ਾ ਚਾਇਕੇ ਤੇ; ਅਗੋਂ ਸਿੰਗ ਮਾਰੇ, ਪਿਛੋਂ ਲੱਤ ਮਾਰੇ, ਦੁੱਧ ਕੱਢੀਏ ਪਾਸੇ ਬਨਾਇਕੇ ਤੇ।" ਪਰ ਮੇਰੇ ਦਿਲ ਵਿਚ ਤਾਰਾ ਸਿੰਘ ਤਾਰਾ ਬਹੁਤ ਵਸਿਆ ਸੀ। ਮੈਨੂੰ ਉਸਦੇ ਪੜ੍ਹਨ-ਢੰਗ ਨੇ ਬਹੁਤ ਹੀ ਪ੍ਰਭਾਵਿਤ ਕੀਤਾ। ਉਸਦੀ ਕਵਿਤਾ ਦਾ ਪਹਿਲਾ ਬੰਦ ਉਹਨੀਂ ਦਿਨੀਂ ਮੈਨੂੰ ਮੂੰਹ-ਜ਼ਬਾਨੀ ਯਾਦ ਹੋ ਗਿਆ ਸੀ। ਇਕੱਲ ਵਿਚ ਮੈਂ ਉਸਦੀ ਕਵਿਤਾ ਦੇ ਇਸ ਬੰਦ ਨੂੰ ਪੜ੍ਹਦਾ ਰਹਿੰਦਾ: "ਆਖਣ ਲੋਕ ਕੁਰਬਾਨੀ ਦੀ ਹੱਦ ਹੋ ਗਈ .." ਪਰ ਹੁਣ ਇਹ ਬੰਦ ਚਿਰੋਕਣਾ ਮੈਨੂੰ ਵਿੱਸਰ ਚੁੱਕਾ ਹੋਇਆ ਹੈ। ਪਹਿਲੀ ਸਤਰ ਹੀ ਯਾਦ ਹੈ ਇਹ।

ਮੇਰੇ ਮਨ ਵਿਚ, ਵਾਰ-ਵਾਰ, ਇਹਨਾਂ ਕਵੀਆਂ ਵਾਂਗੂੰ ਹੀ ਕਵਿਤਾਵਾਂ ਲਿਖਕੇ ਪੜ੍ਹਨ ਲਈ ਪ੍ਰੇਰਨਾ ਉਮਡ ਰਹੀ ਸੀ। ਕਦੇ ਮੈਂ ਕਿਸੇ ਕਵੀ ਵਾਂਗੂੰ ਕਵਿਤਾ ਲਿਖਣੀ ਚਾਹੁੰਦਾ ਸਾਂ, ਕਦੇ ਕਿਸੇ ਕਵੀ ਵਾਂਗੂੰ। ਆਖ਼ਿਰ ਉਹਨਾਂ ਸਭਨਾਂ ਵਾਂਗ ਹੀ ਬਣਨ ਦੀ ਮੇਰੀ ਲੋਚਾ ਹੋਈ। ਸਾਰੇ ਹੀ ਗੁਣਵਾਨ ਸਨ। ਸਭਨਾਂ ਦੇ ਹੀ ਗੁਣ ਮੈਂ ਆਪਣੇ ਅੰਦਰ ਦੇਖਣੇ ਚਾਹੁੰਦਾ ਸਾਂ।

ਸਰਦੀਆਂ ਦੀ ਰੁੱਤ ਸੀ। ਕਵੀ ਦਰਬਾਰ, ਮੇਰਾ ਖ਼ਿਆਲ ਹੈ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਦਿਵਸ ਬਾਰੇ ਹੀ ਸੀ—ਪੋਹ ਸੁਦੀ ਸਪਤਮੀ ਦੇ ਗੁਰਪੁਰਬ ਬਾਰੇ। ਸੀ ਕੁਝ ਥੋੜਾ ਅੱਗੇ ਜਾਂ ਪਿਛੋਂ।

ਇਕ ਦਿਨ ਇਕ ਮੱਧਮ ਅਤੇ ਸਾਦਾ ਜਿਹਾ ਕਾਗ਼ਜ਼ ਮੇਰੇ ਹੱਥ ਵਿਚ ਆ ਗਿਆ ਸੀ ਤੇ ਇਸੇ ਤਰ੍ਹਾਂ ਇਕ ਪੈਨਸਿਲ। ਦੀਵਾ ਸੀ ਜਾਂ ਲਾਲਟੈਣ, ਇਹ ਹੁਣ ਮੈਨੂੰ ਯਾਦ ਨਹੀਂ। ਬਹੁਤ ਥੋੜਾ ਚਾਨਣ ਸੀ। ਨਿੱਕੀ ਜਿਹੀ ਕੋਠੜੀ ਵਿਚ, ਮੰਜੇ ਉਤੇ ਬੈਠਾ ਮੈਂ ਇਸ ਚਾਨਣ ਵੱਲ ਨੀਵਾਂ ਹੋਕੇ ਤੁਕਾਂ ਜੋੜਨ ਲੱਗ ਪਿਆ। ਕੀ ਤੁਕਾਂ ਜੋੜੀਆਂ ਸਨ? ਇਹ ਵੀ ਮੈਨੂੰ ਯਾਦ ਨਹੀਂ। ਇਹ ਜ਼ਰੂਰ ਯਾਦ ਹੈ ਕਿ ਛੰਦ ਉਦੋਂ ਬੈਂਤ ਹੀ ਸੀ ਜੋ ਆਪਣੇ ਆਪ ਹੀ ਚੱਲ ਕੇ ਮੇਰੀ ਕਲਮ ਅੱਗੇ ਆ ਗਿਆ ਸੀ। ਇਹ ਸਭ ਤੋਂ ਸੌਖਾ ਛੰਦ ਸੀ। ਸ਼ਾਇਦ ਸਭ ਪੰਜਾਬੀ ਕਵੀ ਸਭ ਤੋਂ ਪਹਿਲਾਂ ਇਸੇ ਛੰਦ ਵਿਚ ਕਵਿਤਾ ਲਿਖਣ ਲਗਦੇ ਸਨ। ਸਭ ਨਹੀਂ ਤਾਂ ਬਹੁਤੇ ਤਾਂ ਜ਼ਰੂਰ ਹੀ ਇਸ ਵਿਚ ਲਿਖਦੇ ਸਨ, ਉਦੋਂ।

ਇਉਂ ਮੈਂ ਕਵੀ ਬਣਨ ਵੱਲ ਦੇ ਮਾਰਗ ਵੱਲ ਤੁਰ ਪਿਆ ਸਾਂ। ਪਰ ਅਜੇ ਮੈਥੋਂ ਕੋਈ ਕਵਿਤਾ ਲਿਖੀ ਨਹੀਂ ਸੀ ਗਈ ਪੂਰੀ। ਤੁਕਾਂ ਵੀ ਕੋਈ ਮੇਰੇ ਕੋਲੋਂ ਠੀਕ ਨਹੀਂ ਸਨ ਜੁੜਦੀਆਂ ਪਈਆਂ। ਬੱਸ, ਤੁਕਾਂ ਜੋੜਨ ਦੇ ਮੈਂ ਯਤਨ ਜਿਹੇ ਕਰ ਰਿਹਾ ਸਾਂ। ਇਹ ਵੀ ਸੋਚ ਰਿਹਾ ਸਾਂ ਕਿ ਕਵੀ ਕਿਵੇਂ ਸੌਖਿਆਂ ਹੀ ਤੁਕਾਂ ਜੋੜ ਲੈਂਦੇ ਹਨ? ਮੈਥੋਂ ਤਾਂ ਜੁੜ ਰਹੀਆਂ ਨਹੀਂ।

# ਮੇਰੀ ਪਹਿਲੀ ਕਵਿਤਾ

ਕਲਮ ਤਾਂ ਮੈਂ ਕਵਿਤਾ ਲਿਖਣ ਲਈ ਕਾਫ਼ੀ ਪਹਿਲਾਂ 1938 ਵਿਚ, ਚੁੱਕ ਲਈ ਸੀ; ਪਰ ਸੰਨ 1940 ਵਿਚ ਮੈਂ ਆਪਣੀ ਪਹਿਲੀ ਕਵਿਤਾ ਲਿਖਣ ਲਈ ਆਪਣੀ ਕਲਮ ਚੁੱਕੀ ਸੀ ਜੋ ਪੂਰੀ-ਸੂਰੀ ਕਵਿਤਾ ਸੀ। ਸੰਨ 40 ਦਾ ਸ਼ੁਰੂ ਹੀ ਸੀ। ਫੱਗਣ ਸੀ ਜਾਂ ਚੇਤਰ ਸੀ, ਇਹ ਹੁਣ ਮੈਨੂੰ ਯਾਦ ਨਹੀਂ। ਮਿੱਠੀ-ਮਿੱਠੀ ਠੰਡ ਸੀ। ਰਜ਼ਾਈ ਓਢੀ ਜਾ ਸਕਦੀ ਸੀ।

1939 ਵਿਚ, ਕੱਤਕ ਦੇ ਮਹੀਨੇ ਵਿਚ, ਮੇਰਾ ਵਿਆਹ ਹੋਇਆ ਸੀ, ਭਾਈ ਦੂਜ ਵਾਲੇ ਦਿਨ, ਯਨੀ ਦੀਵਾਲੀ ਤੋਂ ਤੀਜੇ ਦਿਨ। ਮੁਕਲਾਵਾ ਕੁਝ ਮਹੀਨਿਆਂ ਮਗਰੋਂ ਸੰਨ 40 ਵਿਚ ਹੋਇਆ ਸੀ, ਫੱਗਣ ਵਿਚ ਜਾਂ ਚੇਤਰ ਵਿਚ। ਰਾਵਲਪਿੰਡੀ ਰਹਿੰਦਾ ਸਾਂ ਤੇ ਵਿਆਹ ਲਈ ਆਇਆ ਹੋਇਆ ਸਾਂ ਤੇ ਅਜੇ ਤੀਕਰ ਪਿੰਡ ਹੀ ਸਾਂ। ਮੁਕਲਾਵਾ ਉਂਜ ਤਾਂ ਰਸਮ ਵਜੋਂ ਵਿਆਹ ਦੇ ਨਾਲ ਹੀ ਹੋਇਆ ਸੀ, ਪਰ ਪਤਨੀ ਮੇਰੀ ਮੁਕਲਾਵੇ ਵਜੋਂ ਅਜੇ ਭੇਜੀ ਨਹੀਂ ਸੀ ਗਈ। ਕੁਝ ਮਹੀਨਿਆਂ ਮਗਰੋਂ ਹੀ ਮੁਕਲਾਵੇ ਵਜੋਂ ਉਹ ਆਈ ਸੀ।

ਮੁਕਲਾਵੇ ਆਈ ਪਤਨੀ ਨਾਲ ਮੈਂ ਸੋਲਾਂ ਦਿਨ ਬਿਤਾਏ ਸਨ। ਫੇਰ ਮੈਨੂੰ, ਉਹਨੂੰ ਛੱਡ ਕੇ ਰਾਵਲਪਿੰਡੀ ਜਾਣਾ ਪਿਆ। ਰਾਵਲਪਿੰਡੀ ਮੇਰਾ ਮਾਮਾ ਰੌਣਕੀ ਰਾਮ ਰਹਿੰਦਾ ਸੀ ਜੋ ਕਿਰਪਾ ਰਾਮ ਦੀ ਫ਼ਰਮ ਵਿਚ ਲੇਡੀਜ਼ ਟੇਲਰ ਮਾਸਟਰ ਸੀ। ਪਹਿਲਾਂ ਕਿਸੇ ਕਲਿਫ਼ ਮੇਮ ਦਾ ਕੰਮ ਕਰਦਾ ਹੁੰਦਾ ਸੀ, ਮੈਟਰੋਪੋਲ ਹੋਟਲ ਵਿਚ। ਗਰਮੀਆਂ ਵਿਚ ਮਰੀ ਤੇ ਸਰਦੀਆਂ ਵਿਚ ਰਾਵਲਪਿੰਡੀ। ਕਲਿਫ਼, ਏਥੋਂ ਕੰਮ ਛੱਡ, ਇੰਗਲੈਂਡ ਚਲੀ ਗਈ ਸੀ ਤੇ ਫੇਰ ਮੇਰਾ ਮਾਮਾ ਕਿਰਪਾ ਰਾਮ ਦੇ ਆ ਗਿਆ ਸੀ। ਮੈਂ ਆਪਣੇ ਮਾਮੇ ਕੋਲ ਕੰਮ ਸਿੱਖਦਾ ਹੁੰਦਾ ਸਾਂ। ਇਸੇ ਲਈ ਮੈਂ ਰਾਵਲਪਿੰਡੀ ਉਸ ਕੋਲ ਆਇਆ ਹੋਇਆ ਸਾਂ।

ਮੇਰਾ ਰਾਵਲਪਿੰਡੀ ਜਾਣ ਨੂੰ ਉੱਕਾ ਦਿਲ ਨਹੀਂ ਕਰਦਾ ਸੀ। ਚਾਹੁੰਦਾ ਸਾਂ ਕਿ ਇਸੇ ਤਰ੍ਹਾਂ ਹੀ ਆਪਣੀ ਪਤਨੀ ਕੋਲ ਹੀ ਰਹਾਂ। ਸਾਡੇ, ਖ਼ੁਸ਼ੀ ਦੇ ਸਮੇਂ ਨੂੰ 'ਤੀਆਂ ਵਰਗੇ ਦਿਨ ਤੇ ਮੁਕਲਾਵੇ ਵਰਗੀਆਂ ਰਾਤਾਂ' ਨਾਲ ਉਪਮਾ ਦਿੱਤੀ ਜਾਂਦੀ ਹੈ। ਬੜੀ ਹੀ ਠੀਕ ਗੱਲ ਹੈ ਇਹ। ਮੁਕਲਾਵੇ ਵਾਲੀਆਂ ਰਾਤਾਂ ਦਾ ਤਾਂ ਕੋਈ ਅੰਤ-ਹਿਸਾਬ ਹੀ ਨਹੀਂ। ਜਿਨ੍ਹਾਂ ਨੇ ਇਹ ਦੇਖੀਆਂ ਨਹੀਂ, ਜਾਂ ਜਿਨ੍ਹਾਂ ਨੂੰ ਇਹ ਜੀਵਨ ਵਿਚ ਨਸੀਬ ਨਹੀਂ ਹੋਈਆਂ,

ਉਹ ਦੁਨੀਆਂ ਵਿਚ ਆਏ ਹੀ ਨਹੀਂ। ਉਹ ਜਿਹੇ ਆਏ, ਜਿਹੇ ਨਾ ਆਏ।

ਪਰ ਹਾਲਾਤ ਮੇਰੇ ਕੋਲੋਂ ਇਹਨਾਂ ਸਵਰਗੀ ਰਾਤਾਂ ਨੂੰ, ਇਸ ਸਮੇਂ ਨੂੰ, ਖੋਹ ਰਹੇ ਸਨ। ਰਾਵਲਪਿੰਡੀ ਜਾਣ ਨੂੰ ਮੈਂ ਟਾਲ ਨਹੀਂ ਸਕਦਾ ਸਾਂ। ਅਸੀਂ ਭਾਵੇਂ ਕਿੰਨੇ ਵੀ ਸਮਰੱਥ ਜਾਂ ਸੁਤੰਤਰ ਹੋਈਏ, ਪਰ ਆਖ਼ਿਰ ਅਸੀਂ ਸਾਰੇ ਹੀ ਹਾਲਾਤ ਦੇ ਗ਼ੁਲਾਮ ਹਾਂ। ਪੂਰੀ ਤਰ੍ਹਾਂ ਸੁਤੰਤਰ ਤਾਂ ਕੋਈ ਕਦੇ ਹੁੰਦਾ ਹੀ ਨਹੀਂ ਹੈ। ਨਾ ਹੀ ਇਸ ਸੁਤੰਤਰਤਾ ਦਾ ਕੋਈ ਅਰਥ ਹੀ ਬਣਦਾ ਹੈ। ਕੁਝ ਨਾ ਕੁਝ ਬੰਧਨ ਸਾਨੂੰ ਚਾਹੀਦੇ ਹੀ ਹੁੰਦੇ ਹਨ। ਇਹ ਬੰਧਨ ਹਨ ਜੋ ਕਦੇ ਜਾ ਕੇ ਮਰਿਆਦਾ-ਰੂਪ ਲੈ ਲੈਂਦੇ ਹਨ। ਮਰਿਆਦਾ ਚੰਗੀ ਚੀਜ਼ ਹੈ।

ਆਖ਼ਿਰ ਮੈਨੂੰ ਆਪਣੀ ਮੁਕਲਾਵੇ ਆਈ ਪਤਨੀ ਕੋਲੋਂ ਜੁਦਾ ਹੋਣਾ ਪੈ ਹੀ ਗਿਆ। ਗੋਬਿੰਦਗੜ੍ਹ ਸਟੇਸ਼ਨ ਤੋਂ ਮੈਂ ਰਾਤ ਨੂੰ ਗੱਡੀ ਬੈਠਾ ਸਾਂ। ਗੱਡੀ ਤਾਂ ਮੈਂ ਬੈਠ ਗਿਆ, ਪਰ ਗੱਡੀ ਵਿਚ ਮੈਂ ਰਾਵਲਪਿੰਡੀ ਤਕ ਸਾਰੇ ਰਾਹ ਹੀ ਰੋਂਦਾ ਗਿਆ। ਕਿਤੇ ਮੈਨੂੰ ਰੋਂਦੇ ਨੂੰ ਸਵਾਰੀਆਂ ਨਾ ਦੇਖ ਲੈਣ, ਇਸ ਲਈ ਮੈਂ ਗੱਡੀ ਵਿਚ ਫੱਟ ਉਤੇ ਲੇਟ ਗਿਆ ਤੇ ਕੰਧ ਵੱਲ ਨੂੰ ਮੂੰਹ ਕਰਕੇ ਸਾਰੇ ਰਾਹ ਰੋਂਦਾ ਗਿਆ। ਜਿੰਨਾ ਸੁਖ ਮਿਲਿਆ ਸੀ, ਉੱਨਾ ਹੀ ਹੁਣ ਮੇਰੇ ਮਨ ਨੂੰ ਦੁੱਖ ਮਹਿਸੂਸ ਹੋ ਰਿਹਾ ਸੀ। ਦੁੱਖ ਸਗੋਂ ਵੱਧ ਸੀ। ਸੁਖ ਦਾ ਤਾਂ ਮੈਨੂੰ ਜਿਵੇਂ ਪਤਾ ਹੀ ਨਹੀਂ ਲੱਗਾ ਸੀ। ਤਦੇ ਹੀ ਤਾਂ ਕਹਿੰਦੇ ਹਨ ਕਿ ਸੁਖ ਛਿਣ-ਭੰਗਰ ਹੈ। ਦੁੱਖ ਹੈ ਸਥਾਈ ਰੂਪ। ਉਂਜ ਦੁੱਖ ਤੇ ਸੁਖ ਦੋਵੇਂ ਜ਼ਿੰਦਗੀ ਦਾ ਕਾਰ-ਵਿਹਾਰ ਚਲਾਉਣ ਵਾਲੇ ਹੁੰਦੇ ਹਨ। ਇਹਨਾਂ ਨੂੰ ਹੀ ਮਹਾਂਪੁਰਸ਼ ਸੰਜੋਗ-ਵਿਜੋਗ ਕਹਿੰਦੇ ਹਨ। "ਸੰਜੋਗ-ਵਿਜੋਗ ਦੋਇ ਕਾਰ ਚਲਾਇਆ ..."

ਪਹਿਲਾਂ ਮੈਂ ਸੰਜੋਗ ਮਾਣਿਆ, ਹੁਣ ਵਿਜੋਗ ਦੀਆਂ ਪੀੜਾਂ ਨੂੰ ਮੈਂ ਮਾਣਦਾ ਜਾ ਰਿਹਾ ਸਾਂ। ਸ਼ਾਇਦ ਇਹ ਜ਼ਰੂਰੀ ਸੀ ਮੇਰੇ ਕਵੀ ਬਣਨ ਲਈ। ਭਾਵੇਂ ਇਹ ਮਨੁੱਖ ਬਣਨ ਲਈ ਵੀ ਜ਼ਰੂਰੀ ਹੈ।

ਰਾਵਲਪਿੰਡੀ ਪਹੁੰਚਿਆ। ਮੇਰੀ ਪਤਨੀ ਪਿਛੇ ਪਿੰਡ ਬਹੁਤ ਦੂਰ ਰਹਿ ਗਈ ਸੀ। ਮੈਂ ਉਸਨੂੰ ਚਿੱਠੀ ਲਿਖਣੀ ਸੀ। ਕਿਹੋ ਜਿਹੀ ਚਿੱਠੀ? ਜਿਹੜੀ ਚਿੱਠੀ ਅੰਤਾਂ ਦੀ ਪ੍ਰਭਾਵਸ਼ਾਲੀ ਹੋਵੇ ਤੇ ਮੇਰੇ ਦਿਲ ਦਾ ਸਾਰਾ ਦਰਦ ਪੂਰੀ ਤਰ੍ਹਾਂ ਬਿਆਨ ਕਰੇ। ਅਜਿਹੀ ਚਿੱਠੀ ਕਵਿਤਾ ਵਿਚ ਹੀ ਲਿਖੀ ਹੋਈ ਹੋ ਸਕਦੀ ਸੀ।

ਕਵਿਤ ਸ਼ਕਤੀ ਹੁੰਦੀ ਹੈ। ਇਹ ਪੜ੍ਹਨ ਵਾਲੇ ਜਾਂ ਸੁਣਨ ਵਾਲੇ ਦੇ ਦਿਲ ਵਿਚ ਉਤਰ ਜਾਂਦੀ ਹੈ। ਜੇ ਇਹ ਲਿਖਣ ਵਾਲੇ ਦੇ ਵੀ ਦਿਲ ਵਿਚੋਂ ਹੀ ਉੱਗੀ ਹੋਵੇ।

ਮੈਂ ਕਵਿਤਾ ਲਿਖਣ ਲੱਗ ਪਿਆ। ਛੰਦ ਮੇਰਾ ਬੈਂਤ ਹੀ ਸੀ। ਇਹ ਛੰਦ ਬੜਾ ਹੀ ਪਿਆਰਾ ਅਤੇ ਮਨਮੋਹਣਾ ਸੀ। ਇਹਦਾ ਹੀ ਰਿਵਾਜ ਸੀ ਉਦੋਂ। ਛੰਦ ਤਾਂ ਹੋਰ ਵੀ ਬਹੁਤ ਸਨ, ਪਰ ਫੁੱਲਾਂ ਵਿਚੋਂ ਇਹੀਓ ਉਦੋਂ ਫੁੱਲ ਗੁਲਾਬ ਹੁੰਦਾ ਸੀ। ਸ਼ਰਫ਼ ਇਸੇ ਛੰਦ ਰਾਹੀਂ ਹੀ ਬਹੁਤਾ ਲਿਖਦਾ ਹੁੰਦਾ ਸੀ। ਮੋਹਨ ਸਿੰਘ ਦੇ "ਚਾਰ ਹੰਝੂ" ਉਸਦੀਆਂ ਚਾਰ ਪ੍ਰਸਿੱਧ ਕਵਿਤਾਵਾਂ, ਇਸੇ ਛੰਦ ਬੈਂਤ ਵਿਚ ਸਨ। "ਰੱਬ", "ਅਨਾਰਕਲੀ", "ਬਸੰਤ",

"ਨੂਰਜਹਾਨ"। ਵਾਰਿਸਸ਼ਾਹ ਨੇ ਇਸ ਛੰਦ ਨੂੰ "ਹੀਰ" ਰਾਹੀਂ ਮਕਬੂਲ ਕੀਤਾ। ਮੋਹਨ ਸਿੰਘ ਤੇ ਸ਼ਰਫ਼ ਦਾ ਤਾਂ ਮੈਨੂੰ ਪਤਾ ਨਹੀਂ ਸੀ ਉਦੋਂ. ਵਾਰਿਸਸ਼ਾਹ ਰਾਹੀਂ ਹੀ ਇਹ ਛੰਦ ਮੇਰੇ ਕੋਲ ਪੁੱਜਾ ਸੀ। ਜ਼ਰੂਰੀ ਨਹੀਂ, ਵਾਰਿਸਸ਼ਾਹ ਦੀ "ਹੀਰ" ਮੈਂ ਪੜ੍ਹ ਚੁੱਕਾ ਹੋਵਾਂ। ਵਾਰਿਸਸ਼ਾਹ ਪੰਜਾਬ ਸੀ। ਮੈਂ ਪੰਜਾਬੀ ਬੱਚਾ ਸਾਂ। ਇਸ ਲਈ ਉਹ ਮੇਰੇ ਖ਼ੂਨ ਦੀਆਂ ਨਾੜਾਂ ਵਿਚ ਰਚ ਚੁੱਕਾ ਸੀ। ਉਹ ਮੇਰੀ ਗੁੜ੍ਹਤੀ ਵਿਚ ਸੀ।

ਕਿਸੇ ਕਿੱਸਾ-ਕਵੀ ਨੇ ਇਕ ਬੈਂਤ ਲਿਖਿਆ ਹੋਇਆ ਸੀ : "ਲਾਮ ਲੈ ਚੱਲੋ ਬੰਦੋ-ਬੰਦ ਮੇਰਾ, ਸੁਹਣੇ ਯਾਰ ਦੀ ਸੇਜ ਬਨਾਵਣੇ ਨੂੰ" ਜਾਂ "ਦਾਲ ਦਿਲਬਰਾ ਦਿਲ ਦੇ ਨਾਲ ਮਿਲ ਜਾ, ਜਿਵੇਂ ਰਾਂਝਣੇ ਨੂੰ ਜੱਟੀ ਹੀਰ ਮਿਲ ਗਈ", ਆਦਿ। ਕੁਝ ਇਸੇ ਧੁਨੀ ਉਤੇ ਮੇਰੀਆਂ ਤੁਕਾਂ ਉੱਠਣ ਲੱਗੀਆਂ। ਇਹਨਾਂ ਕਿੱਸਾ-ਕਵੀਆਂ ਵਿਚ ਵੀ ਵਾਰਿਸਸ਼ਾਹ ਦਾ ਬੋਲ ਹੀ ਸੀ। ਸੋ ਮੈਂ ਲਿਖਣ ਲੱਗ ਪਿਆ : "ਮੇਰੀ ਸੋਹਣੀਏ ਨੀ...ਮੇਰੀ ਪਿਆਰੀਏ ਨੀ"...ਆਦਿ। ਚਾਰ ਕਿ ਛੇ ਬੰਦ ਸਨ। ਗੁਲਾਬੀ ਕਾਗ਼ਜ਼ ਉਤੇ ਇਹ ਕਵਿਤਾ ਲਿਖ ਕੇ ਭੇਜੀ ਸੀ। ਸਿਆਹੀ ਨੀਲੇ ਰੰਗ ਦੀ ਸੀ। ਹੁਣ ਇਹ ਕਵਿਤਾ ਯਾਦ ਨਹੀਂ। ਪਹਿਲਾਂ ਅਸੀਂ ਕਿੰਨਾ ਚਿਰ ਸੰਦੂਕ ਵਿਚ ਇਸ ਕਵਿਤਾ ਨੂੰ ਸੰਭਾਲ ਕੇ ਰੱਖਦੇ ਰਹੇ ਸਾਂ। ਬੂਹਾ ਬੰਦ ਕਰਕੇ, ਕਦੇ ਕਦੇ ਸੰਦੂਕ ਖੋਲ੍ਹਕੇ, ਅਸੀਂ ਇਹ ਕਵਿਤਾ ਪੜ੍ਹਦੇ ਹੁੰਦੇ। ਗਹਿਣਿਆਂ ਵਾਲੀ ਡੱਬੀ ਵਿਚ ਇਹ ਕਵਿਤਾ ਰੱਖੀ ਹੁੰਦੀ ਸੀ। ਫੇਰ, ਕਈਆਂ ਵਰ੍ਹਿਆਂ ਮਗਰੋਂ ਅਸੀਂ ਇਸ ਕਵਿਤਾ ਨੂੰ ਸੰਭਾਲ ਕੇ ਰੱਖਣਾ ਚਾਹਿਆ ਨਹੀਂ। ਇਹ ਬੱਚਿਆਂ ਵਾਲੀ ਗੱਲ ਹੀ ਸੀ ਕਲ੍ਹ ਨੂੰ ਬੱਚੇ ਹੋਏ ਤਾਂ ਦੇਖਕੇ ਕੀ ਆਖਣਗੇ. ਜੇ ਉਹਨਾਂ ਕਿਤੇ ਪੜ੍ਹ ਲਈ, ਅਸੀਂ ਇਹੋ ਜਿਹੀਆਂ ਵੀ ਵਾਹੀਆਤੀਆਂ ਕਰਦੇ ਰਹੇ ਹਾਂ? ਸੋ ਅਸੀਂ ਇਹਨੂੰ ਇਕ ਦਿਨ ਆਪ ਹੀ ਨਸ਼ਟ ਕਰ ਦਿੱਤਾ ਸੀ। ਭਾਵੇਂ ਸਾਡਾ ਨਸ਼ਟ ਕਰਨ ਨੂੰ ਦਿਲ ਨਹੀਂ ਸੀ ਚਾਹੁੰਦਾ ਉੱਕਾ।

ਇਹ ਮੇਰੀ ਪਹਿਲੀ ਕਵਿਤਾ ਸੀ ਜੋ ਅੱਜ ਏਥੇ ਮੌਜੂਦ ਨਹੀਂ। ਜੇ ਮੌਜੂਦ ਹੁੰਦੀ ਵੀ ਤੇ ਏਥੇ ਮੈਂ ਲਿਖ ਦਿੱਤੀ ਹੁੰਦੀ ਤਾਂ ਉਸਦਾ ਕੀ ਮਹੱਤਵ ਸੀ? ਬੈਂਤ ਵਿਚ ਕਚਘਰੜ ਜਿਹੀ ਤੁਕਬੰਦੀ ਹੀ ਹੋਣੀ ਸੀ। ਮਹੱਤਵ ਇਹਨਾਂ ਗੱਲਾਂ ਦਾ ਹੈ ਜੋ ਉਸ ਬਾਰੇ ਹੋ ਰਹੀਆਂ ਹਨ। ਭਾਵੇਂ ਉਸਦੀ ਕਿਸੇ ਦਸਤਾਵੇਜ਼ ਜਿਹੀ ਅਹਿਮੀਅਤ ਹੀ ਹੁੰਦੀ।

ਗੱਲਾਂ ਉਸ ਵਿਚ ਉਹ ਸਨ ਜੋ ਸਾਡੇ ਦੋਹਾਂ ਵਿਚਕਾਰ ਹੀ ਸਨ। ਸਮੂਹਕ ਰੰਗ ਨਹੀਂ ਸੀ। ਕਿਸੇ ਨਿੱਜੀ ਗੱਲ ਨੂੰ ਸਮੂਹਕ ਰੂਪ ਤਕ ਲੈ ਕੇ ਜਾਣਾ ਬੜੀ ਦੂਰ ਦੀ ਗੱਲ ਸੀ ਅਜੇ। ਉਸ ਲਈ ਤਾਂ ਬੜਾ ਘੋਰ ਸੰਗਰਾਮ ਅਜੇ ਮੈਂ ਕਰਨਾ ਸੀ।

ਉੱਨੀ ਵਰ੍ਹੇ ਦੀ ਉਮਰ ਵਿਚ ਮੇਰਾ ਵਿਆਹ ਹੋਇਆ ਸੀ। ਇਹ ਕਵਿਤਾ ਲਿਖਣ ਵੇਲੇ ਮੈਨੂੰ ਵੀਹਵਾਂ ਵਰ੍ਹਾ ਲੱਗ ਚੁੱਕਾ ਸੀ।

# ਮੇਰਾ ਪਹਿਲਾ ਲੇਖ

ਕਹਿੰਦੇ ਹਨ, ਸਾਹਿਤ ਵਿਚ ਕਵਿਤਾ ਪਹਿਲਾਂ ਆਈ ਹੈ ਤੇ ਵਾਰਤਕ ਪਿਛੋਂ ਆਈ ਹੈ। ਠੀਕ ਹੈ ਇਹ ਬਿਲਕੁਲ ਗੱਲ। ਸਰਬ-ਪਰਵਾਨਤ ਗੱਲ ਹੈ ਇਹ। ਪਰ ਮੈਂ ਆਪਣੀ ਪਹਿਲੀ ਕਵਿਤਾ, ਆਪਣੇ ਪਹਿਲੇ ਲੇਖ ਨਾਲੋਂ ਮਗਰੋਂ ਹੀ ਕੁਝ ਲਿਖੀ ਸੀ। ਮੇਰਾ ਪਹਿਲਾ ਲੇਖ ਸੀ "ਭੈਣੀ ਸਾਹਿਬ ਦੀਆਂ ਕੰਧਾਂ।" ਇਹ ਮੈਂ ਆਪਣੀ ਕਵਿਤਾ ਨਾਲੋਂ ਮਹੀਨਾ-ਵੀਹ ਦਿਨ ਪਹਿਲਾਂ ਲਿਖਿਆ।

ਮੈਂ ਆਪਣੇ ਪਿਤਾ ਜੀ ਨਾਲ, ਸੰਨ 1940 ਵਿਚ, ਫੱਗਣ ਵਿਚ, ਭੈਣੀ ਸਾਹਿਬ ਹੋਲਾ ਮਹੱਲਾ ਦੇਖਣ ਗਿਆ। ਯਾਨੀ ਆਪਣੀ ਪਤਨੀ ਦੇ ਮੁਕਲਾਵੇ ਆਉਣ ਤੋਂ ਕੁਝ ਦਿਨ ਪਹਿਲਾਂ। ਸਤਿਗੁਰੂ ਪ੍ਰਤਾਪ ਸਿੰਘ ਸਨ ਉਦੋਂ ਨਾਮਧਾਰੀ ਗੁਰੂ। ਭੈਣੀ ਸਾਹਿਬ ਅਸੀਂ ਦੋ ਕਿ ਤਿਨ ਦਿਨ ਨਿਵਾਸ ਕੀਤਾ। ਭੈਣੀ ਸਾਹਿਬ ਗੁਰੂ ਕੇ ਮਹੱਲ ਉਦੋਂ ਕੱਚੇ ਹੀ ਸਨ। ਹੁਣ ਤਾਂ ਕੋਈ ਨਾ ਕੋਈ ਇੱਟ ਪੱਕੀ ਲੱਗਣ ਲੱਗ ਪਈ ਹੈ, ਉਦੋਂ ਸਭ ਕੁਝ ਕੱਚਾ ਸੀ। ਸਤਿਗੁਰੂ ਤੇ ਆਰ-ਪਰਵਾਰ ਕੱਚੇ ਕੋਠਿਆਂ ਵਿਚ ਹੀ ਰਹਿੰਦੇ। ਕਾਰਨ ਸੀ ਸਵਦੇਸ਼ੀ ਲਹਿਰ। ਭਾਰਤ ਵਿਚ ਸਵਦੇਸ਼ੀ ਲਹਿਰ ਕਾਂਗਰਸ ਅਦੋਲਨ ਵੇਲੇ ਬਹੁਤ ਪ੍ਰਸਿੱਧ ਹੋਈ ਹੈ, ਪਰ ਮੁੱਢ ਇਸਦਾ ਨਾਮਧਾਰੀ ਲਹਿਰ ਤੋਂ ਹੀ ਬੱਝਾ ਸੀ। ਇਸਦਾ ਮੁੱਢ ਤੋਰਨ ਵਾਲੇ ਨਾਮਧਾਰੀ ਸੰਪਰਦਾ ਦੇ ਪਹਿਲੇ ਗੁਰੂ ਰਾਮ ਸਿੰਘ ਸਨ। ਉਹਨਾਂ ਹੀ ਅੰਗਰੇਜ਼ ਦੇ ਬਣੇ ਮਾਲ ਦਾ ਬਾਈਕਾਟ ਕੀਤਾ। ਰੇਲ ਨਹੀਂ ਚੜ੍ਹਨਾ, ਕਚਹਿਰੀ ਨਹੀਂ ਜਾਣਾ, ਘਰ ਦਾ ਖੱਦਰ ਪਹਿਨਣਾ। ਸਾਦਾ ਰਹਿਣੀ, ਸਾਦਾ ਜੀਵਨ। ਭੈਣੀ ਸਾਹਿਬ ਦੀਆਂ ਕੱਚੀਆਂ ਕੰਧਾਂ ਇਸੇ ਸਾਦਾ ਜੀਵਨ ਦੀ ਫ਼ਿਲਾਸਫ਼ੀ ਨਾਲ ਸੰਬੰਧਿਤ ਸਨ। ਸ਼ੁੱਧਤਾ ਵੀ ਬੜੀ ਸੀ। ਮੈਨੂੰ ਇਹਨਾਂ ਕੰਧਾਂ ਵਿਚੋਂ ਮਿੱਠੀ-ਮਿੱਠੀ ਤੇ ਭਿੰਨੀ-ਭਿੰਨੀ ਜਿਹੀ ਮਹਿਕ ਆਉਂਦੀ ਰਹੀ ਸੀ। ਇਹ ਮਹਿਕ ਸੀ, ਗੁਰੂਆਂ ਦੇ ਆਚਾਰ ਦੀ, ਵਿਵਹਾਰ ਦੀ। ਨਾਮਧਾਰੀ ਲਹਿਰ ਦੇ ਵਿਵਹਾਰ ਅਤੇ ਸ਼ੁੱਧਤਾ ਦੀ। ਸਤਿਗੁਰੂ ਪ੍ਰਤਾਪ ਸਿੰਘ ਜੀ ਬੜੇ ਹੀ ਪ੍ਰਭਾਵਸ਼ਾਲੀ ਵਿਅਕਤਿੱਤਵ ਦੇ ਸੁਆਮੀ ਸਨ। ਬੜਾ ਉੱਚਾ ਤੇ ਸ਼ੁੱਧ ਜੀਵਨ। ਬੜੇ ਹੀ ਮਿਲਾਪੜੇ ਤੇ ਚਾਨਣ ਭਰੀਆਂ ਅੱਖਾਂ ਵਾਲੇ। ਬਾਬਾ ਰਾਮ ਸਿੰਘ ਜੀ ਦੀ ਗੱਦੀ ਉਤੇ ਬੈਠੇ ਸਨ। ਉਹ ਵੀ ਜਿਵੇਂ ਏਥੇ ਇਹਨਾਂ ਸਭਨਾਂ ਵਿਚ ਮੌਜੂਦ ਹੀ ਸਨ। ਆਲੇ-ਦੁਆਲੇ ਦਸ ਗੁਰੂ ਸਾਹਿਬਾਨ ਦੀ ਵੀ ਝਲਕ ਸੀ। ਦਸ ਗੁਰੂ ਸਾਹਿਬਾਨ ਤੋਂ ਹੀ ਚਾਨਣ ਲੈਕੇ ਨਾਮਧਾਰੀ

ਸਤਿਗੁਰੂ ਤੁਰ ਰਹੇ ਸਨ। ਚਾਹੇ ਉਹ ਬਾਬਾ ਰਾਮ ਸਿੰਘ ਸਨ ਤੇ ਚਾਹੇ ਬਾਬਾ ਪ੍ਰਤਾਪ ਸਿੰਘ। ਇਸ ਲਈ ਮੈਨੂੰ ਭੈਣੀ ਸਾਹਿਬ ਦੀਆਂ ਇਹਨਾਂ ਕੱਚੀਆਂ ਕੰਧਾਂ ਕੋਲੋਂ ਮਹਿਕ ਆਉਣੀ ਹੀ ਆਉਣੀ ਸੀ। ਮਿੱਠੀ ਅਤੇ ਨਰੋਈ ਗੰਧ।

ਉਦੋਂ, ਮੇਰਾ ਖਿਆਲ ਹੈ, ਸਰਬ ਧਰਮ ਸੰਮੇਲਨ ਵੀ, ਸ਼ਾਇਦ, ਭੈਣੀ ਸਾਹਿਬ ਵਿਚ ਹੋਇਆ ਸੀ। ਸੇਠ ਬਿਰਲਾ ਆਇਆ ਸੀ। ਸ਼ਾਇਦ ਜੁਗਲ ਕਿਸ਼ੋਰ ਬਿਰਲਾ। ਭਾਸ਼ਨ ਵੀ ਉਸ ਕੀਤਾ ਸੀ। ਇਕ ਗੱਲ ਉਸ ਇਹ ਕਹੀ : "ਸਤਿਗੁਰੂ ਜੀ ਮਾਨਤੇ ਨਹੀਂ ਹੈਂ। ਮੈਨੇ ਬੇਨਤੀ ਕੀ ਥੀ। ਸਤਿਗੁਰੂ ਜੀ, ਆਗਿਆ ਕਰੇਂ, ਮੈਂ ਸਾਰੇ ਭੈਨੀ ਸਾਹਿਬ ਕੋ ਪੱਕਾ ਬਨਵਾਏ ਦੇਤਾ ਹੂੰ। ਪਰ ਸਤਿਗੁਰੂ ਜੀ ਮਾਨਤੇ ਨਹੀਂ ਹੈਂ।" ਰਾਤੀਂ, ਟਿਕੀ ਰਾਤ ਵਿਚ, ਸ਼ਾਇਦ ਚੰਨ-ਚਾਨਣੀ ਸੀ, ਸਤਿਗੁਰੂ ਪ੍ਰਤਾਪ ਸਿੰਘ ਨੇ ਬੜੇ ਮਿੱਠੇ ਪ੍ਰਵਚਨ ਕੀਤੇ। ਪੰਡਾਲ ਪਿੰਡੋਂ ਬਾਹਰ ਰੇਤੇ ਦੀਆਂ ਟਿੱਬੀਆਂ ਉਤੇ ਬਣਿਆ ਸੀ। ਨਾਮਧਾਰੀ ਸਾਧ ਸੰਗਤ, ਚੰਨ-ਚਾਨਣੀ ਰਾਤ ਵਿਚ, ਇਹਨਾਂ ਰੇਤੇ ਦੀਆਂ ਟਿੱਬੀਆਂ ਉਤੇ, ਬੜੀ ਦੂਰ ਤਕ ਬੈਠੀ ਸੀ ਤੇ ਬਿਲਕੁਲ ਚੁੱਪ, ਬਿਲਕੁਲ ਸ਼ਾਂਤ, ਇਹ ਪ੍ਰਵਚਨ ਸੁਣ ਰਹੀ ਸੀ। ਸਿਰਫ਼ ਮੰਚ ਉਤੇ ਹੀ ਇਕ ਛੋਟੀ ਚਾਨਣੀ ਤਣੀ ਸੀ। ਸਾਧ ਸੰਗਤ ਬਿਲਕੁਲ ਖੁਲ੍ਹੇ ਆਕਾਸ਼ ਹੇਠ ਬੈਠੀ ਸੀ। ਚੰਨ-ਚਾਨਣੀ ਰਾਤ ਵਿਚ ਚਿੱਟੇ-ਸਾਦੇ ਕੱਪੜਿਆਂ ਵਾਲੀ ਦੁਧੀਆ ਰੰਗ ਦੀ ਸਾਧ-ਸੰਗਤ। ਸਤਿਗੁਰੂ ਜੀ ਬੈਠੇ ਸਨ। ਮਾਈਕ ਉਹਨਾਂ ਦੇ ਅੱਗੇ ਸੀ। ਟਿਕੀ, ਚਾਨਣੀ ਰਾਤ ਵਿਚ ਉਹ ਇਉਂ ਪ੍ਰਵਚਨ ਕਰ ਰਹੇ ਸਨ ਜਿਵੇਂ ਕੋਈ ਦੇਵਤਾ ਆਕਾਸ਼ੋਂ ਬੋਲ ਰਿਹਾ ਹੋਵੇ। ਗੁਰਬਾਣੀ ਦੀਆਂ ਤੁਕਾਂ ਵੀ ਉਹ ਨਾਲੋ-ਨਾਲ ਬੋਲਦੇ ਤੇ ਹੋਰਾਂ ਸੰਤਾਂ-ਸੂਫ਼ੀਆਂ ਦੀਆਂ ਤੁਕਾਂ ਅਤੇ ਬਾਣੀ ਵੀ। ਸ਼ਾਹ ਹੁਸੈਨ, ਬੁਲ੍ਹੇ ਸ਼ਾਹ, ਉਹ ਸਭ ਦੀਆਂ ਤੁਕਾਂ ਬੋਲਦੇ ਤੇ ਸਭਨਾਂ ਦਾਨਿਸ਼ਮੰਦਾਂ ਦੀਆਂ ਤੁਕਾਂ ਦੇ ਹਵਾਲੇ ਨਾਲ ਆਪਣੀ ਗੱਲ ਨੂੰ ਪੱਕਾ ਕਰਦੇ। ਏਥੋਂ ਤਕ ਕਿ ਹਾਸ਼ਮ ਦੀਆਂ ਵੀ ਉਹਨਾਂ ਤੁਕਾਂ ਬੋਲੀਆਂ ਸਨ ਜੋ ਬਹੁਤ ਨੇੜੇ ਦਾ ਕਵੀ ਸੀ। ਹਾਸ਼ਮ ਦੀਆਂ ਇਹ ਤੁਕਾਂ ਬੋਲੀਆਂ : "ਕਾਮਲ ਸ਼ੌਕ ਮਾਹੀ ਦਾ ਮੈਨੂੰ ਰਹੇ ਜਿਗਰ ਵਿਚ ਵਸਦਾ, ਲੂੰ-ਲੂੰ ਰਸਦਾ।" ਮੈਨੂੰ ਉਹ ਬੜੇ ਵਿਸ਼ਾਲ ਅਤੇ ਬੜੇ ਮਾਨਵੀ ਨਜ਼ਰ ਆਏ।

ਅਸਲ ਵਿਚ ਇਹ ਸਾਰਾ ਕੁਝ ਹੀ ਭੈਣੀ ਸਾਹਿਬ ਦੀਆਂ ਕੰਧਾਂ ਸਨ। ਇਹਨਾਂ ਕੰਧਾਂ ਬਾਰੇ ਹੀ ਮੈਂ ਆਪਣਾ ਲੇਖ ਲਿਖਿਆ ਸੀ।

ਇਹ ਲੇਖ ਮੈਂ ਆਪਣੇ ਪਿੰਡ ਚੁਬਾਰੇ ਵਿਚ ਬਹਿਕੇ ਲਿਖਿਆ ਸੀ। ਦਰੀ ਉਤੇ, ਭੁੰਜੇ ਬਹਿਕੇ। ਭੈਣੀ ਸਾਹਿਬ ਤੋਂ ਵਾਪਸ ਆਕੇ ਸ਼ਾਇਦ ਦੂਜੇ ਕਿ ਤੀਜੇ ਦਿਨ।

ਪਹਿਲਾ ਅੱਖਰ "ਟ" ਸੀ। "ਟੰਨ, ਟੰਨ, ਟੰਨ ਦੀ ਆਵਾਜ਼ ਦੇ ਨਾਲ ਰੈਗੂਲੇਟਰ ਘੰਟੇ ਦੀਆਂ ਸੂਈਆਂ ਆਪਣਾ ਪੂਰਾ ਗੇੜਾ ਮਾਰਕੇ ੧੨ ਪੁਰ ਜਾ ਮਿਲੀਆਂ।" ਇਹ ਪਹਿਲਾ ਵਾਕ ਸੀ ਲੇਖ ਦਾ। ਪਿੰਡੋਂ ਤੁਰਨ ਵੇਲੇ ਤੋਂ ਮੈਂ ਲੇਖ ਸ਼ੁਰੂ ਕੀਤਾ ਸੀ। ਸਮਾਪਤ ਪਿੰਡ ਆਉਣ ਨਾਲ। ਉਸ ਲੇਖ ਦੀਆਂ ਕੁਝ ਇਕ ਗੱਲਾਂ ਹੁਣ ਤਕ ਮੈਨੂੰ ਯਾਦ ਹਨ। ਜਿਵੇਂ, ਮੈਂ "ਅਤੇ" ਦੀ ਥਾਂ "ਅਰ" ਲਿਖਿਆ ਹੋਇਆ ਸੀ। (ਉਹ ਅਤੇ ਮੈਂ ਦੀ ਥਾਂ ਉਹ "ਅਰ" ਮੈਂ ਆਦਿ)। ਭੈਣੀ ਸਾਹਿਬ ਦਾ ਡਾਕਖ਼ਾਨਾ ਕਦੇ ਹੀਰਾਂ ਹੁੰਦਾ ਸੀ। ਹੁਣ

ਡਾਕਖ਼ਾਨਾ ਖ਼ਾਸ ਸੀ। ਡਾਕਖ਼ਾਨੇ ਦੇ ਮੱਥੇ ਉਤੇ ਜੋ ਬੋਰਡ ਲਗਾ ਹੋਇਆ ਸੀ, ਉਸ ਉਤੇ ਅੰਗਰੇਜ਼ੀ ਵਿਚ "ਪੋਸਟ ਆਫ਼ਿਸ" ਲਿਖਿਆ ਸੀ। ਸ਼ਾਇਦ ਉਰਦੂ ਵਿਚ ਵੀ "ਡਾਕਖ਼ਾਨਾ" ਲਿਖਿਆ ਹੋਇਆ ਸੀ। ਪੰਜਾਬੀ ਵਿਚ, ਗੁਰਮੁਖੀ ਵਿਚ, ਡਾਕਘਰ ਨਹੀਂ ਲਿਖਿਆ ਸੀ। ਲੇਖ ਵਿਚ ਮੈਂ ਇਸ ਗੱਲ ਦਾ ਖਾਸ ਕਰਕੇ ਨੋਟਿਸ ਲਿਆ। "ਵਿਚਾਰੇ ਡਾਕਖ਼ਾਨੇ ਨੂੰ ਦੋ ਅੱਖਰ ਗੁਰਮੁਖੀ-ਪੰਜਾਬੀ ਦੇ ਨਸੀਬ ਨਹੀਂ ਹੋਏ।" ਇਹ ਡਾਕਖ਼ਾਨਾ ਕਿਉਂਕਿ ਭੈਣੀ ਸਾਹਿਬ ਵਿਚ ਸਥਿਤ ਸੀ—ਸਵਦੇਸ਼ੀ ਦੇ ਮੋਢੀ ਨਗਰ ਵਿਚ—ਇਸ ਲਈ ਮੈਂ ਇਸ ਗੱਲ ਦਾ ਨੋਟਿਸ ਲੈਣਾ ਚਾਹਿਆ ਸੀ ਤੇ ਮੇਰੀ ਗੱਲ ਵਿਚ ਵਜ਼ਨ ਸੀ। ਲੇਖ ਭੈਣੀ ਸਾਹਿਬ ਵਿਚ ਨਾਮਧਾਰੀ ਦਰਬਾਰ ਦੇ ਪਰਚੇ "ਸਤਿਜੁਗ" ਵਿਚ ਛਪਿਆ ਸੀ। ਮਗਰੋਂ ਪਤਾ ਲੱਗਾ ਕਿ ਡਾਕਖ਼ਾਨੇ ਦੇ ਬੋਰਡ ਉਤੇ, ਖ਼ੁਸ਼ੀ-ਖ਼ੁਸ਼ੀ, ਗੁਰਮੁਖੀ ਵਿਚ "ਡਾਕ ਘਰ" ਲਿਖਿਆ ਗਿਆ ਹੈ। ਸਤਿਗੁਰੂ ਪ੍ਰਤਾਪ ਸਿੰਘ ਜੀ ਇਸ ਸੁਝਾ ਤੋਂ ਖ਼ੁਸ਼ ਹੋਏ।

ਏਥੇ ਮੈਂ ਇਕ ਹੋਰ ਗੱਲ ਵੀ ਵਰਣਨ ਕਰਨੀ ਚਾਹੁੰਦਾ ਹਾਂ। ਅੱਜ ਮੈਂ ਕਵਿਤਾਵਾਂ ਅਤੇ ਕਹਾਣੀਆਂ ਸਭ ਕੁਝ ਲਿਖਦਾ ਹਾਂ। ਕਵਿਤਾ ਕਾਫ਼ੀ ਪਹਿਲਾਂ ਅਤੇ ਕਹਾਣੀਆਂ ਮਗਰੋਂ ਲਿਖਣ ਲੱਗਾ। ਪਰ ਮੇਰੇ ਵਿਚ ਕਹਾਣੀ ਦਾ ਜਾਂ ਗਲਪ ਦਾ ਪਹਿਲਾਂ ਹੀ ਅੰਸ਼ ਸੀ ਤੇ ਇਸ ਲੇਖ ਵਿਚ ਵੀ ਮੈਥੋਂ ਗਲਪ ਦੀ ਵਰਤੋਂ ਹੋ ਗਈ ਸੀ—ਆਪਣੇ ਇਸ ਪਹਿਲੇ ਲੇਖ ਵਿਚ ਹੀ। ਜਿਵੇਂ ਪਹਿਲਾ ਹੀ ਵਾਕ ਸੀ : "...ਰੈਗੂਲੇਟਰ ਘੰਟੇ ਦੀਆਂ ਸੂਈਆਂ ਆਪਣਾ ਪੂਰਾ ਗੇੜਾ ਮਾਰਕੇ ੧੨ ਪੁਰ ਜਾ ਮਿਲੀਆਂ।" ਅਸੀਂ ਦਿਨ ਦੇ ਬਾਰਾਂ ਵਜੇ ਆਪਣੇ ਪਿੰਡੋਂ ਤੁਰੇ ਸਾਂ, ਭੈਣੀ ਸਾਹਿਬ ਜਾਣ ਲਈ। ਬਿਨਾਂ ਟਾਈਮ ਦੇਖੇ, ਅੰਦਾਜ਼ੇ ਜਿਹੇ ਨਾਲ ਹੀ। ਸਾਡੇ ਘਰ ਰੈਗੂਲੇਟਰ ਘੰਟਾ ਕੋਈ ਨਹੀਂ ਸੀ। ਹਾਂ, ਮੇਰੇ ਨਾਨਕੇ ਸੀ। ਪਰ ਲੇਖ ਲਿਖਣ ਵੇਲੇ ਇਹ ਰੈਗੂਲੇਟਰ ਘੰਟਾ ਮੈਥੋਂ ਆਪ ਹੀ ਲਿਖ ਹੋ ਗਿਆ ਸੀ। ਇਹ ਗਲਪ ਸੀ ਜੋ ਆਮ ਕਰਕੇ ਤਥ-ਆਤਮਕ ਨਹੀਂ ਹੁੰਦੀ, ਕਲਪਨਾਤਮਕ ਹੁੰਦੀ ਹੈ। ਅਸਲ ਵਿਚ ਮੈਂ ਅੱਗੇ ਜਾ ਕੇ ਗਲਪਕਾਰ ਬਣਨਾ ਸੀ। ਇਤਿਹਾਸਕਾਰ ਬਣਨਾ ਹੁੰਦਾ ਤਾਂ ਸ਼ਾਇਦ ਇਹੀਓ ਲੇਖ ਕਿਸੇ ਹੋਰ ਤਰ੍ਹਾਂ ਨਾਲ ਸ਼ੁਰੂ ਹੁੰਦਾ।

ਇਕ ਘੁੰਡੀ ਹੋਰ ਵੀ ਏਥੇ ਖੁਲ੍ਹ ਹੀ ਜਾਣੀ ਚਾਹੀਦੀ ਹੈ। ਭਾਵੇਂ ਮੈਂ ਇਹ ਪਹਿਲਾ ਲੇਖ ਆਪਣੀ ਪਹਿਲੀ ਕਵਿਤਾ ਨਾਲੋਂ ਕੁਝ ਕੁ ਪਹਿਲਾਂ ਹੀ ਲਿਖਿਆ ਹੈ, ਤਾਂ ਵੀ, ਮੈਂ ਵੀ, ਵਾਰਤਕ ਨਾਲੋਂ ਕਵਿਤਾ ਹੀ ਪਹਿਲਾਂ ਲਿਖੀ ਹੈ। ਕਵੀ ਦਰਬਾਰ ਸੁਣਨ ਤੋਂ ਬਾਅਦ ਜਦੋਂ ਮੈਂ ਤੁਕਾਂ ਜੋੜਨ ਲਈ ਆਪਣੀ ਕਲਮ ਚੁੱਕੀ ਸੀ, ਸਮਝੋ, ਕਵਿਤਾ ਉਦੋਂ ਤੋਂ ਹੀ ਮੈਂ ਲਿਖਣੀ ਸ਼ੁਰੂ ਕਰ ਦਿੱਤੀ ਸੀ। ਅਸਲ ਵਿਚ ਤਾਂ ਉਹੀਓ ਤੁਕਾਂ ਮੇਰੀ ਪਹਿਲੀ ਕਵਿਤਾ ਜਾਂ ਮੇਰੀਆਂ ਕਵਿਤਾਵਾਂ ਸਨ। ਪਤਨੀ ਵਾਲੀ ਚਿੱਠੀ ਨੂੰ ਤਾਂ ਸਮਝੋ ਜਿਵੇਂ ਮੱਲੋ-ਮੱਲੀ "ਮੇਰੀ ਪਹਿਲੀ ਕਵਿਤਾ" ਵਾਲੀ ਇਤਿਹਾਸਕ ਥਾਂ ਮਿਲ ਰਹੀ ਹੈ।

ਜਿਹੜੀਆਂ ਕਣੀਆਂ ਸਭ ਤੋਂ ਪਹਿਲਾਂ ਧਰਤੀ ਉਤੇ ਡਿਗਦੀਆਂ ਹਨ, ਉਹ ਧੂੜ ਵਿਚ ਮਿਲ ਜਾਂਦੀਆਂ ਹਨ। ਮਗਰੋਂ ਡਿੱਗਣ ਵਾਲੀਆਂ ਨੂੰ ਨਦੀਆਂ ਕਹੋ, ਨਾਲੇ ਕਹੋ, ਭਰ-ਵਗਦੇ ਦਰਿਆ ਕਹੋ, ਪਰ ਜੋ ਕਰਤੱਵ ਪਹਿਲੀਆਂ ਬੂੰਦਾਂ ਨੇ ਪਾਲਣ ਕੀਤਾ ਹੁੰਦਾ ਹੈ,

ਉਹ ਆਉਣ ਵਾਲੀਆਂ ਬੂੰਦਾਂ ਨੇ ਨਹੀਂ। ਭਾਵੇਂ ਉਹਨਾਂ ਨੂੰ ਬਹੁਤ ਘੱਟ ਖ਼ਿਆਲਿਆ-ਜਾਣਿਆ ਜਾਂਦਾ ਹੈ।

ਤਾਜ ਮਹੱਲ ਦਾ ਸੁੰਦਰ ਗੁੰਬਦ ਸਭ ਨੂੰ ਨਜ਼ਰ ਆਉਂਦਾ ਹੈ। ਪਰ ਜਿਹੜੀਆਂ ਇੱਟਾਂ ਤਾਜ ਮਹੱਲ ਦੀ ਨੀਂਹ ਵਿਚ ਪਈਆਂ ਹੋਈਆਂ ਹਨ, ਕੀ ਉਹਨਾਂ ਤੋਂ ਬਿਨਾਂ ਇਹ ਗੁੰਬਦ ਕਿਸੇ ਨੂੰ ਨਜ਼ਰ ਆਉਂਦਾ ? ਇਤਿਹਾਸ ਇਹਨਾਂ ਨੀਹਾਂ ਉਤੇ ਹੀ ਉੱਸਰਿਆ ਹੋਇਆ ਹੁੰਦਾ ਹੈ।

# ਪਹਿਲੇ ਲੇਖ ਦੇ ਕੁਝ ਇਕ ਅੰਸ਼

ਆਪਣੇ ਪਹਿਲੇ ਲੇਖ ਵਿਚੋਂ ਇਥੇ ਕੁਝ ਇਕ ਅੰਸ਼ ਵੀ ਮੈਂ ਦਰਜ ਕਰ ਹੀ ਦਿੰਦਾ ਹਾਂ। ਮੇਰੀ ਪਹਿਲੀ ਵਾਰਤਕ ਦਾ ਨਮੂਨਾ ਨਜ਼ਰ ਆ ਜਾਵੇਗਾ।

ਲੇਖ ਇਹ ਦੁਰਲੱਭ ਸੀ। ਸੰਨ '40 ਵਿਚ ਲਿਖਿਆ ਸੀ। "ਸਤਿਜੁਗ" ਦੀ ਇਹ ਜਿਲਦ ਨੰਬਰ 15 ਵਿਚ, 14 ਹਾੜ੍ਹ 1997 (ਬਿਕ੍ਰਮੀ) ਦੇ ਅੰਕ ਵਿਚ, ਪ੍ਰਕਾਸ਼ਿਤ ਕੀਤਾ ਗਿਆ ਸੀ। ਵੀਰਵਾਰ ਦਾ ਦਿਨ ਸੀ। ਐਡੀਟਰ ਸਨ ਬਲਵੰਤ ਸਿੰਘ। ਇਹ ਸਾਰੇ ਤੱਥ ਨਾਮਧਾਰੀ ਸੰਪਰਦਾ ਦੇ ਇਕ ਵਿਦਵਾਨ ਸੰਤ ਆਤਮਾ ਸਿੰਘ ਜੀ ਸਨਖਤਰਾ ਹੋਰਾਂ ਨੇ ਭੇਜੇ ਸਨ। 1976 ਵਿਚ ਉਹ ਪ੍ਰੀਤ ਨਗਰ ਮਿਲੇ ਸਨ। ਇਸ ਲੇਖ ਦੀਆਂ ਗੱਲਾਂ ਹੋਈਆਂ। ਮੈਂ ਬੇਨਤੀ ਕੀਤੀ ਕਿ ਜੇ ਉਹ ਲੇਖ ਮਿਲ ਸਕੇ। ਉਹਨਾਂ ਹਾਮੀ ਓਟੀ ਕਿ ਉਹ ਪੁਰਾਤਨ ਫ਼ਾਈਲਾਂ ਲੱਭ ਕੇ ਇਹ ਲੇਖ ਭਿਜਵਾਉਣ ਦਾ ਆਪਣਾ ਪੂਰਾ ਯਤਨ ਕਰਨਗੇ। ਮੈਂ ਹੈਰਾਨ ਰਹਿ ਗਿਆ ਜਦੋਂ ਉਹਨਾਂ ਸੱਚ-ਮੁੱਚ ਹੀ ਇਹ ਲੇਖ ਭਿਜਵਾ ਹੀ ਦਿੱਤਾ। ਪਹਿਲਾਂ ਫ਼ਾਈਲ ਲੱਭੀ ਤੇ ਫੇਰ ਉਹਨਾਂ ਫ਼ਾਈਲ ਵਿਚੋਂ ਲੇਖ ਵਾਲਾ ਅੰਕ ਲੱਭ ਕੇ ਹੱਥੀਂ ਨਕਲ ਕੀਤਾ ਤੇ ਫੇਰ ਮੈਨੂੰ ਭਿਜਵਾਇਆ ਸੀ। ਬੜੀ ਮਿਹਨਤ ਕੀਤੀ ਤੇ ਬੜੀ ਜ਼ਿੰਮੇਵਾਰੀ ਪਾਲੀ। ਆਖ ਦੇਣਾ ਹੋਰ ਗੱਲ ਹੈ, ਅਮਲ ਕਰਨਾ ਹੋਰ ਗੱਲ। ਪਰ ਉਹਨਾਂ ਜੋ ਇਕਰਾਰ ਕੀਤਾ, ਉਹਨੂੰ ਪੂਰਾ ਕਰ ਵਿਖਾਇਆ। ਇਸ ਲਈ ਮੈਂ ਸਨਖਤਰਾ ਜੀ ਦਾ ਬਹੁਤ-ਬਹੁਤ ਧੰਨਵਾਦੀ ਹਾਂ।

ਮੈਂ ਹੁਣ ਤਕ "ਭੈਣੀ ਸਾਹਿਬ ਦੀਆਂ ਕੰਧਾਂ" ਆਖਦਾ ਰਿਹਾ ਹਾਂ। ਪਰ ਨਕਲ ਵਿਚ ਭੈਣੀ ਨਹੀਂ, "ਸ੍ਰੀ ਭੈਣੀ ਸਾਹਿਬ ਦੀਆਂ ਕੰਧਾਂ" ਹੀ ਸਿਰਲੇਖ ਹੈ। ਅਵੱਸ਼ ਮੈਂ ਵੀ "ਸ੍ਰੀ ਭੈਣੀ ਸਾਹਿਬ" ਹੀ ਲਿਖਿਆ ਹੋਵੇਗਾ। ਸਨਖਤਰਾ ਜੀ ਨੇ ਇਕ-ਇਕ ਲਫ਼ਜ਼ ਠੀਕ ਨਕਲ ਕੀਤਾ ਹੈ। ਲੇਖ ਸਫ਼ਾ ਪੰਜ ਉਤੇ ਵੀ ਛਪਿਆ ਉਹਨਾਂ ਲਿਖਿਆ ਹੈ। ਮੇਰਾ ਨਾਂ, ਬਰੈਕਟ ਵਿਚ, ਇਉਂ ਲਿਖਿਆ ਹੋਇਆ ਹੈ : "ਵਲੋਂ : ਐਸ. ਐਸ. 'ਧੀਰ' ਸਪੁਤ੍ਰ ਆਈ. ਐਸ. 'ਦਰਦ'।" ਠੀਕ, ਉਦੋਂ ਮੈਂ ਐਸ. ਐਸ. ਧੀਰ ਹੀ ਲਿਖਦਾ ਹੁੰਦਾ ਸਾਂ। ਈਸ਼ਰ ਸਿੰਘ ਦਰਦ ਦੀ ਥਾਂ ਪਿਤਾ ਨੂੰ ਵੀ ਆਈ. ਐਸ. ਦਰਦ ਹੀ ਲਿਖਿਆ ਹੋਵੇਗਾ।

ਏਥੇ ਇਕ ਹੋਰ ਗੱਲ ਵੀ ਦੱਸ ਹੀ ਦੇਣੀ ਚਾਹੁੰਦਾ ਹਾਂ। ਜਾਪਦਾ ਹੈ, ਮੇਰਾ ਇਹ ਲੇਖ – ਮੇਰੀ ਇਹ ਪਹਿਲੀ ਵਾਰਤਕ – ਨਾਨਕ ਸਿੰਘ ਤੋਂ ਪ੍ਰਭਾਵਿਤ ਹੈ। ਨਾਨਕ ਸਿੰਘ

ਦਾ ਪਹਿਲਾ ਨਾਵਲ "ਮਤ੍ਰੇਈ ਮਾਂ" ਪੜ੍ਹ ਚੁੱਕਾ ਸਾਂ। ਇਸ ਤੋਂ ਕਾਫ਼ੀ ਸਮਾਂ ਪਹਿਲਾਂ ਮੈਂ ਭਾਈ ਵੀਰ ਸਿੰਘ ਜੀ ਦੇ "ਸੁੰਦਰੀ" ਤੇ "ਵਿਜੈ ਸਿੰਘ" ਆਦਿ ਵੀ ਪੜ੍ਹੇ ਹੋਏ ਸਨ। ਪਰ ਇਸ ਲੇਖ ਉਤੇ "ਮਤ੍ਰੇਈ ਮਾਂ" ਦਾ ਅਸਰ ਸੀ। "ਮਤ੍ਰੇਈ ਮਾਂ" "ਕਾੜ-ਕਾੜ ਚਪੇੜਾਂ ਤੇ ਮੁੰਡੇ ਦੇ ਡਡਿਆਉਣ ਦੀ ਆਵਾਜ਼" ਫ਼ਿਕਰੇ ਨਾਲ ਸ਼ੁਰੂ ਹੁੰਦਾ ਹੈ, ਮੇਰਾ ਇਹ ਲੇਖ 'ਟੰਨ, ਟੰਨ, ਟੰਨ ਦੀ ਆਵਾਜ਼ ਦੇ ਨਾਲ"...ਫ਼ਿਕਰੇ ਨਾਲ। ਇਹ ਮਿਲਦੀ-ਜੁਲਦੀ ਗੱਲ ਹੈ। ਭਾਵੇਂ ਇਹ ਅਚੇਤ ਹੀ ਹੈ।

ਖ਼ੈਰ, ਮੈਂ ਏਥੇ ਕੁਝ ਇਕ ਅੰਸ਼ ਪੇਸ਼ ਕਰਦਾ ਹਾਂ। ਇਹ ਕੀ ਹੈ ਜਾਂ ਕੀ ਨਹੀਂ, ਅਜਿਹੇ ਨਿਰਣੇ ਪਾਠਕਾਂ ਉਤੇ ਹੀ ਛੱਡੇ ਜਾਣੇ ਚਾਹੀਦੇ ਹਨ।

ਪਹਿਲਾ ਪੈਰਾ ਇਉਂ ਹੈ :

"ਟੰਨ, ਟੰਨ, ਟੰਨ ਦੀ ਆਵਾਜ਼ ਦੇ ਨਾਲ ਰੈਗੂਲੇਟਰ ਘੰਟੇ ਦੀਆਂ ਸੂਈਆਂ ਆਪਣਾ ਪੂਰਾ ਗੇੜਾ ਮਾਰ ਕੇ ੧੨ ਪੁਰ ਜਾ ਮਿਲੀਆਂ। ਅਰ ਲੰਮੇ ਚਿਰ ਦੇ ਵਿਛੋੜੇ ਨੂੰ ਯਾਦ ਕਰ ਕਰ ਕੇ ਹਟਕੋਰੇ ਲੈ ਲੈ ਰੋ ਰਹੀਆਂ ਸਨ, ਕਿ ਮੇਰੇ ਮਿੱਤਰ 'ਗਰਚਾ' ਜੀ ਮੇਰੇ ਸੌਂਹੇ ਆ ਖਲੋਤੇ, ਮੈਂ ਉਹਨਾਂ ਨੂੰ ਹਫਦੇ ਹੋਏ ਦੇਖ ਕੇ ਹੈਰਾਨੀ ਨਾਲ ਸਰ੍ਹਾਣੇ ਤੋਂ ਸਿਰ ਚੁੱਕਦਾ ਹੋਇਆ ਫਤਹ ਬੁਲਾਣ ਤੋਂ ਬਾਦ ਬੋਲਿਆ। ਆਓ ਗਰਚਾ ਜੀ, ਜੀ ਆਇਆਂ, ਸੁਖ ਤੇ ਹੈ ਨਾ, ਮੈਨੂੰ ਮੇਰੀ ਗੱਲ ਦਾ ਜਵਾਬ ਮਿਲਣ ਤੋਂ ਪਹਿਲਾਂ ਉਹਨਾਂ ਦਾ ਜ਼ੋਰ ਨਾਲ ਚਲ ਰਿਹਾ ਸਾਹ ਕੁਝ ਮੱਠਾ ਹੋ ਗਿਆ ਤੇ ਉਹਨਾਂ ਨੇ ਇਕ ਲੰਮਾ ਸਾਰਾ ਛਪਿਆ ਹੋਇਆ ਪਰਚਾ ਖੋਲ੍ਹ ਕੇ ਫ਼ੁਰਮਾਇਆ - ਕਾਕਾ ਜੀ! ਤੁਹਾਨੂੰ ਨਹੀਂ ਜੇ ਪਤਾ? ਕਿ ਐਤਕੀ ਭੈਣੀ ਸਾਹਿਬ ਵਿਖੇ ਬੜਾ ਭਾਰੀ ਇਕੱਠ ਹੈ। ਇਹ ਲੌ ਖਾਂ ਪ੍ਰੋਗ੍ਰਾਮ, ਪਾਠੀਆਂ ਦੀ ਪ੍ਰੀਖਯਾ, ਕਵੀ ਦਰਬਾਰ, ਵੀ ਹੋਣਗੇ। ਕੀਹ ਆਪ ਚਲੋਗੇ? ਮੈਨੂੰ ਇਹ ਗੱਲਾਂ ਸੁਣ, ਕੁਝ ਚਾਓ ਜਿਹਾ ਚੜ੍ਹ ਗਿਆ। ਪਹਿਲਾਂ ਤਾਂ ਕੁਝ ਮਿੰਟਾਂ ਲਈ ਮੇਰਾ ਦਿਲ ਦੁਚਿਤਾ ਜਿਹਾ ਹੋ ਗਿਆ। ਪਰ ਝਟ ਹੀ ਮੇਰੇ ਦਿਲ ਦੇ ਜੱਜ ਨੇ ਅਪਣੇ ਵਕੀਲ, ਇਰਾਦੇ ਨਾਲ ਸਲਾਹ ਕਰਦਿਆਂ ਫ਼ੈਸਲਾ ਕੀਤਾ, ਕਿ ਪਤਾ ਨਹੀਂ ਜੋ ਅਗਲੇ ਸਾਲ ਤੋੜੀ ਕੀ ਹੋਣਾ ਏਂ। ਕਿਉਂ ਨਾ ਸਤਿਗੁਰੂ ਰਾਮ ਸਿੰਘ ਜੀ ਦੀ ਨਗਰੀ ਦੇ ਦ੍ਰਸ਼ਨ ਕਰ ਆਈਏ। ਮੈਂ ਹਾਂ ਵਿਚ ਉੱਤਰ ਦਿੰਦੇ ਹੋਇਆਂ ਪੁਛਿਆ, ਕੀ ਕੋਈ ਹੋਰ ਸਜਨ ਵੀ ਪੈਂਡੇ ਦੀ ਦਿਲਚਸਪੀ ਨੂੰ ਚਾਰ ਚੰਨ ਲਾਉਣ ਲਈ ਤਿਆਰ ਹਨ। ਗਰਚਾ ਜੀ ਨੇ ਝਟ ਚਾ ਨਾਲ ਕਿਹਾ, ਕਿ ਇਸ ਗੱਲ ਦਾ ਤਾਂ ਪਹਿਲਾਂ ਹੀ ਬੰਦੋਬਸਤ ਕਰ ਆਇਆ ਹਾਂ। ਸਾਡੇ ਨਾਲ ਸ੍ਰ. ਹਰਚਰਨ ਸਿੰਘ ਜੀ 'ਫ਼ਕੀਰ' ਤੇ ਸ. ਆਤਮਾ ਸਿੰਘ ਜੀ 'ਅੰਕਸ' ਚਲਣਗੇ। ਇਨ੍ਹਾਂ ਹਸਮੁਖ ਸਜਨਾਂ ਦਾ ਨਾਂ ਸੁਣਕੇ ਸਗੋਂ ਮੇਰੇ ਦਿਲ ਵਿਚ ਹੋਰ ਵੀ ਕੁਤਕੁਤੀਆਂ ਗਿੱਧਾ ਪੌਣ ਲਗ ਪਈਆਂ।"

ਇਹ ਪਹਿਲਾ ਪੈਰਾ ਸੀ। ਦੂਜਾ ਲਓ :

"ਮੈਂ ਜਲਦੀ ਨਾਲ ਪਿਤਾ ਜੀ ਤੋਂ ਇਜਾਜ਼ਤ ਮੰਗੀ, ਇਜਾਜ਼ਤ ਮਿਲਣ ਪੁਰ ਮੈਂ ਗਰਚਾ ਜੀ ਨਾਲ ਹੀ ਨਿਊਲਾਈਟ ਦੇ ਘੋੜੇ ਦੇ ਪਿਛੇ ਸਵਾਰ ਹੋ ਗਿਆ। ਸੋ ਅਸੀਂ ਡੇਢ ਵਜੇ ਖੰਨੇ ਪੁਜ ਗਏ। ਖੰਨੇ ਕੁਝ ਸਮਾਂ ਆਰਾਮ ਕਰਕੇ 'ਫ਼ਕੀਰ' ਜੀ ਤੇ 'ਅੰਕਸ' ਜੀ ਨੂੰ ਨਾਲ ਲੈ ਨਿਊਲਾਈਟ ਦੇ ਘੋੜਿਆਂ ਤੇ ਸਵਾਰ ਹੋ ੩ ਵਜੇ ਸ੍ਰੀ ਭੈਣੀ ਸਾਹਿਬ ਨੂੰ ਰਵਾਨਾ ਹੋ ਗਏ। ਇਹਨਾਂ ਸਜਨਾਂ ਦੀਆਂ ਹਸੌਣੀਆਂ ਗੱਲਾਂ ਤੇ ਨਵੇਂ ਨਵੇਂ ਪਖਾਣੇ ਇਹੋ ਜਿਹਾ ਰਸ ਦੇ ਰਹੇ ਸਨ, ਕਿ ਹਸ ਹਸ ਕੇ ਪੇਟ ਵਿਚ ਦਰਦ ਪੈ ਰਿਹਾ ਸੀ। ਇਕ ਦੂਜੇ ਵਿਚ ਸਾਈਕਲ ਭਿੜਾਉਣ ਦੀ ਸਕੀਮ ਪੈਂਡੇ ਨੂੰ ਇੰਜ ਖ਼ਤਮ ਕਰ ਰਹੀ ਸੀ, ਜਿਵੇਂ ਫਾਂਸੀ ਦਾ ਹੁਕਮ ਹੋਏ ਮੁਲਜ਼ਿਮ ਨੂੰ ਮੌਤ ਦੇ ਦਿਨ।"

ਅਗਲਾ ਪੈਰਾ :

"ਸੂਰਜ ਦੇਵਤਾ ਦੇ ਨਾਲ ਹੀ ਸਾਡਾ ਪੈਂਡਾ ਖ਼ਤਮ ਹੋ ਗਿਆ। ਦਿਨ ਡੁੱਬਣ ਤੋਂ ਕੁਝ ਚਿਰ ਮਗਰੋਂ ਅਸੀਂ ਸਤਿਗੁਰੂ ਰਾਮ ਸਿੰਘ ਜੀ ਦੀ ਨਗਰੀ ਜਾ ਉਪੜੇ। ਸ੍ਰ. ਨੰਤਾ ਸਿੰਘ ਜੀ ਨੇ ਸਾਡੀ ਬੜੀ ਆਓ ਭਗਤ ਕੀਤੀ, ਅਸੀਂ ਖ਼ੁਸ਼ੀ ਨਾਲ ਉਹਨਾਂ ਦੇ ਚਰਨਾਂ ਵਿਚ ਤਿੰਨ ਦਿਨ ਬੜੇ ਆਰਾਮ ਨਾਲ ਬਤੀਤ ਕੀਤੇ। ਕਿਉਂਕਿ ਮੇਲੇ ਦੀ ਭੀੜ ਦੇ ਕਾਰਨ ਸ਼ਾਇਦ ਕਿਸੇ ਹੋਰ ਥਾਂ ਇਹੋ ਜਿਹਾ ਆਰਾਮ ਪ੍ਰਾਪਤ ਨਾ ਹੁੰਦਾ।"

ਅਗਲਾ ਪੈਰਾ :

"ਅਸੀਂ ਤਿੰਨ ਦਿਨ ਬੜੇ ਪ੍ਰੇਮ ਨਾਲ ਦੀਵਾਨ ਦਾ ਰਸ ਲਿਆ। ਕਵੀ ਦਰਬਾਰ ਦੇ ਅਨੰਦ ਮਾਣੇ, ਬਾਰਾਂ ਸੌ ਪਾਠਾਂ ਦੇ ਭੋਗਾਂ ਅਰ ਹਵਨ, ਭਗੌਤੀ, ਜਪ ਪ੍ਰਯੋਗ ਦੇ ਕਾਰਨ ਪੰਡਾਲ ਇਕ ਸਵਰਗੀ ਮੰਡਪ ਸੀ। ਹਵਨ ਦੀ ਦੀਮਾਗ਼ ਨੂੰ ਮੁਅੱਤਰ ਕਰ ਦੇਣ ਵਾਲੀ ਵਾਸ਼ਨਾ, ਦੂਰ ਦੂਰ ਦੇ ਨਗਰਾਂ ਸ਼ਹਿਰਾਂ ਦੇ ਲੋਗਾਂ ਤੋਂ ਇਲਾਵਾ, ਪੰਛੀਆਂ ਨੂੰ ਵੀ ਭੈਣੀ ਸਾਹਿਬ ਵਲ ਖਿੱਚ ਰਹੀ ਸੀ। ਦੂਜੇ ਦਿਨ ਅਸੀਂ ਸ੍ਰੀ ਹਰਿਮੰਦਰ, ਰਾਮਸਰ, "ਸਤਿਜੁਗ" ਪ੍ਰੈਸ, ਡਾਕ ਘਰ, ਬਿਜਲੀ ਘਰ ਤੇ ਸ਼ਾਹੀ ਮਹਿਲਾਂ ਦੇ ਭੀ ਦਰਸ਼ਨ ਕੀਤੇ। ਸ੍ਰੀ ਭੈਣੀ ਸਾਹਿਬ ਦੀਆਂ ਕੱਚੀਆਂ ਇਟਾਂ ਨਾਲ ਬਣੀਆਂ ਹੋਈਆਂ ਕੰਧਾਂ ਨੂੰ ਵੇਖ ਵੇਖ ਮੇਰਾ ਦਿਲ ਗੋਤੇ ਖਾਣ ਲਗ ਪਿਆ, ਅਖੀਰ ਮੈਂ ਆਪਣੇ ਦਿਲ ਪੁਰ ਕਾਬੂ ਪੌਂਦਾ ਹੋਇਆ ਉਹਨਾਂ ਕੋਲੋਂ, ਜਿਹੜੀਆਂ ਕਿ ਹਿਮਾਲਾ ਪ੍ਰਬਤ ਵਾਂਗੂੰ ਅਪਣਾ ਸੀਨਾ ਟੱਡ ਤੇ ਦਿਲ ਪੁਰ ਪਥਰ ਬੰਨ੍ਹ ਕੇ ਚੁਪ ਚੁਪੀਤੇ ਖੜੀਆਂ ਸਨ ਪੁਛ ਬੈਠਾ ਕਿ ਹੇ ਸਚੇ ਪਾਤਸ਼ਾਹ ਸਤਿਗੁਰੂ ਰਾਮ ਸਿੰਘ ਜੀ ਦੀ ਪਵਿਤ੍ਰ ਭੂਮੀ ਵਿਚ ਵਸਣ ਹਾਰੀਓ ਤੇ ਸਚੇ ਪਾਤਸ਼ਾਹ ਜੀ ਦੇ ਚਰਨ ਪਰਸਨ ਹਾਰ ਸਾਥਣੋ, ਇਹ ਕੀ ਗੱਲ ਏ ? ਮੇਰੇ ਹੈਰਾਨੀ ਨਾਲ ਸੁੱਕੇ ਹੋਏ ਬੁਲ੍ਹ ਤੇ ਮੁਰਝਾਇਆ

ਹੋਇਆ ਚਿਹਰਾ ਵੇਖ ਮਜ਼ਲੂਮ ਕੰਧਾਂ ਦੀਆਂ ਅੱਖਾਂ ਵਿਚੋਂ ਕਿਰਣ ਕਿਰਣ ਅੱਥਰੂ ਵਗ ਪਏ। ਕੁਝ ਦਿਲ ਦੇ ਅਰਮਾਨ ਕੱਢਣ ਪਿਛੋਂ ਬੋਲੀਆਂ, ਐ 'ਧੀਰ' ਬੰਧਾਨ ਵਾਲੇ ਨੌਜਵਾਨ ਸਿੱਖ, ਇਹ ਤੂੰ ਕੀ ਪਿਆ ਪੁਛਨਾ ਏਂ। ਪਰ ਤੇਰੀ ਤਸੱਲੀ ਭੀ ਕਿੱਦਾਂ ਹੋਵੇ, ਅਖੀਰ ਦਿਲ ਤੇ ਪੱਥਰ ਬੰਨ੍ਹ, ਕਲੇਜੇ ਦਾ ਰੁਗ ਭਰ ਥਿੜਕਦੀਂ ਜ਼ਬਾਨ ਨਾਲ ਦਸ ਹੀ ਦਿੰਦੀਆਂ ਹਾਂ। ਲੈ ਕਾਕਾ! ਸੁਣ। ਧਿਆਨ ਨਾਲ ਸੁਣ। ਜਿਸ ਦਿਨ ਤੋਂ ਗੱਡੇ ਪੁਰ ਬੈਠ ਕੇ ਪ੍ਰੀਤਮ ਸਾਨੂੰ ਵਿਲਕਦੀਆਂ ਨੂੰ ਛਡ ਰੁਸ ਟੁਰਿਆ ਹੈ, ਸਾਨੂੰ ਛੇਤੀ ਮੁੜ ਔਣ ਦੀਆਂ ਕਣਸੋਆਂ ਭੀ ਕੰਨੀ ਪੈ ਰਹੀਆਂ ਹਨ। ਪਰ ਆਇਆ ਨਹੀਂ। ਬੂਹੇ ਉਤੇ ਅੱਖਾਂ ਪਾੜ ਪਾੜ ਉਡੀਕ ਰਹੀਆਂ ਹਾਂ। ਸੋ ਸਾਡੀ ਉਸੇ ਦਿਨ ਤੋਂ ਹੜਤਾਲ ਜੇ। ਜਦੋਂ ਤਕ ਅਸੀਂ ਉਸ ਚੀਨੀ ਵਾਲੇ ਪ੍ਰੀਤਮ ਦੇ ਦਰਸ਼ਨ ਨਹੀਂ ਕਰ ਲੈਂਦੀਆਂ, ਅਰ ਉਹ ਕੋਮਲ ਚਰਨ ਅਸਾਂ ਦੇ ਦਿਲ ਵਿਚ ਨਹੀਂ ਟਿਕਦੇ, ਉਦੋਂ ਤਕ ਅਸੀਂ ਅਪਣਾ ਰੰਗ ਸਫੈਦੀ ਤੋਂ ਸੁਰਖੀ ਵਿਚ ਤਬਦੀਲ ਨਹੀਂ ਕਰ ਸਕਦੀਆਂ। ਮੈਂ ਇਹ ਦੁਖ ਭਰਿਆ ਜਵਾਬ ਸੁਣ ਅਪਣੇ ਜਜ਼ਬਾਤ ਤੇ ਕਾਬੂ ਪਾ ਡਾਕਘਰ ਇਕ ਖ਼ਤ ਪਾਉਣ ਗਿਆ, ਉਥੇ ਕੀ ਡਿਠਾ, ਕਿ ਡਾਕਘਰ ਦੇ ਬੋਰਡ ਪੁਰ, ਅੰਗਰੇਜ਼ੀ, ਉਰਦੂ, ਹਿੰਦੀ ਵਿਚ ਹੀ ਡਾਕਘਰ ਲਿਖਿਆ ਹੋਇਆ ਸੀ; ਪਰ ਅਫਸੋਸ ਕਿ ਉਸ ਨਿਕੇ ਜਿਹੇ ਬੋਰਡ ਵਿਚਾਰੇ ਨੂੰ ਚਾਰ ਅੱਖਰ ਗੁਰਮੁਖੀ ਦੇ ਨਸੀਬ ਨਹੀਂ ਸੀ ਹੋਏ। ਸੋ ਮੈਂ ਆਸ ਕਰਦਾ ਹਾਂ ਕਿ ਮੇਰੇ ਇਸ ਲੇਖ ਤੋਂ ਸੈਕ੍ਰੇਟਰੀ ਸਾਹਿਬ ਨਾਮਧਾਰੀ ਦਰਬਾਰ ਸ੍ਰੀ ਭੈਣੀ ਸਾਹਿਬ ਤੇ ਮਹਿਕਮਾ ਜੀ. ਪੀ. ਓ. ਕੁਛ ਧਿਆਨ ਦੇ ਕੇ ਇਹ ਘਾਟਾ ਵੀ ਦੂਰ ਕਰ ਦੇਣਗੇ, ਖ਼ੈਰ।"

ਅਗਲਾ ਅਤੇ ਅੰਤਲਾ ਪੈਰਾ :

"ਜੇਹੜੇ ਮੁਕਦਮੇ ਲਖਾਂ ਰੁਪਏ ਬਰਬਾਦ ਕਰਨ ਤੋਂ ਭੀ ਕੁਛ ਨਾ ਬਣਦਾ, ਉਹਨਾਂ ਦੇ ਫੈਸਲੇ ਕੇਵਲ ਤਿੰਨਾਂ ਮਿੰਟਾਂ ਵਿਚ ਸਚੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦ੍ਰਬਾਰ ਵਿਚ ਹੋ ਜਾਂਦੇ ਹਨ, ਜੋ ਹੋਣੇ ਭੀ ਇਸੇ ਪ੍ਰਕਾਰ ਚਾਹੀਦੇ ਹਨ। ਇਸ ਤਰ੍ਹਾਂ ਸਾਡੇ ਗ਼ਰੀਬ ਤਬਕੇ ਦਾ ਬਹੁਤ ਹੀ ਫਾਇਦਾ ਹੈ। ਮੇਰਾ ਖ਼ਿਆਲ ਹੈ ਕਿ ਇਹ ਰਸਮ ਕੇਵਲ ਨਾਮਧਾਰੀ ਤਬਕੇ ਵਿਚ ਮਹਿਦੂਦ ਨਹੀਂ ਰਹਿਣੀ ਚਾਹੀਦੀ ਬਲਕੇ ਹਰ ਹਿੰਦੁਸਤਾਨੀ ਨੂੰ ਇਸ ਤੋਂ ਫਾਇਦਾ ਪ੍ਰਾਪਤ ਕਰਨਾ ਉਚਿਤ ਹੈ। ਫੇਰ ਦੇਖੋ ਸਾਡਾ ਮੁਲਕ ਤੇ ਗਰੀਬ ਲੋਗ ਕਿਸ ਤਰੱਕੀ ਨੂੰ ਪੁਜਦੇ ਹਨ। ਆਸ ਹੈ ਕਿ ਮੇਰੀ ਕੌਮ ਜ਼ਰੂਰ ਇਧਰ ਧਿਆਨ ਦੇਵੇਗੀ। ਅਰ ਦਾਸ ਦੀ ਬੇਨਤੀ ਪਰਵਾਨ ਹੋਵੇਗੀ। ਪਰ ਕੀ ਕੀਤਾ ਜਾਏ; ਅਸਾਡੀ ਆਪਸ ਵਿਚ ਦੀ ਨਾ ਇਤਫਾਕੀ ਕੋਈ ਵਾਹ ਨਹੀਂ ਚਲਣ ਦਿੰਦੀ। ਗੁਰੂ ਮੇਹਰ ਕਰੇ। ਮੈਂ ਭੈਣੀ ਸਾਹਿਬ ਤੋਂ ਆਪਣੇ ਭੜਕਦੇ

ਜਜ਼ਬਾਤਾਂ ਨੂੰ ਮਾਰ ਉਦਾਸ ਦਿਲ ਨੂੰ ਧੀਰ ਬੰਨ੍ਹਾਉਂਦਾ ਹੋਇਆ ਮੁੜ ਡਡਹੇੜੀ ਆ ਗਿਆ।"

ਸ਼ੁਰੂ ਵਿਚ ਮੈਂ ਕਿਹਾ ਸੀ ਕਿ ਇਸ ਲੇਖ ਦੇ ਕੁਝ ਕੁ ਅੰਸ਼ ਏਥੇ ਦਰਜ ਕਰ ਰਿਹਾ ਹਾਂ। ਪਰ ਓੜਕ ਸਾਰਾ ਲੇਖ ਹੀ ਮੈਂ ਏਥੇ ਦਰਜ ਕਰ ਦਿੱਤਾ ਹੈ। ਕਿਉਂਕਿ ਦਰਜ ਹੁੰਦਾ ਗਿਆ। ਚਲੋ, ਸਾਰਾ ਲੇਖ ਹੀ ਹੁਣ ਪੜ੍ਹ ਵਿਚਾਰ ਲਿਆ ਗਿਆ ਹੈ। ਵੱਡਾ ਵੀ ਇਹ ਨਹੀਂ ਸੀ। ਸਾਂਭਿਆ ਵੀ ਗਿਆ ਏਥੇ।

1992 ਹੈ ਹੁਣ ਸੰਮਤ ਈਸਵੀ। ਬਵੰਜਾ ਵਰ੍ਹੇ ਇਸ ਲੇਖ ਨੂੰ ਲਿਖਿਆਂ ਬੀਤ ਚੁੱਕੇ ਹਨ।

ਕਿਹੋ ਜਿਹੀ ਸੀ ਮੇਰੀ ਬੋਲੀ, ਮੇਰੀ ਸ਼ੈਲੀ, ਮੇਰੇ ਖਿਆਲ? ਇਹ ਲੇਖ ਇਹਨਾਂ ਸਭ ਸਵਾਲਾਂ ਦਾ ਜਵਾਬ ਹੈ। ਬਿਸਰਾਮ ਚਿੰਨ੍ਹ ਤੇ ਸ਼ਬਦਜੋੜ ਵੀ, ਏਥੇ, ਉਦੋਂ ਵਾਲੇ ਹੀ, ਮੈਂ ਹੂ-ਬ-ਹੂ ਲਿਖੇ ਹਨ—ਜਿਹੋ ਜਿਹੇ ਸਨਖਤਰਾ ਜੀ ਨੇ ਲਿਖਕੇ ਮੈਨੂੰ ਭੇਜੇ ਹਨ। ਅਤੇ ਉਹਨਾਂ ਹੂ-ਬ-ਹੂ ਹੀ ਲਿਖਕੇ ਭੇਜੇ ਜਾਪਦੇ ਹਨ।

ਰੰਗ ਨਾਨਕ ਸਿੰਘੀ ਹੀ ਨਹੀਂ, ਕਿਤੇ-ਕਿਤੇ ਭਾਈ ਵੀਰ ਸਿੰਘ ਵੀ ਆ ਜਾਂਦਾ ਹੈ। ਅਤੇ ਇਹ ਸੁਭਾਵਿਕ ਹੈ।

ਗਲਪੀ ਢੰਗ ਬਹੁਤ ਹੈ। ਜਿਵੇਂ, ਪਹਿਲੇ ਪੈਰੇ ਦੇ ਅੰਤ ਵਿਚ: "ਕੁਤਕੁਤੀਆਂ ਗਿੱਧਾ ਪਾਉਣ ਲੱਗੀਆਂ" ਅਤੇ ਇਕ ਦੋ ਥਾਂ "ਨਿਊਲਾਈਟ ਦੇ ਘੋੜੇ ਉਤੇ।" ਏਥੇ ਭਾਵ ਸਾਈਕਲ ਹੈ। ਸਾਈਕਲ ਨੂੰ "ਨਿਊਲਾਈਟ ਦਾ ਘੋੜਾ" ਆਖਣਾ ਗਲਪੀ ਰੰਗ ਦੇਣਾ ਹੈ।

ਭੈਣੀ ਸਾਹਿਬ ਜਾਣ ਵੇਲੇ ਮੇਰੇ ਪਿਤਾ ਵੀ ਨਾਲ ਸਨ। ਮੈਂ ਗਿਆ ਹੀ ਉਹਨਾਂ ਨਾਲ ਸਾਂ। ਪਰ ਲੇਖ ਵਿਚ ਮੈਂ ਲਿਖਿਆ ਹੈ: "ਪਿਤਾ ਜੀ ਤੋਂ ਇਜਾਜ਼ਤ ਮੰਗੀ" ਅਤੇ "ਉਹਨਾਂ ਨੇ ਇਜਾਜ਼ਤ ਦਿੱਤੀ।" ਜਿਵੇਂ ਉਹ ਨਹੀਂ ਸਨ ਨਾਲ ਗਏ। ਇਉਂ ਲੇਖ ਆਪ ਹੀ ਗਲਪੀ ਰੰਗ ਧਾਰਨ ਕਰਦਾ ਗਿਆ।

ਬਾਰਾਂ ਵਜੇ, ਤਿੰਨ ਵਜੇ, ਮੈਂ ਹਿੰਦਸਿਆਂ ਵਿਚ ਲਿਖਿਆ ਹੈ (੧੨ ਵਜੇ, ੩ ਵਜੇ)। ਉਦੋਂ ਇਉਂ ਹੀ ਲਿਖਦੇ ਸਨ ਆਮ ਕਰਕੇ ਸਾਰੇ ਲੇਖਕ। ਪਰ ਹੁਣ ਮੈਂ ਇਉਂ ਨਹੀਂ ਲਿਖਣਾ ਚਾਹੁੰਦਾ। ਇਹ ਪੁਰਾਣਾ ਢੰਗ ਹੈ। ਉਦੋਂ ਜੇ ਇਕ ਲਫ਼ਜ਼ ਦੋ ਵਾਰ ਲਿਖਣਾ ਹੋਵੇ ਤਾਂ ਇਕ ਵਾਰ ਲਿਖਕੇ ਅੱਗੇ "੨" ਲਿਖ ਦਿੰਦੇ ਸਨ। ਜਿਵੇਂ: "ਵਾਰ ਵਾਰ" ਨੂੰ "ਵਾਰ ੨।" ਪਰ ਹੁਣ ਨਹੀਂ ਰਿਵਾਜ ਇਹ। ਹੁਣ ਤਾਂ ਪੂਰੇ ਲਫ਼ਜ਼ਾਂ ਨੂੰ ਹੀ ਲਿਖਣ ਦਾ ਰਿਵਾਜ ਹੈ। ਠੀਕ ਵੀ ਇਹੋ ਲਗਦਾ ਹੈ।

ਇਕ ਲਫ਼ਜ਼ "ਵੀ" ਨੂੰ ਅੱਗੇ "ਭੀ" ਲਿਖਿਆ ਜਾਂਦਾ ਸੀ। ਇਸ ਲੇਖ ਵਿਚ ਮੈਂ ਵੀ "ਵੀ" ਨੂੰ "ਭੀ" ਹੀ ਲਿਖਿਆ ਹੋਇਆ ਹੈ।

# ਪਹਿਲਾਂ ਪਹਿਲਾਂ ਮੇਰੇ ਵਿਸ਼ੇ

ਹੁਣ ਮੈਂ ਸੰਜੀਦਗੀ ਨਾਲ ਕਵਿਤਾਵਾਂ ਲਿਖਣ ਲੱਗ ਪਿਆ ਸਾਂ। ਵਿਸ਼ੇ ਸਿੱਖ ਇਤਿਹਾਸ ਹੀ ਸਨ। ਸਿੱਖਾਂ ਦੀ ਬਹਾਦਰੀ ਤੇ ਸਿੱਖ ਗੁਰੂ ਸਾਹਿਬਾਨ ਦੀ ਉਸਤਤ, ਅਤੇ ਪੁਨਰ ਸੁਰਜੀਤੀਵਾਦ। "ਪਹਿਲਾਂ ਸਿੱਖ ਸਨ ਸ਼ੇਰ ਦਲੇਰ ਬਾਂਕੇ..." ਆਦਿ। ਕਿਉਂਕਿ ਮੇਰਾ ਜਨਮ ਸਿੱਖ ਪਰਿਵਾਰ ਵਿਚ ਹੋਇਆ ਸੀ, ਇਸ ਲਈ ਆਲਾ-ਦੁਆਲਾ ਬਹੁਤਾ ਮੇਰਾ ਸਿੱਖੀ ਵਾਲਾ ਹੀ ਸੀ। ਭਾਵੇਂ ਮੇਰੀ ਮਾਤਾ ਹਿੰਦੂ ਘਰਾਣੇ ਨਾਲ ਸੰਬੰਧਿਤ ਸੀ ਤੇ ਮੇਰੇ ਆਲੇ-ਦੁਆਲੇ ਵਿਚ ਅੱਧਾ ਆਲਾ-ਦੁਆਲਾ ਮੇਰਾ ਹਿੰਦੂ ਨਾਨਕਿਆਂ ਵਾਲਾ ਵੀ ਸੀ। ਤਾਂ ਵੀ, ਸਿੱਖੀ ਆਲਾ-ਦੁਆਲਾ ਕੁਝ ਵੱਧ ਹਿੱਸਾ ਲੈ ਜਾਂਦਾ ਸੀ। ਇਸਦੇ ਕਾਰਨ ਦੋ ਸਨ। ਸਮਾਜ ਮਰਦ-ਪ੍ਰਧਾਨ ਸੀ। ਦੂਜਾ, ਬਹੁਤਾ ਨਾਨਕੇ ਨਹੀਂ, ਦਾਦਕੇ ਹੀ ਰਹਿੰਦਾ ਸਾਂ। ਇਸ ਲਈ ਮੇਰੇ ਆਲੇ-ਦੁਆਲੇ ਵਿਚ ਬਹੁਤਾ ਜਾਂ ਭਾਰੂ ਅੰਸ਼ ਸਿੱਖ ਧਰਮ ਵਾਲਾ ਹੀ ਸੀ। ਸੋ ਸਿੱਖੀ ਨਾਲ ਸੰਬੰਧਿਤ ਵਿਸ਼ੇ ਕੁਦਰਤੀ ਹੀ ਹੋਣੇ ਸਨ ਮੇਰੇ। ਦੁਨੀਆਂ ਭਰ ਵਿਚ ਕੋਈ ਵੀ ਲੇਖਕ ਆਪਣੇ ਆਲੇ-ਦੁਆਲੇ ਤੋਂ ਪ੍ਰਭਾਵਿਤ ਹੋ ਕੇ ਹੀ ਲਿਖਦਾ ਹੈ—ਆਪਣੇ ਸਭਿਆਚਾਰ ਤੋਂ। ਸਭਿਆਚਾਰ, ਧਰਮ ਨਹੀਂ। ਪਰ ਧਰਮ ਦਾ ਸਭਿਆਚਾਰਾਂ ਉਤੇ ਅਸਰ ਜ਼ਰੂਰ ਹੁੰਦਾ ਹੈ। ਇਹ ਵੀ ਕਿਹਾ ਜਾ ਸਕਦਾ ਹੈ ਕਿ ਧਰਮਾਂ ਦੀ ਵੀ ਸਭਿਆਚਾਰਾਂ ਨੂੰ ਕਾਫ਼ੀ ਦੇਣ ਹੁੰਦੀ ਹੈ। ਮਾਮਲਾ ਬਹੁਤ ਸੂਖਮ ਹੈ। ਧਰਮ ਅਤੇ ਸਭਿਆਚਾਰ ਦੇ ਕਦੇ-ਕਦੇ ਨਿਖੇੜ ਕਰਨੇ ਕਾਫ਼ੀ ਮੁਸ਼ਕਿਲ ਹੁੰਦੇ ਹਨ। ਪਰ ਬੁੱਧੀਮਾਨਾਂ ਨੂੰ ਇਹ ਨਿਖੇੜ ਅਵੱਸ਼ ਕਰਨੇ ਚਾਹੀਦੇ ਹਨ। ਸਭਿਆਚਾਰ ਨੂੰ ਜਨਮ ਕਿਸੇ ਕੌਮ ਜਾਂ ਕੌਮੀਅਤ ਵਲੋਂ ਰਲਕੇ ਦਿੱਤਾ ਜਾਂਦਾ ਹੈ, ਜਦ ਕਿ ਉਸ ਕੌਮ ਜਾਂ ਕੌਮੀਅਤ ਨਾਲ ਸੰਬੰਧਿਤ ਲੋਕਾਂ ਦੇ ਕਈ ਧਰਮ ਹੋ ਸਕਦੇ ਹਨ। ਅਸੀਂ ਪੰਜਾਬੀ ਕੌਮੀਅਤ ਹਾਂ। ਕੌਮ ਵੀ ਜੇ ਆਖ ਲਵੋ ਤਾਂ ਵੀ ਠੀਕ ਹੀ ਹੋਵੇਗਾ। ਪਰ ਧਰਮ ਸਾਡੇ ਕਈ ਹਨ। ਹਿੰਦੂ, ਸਿੱਖ, ਈਸਾਈ, ਮੁਸਲਿਮ। ਪੰਜਾਬੀ ਸਭਿਆਚਾਰ ਉਤੇ ਹਿੰਦੂ, ਸਿੱਖ, ਇਸਲਾਮ ਤਿੰਨਾਂ ਧਰਮਾਂ ਦਾ ਹੀ ਅਸਰ ਹੈ। ਕੁਝ ਨਾ ਕੁਝ ਈਸਾਈ ਮੱਤ ਦਾ ਅਸਰ ਵੀ ਪਿਆ ਹੋਵੇਗਾ, ਪਰ ਉਹ ਇਉਂ ਪ੍ਰਤੱਖ ਨਹੀਂ। ਬਾਕੀ ਸਭ ਪ੍ਰਤੱਖ ਹਨ। ਤਾਂ ਵੀ ਧਰਮ, ਧਰਮ ਹਨ ਤੇ ਸਭਿਆਚਾਰ, ਸਭਿਆਚਾਰ। ਜਿਵੇਂ ਧਰਮ ਤੇ ਫ਼ਿਰਕਾਪ੍ਰਸਤੀ ਬਿਲਕੁਲ ਵੱਖ ਹੁੰਦੇ ਹਨ। ਭਾਵੇਂ ਬਹੁਤ ਲੋਕ ਹਨ ਜੋ ਧਰਮ ਅਤੇ ਫ਼ਿਰਕਾਪ੍ਰਸਤੀ ਨੂੰ ਇਕ ਹੀ ਮੰਨੀ ਬੈਠੇ ਹਨ। ਪਰ ਇਹ ਬਿਲਕੁਲ

ਗ਼ਲਤ ਹੈ। ਇਹ ਹਾਨੀਕਾਰਕ ਵੀ ਬਹੁਤ ਹੈ। ਇਹ ਮਾਨਵਤਾ ਦੇ ਵਿਰੁੱਧ ਹੈ।

ਪੰਜਾਬੀ ਸਭਿਆਚਾਰ ਵਿਚ ਬਾਬਾ ਫ਼ਰੀਦ ਵੀ ਆਉਂਦੇ ਹਨ, ਗੁਰੂ ਨਾਨਕ ਦੇਵ ਵੀ। ਸ਼ਾਹ ਹੁਸੈਨ, ਬੁੱਲ੍ਹੇਸ਼ਾਹ ਤੇ ਵਾਰਿਸਸ਼ਾਹ ਵੀ ਆਉਂਦੇ ਹਨ ਤੇ ਹਿੰਦੂ ਦੇਵੀ-ਦੇਵਤੇ ਵੀ। ਪੀਰ-ਫ਼ਕੀਰ ਵੀ ਬਹੁਤ ਹਨ ਜੋ ਸਾਡੇ ਸਭਿਆਚਾਰ ਦਾ ਇਕ ਅੰਗ ਹੀ ਬਣ ਚੁੱਕੇ ਹਨ। ਗੁੱਗਾ ਪੀਰ, ਖ਼ੁਆਜਾ ਪੀਰ ਇਸਦੀ ਇਕ ਮਿਸਾਲ ਹਨ। ਪੰਜਾਬੀ ਸਭਿਆਚਾਰ ਨੂੰ ਕਈ ਲੋਕ ਅੱਜ ਸਿੱਖ ਸਭਿਆਚਾਰ ਹੀ ਆਖਦੇ ਰਹਿੰਦੇ ਹਨ। ਪਰ ਇਹ ਠੀਕ ਨਹੀਂ ਹੈ। ਜਿਵੇਂ ਪੰਜਾਬੀ ਸਿੱਖ ਹੀ ਨਹੀਂ, ਇਸੇ ਤਰ੍ਹਾਂ ਪੰਜਾਬੀ ਸਭਿਆਚਾਰ ਵੀ ਕੇਵਲ ਸਿੱਖ ਹੀ ਨਹੀਂ। ਇਹ ਸਾਂਝਾ ਸਭਿਆਚਾਰ ਹੈ। ਧਰਮਾਂ ਪੱਖੋਂ ਸਾਂਝਾ। ਹਾਂ, ਇਕ ਵਿਲੱਖਣਤਾ ਜ਼ਰੂਰ ਹੈ ਸਿੱਖ ਧਰਮ ਦੀ, ਇਸਨੇ ਸਾਡੇ ਸਭਿਆਚਾਰ ਨੂੰ ਨਵਾਂ ਮੋੜ ਆ ਦਿੱਤਾ ਹੈ। ਇਹ ਨਵਾਂ ਮੋੜ ਗੁਰੂ ਨਾਨਕ ਦੀਆਂ ਸਿੱਖਿਆਵਾਂ ਦੇ ਰਹੀਆਂ ਹਨ। ਸਹਿਣਸ਼ੀਲਤਾ ਗੁਰੂ ਨਾਨਕ ਦੀ ਸਭ ਤੋਂ ਉੱਚੀ ਸਿੱਖਿਆ ਹੈ। ਇਸੇ ਤਰ੍ਹਾਂ ਇਸਲਾਮ ਨੇ ਵੀ ਦਿੱਤਾ ਹੋਵੇਗਾ ਨਵਾਂ ਮੋੜ — ਫ਼ਰੀਦ ਦੇ ਇਸਲਾਮ ਨੇ। ਫ਼ਰੀਦ ਦੇ ਇਸਲਾਮ ਵਿਚ ਵੀ ਮਾਨਵੀ ਕਦਰਾਂ ਕੀਮਤਾਂ ਕੁੱਟ ਕੁੱਟ ਕੇ ਭਰੀਆਂ ਹੋਈਆਂ ਹਨ। ਨਿਰੀ ਸਹਿਣਸ਼ੀਲਤਾ। ਪੰਜਾਬੀ ਸਭਿਆਚਾਰ ਵਿਚ ਫ਼ਰੀਦ ਦਾ ਇਸਲਾਮ ਵੀ ਬੜਾ ਡੂੰਘਾ ਅਸਰ ਪਾਉਂਦਾ ਹੈ। ਹਿੰਦੂ ਮੱਤ ਦੇ ਗੁਣ ਵੀ ਹਨ ਤੇ ਬੁੱਧ ਮੱਤ ਦੇ ਗੁਣ ਵੀ ਹਨ। ਸਿੱਖ ਧਰਮ ਹਿੰਦੂ ਅਤੇ ਇਸਲਾਮ ਦੇ ਸੁਮੇਲ ਵਿਚੋਂ ਹੀ ਜਨਮ ਲੈ ਕੇ ਆਉਂਦਾ ਹੈ ਤੇ ਫੇਰ ਇਹ ਆਪਣੇ ਆਪ ਵਿਚ ਇਕ ਮੌਲਿਕ ਧਰਮ ਬਣ ਜਾਂਦਾ ਹੈ। ਅਸਹਿਣਸ਼ੀਲਤਾ ਖ਼ਾਰਿਜ ਹੈ। ਦਿਖਾਵੇ ਨੂੰ ਜਾਂ ਕੱਟੜਤਾ ਨੂੰ ਇਸ ਵਿਚ ਕੋਈ ਵੀ ਥਾਂ ਨਹੀਂ। ਬਾਬਾ ਫ਼ਰੀਦ ਤੇ ਹੋਰ ਸੂਫ਼ੀ, ਇਸਲਾਮ ਦੀ ਦਿਖਾਵੇ ਦੀ ਸ਼ਰ੍ਹਾ-ਸ਼ਰੀਅਤ ਵਿਰੁੱਧ ਲੜਦੇ ਹਨ ਤੇ ਗੁਰੂ ਨਾਨਕ ਬ੍ਰਾਹਮਣਵਾਦ ਤੇ ਹੋਰ ਕੱਟੜਤਾਵਾਂ ਵਿਰੁੱਧ ਜਿਵੇਂ ਸਾਰੇ ਭਾਰਤ ਵਿਚ ਹੀ ਸੰਤ ਤੇ ਭਗਤ ਲੜ ਰਹੇ ਸਨ। ਸੋ ਇਉਂ ਪੰਜਾਬੀ ਸਭਿਆਚਾਰ ਨੂੰ ਗੁਰੂ ਨਾਨਕ ਦੀ ਸਿੱਖੀ ਨੇ ਇਕ ਨਵਾਂ ਮੋੜ ਆ ਦਿੱਤਾ ਹੈ। ਏਥੇ ਗੱਲ ਮੈਂ ਗੁਰੂ ਨਾਨਕ ਦੀ ਸਿੱਖੀ ਦੀ ਕਰ ਰਿਹਾ ਹਾਂ, ਜਣੇ-ਖਣੇ ਦੀ ਸਿੱਖੀ ਦੀ ਨਹੀਂ। ਇਸਲਾਮ ਬਾਬਾ ਫ਼ਰੀਦ ਦਾ ਹੈ ਜੋ ਉੱਚਾ ਅਤੇ ਸੁੱਚਾ ਹੈ, ਔਰੰਗਜ਼ੇਬਾਂ ਵਾਲਾ ਨਹੀਂ। ਇਸੇ ਤਰ੍ਹਾਂ ਸਿੱਖੀ ਹੈ ਜੋ ਗੁਰੂ ਨਾਨਕ ਤੇ ਹੋਰ ਮਹਾਨ ਸਿੱਖ ਗੁਰੂ ਸਾਹਿਬਾਨ ਦੀ ਹੈ, ਸਿੱਖਾਂ ਵਿਚੋਂ ਪੈਦਾ ਹੋ ਗਏ ਔਰੰਗਜ਼ੇਬਾਂ ਵਾਲੀ ਨਹੀਂ। ਔਰੰਗਜ਼ੇਬ ਸਭ ਧਰਮਾਂ ਵਿਚ ਪੈਦਾ ਹੁੰਦੇ ਰਹਿੰਦੇ ਹਨ ਜੋ ਆੜ ਧਰਮ ਦੀ ਲੈਂਦੇ ਹਨ ਤੇ ਕੰਮ ਅਧਰਮੀ ਕਰਦੇ ਹਨ। ਪਰ ਸਮਾਂ ਇਹਨਾਂ ਦੇ ਚਿਹਰੇ ਸਦਾ ਹੀ ਨੰਗੇ ਕਰਦਾ ਆਇਆ ਹੈ।

**ਮੇਰਾ ਜਨਮ** ਅਕਾਲੀ ਲਹਿਰ ਦੇ ਮੁੱਢ ਦੇ ਦਿਨਾਂ ਵਿਚ ਹੁੰਦਾ ਹੈ ਤੇ ਸਿੱਖ ਘਰ ਵਿਚ ਹੁੰਦਾ ਹੈ। ਸਿੰਘ ਸਭਾ ਲਹਿਰ ਦਾ ਪ੍ਰਭਾਵ ਵੀ ਬਹੁਤ ਤਕੜਾ ਹੈ। ਸੋ ਮੇਰੇ ਲਈ ਪੰਜਾਬ ਜਾਂ ਪੰਜਾਬੀ, ਇਹ ਪ੍ਰਭਾਵ ਹੀ ਸਨ। ਸਭਿਆਚਾਰ ਵੀ ਇਹੋ ਸੀ ਸਿੱਖ ਰਾਜ ਦੇ ਚਲੇ ਜਾਣ ਦਾ ਅਸਰ ਵੀ ਕੰਮ ਕਰ ਰਿਹਾ ਸੀ। ਪਰ ਇਹ ਅਸਰ ਅਚੇਤ ਹੀ ਸੀ ਇਹ ਸੋਚਣੀ ਅਸਲ ਵਿਚ ਸਿੱਖ ਜਾਗੀਰਦਾਰਾਂ, ਸਰਦਾਰਾਂ, ਅਹਿਲਕਾਰਾਂ ਦੀ ਸੀ, ਪਰ

"ਸਿੱਖ" ਲਫ਼ਜ਼ ਹੋਣ ਕਾਰਨ ਇਸ ਦਾ ਅਸਰ ਆਮ ਸਿੱਖ ਹਿਰਦੇ ਤਕ ਵੀ ਪੁੱਜਦਾ ਸੀ। ਇਸੇ ਲਈ ਮੈਂ ਲਿਖਦਾ ਸਾਂ : 'ਪਹਿਲਾਂ ਸਿੱਖ ਸਨ ਸ਼ੇਰ-ਦਲੇਰ ਬਾਂਕੇ...।" ਸਿੱਖ ਰਾਜ, ਸਿੱਖ ਜਾਗੀਰਦਾਰਾਂ ਕਾਰਨ ਨਸ਼ਟ ਹੋਇਆ। ਇਕ ਸਿੱਖ ਉਹ ਸਨ, ਜਿਨ੍ਹਾਂ ਨੇ ਇਹ ਕਾਇਮ ਕੀਤਾ। ਇਸੇ ਲਈ ਮੈਂ ਪਹਿਲੇ ਸਿੱਖਾਂ ਨੂੰ ਚੰਗਾ ਸਮਝ ਰਿਹਾ ਸਾਂ।

ਕੁਦਰਤੀ ਹੀ, ਮੇਰੇ ਵਿਚਾਰ ਇਹੋ ਜਿਹੇ ਹੀ ਹੋਣੇ ਸਨ ਉਦੋਂ। ਸਬੱਬ ਨਾਲ ਜੇ ਮੁਸਲਮਾਨ ਘਰ ਵਿਚ ਜਨਮ ਲਿਆ ਹੁੰਦਾ, ਅਤੇ ਮੇਰਾ ਦੇਸ਼ ਵੀ ਕੋਈ ਮੁਸਲਮਾਨੀ ਦੇਸ਼ ਹੀ ਹੁੰਦਾ—ਅਰਬ ਜਾਂ ਈਰਾਨ ਆਦਿ—ਤਾਂ ਮੈਂ ਪਹਿਲਾਂ ਦੇ ਮੁਸਲਮਾਨਾਂ ਦੀ ਸਿਫ਼ਤ-ਸਾਲਾਹ ਕਰਨੀ ਸੀ, ਮੋਮਨਾਂ ਤੇ ਗ਼ਾਜ਼ੀਆਂ ਦੀ, ਜਿਨ੍ਹਾਂ ਨੇ ਤੇਗਾਂ ਵਾਹੀਆਂ ਤੇ ਮੁਲਕ ਫ਼ਤਹਿ ਕੀਤੇ ਸਨ। ਹਿੰਦੂ ਹੁੰਦਾ ਤਾਂ ਹਿੰਦੂ ਦੇਵੀ-ਦੇਵਤਿਆਂ ਦੀ ਉਸਤਤ ਕਰਦਾ। ਪਹਿਲਾਂ-ਪਹਿਲਾਂ ਇਸੇ ਤਰ੍ਹਾਂ ਦੀ ਸੋਚ ਹੁੰਦੀ ਹੈ ਸਭ ਦੀ ਹੀ। ਵਿਸ਼ਾਲ ਤਾਂ ਬੰਦਾ ਬਹੁਤ ਮਗਰੋਂ ਹੌਲੀ-ਹੌਲੀ ਹੀ ਹੁੰਦਾ ਹੈ, ਜਦੋਂ ਉਸਦੀ ਅੱਖ ਸਾਰੇ ਸੰਸਾਰ ਵੱਲ ਉਠ ਪੈਂਦੀ ਹੈ।

ਏਥੇ ਇਕ ਹੋਰ ਗੱਲ ਵੀ ਸਮਝ ਲੈਣੀ ਚਾਹੀਦੀ ਹੈ। ਸਿੱਖ ਗੁਰੂ ਸਾਹਿਬਾਨ ਦੀ ਉਸਤਤ ਕਰਨਾ ਹੋਰ ਗੱਲ ਹੈ, ਸਿੱਖਾਂ ਨੂੰ ਹੀ ਚੰਗੇ ਆਖਦੇ ਜਾਣਾ ਬਿਲਕੁਲ ਹੋਰ ਗੱਲ। ਪਹਿਲੇ ਸਿਖਾਂ ਦੀ ਨੈਤਿਕਤਾ ਦੀ ਸਿਫ਼ਤ ਕੀਤੀ ਜਾਵੇ ਤਾਂ ਇਹ ਠੀਕ ਹੀ ਠੀਕ ਹੈ। ਪਰ ਸਿੱਖ ਧਰਮ ਜਾਂ ਸਿੱਖਾਂ ਨੂੰ ਹੀ ਚੰਗੇ ਆਖਦੇ ਜਾਣਾ ਸਾਨੂੰ ਤੰਗ ਜਾਂ ਸੰਕੀਰਨ ਜਿਹੀ ਸੋਚਣੀ ਵੱਲ ਲੈ ਜਾਂਦਾ ਹੈ ਤੇ ਏਥੇ ਸਾਡੀ ਸੋਚਣੀ ਵਿਚ ਫ਼ਿਰਕੂਵਾਦ ਆ ਜਾਂਦਾ ਹੈ। ਪਰ ਮੈਨੂੰ ਉਦੋਂ ਇਹਨਾਂ ਗੱਲਾਂ ਦਾ ਪਤਾ ਹੀ ਨਹੀਂ ਸੀ ਹੁੰਦਾ ਕੁਝ। ਮੈਂ ਤਾਂ ਆਪਣੇ ਆਲੇ-ਦੁਆਲੇ ਦੇ ਅਸਰ ਹੇਠ ਚਲ ਰਿਹਾ ਸਾਂ। ਆਪਣੇ ਆਲੇ-ਦੁਆਲੇ ਨੂੰ ਤਬਦੀਲ ਕਰਨ ਵੱਲ ਜਾਣਾ ਤਾਂ ਅਜੇ ਬੜੀ ਦੂਰ ਦੀ ਗੱਲ ਸੀ।

ਮੋਹਨ ਸਿੰਘ ਦੇ "ਸਾਵੇ ਪੱਤਰ" ਅਜੇ ਮੈਂ ਪੜ੍ਹੇ ਨਹੀਂ ਸਨ। "ਮਟਕ ਹੁਲਾਰੇ" ਵੀ ਭਾਈ ਵੀਰ ਸਿੰਘ ਦੇ ਅਜੇ ਮੈਂ ਨਹੀਂ ਸਨ ਪੜ੍ਹੇ। "ਵਿਜੈ ਸਿੰਘ" ਤੇ "ਸੁੰਦਰੀ" ਆਦਿ ਹੀ ਉਹਨਾਂ ਦੀਆਂ ਪੁਸਤਕਾਂ ਪੜ੍ਹੀਆਂ ਸਨ। ਰਾਵਲਪਿੰਡੀ ਦਾ ਕਵੀ ਦਰਬਾਰ ਵੀ ਗੁਰੂ-ਉਸਤਤ ਵਾਲਾ ਹੀ ਸੀ ਜਿਸਨੇ ਮੈਨੂੰ ਕਵੀ ਬਣਨ ਲਈ ਅੰਤਾਂ ਦੀ ਪ੍ਰੇਰਨਾ ਦਿੱਤੀ। "ਸ਼ਰਫ਼" ਉਹਨੀਂ ਦਿਨੀਂ ਬੜਾ ਸਿਰਮੌਰ ਕਵੀ ਹੁੰਦਾ ਸੀ। ਉਹ ਵੀ ਗੁਰੂ-ਉਸਤਤ ਦੀਆਂ ਕਵਿਤਾਵਾਂ ਲਿਖਦਾ ਹੁੰਦਾ ਸੀ। ਸਿੱਖ-ਸਟੇਜਾਂ ਉਤੇ ਉਸਨੂੰ ਆਮ ਹੀ ਸੱਦਿਆ ਜਾਂਦਾ ਸੀ। ਸਿੱਖ ਵਿੱਦਿਅਕ ਕਾਨਫ਼ਰੰਸਾਂ ਵਿੱਦਿਆ ਨਾਲ ਸੰਬੰਧਿਤ ਸਨ। ਪਰ ਉਹਨਾਂ ਦੇ ਕਵੀ ਦਰਬਾਰਾਂ ਸਮੇਂ ਵੀ ਸਿੱਖ-ਇਤਿਹਾਸ ਜਾਂ ਗੁਰੂ-ਉਸਤਤ ਦੇ ਵਿਸ਼ੇ ਹੀ ਭਾਰੂ ਹੁੰਦੇ ਸਨ। ਭਾਵੇਂ ਪੰਜਾਬੀ ਸਭਾ ਵੀ ਸੀ ਜੋ ਸਿੱਖ ਧਰਮ ਤੋਂ ਬਾਹਰ ਜਾ ਕੇ ਆਪਣਾ ਕੰਮ ਕਰ ਰਹੀ ਸੀ ਜੋ ਚਰਨ ਸਿੰਘ ਸ਼ਹੀਦ ਆਦਿ ਦੇ ਯਤਨਾਂ ਨਾਲ ਬਣੀ ਸੀ। ਪਰ ਸਿੱਖੀ ਅਤੇ ਪੰਜਾਬੀ ਕਾਫ਼ੀ ਨੇੜੇ-ਨੇੜੇ ਹੀ ਹੁੰਦੇ ਸਨ, ਖ਼ਾਸਕਰ ਇਹਨਾਂ ਦਿਨਾਂ ਵਿਚ। ਭਾਵੇਂ ਪੰਜਾਬੀ ਸਾਹਿਤ ਵਿਚ ਕਿੱਸਾ-ਕਾਵਿ ਦੀ ਬੜੀ ਹੀ ਤਕੜੀ ਪਰੰਪਰਾ ਇਹਨਾਂ ਤੋਂ ਪਹਿਲਾਂ ਹੀ ਸੀ ਜਿਸਦੇ ਨਾਇਕ ਤੇ ਨਾਇਕਾਵਾਂ ਹੀਰ-ਰਾਂਝਾ, ਸੋਹਣੀ-ਮਹੀਂਵਾਲ ਤੇ ਸੱਸੀ-ਪੁੰਨੂੰ

ਆਦਿ ਹੀ ਸਨ। ਪਰ ਇਹ ਇਹਨਾਂ ਦਿਨਾਂ ਵਿਚ ਅਕਾਲੀ - ਸਿੰਘ ਸਭਾ ਲਹਿਰ ਆਦਿ ਨੇ ਕੁਝ ਪਰੇ ਜਿਹੇ ਕਰ ਦਿੱਤੇ ਸਨ। ਇਸੇ ਤਰ੍ਹਾਂ ਲੋਕ ਗੀਤ ਵੀ ਕਾਫ਼ੀ ਪਰੇ ਹੋ ਗਏ ਸਨ, ਪੰਜਾਬੀ ਸਾਹਿਤ ਦੇ ਘੇਰੇ ਤੋਂ, ਜੋ ਸਾਡੇ ਸਭ ਦੇ ਸਾਂਝੇ ਸਭਿਆਚਾਰ ਦੇ ਪ੍ਰਤੀਕ ਸਨ, ਤੇ ਇਸੇ ਤਰ੍ਹਾਂ ਇਹ ਉਪਜ ਵੀ ਸਾਡੇ ਸਾਂਝੇ ਸਭਿਆਚਾਰ ਦੀ ਸਨ। ਭਾਵੇਂ ਲੋਕ-ਜੀਵਨ ਵਿਚ ਇਹ ਵਿਚਰਦੇ ਆ ਹੀ ਰਹੇ ਸਨ।

ਇਉਂ ਮੇਰੇ ਵਿਸ਼ੇ ਉਦੋਂ ਸਿੱਖ ਇਤਿਹਾਸ ਤੇ ਸਿੱਖ ਗੁਰੂ ਸਾਹਿਬਾਨ ਦੀ ਉਸਤਤ ਵਾਲੇ ਹੀ ਸਨ। ਖੁਲ੍ਹੇ ਪੰਜਾਬੀ ਵਿਹੜੇ ਵਿਚ ਮੈਂ ਕਾਫ਼ੀ ਮਗਰੋਂ ਆਇਆ ਸਾਂ।

# ਮੇਰੇ ਵਿਸ਼ੇ ਬਦਲ ਗਏ

1941 ਸੀ। ਦਿੱਲੀ ਸਾਂ ਮੈਂ ਗਿਆ ਹੋਇਆ। ਦੋ ਪੰਜਾਬੀ ਕਵੀਆਂ, ਰਣਜੀਤ ਸਿੰਘ ਖੜਗ ਅਤੇ ਬਿਸ਼ਨ ਸਿੰਘ ਉਪਾਸ਼ਕ, ਨਾਲ ਏਥੇ ਮੇਰੀ ਵਾਕਫ਼ੀ ਹੋਈ। ਪਹਾੜਗੰਜ ਰਹਿੰਦੇ ਸਾਂ। ਏਥੇ ਇਕ ਸ਼ੇਰੇ-ਪੰਜਾਬ ਕਵੀ ਸਭਾ ਸੀ ਬਣੀ ਹੋਈ। ਬਸੰਤ ਸਿੰਘ ਦਰਵੇਸ਼ ਇਸ ਸਭਾ ਦੇ ਪ੍ਰਧਾਨ ਸਨ। ਮੈਂ ਵੀ ਮੈਂਬਰ ਬਣ ਗਿਆ। ਨਿੱਕੇ-ਮੋਟੇ ਕਵੀ ਦਰਬਾਰ ਏਥੇ ਹੁੰਦੇ ਹੀ ਰਹਿੰਦੇ ਸਨ। ਖੜਗ ਅਤੇ ਉਪਾਸ਼ਕ ਨਾਲ ਮੈਂ ਵੀ ਇਹਨਾਂ ਕਵੀ ਦਰਬਾਰਾਂ ਵਿਚ ਹਿੱਸਾ ਲੈਂਦਾ ਹੁੰਦਾ ਸਾਂ। ਅਜੇ ਆਪਣੇ ਆਪ ਹੀ ਮੈਂ ਉੱਡਣ ਜੋਗਾ ਤਾਂ ਨਹੀਂ ਸਾਂ ਹੋਇਆ, ਉਂਜ ਖੰਭ ਜ਼ਰੂਰ ਮੈਂ ਨਿੱਕੇ-ਨਿੱਕੇ ਕੱਢਣ ਲੱਗ ਪਿਆ ਸਾਂ। ਕਵੀ ਜਾਂ ਸਾਹਿਤਕਾਰ ਦੀ ਕਲਮ, ਜੋ ਮੇਰੇ ਹੱਥ ਆ ਚੁੱਕੀ ਸੀ, ਹੁਣ ਇਹ ਮੇਰੇ ਹੱਥ ਵਿਚ ਹੀ ਟਿਕੀ ਰਹਿਣਾ ਚਾਹੁੰਦੀ ਸੀ। ਵਿਚਾਰਾਂ ਪੱਖੋਂ ਤਾਂ ਪ੍ਰਤੀਬੱਧਤਾ ਅਜੇ ਬੜੀ ਦੂਰ ਸੀ, ਇਹ ਜੋ ਕਵੀ ਦੀ ਕਲਮ ਮੇਰੇ ਹੱਥ ਵਿਚ ਆ ਚੁੱਕੀ ਸੀ, ਇਸਨੂੰ ਸਾਰੀ ਉਮਰ ਲਈ ਹੀ ਫੜੀ ਰੱਖਣ ਦੀ ਪ੍ਰਤੀਬੱਧਤਾ ਮੇਰੇ ਅੰਤਸ਼ਕਰਣ ਵਿਚ ਲਗਭਗ ਆ ਹੀ ਚੁੱਕੀ ਸੀ। ਮੈਂ ਕੁਝ ਵੀ ਛੱਡ ਸਕਦਾ ਸਾਂ, ਪਰ ਹੁਣ ਮੈਂ ਇਸ ਫੜੀ ਕਲਮ ਨੂੰ ਛੱਡਣ ਵਾਲਾ ਨਹੀਂ ਸਾਂ। ਛੱਡਿਆ ਵੀ ਮੈਂ ਬਹੁਤ ਕੁਝ, ਪਰ ਇਹ ਕਲਮ ਨਹੀਂ ਛੱਡੀ। ਜਿਵੇਂ ਮੇਰਾ ਕਲਮ ਨਾਲ ਹੀ ਗੰਢ-ਚਿਤਰਾਵਾ ਹੋ ਗਿਆ ਹੋਵੇ।

ਗਰਮੀਆਂ ਵਿਚ ਰਾਵਲਪਿੰਡੀ ਤੋਂ ਅਸੀਂ ਮਰੀ ਜਾਂਦੇ ਸਾਂ। ਮੈਂ ਮਰੀ ਗਿਆ ਹੋਇਆ ਸਾਂ। ਕਵਿਤਾ ਲਿਖਣ ਦੀ ਲਗਨ ਮੈਨੂੰ ਲੱਗ ਹੀ ਚੁੱਕੀ ਹੋਈ ਸੀ। ਇਹ ਸੰਨ 1940 ਦੀਆਂ ਗਰਮੀਆਂ ਦੀ ਗੱਲ ਹੈ। ਪਹਿਲੀ ਕਵਿਤਾ, ਪਤਨੀ ਵੱਲ, ਮੈਂ ਇਸੇ ਸਾਲ ਦੇ ਫੱਗਣ ਵਿਚ ਜਾਂ ਚੇਤਰ ਵਿਚ ਲਿਖੀ ਸੀ। ਉਸ ਤੋਂ ਮਗਰੋਂ ਕਲਮ ਹੋਰ ਕਵਿਤਾਵਾਂ ਲਿਖਣ ਲੱਗ ਪਈ ਸੀ। "ਪਹਿਲਾਂ ਸਿੱਖ ਸਨ ਸ਼ੇਰ ਦਲੇਰ ਬਾਂਕੇ..." ਮੈਂ ਇਹਨੀਂ ਦਿਨੀਂ ਹੀ ਲਿਖੀ ਸੀ ਤੇ ਲਿਖੀ ਵੀ ਸ਼ਾਇਦ ਮਰੀ ਹੀ ਸੀ।

ਭਾਦੋਂ ਦਾ ਮਹੀਨਾ ਸੀ। ਮਰੀ, ਦਰਜ਼ੀਖ਼ਾਨੇ ਵਿਚ ਮੈਂ ਬੈਠਾ ਕੰਮ ਕਰ ਰਿਹਾ ਸਾਂ ਕਿ ਮਾਮਾ ਰੌਣਕੀ ਰਾਮ ਨਾਲ ਕੁਝ ਝਗੜਾ ਜਿਹਾ ਹੋ ਗਿਆ। ਕਾਰਨ ਤਾਂ ਕੁਝ ਹੋਰ ਸੀ, ਪਰ ਮਾਮਾ ਆਖਣ ਲੱਗਾ ਕਿ ਜੇ ਕਵਿਤਾਵਾਂ ਲਿਖਣੀਆਂ ਹਨ ਤਾਂ ਬੇਸ਼ੱਕ ਏਥੋਂ ਚਲਿਆ ਜਾਵਾਂ। ਉਹ ਕਹਿੰਦਾ ਸੀ ਕਿ ਮੇਰੀ ਹੁਣ ਕੰਮ ਕਰਨ ਵਿਚ ਸੁਤਾ ਨਹੀਂ। ਮੇਰਾ ਸਾਰਾ

ਧਿਆਨ ਹੁਣ ਕਵਿਤਾਵਾਂ ਵੱਲ ਹੀ ਰਹਿੰਦਾ ਹੈ। ਮੇਰੇ ਪਿਤਾ ਦਿੱਲੀ ਇਕ ਅਖ਼ਬਾਰ ਵਿਚ ਕੰਮ ਕਰਦੇ ਸਨ। ਇਹ ਛੋਟਾ ਜਿਹਾ ਅਖ਼ਬਾਰ ਸੀ, ਬਰਾਦਰੀ ਦਾ, ਹਫ਼ਤਾਵਾਰ; "ਕੌਮੀ ਸੁਤੰਤਰ" ਨਾਂ ਸੀ। ਇਹ ਅਖ਼ਬਾਰ ਸਾਡੇ ਕੋਲ ਮਰੀ ਵੀ ਆਉਂਦਾ ਹੁੰਦਾ ਸੀ। ਪਹਿਲਾਂ ਇਹ ਸ਼ਿਮਲਿਓਂ ਛਪਦਾ ਸੀ ਤੇ ਹੁਣ ਦਿੱਲੀ ਆ ਗਿਆ ਸੀ। ਮੈਂ ਜੋ ਤੁਕਾਂ ਜੋੜਦਾ, ਪਹਿਲਾਂ ਸ਼ਿਮਲੇ ਤੇ ਫੇਰ ਦਿੱਲੀ ਇਸ ਅਖ਼ਬਾਰ ਨੂੰ ਭੇਜਦਾ ਰਹਿੰਦਾ। ਮੇਰੀਆਂ ਤੁਕਾਂ ਛਪਦੀਆਂ। ਕਵਿਤਾਵਾਂ ਵਾਂਗੂ ਛਪਦੀਆਂ। ਨਾਂ ਪਰ ਅਜੇ ਵੀ ਉਵੇਂ ਹੀ ਛਪਦਾ। "ਵਲੋਂ :— ਕਾਕਾ ਸੰਤੋਖ ਸਿੰਘ ਧੀਰ, ਸਪੁੱਤਰ ਗਿਆਨੀ ਈਸ਼ਰ ਸਿੰਘ ਦਰਦ।" ਮੇਰੇ ਪਿਤਾ ਨੂੰ ਬਹੁਤ ਹੀ ਥੋੜੀ ਤਨਖ਼ਾਹ ਮਿਲਦੀ ਹੁੰਦੀ ਸੀ। ਚਾਲੀ ਰੁਪਏ ਮਹੀਨਾ। ਪਰ ਮੈਨੂੰ ਇਹ ਥੋੜੀ ਤਨਖ਼ਾਹ ਵੀ ਬਹੁਤ ਠੀਕ ਲਗਦੀ ਹੁੰਦੀ ਸੀ। ਕਿਉਂਕਿ ਇਹ ਕਲਮ ਦਾ ਕੰਮ ਸੀ ਜੋ ਇੱਜ਼ਤ-ਮਾਣ ਵਾਲਾ ਸੀ। ਮੈਂ ਸੋਚਦਾ, ਮੈਂ ਵੀ ਆਪਣੇ ਪਿਤਾ ਕੋਲ ਹੀ ਚਲਿਆ ਜਾਵਾਂ ਤੇ ਉਹਨਾਂ ਨਾਲ ਹੀ ਉਸ ਕੰਮ ਵਿਚ ਉਹਨਾਂ ਦਾ ਸਹਾਇਕ ਲੱਗ ਜਾਵਾਂ। ਉਹਨਾਂ ਨੂੰ ਚਾਲੀ ਮਿਲਦੇ ਹਨ, ਮੈਨੂੰ ਭਾਵੇਂ ਵੀਹ ਹੀ ਮਿਲਣ। ਮੈਨੂੰ ਦਰਜ਼ੀ ਦੇ ਕੰਮ ਤੋਂ ਕੁਝ ਘਿਰਣਾ ਜਿਹੀ ਹੋ ਗਈ ਸੀ। ਮੈਂ ਚਾਹੁੰਦਾ ਸਾਂ ਕਿ ਮੇਰੇ ਹੱਥ ਵਿਚ ਕਲਮ ਵਾਲਾ ਕੰਮ ਹੋਵੇ। ਪੜ੍ਹਿਆਂ-ਲਿਖਿਆਂ ਵਾਲਾ ਕੰਮ। ਭਾਵੇਂ ਕਿਸੇ ਹੱਕੀ ਉਤੇ ਮੈਂ ਆਟਾ ਤੋਲਣ ਹੀ ਲਗਿਆ ਹੋਵਾਂ। ਹੱਥ ਵਿਚ ਕਲਮ ਤਾਂ ਹੋਵੇਗੀ। ਪਹਿਲਾਂ ਮੇਰੇ ਹੱਥ ਵਿਚ ਕੇਵਲ ਸੂਈ ਹੁੰਦੀ ਸੀ। ਫੇਰ ਸੂਈ ਤੇ ਕਲਮ ਦੋਵੇਂ ਹੱਥ ਵਿਚ ਆ ਗਈਆਂ ਸਨ। ਹੁਣ ਮੈਂ ਕੇਵਲ ਕਲਮ ਹੀ ਆਪਣੇ ਹੱਥ ਵਿਚ ਦੇਖਣਾ ਚਾਹੁੰਦਾ ਸਾਂ।

ਮਾਮੇ ਨਾਲ ਲੜਾਈ ਹੋਈ ਤਾਂ ਮੈਂ ਮਰੀ ਤੋਂ ਪਹਿਲਾਂ ਪਿੰਡ ਤੇ ਫੇਰ ਦਿੱਲੀ ਆ ਗਿਆ ਸਾਂ। ਪਰ ਦਿੱਲੀ ਮੈਂ ਅਖ਼ਬਾਰ ਵਿਚ ਸਹਾਇਕ ਨਹੀਂ ਲੱਗ ਸਕਿਆ ਸਾਂ। ਅਖ਼ਬਾਰ ਇਹ ਵੱਡਾ ਨਹੀਂ ਸੀ, ਐਵੇਂ ਅਖ਼ਬਾਰੜੀ ਜਿਹੀ ਹੀ ਸੀ। ਬੜੇ ਹੀ ਸੀਮਤ ਘੇਰੇ ਵਿਚ ਇਹ ਛਪਕੇ ਜਾਂਦਾ ਹੁੰਦਾ ਸੀ। ਮੇਰੇ ਪਿਤਾ ਆਪ ਏਥੇ ਰਹਿਣਾ ਨਹੀਂ ਸਨ ਚਾਹੁੰਦੇ ਸਗੋਂ। ਸੰਪਾਦਕ ਮੇਰੇ ਪਿਤਾ ਸਨ, ਪਰ ਨਾਂ ਸੰਪਾਦਕ ਵਜੋਂ ਕਿਸੇ ਹੋਰ ਦਾ ਛਪਦਾ ਹੁੰਦਾ ਸੀ ਜੋ ਗੁਰਮੁਖੀ ਵਿਚ ਨਾਂ ਵੀ ਆਪਣਾ ਲਿਖਣ ਦੇ ਯੋਗ ਨਹੀਂ ਸੀ। ਸੋ ਏਥੇ ਆਪਣੇ ਪਿਤਾ ਕੋਲ ਮੈਂ ਉਂਜ ਹੀ ਰਹਿੰਦਾ ਰਿਹਾ ਸਾਂ।

ਦੋ ਕੁ ਵਰ੍ਹੇ ਪਹਿਲਾਂ ਵੀ ਮੈਂ ਦਿੱਲੀ ਅਤੇ ਸ਼ਿਮਲੇ ਵਿਚ ਆਪਣੇ ਦੂਜੇ ਮਾਮਿਆਂ ਕੋਲ ਇਹ ਕੰਮ ਸਿੱਖਦਾ ਰਿਹਾ ਸਾਂ—ਮੇਮਾਂ ਦਾ ਬਬਿਆਨਾ ਕੰਮ। ਫੇਰ ਮੈਂ ਆਪਣੇ ਦੂਜੇ ਮਾਮੇ ਕੋਲ ਰਾਵਲਪਿੰਡੀ ਚਲਿਆ ਗਿਆ। ਇਹੀਓ ਕੰਮ ਸਿੱਖਣ ਲਈ। ਏਥੋਂ, ਦਿੱਲੀ-ਸ਼ਿਮਲਿਓਂ, ਮੈਂ ਰਾਵਲਪਿੰਡੀ ਕਿਉਂ ਗਿਆ, ਆਪਣੇ ਦੂਜੇ ਮਾਮੇ ਕੋਲ? ਇਸ ਬਾਰੇ, ਵਿਸਤਾਰ ਨਾਲ, ਮੈਂ ਆਪਣੀ ਸਵੈ-ਜੀਵਨੀ ("ਬ੍ਰਿਹਸਪਤੀ") ਵਿਚ ਸਾਰਾ ਕੁਝ ਦੱਸ ਚੁੱਕਾ ਹਾਂ। ਦੱਸਣਾ ਮੈਂ ਇਹ ਚਾਹੁੰਦਾ ਹਾਂ ਕਿ ਮੇਰੇ ਦਿੱਲੀ ਆਉਣ ਬਾਰੇ ਜਿਥੇ ਮੇਰੀ ਸੋਚ ਸੀ ਕਿ ਮੈਂ ਆਪਣੇ ਪਿਤਾ ਨਾਲ ਅਖ਼ਬਾਰ ਵਿਚ ਕੰਮ ਕਰਾਂਗਾ, ਉਥੇ ਮੇਰੇ ਪਿਤਾ ਦੀ ਸੋਚ ਇਸ ਤੋਂ ਬਿਲਕੁਲ ਉਲਟ ਸੀ। ਉਹਨਾਂ ਦੀ ਸੋਚ ਇਹ ਸੀ ਕਿ ਮੈਂ ਆਪਣੇ

ਮਾਮਿਆਂ ਕੋਲੋਂ ਦਰਜ਼ੀ ਦਾ ਉੱਚ ਕੋਟੀ ਦਾ ਮੇਮਾਂ ਦਾ ਕੰਮ ਸਿੱਖਿਆ ਹੋਇਆ ਹਾਂ, ਇਸ ਲਈ ਮੈਂ ਦਿੱਲੀ ਆਕੇ ਕਿਤੇ ਇਹ ਕੰਮ ਸ਼ੁਰੂ ਕਰਾਂ ਤਾਂ ਜੋ ਸਾਡੇ ਘਰ ਦੀ ਹਾਲਤ ਮਾੜੀ-ਮੋਟੀ ਠੀਕ ਹੋ ਜਾਵੇ। ਦੇਖੋ, ਕੀ ਵਿਅੰਗ ਹੈ! ਕਿਥੇ ਤਾਂ ਉਹ ਚਾਹੁੰਦੇ ਸਨ ਕਿ ਮੈਂ ਵੀ ਕਵੀ ਬਣਾਂ ਤੇ ਉਹਨਾਂ ਵਾਂਗੂ ਕਵਿਤਾ ਲਿਖਾਂ। ਕਿਥੇ ਹੁਣ ਉਹ ਮੇਰੇ ਕਵੀ ਬਣਨ ਤੋਂ ਡਰਨ ਲੱਗ ਪਏ ਸਨ। ਉਹ ਸੋਚਦੇ ਕਿ ਜੇ ਮੈਂ ਸੱਚਮੁਚ ਕਵੀ ਜਾਂ ਲੇਖਕ ਬਣ ਗਿਆ ਤਾਂ ਮਾੜੀ ਗੱਲ ਹੋਵੇਗੀ। ਕਿਉਂਕਿ ਫੇਰ ਤਾਂ ਸਾਰੀ ਉਮਰ ਹੀ, ਉਹਨਾਂ ਵਾਂਗੂ ਮੈਨੂੰ ਵੀ ਅੱਗੋਂ, ਭੁੱਖਾ ਮਰਨਾ ਪਵੇਗਾ। ਪਹਿਲਾਂ ਮੈਂ ਨਹੀਂ ਚਾਹੁੰਦਾਂ ਸਾਂ, ਕਵੀ ਬਣਨਾ ਜਾਂ ਲੇਖਕ ਬਣਨਾ, ਅਤੇ ਹੁਣ ਉਹ ਨਹੀਂ ਸਨ ਚਾਹੁੰਦੇ। ਉਹ ਸ਼ੁਗਲ ਵਜੋਂ ਤਾਂ ਕਵਿਤਾ ਲਿਖਣ ਨੂੰ ਮਾੜਾ ਨਹੀਂ ਸਨ ਸਮਝਦੇ, ਪਰ ਸੱਚੇ ਦਿਲੋਂ, ਗੰਭੀਰਤਾ ਨਾਲ, ਇਸ ਪਾਸੇ ਦਾ ਹੋ ਰਹਿਣ ਨੂੰ ਮਾੜਾ ਸਮਝ ਰਹੇ ਸਨ। ਜਿਵੇਂ ਕੋਈ ਅਫ਼ੀਮੀ ਆਪਣੇ ਪੁੱਤਰ ਨੂੰ ਅਫ਼ੀਮੀ ਹੋਇਆ ਦੇਖਣਾ ਨਾ ਚਾਹੁੰਦਾ ਹੋਵੇ। ਕਿਉਂਕਿ ਇਹਨੀਂ ਰਾਹੀਂ ਤੁਰਿਆਂ ਘਰ ਤਬਾਹ ਹੋ ਜਾਂਦੇ ਹਨ।

ਭਾਵੇਂ ਮੈਂ ਅਖ਼ਬਾਰ ਵਿਚ ਏਥੇ ਕੰਮ ਨਹੀਂ ਕਰ ਸਕਿਆ ਸਾਂ ਤੇ ਨਾ ਹੀ ਕਿਸੇ ਹੋਰ ਕੰਮ ਵਿਚ ਸਫਲ ਹੀ ਹੋ ਸਕਿਆ ਸਾਂ, ਪਰ ਏਥੇ ਮੇਰੇ ਕਲਮੀ ਜੀਵਨ ਵਿਚ ਬਹੁਤ ਵੱਡਾ ਪਲਟਾ ਆਇਆ। ਇਹ ਪਲਟਾ ਮੋਹਨ ਸਿੰਘ ਦੇ "ਸਾਵੇ ਪੱਤਰ" ਪੜ੍ਹਨ ਨਾਲ ਆਇਆ।

ਮੋਹਨ ਸਿੰਘ ਦੀ ਇਕ ਕਵਿਤਾ "ਅੰਬੀ ਦੇ ਬੂਟੇ ਥੱਲੇ" ਹੈ ਜੋ "ਸਾਵੇ ਪੱਤਰ" ਵਿਚ ਹੈ। ਮੈਨੂੰ ਨਹੀਂ ਸੀ ਪਤਾ ਕਿ ਇਹ ਕਵਿਤਾ ਕਿਸ ਦੀ ਹੈ ਤੇ ਕਿਸ ਕਿਤਾਬ ਵਿਚ ਛਪੀ ਹੈ। ਪਰ ਮੇਰੇ ਤੀਕਰ ਜੋ ਸੂਚਨਾ ਪੁੱਜੀ ਸੀ, ਉਹ ਗ਼ਲਤ ਸੀ। ਮਰੀ, ਮੇਰੇ ਕਵੀ ਹੋਣ ਦਾ ਸਭ ਨੂੰ ਪਤਾ ਲੱਗ ਗਿਆ ਸੀ। ਏਥੋਂ ਤਕ ਕਿ ਕਿਰਪਾ ਰਾਮ ਦੀ ਫ਼ਰਮ ਦੇ ਸੇਲਜ਼ਮੈਨਾਂ ਨੂੰ ਵੀ। ਇਕ-ਦੋ ਸੇਲਜ਼ਮੈਨਾਂ ਨੂੰ ਇਸ ਪਾਸੇ ਵੱਲ ਦਿਲਚਸਪੀ ਸੀ। ਉਹ ਮੇਰੇ ਨਾਲ ਪੰਜਾਬੀ ਦੇ ਕਵੀਆਂ ਬਾਰੇ ਗੱਲਾਂ ਕਰਦੇ ਰਹਿੰਦੇ। ਇਕ ਦਿਨ ਮੈਂ ਤਾਰਾ ਸਿੰਘ ਤਾਰਾ ਦੀ ਪਰਸੰਸਾ ਕੀਤੀ। ਉਹਨਾਂ ਵਿਚੋਂ ਇਕ ਨੇ ਕਿਹਾ ਕਿ ਉਸਦੀ ਇਕ ਬੜੀ ਹੀ ਸੁਹਣੀ ਕਵਿਤਾ ਹੈ ਜੋ ਅੰਬੀ ਦੇ ਬੂਟੇ ਬਾਰੇ ਹੈ। ਰਾਵਲਪਿੰਡੀ ਸਰਦਾਰਾਂ ਦੇ ਉਹ ਆਮ ਹੀ ਜਾਂਦਾ ਰਹਿੰਦਾ ਹੈ। ਇਕ ਸਰਦਾਰਨੀ ਉਸ ਕੋਲੋਂ ਇਹ ਕਵਿਤਾ ਸੁਣਦੀ ਰਹਿੰਦੀ ਹੈ। "ਵੇ ਤਾਰਿਆ! ਵੇ ਉਹ ਮੈਨੂੰ ਕਵਿਤਾ ਤੇ ਸੁਣਾ ਖਾਂ! ਵੇ ਉਹ ਅੰਬੀ ਦੇ ਬੂਟੇ ਵਾਲੀ।" ਸੰਭਵ ਹੈ, ਤਾਰਾ ਸਿੰਘ ਤਾਰਾ ਇਹ ਨਾ ਕਹਿੰਦਾ ਹੋਵੇ ਕਿ ਇਹ ਕਵਿਤਾ ਉਸਦੀ ਹੈ। ਉਹ ਮੋਹਨ ਸਿੰਘ ਦੀ ਕਹਿਕੇ ਹੀ ਸਰਦਾਰਨੀ ਨੂੰ ਸੁਣਾਉਂਦਾ ਹੋਵੇ। ਪਰ ਜਿਵੇਂ ਮੈਨੂੰ ਦੱਸਿਆ ਗਿਆ, ਮੈਂ ਸਮਝਿਆ ਕਿ ਇਹ ਕਵਿਤਾ ਤਾਰਾ ਸਿੰਘ ਤਾਰਾ ਦੀ ਹੈ। ਇਕ ਦਿਨ ਮੈਂ ਖੜਗ ਨਾਲ ਤਾਰਾ ਸਿੰਘ ਤਾਰਾ ਬਾਰੇ ਗੱਲਾਂ ਕਰਨ ਲੱਗ ਪਿਆ ਤੇ ਆਖਿਆ ਕਿ ਉਸਦੀ ਇਕ ਬੜੀ ਹੀ ਚੰਗੀ ਕਵਿਤਾ ਹੈ ਜੋ ਅੰਬੀ ਦੇ ਬੂਟੇ ਬਾਰੇ ਹੈ। ਖੜਗ ਨੇ ਝਟ ਆਖਿਆ ਕਿ ਇਹ ਕਵਿਤਾ ਉਸਦੀ ਨਹੀਂ, ਇਹ ਮੋਹਨ ਸਿੰਘ ਦੀ ਕਵਿਤਾ ਹੈ ਤੇ "ਸਾਵੇ ਪੱਤਰ" ਵਿਚ ਹੈ। ਅਗਲੇ ਦਿਨ ਉਹਨੇ ਮੈਨੂੰ "ਸਾਵੇ ਪੱਤਰ" ਪੜ੍ਹਨ ਲਈ

ਦਿੱਤੇ। "ਸਾਵੇ ਪੱਤਰ" ਪੜ੍ਹੇ ਤਾਂ ਇਕਦਮ ਹੀ ਮੇਰੇ ਜਿਵੇਂ ਕਪਾਟ ਜਿਹੇ ਹੀ ਖੁਲ੍ਹ ਗਏ। ਇਹ ਸੀ ਪੰਜਾਬ ਜੋ "ਸਾਵੇ ਪੱਤਰ" ਵਿਚ ਸੀ! ਪੰਜਾਬ ਦੇ ਸਾਰੇ ਹੀਰਾਂ-ਰਾਂਝੇ, ਸੋਹਣੀ-ਮਹੀਂਵਾਲ ਮੇਰੇ ਆਲੇ-ਦੁਆਲੇ ਆ ਗਏ ਸਨ! ਪੰਜਾਬ ਨੂੰ ਮੈਂ ਸਦਾ ਹੀ ਪਿਆਰ ਕਰਦਾ ਆਇਆ ਸਾਂ, ਪਰ ਹੁਣ ਇਹ ਪਿਆਰ ਮੇਰਾ ਕਈ ਗੁਣਾਂ ਵਧ ਗਿਆ ਸੀ। ਮੇਰਾ ਦਿਲ ਕਰਦਾ, ਪੰਜਾਬ ਚਲਿਆ ਜਾਵਾਂ ਤੇ ਇਸ ਪੰਜਾਬ ਦੇ ਪਿੰਡਾਂ ਅਤੇ ਖੇਤਾਂ ਨੂੰ ਮੈਂ ਫੇਰ ਦੇਖਾਂ। ਮੈਨੂੰ ਪੰਜਾਬ ਦੀ ਧਰਤੀ ਅਤੇ ਖੇਤ ਯਾਦ ਆ ਰਹੇ ਸਨ।

"ਰੱਬ", "ਬਸੰਤ", "ਅਨਾਰਕਲੀ", "ਨੂਰ ਜਹਾਨ" ਮੈਂ ਵਾਰ-ਵਾਰ ਪੜ੍ਹੀਆਂ ਸਨ। "ਅੰਬੀ ਦੇ ਬੂਟੇ ਥੱਲੇ" ਦਾ ਤਾਂ ਅੰਤ-ਹਿਸਾਬ ਹੀ ਨਹੀਂ ਸੀ ਕੋਈ। ਇਹ ਕਵਿਤਾਵਾਂ ਸਾਰੀਆਂ ਮੈਨੂੰ ਜ਼ਬਾਨੀ ਯਾਦ ਹੋ ਗਈਆਂ ਸਨ। ਸਾਰੇ "ਸਾਵੇ ਪੱਤਰ" ਹੀ ਜ਼ਬਾਨੀ ਯਾਦ ਹੋ ਗਏ ਸਨ। ਤੇਜਾ ਸਿੰਘ ਦਾ ਮੁਖਬੰਧ ਬੜਾ ਹੀ ਚੰਗ ਲੱਗਾ ਸੀ। ਉਹ ਵੀ ਕਿੰਨੀ ਵਾਰੀ ਪੜ੍ਹਿਆ।

"ਸਾਵੇ ਪੱਤਰ" ਪੜ੍ਹਨ ਨਾਲ ਮੈਨੂੰ ਪਤਾ ਲੱਗਾ ਕਿ ਮੈਨੂੰ ਕਿਨ੍ਹਾਂ ਵਿਸ਼ਿਆਂ ਉਤੇ ਕਵਿਤਾ ਲਿਖਣੀ ਚਾਹੀਦੀ ਹੈ। ਮੇਰੇ ਵਿਸ਼ੇ ਬਦਲ ਗਏ।

## ਮੋਹਨ ਸਿੰਘ ਦੇ "ਸਾਵੇ ਪੱਤਰ"

ਮੇਰੇ ਮਨ ਵਿਚ "ਸਾਵੇ ਪੱਤਰ" ਡੂੰਘੀ ਤਰ੍ਹਾਂ ਲਹਿ ਚੁੱਕੇ ਸਨ। ਮੈਨੂੰ "ਸਾਵੇ ਪੱਤਰ" ਨਾਲ ਮੋਹ ਜਿਹਾ ਆਉਂਦਾ ਹੁੰਦਾ ਸੀ।

ਮੈਂ ਵੀ "ਅੰਬੀ ਦੇ ਬੂਟੇ ਥੱਲੇ" ਕਈਆਂ ਨੂੰ ਸੁਣਾਉਂਦਾ ਹੁੰਦਾ। ਪੜ੍ਹਤ ਮੇਰੀ ਚੰਗੀ ਸੀ। ਪੜ੍ਹਤ ਜਾਂ ਅਦਾਇਗੀ ਨਾਲ ਕਈਆਂ ਨੂੰ ਮੈਂ ਮੋਹ ਹੀ ਲੈਂਦਾ।

ਲੁਧਿਆਣੇ ਮੇਰੀ ਮਾਸੀ ਦੀ ਵੱਡੀ ਨੂੰਹ ਤਾਂ ਇਸ ਕਵਿਤਾ ਨੂੰ ਮੈਥੋਂ ਬਹੁਤ ਹੀ ਸੁਣਦੀ ਹੁੰਦੀ। ਉਹ ਮੇਰੀ ਵੱਡੀ ਭਰਜਾਈ ਸੀ। "ਵੇ ਸੰਤੋਖ, ਉਹ ਕਵਿਤਾ ਸੁਣਾ, ਉਹ, ਅੰਬੀ ਦੇ ਬੂਟੇ ਵਾਲੀ।"

ਜਦ ਮੈਂ ਏਥੇ ਪਹੁੰਚਦਾ :

ਮੈਂ ਅੱਗੇ ਅੱਗੇ ਨੀ,
ਉਹ ਪਿਛੇ ਪਿਛੇ ਨੀ,
ਮੰਜੀ ਦੇ ਗਿਰਦੇ ਨੀ,
ਅੰਬੀ ਦੇ ਗਿਰਦੇ ਨੀ.
ਨਸਦੇ ਵੀ ਜਾਈਏ ਨੀ,
ਹਸਦੇ ਵੀ ਜਾਈਏ ਨੀ,
ਉਹਦੀ ਚਾਦਰ ਖੜਕੇ ਨੀ,
ਮੇਰੀ ਕੋਠੀ ਧੜਕੇ ਨੀ,
ਉਹਦੀ ਜੁੱਤੀ ਚੀਕੇ ਨੇ,
ਮੇਰੀ ਝਾਂਜਰ ਛਣਕੇ ਨੀ,
ਉਹਦੀ ਪਗੜੀ ਢਹਿ ਗਈ ਨੀ,
ਮੇਰੀ ਚੁੰਨੀ ਲਹਿ ਗਈ ਨੀ,
ਜਾਂ ਹਫ ਕੇ ਰਹਿ ਗਏ ਨੀ,
ਚੁੱਪ ਕਰਕੇ ਬਹਿ ਗਏ ਨੀ,...

ਮੇਰੀ ਉਹ ਭਰਜਾਈ ਏਥੇ ਬਹੁਤ ਹੀ ਖ਼ੁਸ਼ ਹੁੰਦੀ-ਹੁੰਦੀ। ਕਈ ਵਾਰ ਤਾਂ ਹਸਦੀ-ਹਸਦੀ ਲੋਟ-ਪੋਟ ਹੀ ਹੋ ਗਈ ਹੁੰਦੀ। ਬਹੁਤੀ ਉਹਨੂੰ ਇਸ ਦ੍ਰਿਸ਼ ਤੋਂ ਹਾਸੀ ਆਉਂਦੀ

ਹੁੰਦੀ ਸੀ :

ਜਾਂ ਹਫਕੇ ਰਹਿ ਗਏ ਨੀ,
ਚੁੱਪ ਕਰਕੇ ਬਹਿ ਗਏ ਨੀ, ...

ਸਤੰਬਰ ਵਿਚ ਮੈਂ ਗਿਆ ਸਾਂ ਦਿੱਲੀ ਬਸੰਤ ਜਿਹੀ ਦੇ ਦਿਨਾਂ ਵਿਚ ਮੈਂ ਵਾਪਸ ਪਿੰਡ ਆ ਗਿਆ ਸਾਂ ਖੇਤਾਂ ਵਿਚ, ਚਾਰ ਰੁੱਤੇਰੇ, ਸਰ੍ਹੋਂਵਾਂ ਦੇ ਬਸੰਤੀ ਫੁੱਲ। "ਬਸੰਤ" ਨਾਂ ਦੀ ਕਵਿਤਾ ਵਿਚ ਇਸ ਰੁੱਤ ਦਾ ਜ਼ਿਕਰ ਸੀ :

ਹੁਸਨ ਭਰੀ ਬਸੰਤ ਦੀ ਛੈਲ ਨੱਢੀ,
ਸੀਗੀ ਸਿਖਰ ਜਵਾਨੀ ਤੇ ਆਈ ਹੋਈ।
ਕਿਤੇ ਹਿੱਕ ਸੀ ਧੜਕਦੀ ਬੁਲਬੁਲਾਂ ਦੀ,
ਕਿਤੇ ਭੌਰ ਦੀ ਅੱਖ ਸਧਰਾਈ ਹੋਈ।
ਕਿਤੇ ਸਰ੍ਹੋਂ ਨੇ ਸੋਨਾ ਖਿਲਾਰਿਆ ਸੀ,
ਕਿਤੇ ਤ੍ਰੇਲ ਨੇ ਚਾਂਦੀ ਲੁਟਾਈ ਹੋਈ।
ਸੀ ਬਸੰਤ ਰਾਣੀ ਜਾਂ ਇਹ ਹੀਰ ਜੱਟੀ,
ਨਵੀਂ ਝੰਗ ਸਿਆਲਾਂ ਤੋਂ ਆਈ ਹੋਈ।

ਮੈਂ ਖੇਤਾਂ ਵੱਲ ਜਾਂਦਾ ਤਾਂ ਇਹ ਬੰਦ ਮੈਂ ਆਪਣੇ ਆਪ ਹੀ ਗੁਣਗੁਣਾਉਣ ਲੱਗ ਜਾਂਦਾ ਸਾਂ। ਮੇਰੀ ਰੂਹ ਤ੍ਰਿਪਤ ਹੁੰਦੀ।

"ਅਨਾਰਕਲੀ" ਦੇ ਇਕ ਬੰਦ ਦੀਆਂ ਅੰਤਲੀਆਂ ਇਹ ਸਤਰਾਂ ਵੀ ਮੈਂ ਗੁਣਗਣਾਂਦਾ ਰਹਿੰਦਾ ਸਾਂ :

ਦਾਬੂ ਭਾਰੀਆਂ ਸਿਲਾਂ ਦਾ ਰਖਿਆ ਨੇ,
ਮਕਬਰੇ ਏਸ ਖ਼ਾਤਰ ਤੇਰੀ ਲਾਸ਼ ਉਤੇ।
ਮਤਾਂ ਹੁਸਨ ਤੇ ਇਸ਼ਕ ਦੇ ਖੰਭ ਲਾ ਕੇ,
ਨੀ ਤੂੰ ਉਡ ਨਾ ਜਾਵੇਂ ਅਕਾਸ਼ ਉਤੇ।

ਇਸੇ ਤਰ੍ਹਾਂ ਇਹ ਸਤਰਾਂ ਵੀ :

ਵਿਚੋਂ ਕਬਰ ਦੇ ਮੈਨੂੰ ਅਵਾਜ਼ ਆਈ—
ਮੰਨ ਸ਼ਾਇਰਾ ਰੱਬੇ ਰਹੀਮ ਤਾਈਂ।
ਮੇਰੀਆਂ ਅੱਖੀਆਂ ਸਾਹਮਣੇ ਖੜਾ ਹੋਕੇ,
ਮੰਦਾ ਬੋਲ ਨਾ ਮੇਰੇ ਸਲੀਮ ਤਾਈਂ।

"ਨੂਰ ਜਹਾਨ" ਦਾ ਪਹਿਲਾ ਬੰਦ ਬੜਾ ਪਿਆਰਾ ਲਗਦਾ ਹੁੰਦਾ :

ਫੁਟੀ ਪਹੁ ਮੂੰਹ-ਝਾਖਰਾ ਆਣ ਹੋਇਆ,
ਫੁੱਲ-ਨਰਗਸਾਂ ਅੱਖੀਆਂ ਮੱਲੀਆਂ ਨੇ।
ਤ੍ਰੇਲ-ਮੋਤੀਆਂ ਦੀ ਮੂੰਹ-ਵਿਖਾਈ ਲੈ ਕੇ,
ਚਾਏ ਘੁੰਡ ਸ਼ਰਮਾਕਲਾਂ ਕਲੀਆਂ ਨੇ।

ਬਾਹਰ ਕੱਢਿਆ ਗੁੱਜਰਾਂ ਚੋਣਿਆਂ ਨੂੰ,
ਦੁੱਧਾਂ ਵਿਚ ਮਧਾਣੀਆਂ ਹੱਲੀਆਂ ਨੇ।
ਸੱਕ ਮਲਦੀਆਂ ਰਾਵੀ ਦੇ ਪੱਤਣਾਂ ਨੂੰ
ਅੱਗ ਲਾਉਣ ਲਾਹੌਰਨਾਂ ਚੱਲੀਆਂ ਨੇ।

ਅਤੇ ਇਹ ਵੀ ਦੋ ਸਤਰਾਂ :

ਇਹੋ ਜਿਹੀ ਸੁਹਣੀ ਸ਼ਕਲਵੰਦ ਸੂਰਤ,
ਰੱਬਾ ਮੇਰਿਆ ਯਾ ਤੇ ਬਣਾਇਆ ਨਾ ਕਰ।
ਜੇ ਤੂੰ ਬਿਨਾਂ ਬਣਾਏ ਰਹਿ ਸਕਦਾ ਨਹੀਂ,
ਵਿਚ ਖ਼ਾਕ ਦੇ ਏਦਾਂ ਰੁਲਾਇਆ ਨਾ ਕਰ।

ਅਤੇ ਇਹ ਅੰਤਲਾ ਬੰਦ ਵੀ :

ਉਹਦੀ ਸ਼ਾਇਰੀ ਦੀ ਜਦੋਂ ਯਾਦ ਆਈ,
ਢੇਰੀ ਹੌਂਸਲੇ ਮੇਰੇ ਦੀ ਢਹਿਣ ਲੱਗੀ।
ਡੋਰ-ਭੌਰ ਹੋ ਕੇ ਪਿਛਾਂਹ ਜਾ ਪਿਆ ਮੈਂ,
ਨਦੀ ਹੰਝੂਆਂ ਦੀ ਅਖੋਂ ਵਹਿਣ ਲੱਗੀ।
ਰੋਂਦੇ ਰੋਂਦਿਆਂ ਲੱਗ ਗਈ ਅੱਖ ਮੇਰੀ,
ਨੀਂਦ ਮਿਠੜੀ ਮਿਠੜੀ ਪੈਣ ਲੱਗੀ।
ਸੁੱਤਾ ਦੇਖ ਮੈਨੂੰ ਨੂਰ ਜਹਾਨ ਬੇਗਮ,
ਵਿਚ ਖ਼ਾਬ ਦੇ ਆਣਕੇ ਕਹਿਣ ਲੱਗੀ :
"ਮੇਰੀ ਸ਼ਾਇਰੀ ਦੀ ਜਿਵੇਂ ਕਦਰ ਕਰਕੇ,
ਮੇਰੀ ਕਬਰ ਤੇ ਕੇਰੇ ਨੀ ਚਾਰ ਹੰਝੂ।
ਇਵੇਂ ਮੋਹਨਾ ਤੈਨੂੰ ਵੀ ਯਾਦ ਕਰਕੇ,
ਲੋਕੀ ਕੇਰਸਨਗੇ ਬੇ-ਸ਼ੁਮਾਰ ਹੰਝੂ।

ਮੋਹਨ ਸਿੰਘ ਦੀ ਬੋਲੀ ਅਤੇ ਸ਼ੈਲੀ ਬੜੀ ਹੀ ਮਿੱਠੀ ਸੀ। ਮੋਹਨ ਸਿੰਘ ਪੋਠੋਹਾਰ ਦੀ ਸਰ-ਜ਼ਮੀਨ ਵਿਚ ਪੈਦਾ ਹੋਇਆ। ਰਿਹਾ ਏਧਰ ਮਾਲਵੇ ਵਿਚ, ਯਾਨੀ ਲੁਧਿਆਣੇ ਵਿਚ। ਅੰਤਲੇ ਦਿਨਾਂ ਵਿਚ ਹੀ ਨਹੀਂ, ਸਗੋਂ ਪਹਿਲੇ ਦਿਨਾਂ ਵਿਚ ਵੀ, ਮਸ-ਫੁਟਦੀ ਉਮਰ ਵਿਚ। ਮਾਝੇ ਵਿਚ ਵੀ ਰਿਹਾ ਸੀ, ਦੁਆਬੇ ਦੀ ਵੀ ਛੁਹ ਸੀ ਉਹਨੂੰ। ਇਸ ਲਈ ਉਸਦੀ ਬੋਲੀ ਬੜੀ ਪਿਆਰੀ ਜਿਹੀ ਬਣ ਚੁੱਕੀ ਸੀ। ਬੜੀ ਹੀ ਖ਼ੂਬਸੂਰਤ ਸੀ ਕੇਂਦਰੀ ਪੰਜਾਬੀ ਉਹਦੀ।

ਪੋਠੋਹਾਰ ਦੀ ਸਰ-ਜ਼ਮੀਨ ਨੇ ਕਈ ਇਕ ਲੇਖਕ ਪੈਦਾ ਕੀਤੇ। ਪਰ ਜਿੰਨੀ ਸੁਹਣੀ ਪੋਠੋਹਾਰੀ ਮੋਹਨ ਸਿੰਘ ਨੇ ਵਰਤੀ ਹੈ, ਏਨੀ ਕਿਸੇ ਵੀ ਵਰਤੀ ਨਹੀਂ। ਮੋਹਨ ਸਿੰਘ ਦੀ ਪੋਠੋਹਾਰੀ ਅੱਖਰਦੀ ਜਾਂ ਚੁਭਦੀ ਨਹੀਂ, ਸਗੋਂ ਇਉਂ ਕੇਂਦਰੀ ਵਿਚ ਖਪੀ ਜਾਂ ਰਚੀ ਹੁੰਦੀ ਹੈ ਕਿ ਕੇਂਦਰੀ ਪੰਜਾਬੀ ਹੋਰ ਵੀ ਬਹੁਤੀ ਸੁਹਣੀ ਹੋ ਜਾਂਦੀ ਹੈ। ਜਿਵੇਂ, ਮੋਹਨ ਸਿੰਘ ਦਾ

ਗੀਤ ਹੈ ' ਨਾ ਵੰਞ ਢੋਲਾ ਚੰਨਣਾ ।" ਏਥੇ "ਵੰਞ" ਲਫ਼ਜ਼ ਦੇਖੋ, ਕਿਵੇਂ ਖਪਿਆ ਹੋਇਆ ਹੈ ਜੋ ਨਿਰਾ ਪੋਠੋਹਾਰੀ ਹੈ :

ਨਾ ਵੰਞ ਢੋਲਾ ਚੰਨਣਾ !
ਨਿਤ ਨਿਤ ਅਸਾਂ ਨਾ ਹਾੜ੍ਹੇ ਕੱਢਣੇ,
ਨਿਤ ਨਿਤ ਤੂੰ ਨਹੀਂ ਮੰਨਣਾ ।

ਜੇ ਜੀਵੇਂ ਤੇਰਾ ਰਹਿਣਾ ਕੂੜਾ,
ਲਾਹ ਵੰਞ ਹੱਥੀਂ ਮੇਰਾ ਚੂੜਾ,
ਖੋਲ੍ਹ ਜਾ ਨਾਲੇ ਕੰਙਣਾ ।

ਇਹ ਲਫ਼ਜ਼ "ਵੰਞ" ਜੇ ਹੋਰ ਕੋਈ ਕਵੀ ਵਰਤਦਾ ਤਾਂ ਸ਼ਾਇਦ ਏਨੀ ਸੁੰਦਰਤਾਈ ਪੈਦਾ ਨਾ ਕਰ ਸਕਦਾ ਹੁੰਦਾ । ਪਰ ਉਹ ਮੋਹਨ ਸਿੰਘ ਸੀ । ਉਹ ਇਸ ਗੱਲੋਂ ਸਮਰੱਥ ਸੀ।

"ਹੀਰ" ਕਵਿਤਾ ਦੇਖੋ :

ਮਾਂ ਸਮਝਾਵੇ ਮੁੜ ਜਾ ਹੀਰੇ,
ਕਲਾ ਜਗਾ ਨਾ ਸੁੱਤੀਆਂ ।
ਨਹੀਂ ਤਾਂ ਪੁੱਠੀ ਖੱਲ ਲੁਹਾ ਕੇ,
ਤੇਰਾ ਮਾਸ ਖਲਾਵਾਂ ਕੁੱਤੀਆਂ ।
ਨਾਲ ਖ਼ੁਸ਼ੀ ਦੇ ਹਸਕੇ ਅਗੋਂ,
ਹੀਰ ਕਿਹਾ ਸੁਣ ਮਾਏ —
ਖਲੜੀ ਲਾਹਸੇਂ ਤਾਂ ਕੀ ਹੋਸੀ ?
ਮੇਰਾ ਚਾਕ ਸਵਾਸੀ ਜੁੱਤੀਆਂ ।

"ਲਾਹਸੇਂ", "ਹੋਸੀ", "ਸਵਾਸੀ", ਇਹ ਤਿੰਨੇ ਲਫ਼ਜ਼ ਗੂਹੜੇ ਪੋਠੋਹਾਰੀ ਹਨ । ਪਰ ਫਬਦੇ ਦੇਖੋ ਕਿੰਨੇ ਹਨ । ਇਹ ਮੋਹਨ ਸਿੰਘ ਦੀ ਕਲਾ ਹੈ । ਉਸਦੀ ਕਾਰੀਗਰੀ ਤੇ ਸ਼ਿਲਪ ।

"ਸਾਵੇ ਪੱਤਰ" ਪੜ੍ਹਨ ਨਾਲ ਮੇਰੇ ਵਿਚ ਹੀ ਨਹੀਂ, ਪੰਜਾਬੀ ਕਾਵਿ ਜਗਤ ਵਿਚ ਹੀ ਇਨਕਲਾਬ ਆ ਗਿਆ ਸੀ । ਇਹ ਬਹੁਤ ਵਡੀ ਘਟਨਾ ਸੀ ਪੰਜਾਬੀ ਸਾਹਿਤ ਜਗਤ ਵਿਚ । ਕਵਿਤਾ ਪਖੋਂ ਹੀ ਨਹੀਂ, ਛਪਾਈ ਆਦਿ ਦੇ ਪਖੋਂ ਵੀ । ਇਸ ਤੋਂ ਪਹਿਲਾਂ ਪੰਜਾਬੀ ਕਵਿਤਾ ਢਾਲ-ਤਲਵਾਰ ਅਨੁਸਾਰ ਛਪਦੀ । ਹੁਣ ਇਹ ਅੰਗਰੇਜ਼ੀ ਵਾਂਗ ਕੰਪੋਜ਼ ਹੋਣੀ ਸ਼ੁਰੂ ਹੋਈ । ਭਾਵ, ਕਾਵਿ-ਸਤਰਾਂ ਭਾਵੇਂ ਆਪੋ ਵਿਚ ਵਧਣ-ਘਟਣ, ਪਰ ਲਫ਼ਜ਼ਾਂ ਵਿਚ ਵਿੱਥ ਸਭ ਵਿਚ ਇਕੋ ਜਿੰਨੀ ਰੱਖੀ ਜਾਵੇ । ਇਸ ਤੋਂ ਪਹਿਲਾਂ ਲਫ਼ਜ਼ਾਂ ਵਿਚ ਵਿੱਥ ਤਾਂ ਵਧ-ਘੱਟ ਹੁੰਦੀ ਸੀ, ਪਰ ਪਿਛੋਂ-ਅਗੋਂ ਸਤਰਾਂ ਬਿਲਕੁਲ ਮਿਲਵੀਆਂ ਰੱਖੀਆਂ ਜਾਂਦੀਆਂ ਸਨ । ਇਹ ਪੁਰਾਣਾ ਢੰਗ ਸੀ । "ਸਾਵੇ ਪੱਤਰ" ਜਾਂ "ਚਾਰ ਹੰਝੂ" ਨਵੇਂ ਢੰਗ ਨਾਲ ਛਪੇ ਸਨ । ਘਟੋ ਘੱਟ ਮੈਂ ਇਹੋ ਨਵੇਂ ਢੰਗ ਨਾਲ ਛਪੇ ਦੇਖੇ ਸਨ ।

ਬਾਕੀ, ''ਸਾਵੇ ਪੱਤਰ'' ਵਿਚੋਂ ਜਿਹੜਾ ਰਸ ਚੋਅ ਰਿਹਾ ਸੀ, ਉਸਦਾ ਕੀ ਹਿਸਾਬ ਸੀ ! ਸ਼ਹਿਦ ਕਹੋ ਜਾਂ ਗੰਨੇ ਦੀਆਂ ਪੋਰੀਆਂ ਵਿਚੋਂ ਨੁੱਚੜਦਾ ਰਸ।

ਏਨਾ ਰਸ ਮੈਨੂੰ ਕਿਸੇ ਵੀ ਪੁਸਤਕ ਵਿਚੋਂ ਨਹੀਂ ਮਿਲਿਆ।

ਕੋਈ ਇਕ ਕਵਿਤਾ ਵੀ ਮੈਂ ਦੱਸ ਸਕਣ ਦੇ ਯੋਗ ਨਹੀਂ। ਟੂਕਾਂ ਦੇਣੀਆਂ ਹੋਣ ਤਾਂ ਏਥੇ ਸਾਰੀ ਪੁਸਤਕ ਹੀ ਮੈਂ ਟੂਕ ਵਜੋਂ ਦੇ ਸਕਦਾ ਹਾਂ।

ਪੰਜਾਹ ਕੁ ਵਰ੍ਹੇ ਪਹਿਲਾਂ, 1941 ਵਿਚ, ਮੈਂ ਇਹ ਕਿਤਾਬ ਪੜ੍ਹੀ ਸੀ। ਅੱਜ ਵੀ ਇਹ ਮੈਨੂੰ ਉਵੇਂ ਹੀ ਮਿੱਠੀ ਤੇ ਪਿਆਰੀ ਲਗਦੀ ਹੈ।

# "ਪ੍ਰੀਤ ਲੜੀ" ਦਾ ਡੂੰਘਾ ਅਸਰ

1943 ਵਿਚ, ਅਚਾਨਕ, ਮੇਰੇ ਹੱਥਾਂ ਤੀਕਰ "ਪ੍ਰੀਤ ਲੜੀ" ਪਹੁੰਚ ਗਈ। ਇਹ "ਪ੍ਰੀਤ ਲੜੀ" ਨਹੀਂ ਸੀ, ਸਗੋਂ ਇਕ ਸੂਰਜ ਸੀ ਜੋ ਮੇਰੇ ਅੱਗੇ ਰਖ ਦਿੱਤਾ ਗਿਆ। "ਪ੍ਰੀਤ ਲੜੀ" ਪੜ੍ਹੀ ਤਾਂ ਜਿਵੇਂ ਨਵੇਂ ਚਾਨਣ ਨਾਲ ਮੇਰਾ ਆਪਾ ਭਰ ਗਿਆ। ਮੇਰੀ ਦ੍ਰਿਸ਼ਟੀ ਬਦਲ ਗਈ।

ਇਸ ਤੋਂ ਪਹਿਲਾਂ ਮੇਰੇ ਖ਼ਿਆਲ ਰਵਾਇਤੀ-ਰੂੜ੍ਹੀਵਾਦੀ ਹੀ ਸਨ।

"ਪ੍ਰੀਤ ਲੜੀ" ਬੜੇ ਹੀ ਉੱਚ ਵਿਚਾਰਾਂ ਵਾਲਾ ਪਰਚਾ ਸੀ। ਗੁਰਬਖ਼ਸ਼ ਸਿੰਘ ਸੰਪਾਦਕ ਸਨ। ਬਹੁਤਾ ਆਪ ਹੀ ਲਿਖਦੇ ਸਨ। ਜਿਹੜੇ ਲੇਖਕ ਹੋਰ ਸਨ, ਉਹ ਵੀ ਬਹੁਤ ਥੋੜੇ ਜਿਹੇ। ਉਹੀਓ ਲੇਖਕ ਵਾਰ-ਵਾਰ "ਪ੍ਰੀਤ ਲੜੀ" ਵਿਚ ਛਪਦੇ ਹੁੰਦੇ।

ਕਵੀਆਂ ਵਿਚੋਂ ਦਰਸ਼ਨ ਸਿੰਘ ਆਵਾਰਾ ਛਪਦੇ ਹੁੰਦੇ ਸਨ। ਜਾਂ ਫਰ ਪਿਆਰਾ ਸਿੰਘ ਸਹਿਰਾਈ। ਦਰਸ਼ਨ ਸਿੰਘ ਆਵਾਰਾ ਦਾ "ਬਗ਼ਾਵਤ" ਕਾਵਿ ਸੰਗ੍ਰਹਿ ਹੈ। ਇਸ ਦੀਆਂ ਲਗਭਗ ਸਭ ਕਵਿਤਾਵਾਂ "ਪ੍ਰੀਤ ਲੜੀ" ਵਿਚ ਛਪੀਆਂ ਸਨ। "ਬੰਦਾ ਰੱਬ ਨੂੰ", "ਰੱਬ ਬੰਦੇ ਨੂੰ।" ਇਕ ਕਵਿਤਾ "ਬਾਬੇ ਦੀ ਗੰਢੜੀ" ਬੜੀ ਹੀ ਮਕਬੂਲ ਹੋਈ। ਕਹਾਣੀ ਵਾਂਗ, ਇਸ ਵਿਚ ਲਟਕਾਅ (Suspense) ਵੀ ਪੂਰਾ-ਪੂਰਾ ਸੀ। ਇਹ "ਬਾਬਾ" ਹਿੰਦੋਸਤਾਨ ਸੀ। ਅੰਤ ਵਿਚ ਜਦ ਇਹ ਬਾਬਾ "ਹਿੰਦੋਸਤਾਨ" (ਹਿੰ ..ਦੋ . ਸ ਤਾ.. ਨ) ਆਉਂਦਾ ਤਾਂ ਜਿਵੇਂ ਭਰਮ ਜਿਹਾ ਖੁਲ੍ਹ ਜਾਂਦਾ। "ਗੰਢੜੀ" ਸੀ ਇਸ ਬਾਬੇ ਦੀ — ਵਹਿਮ, ਭਰਮ, ਬੇਸਮਝੀ, ਆਦਿ। ਬਾਬੇ ਹਿੰਦੋਸਤਾਨ ਨੂੰ ਇਸ "ਗੰਢ" ਨੇ ਦੱਬਿਆ ਹੋਇਆ ਸੀ।

"ਪ੍ਰੀਤ ਲੜੀ" ਖ਼ਿਆਲੀ ਰੱਬ ਦਾ ਭਰਮ ਦੂਰ ਕਰ ਰਹੀ ਸੀ। ਆਵਾਰਾ ਦੀਆਂ ਕਵਿਤਾਵਾਂ ਦੀ ਵੀ ਲਗਭਗ ਇਹੀਓ ਥੀਮ ਸੀ। ਜੋ ਕੁਝ ਗੁਰਬਖ਼ਸ਼ ਸਿੰਘ ਵਾਰਤਕ ਵਿਚ ਲਿਖਦੇ ਸਨ, ਉਹੀਓ ਕੁਝ ਆਵਾਰਾ ਜੀ ਕਵਿਤਾਵਾਂ ਵਿਚ ਲਿਖ ਰਹੇ ਸਨ। ਦੋਵੇਂ ਬੜੇ ਹੀ ਰੌਚਿਕ ਸਨ।

"ਪ੍ਰੀਤ ਲੜੀ" ਦਾ ਜਿਵੇਂ ਮੈਨੂੰ ਚਸਕਾ ਜਿਹਾ ਪੈ ਗਿਆ ਸੀ। ਸਾਡੇ ਦੋ-ਤਿੰਨ ਰਿਸ਼ਤੇਦਾਰ "ਪ੍ਰੀਤ ਲੜੀ" ਦੇ ਪਾਠਕ ਸਨ। ਦੋ ਤਾਂ ਜੀਵਨ ਮੈਂਬਰ ਸਨ। ਪਹਿਲਾਂ ਉਹਨਾਂ ਰਾਹੀਂ ਤੇ ਫੇਰ ਸਿੱਧਾ ਪੜ੍ਹਨ ਲੱਗਾ। "ਪ੍ਰੀਤ ਲੜੀ" ਪੜ੍ਹਨ ਵਾਲੇ ਆਮ ਨਾਲੋਂ

ਮੈਨੂੰ ਖੜੇ ਹੀ ਉੱਚ-ਵਿਚਾਰ ਦੇ ਨਜ਼ਰ ਆਏ। ਧਾਰਮਿਕ ਸੰਕੀਰਨਤਾ ਤਾਂ ਹੁੰਦੀ ਹੀ ਨਹੀਂ ਸੀ ਉਹਨਾਂ ਦੇ ਨੇੜੇ।

"ਸਾਵੇ ਪੱਤਰ" ਪੜ੍ਹਨ ਨਾਲ ਮੈਂ ਕਵੀ ਵਜੋਂ ਬੜੇ ਹੀ ਤੰਗ ਘੇਰੇ ਵਿਚੋਂ ਬਾਹਰ ਆਇਆ। "ਪ੍ਰੀਤ ਲੜੀ" ਪੜ੍ਹਨ ਨ ਲ ਮੈਂ ਹੋਰ ਵੀ ਬਾਹਰ ਆ ਗਿਆ। ਪਹਿਲਾਂ ਸਿੱਖ ਧਰਮ ਦੇ ਹੀ ਘੇਰੇ ਵਿਚ ਮਹਿਦੂਦ ਸਾਂ। "ਸਾਵੇ ਪੱਤਰ" ਪੜ੍ਹਨ ਨਾਲ ਪੰਜਾਬੀਆਂ ਦੇ ਕਾਫ਼ੀ ਖੁੱਲ੍ਹੇ ਵਿਹੜੇ ਵਿਚ ਆ ਗਿਆ ਸਾਂ। ਪਰ "ਪ੍ਰੀਤ ਲੜੀ" ਨੇ ਮੇਰੀ ਨਜ਼ਰ ਨੂੰ ਹੋਰ ਵੀ ਵਿਸ਼ਾਲਤਾ ਦਿੱਤੀ। ਹੁਣ ਮੈਂ ਪੂਰੇ ਹਿੰਦੋਸਤਾਨ ਤੇ ਸਗੋਂ ਪੂਰੀ ਦੁਨੀਆਂ ਉਤੇ ਝਾਤੀਆਂ ਮਾਰਨ ਲੱਗ ਪਿਆ। "ਪ੍ਰੀਤ ਲੜੀ" ਕਹਿੰਦੀ ਸੀ ਕਿ ਪੂਰੀ ਮਾਨਵਜਾਤੀ ਇਕੋ ਮਾਲਾ ਦੇ ਮਣਕਿਆਂ ਵਾਂਗ ਹੈ। ਅਤੇ, ਇਹ "ਪ੍ਰੀਤ ਲੜੀ" ਹੀ ਸੀ ਜਿਸਨੇ ਮੈਨੂੰ ਕਮਿਊਨਿਸਟ ਬਣਨ ਲਈ ਪਰੇਰਿਆ। ਮੈਂ ਹੀ ਕੀ, ਮੇਰੇ ਸਮੇਂ ਦੇ ਹੋਰ ਵੀ ਬਹੁਤ ਕਮਿਊਨਿਸਟ "ਪ੍ਰੀਤ ਲੜੀ" ਪੜ੍ਹਕੇ ਹੀ ਇਸ ਪਾਸੇ ਵੱਲ ਨੂੰ ਆਏ ਸਨ। "ਪ੍ਰੀਤ ਲੜੀ" ਸੰਨ 1933-34 ਵਿਚ ਜਾਰੀ ਹੋਈ। ਦੇਸ਼ ਦੀ ਆਜ਼ਾਦੀ ਦੀ ਲਹਿਰ ਕਾਫ਼ੀ ਭਖੀ ਹੋਈ ਸੀ। ਪਰ ਨਾਲ ਦੀ ਨਾਲ ਫ਼ਿਰਕਾਪ੍ਰਸਤੀ ਵੀ ਆਪਣਾ ਜ਼ੋਰ ਲਾ ਰਹੀ ਸੀ। ਉਦੋਂ ਸਾਨੂੰ ਧਰਮ-ਨਿਰਪੱਖ ਦ੍ਰਿਸ਼ਟੀਕੋਣ ਦੀ ਲੋੜ ਸੀ। "ਪ੍ਰੀਤ ਲੜੀ" ਇਹ ਧਰਮ-ਨਿਰਪੱਖ ਦ੍ਰਿਸ਼ਟੀਕੋਣ ਲੈ ਕੇ ਆਈ।

ਅਸਲ ਵਿਚ ਇਹ ਦ੍ਰਿਸ਼ਟੀਕੋਣ ਕੋਈ ਬਿਲਕੁਲ ਨਵਾਂ ਨਹੀਂ ਸੀ, ਸਿੱਖ ਗੁਰੂ ਸਾਹਿਬਾਨ ਦਾ ਵੀ ਇਹੀਓ ਦ੍ਰਿਸ਼ਟੀਕੋਣ ਸੀ ਤੇ ਭਗਤੀ ਲਹਿਰ ਦੇ ਹੋਰਾਂ ਸਾਰੇ ਸੰਤਾਂ ਅਤੇ ਭਗਤਾਂ ਦਾ ਵੀ। ਨਵੀਂ ਤਾਂ ਗੁਰਬਖ਼ਸ਼ ਸਿੰਘ ਦੀ ਬੋਲੀ ਅਤੇ ਸ਼ੈਲੀ ਸੀ ਜੋ ਏਨੀ ਪਿਆਰੀ ਤੇ ਦਿਲਕਸ਼ ਸੀ ਕਿ ਹਰ ਕੋਈ ਉਸਦੀ ਲੇਖਣੀ ਵੱਲ ਧੂਹਿਆ ਚਲਿਆ ਜਾਂਦਾ ਸੀ। ਹਿੰਦੂ, ਮੁਸਲਿਮ, ਸਿੱਖ, ਈਸਾਈ ਸਾਰੇ ਉਸਨੂੰ ਪੜ੍ਹਦੇ ਤੇ ਆਪੋ-ਆਪਣੇ ਫ਼ਿਰਕਿਆਂ ਦੇ ਘੇਰੇ ਵਿਚੋਂ ਬਾਹਰ ਆਉਂਦੇ। ਸਾਰੇ ਆਪਣੇ ਆਪ ਨੂੰ ਪੰਜਾਬੀ, ਹਿੰਦੋਸਤਾਨੀ ਜਾਂ ਇਕੋ ਪਿਤਾ ਦੇ ਪੁੱਤਰ, ਮਨੁੱਖ, ਸਮਝਣ ਲਗਦੇ ਸਨ। ਇਹੀਓ ਗੱਲ ਭਗਤੀ ਲਹਿਰ ਦੇ ਸੰਤ ਤੇ ਭਗਤ ਕਹਿੰਦੇ ਸਨ। ਮੁਹਾਵਰੇ ਦਾ ਫ਼ਰਕ ਹੈ। ਗੁਰਬਖ਼ਸ਼ ਸਿੰਘ ਅੱਜ ਦੇ ਜ਼ਮਾਨੇ ਦੇ ਮੁਹਾਵਰੇ ਵਿਚ ਆਪਣੀ ਗੱਲ ਕਹਿੰਦੇ ਸਨ। ਇਸੇ ਲਈ ਉਹ ਖਿੱਚ-ਭਰਪੂਰ ਤੇ ਨਵੀਂ ਤੇ ਤਾਜ਼ੀ ਲਗਦੀ ਸੀ। ਲੋਕੀ ਉਹਨਾਂ ਦੀ ਬੋਲੀ ਅਤੇ ਸ਼ੈਲੀ ਦੇ ਸ਼ੈਦਾਈ ਸਨ।

ਗੁਰਬਖ਼ਸ਼ ਸਿੰਘ ਵਿਦਵਾਨ ਸਨ। ਅਮਰੀਕਾ ਦੇ ਪੜ੍ਹੇ ਹੋਏ ਸਨ। ਉਹਨਾਂ ਤੋਂ ਪਹਿਲਾਂ "ਹੰਸ" ਅਤੇ "ਫੁਲਵਾੜੀ" ਮਾਸਿਕ ਹੁੰਦੇ ਸਨ। ਪਰ "ਪ੍ਰੀਤ ਲੜੀ" ਆਈ ਤਾਂ ਚਾਰੇ ਪਾਸੇ ਪ੍ਰੀਤਲੜੀ ਹੀ ਪ੍ਰੀਤਲੜੀ ਹੋਣ ਲੱਗੀ। ਬੋਲੀ ਅਤੇ ਸ਼ੈਲੀ ਤੋਂ ਬਿਨਾਂ ਮਜ਼ਮੂਨ ਵੀ ਨਵੇਲੇ ਸਨ। ਉਹ ਆਪਣੇ ਲੋਕਾਂ ਨੂੰ ਨਵੀਂ ਤੇ ਸੁਧਰੀ ਜ਼ਿੰਦਗੀ ਤੇ ਨਵੀਂ ਜੀਵਨ-ਜਾਚ ਦੱਸਣਾ ਚਾਹੁੰਦੇ ਸਨ। ਲੋਕੀ ਇਸ ਨਵੀਂ ਜੀਵਨ-ਜਾਚ ਵੱਲ ਨੂੰ ਮੋਹੇ ਜਾਂਦੇ।

ਅਮਰੀਕੀ ਜੀਵਨ-ਜਾਚ ਤੋਂ ਉਹ ਬਹੁਤ ਪ੍ਰਭਾਵਿਤ ਹੋਏ ਸਨ। ਅਮਰੀਕੀ ਜੀਵਨ-ਜਾਚ ਦੀਆਂ ਹੀ ਅਕਸਰ ਉਹ ਮਿਸਾਲਾਂ ਦਿੰਦੇ।

ਗੱਲ ਇਹ ਕਾਫ਼ੀ ਠੀਕ ਵੀ ਹੈ। ਅੰਗਰੇਜ਼ ਅਤੇ ਅਮਰੀਕੀ ਕੌਮਾਂ ਕਾਫ਼ੀ ਸੁਧਰੀਆਂ ਹੋਈਆਂ ਹਨ। ਇਹਨਾਂ ਮੁਲਕਾਂ ਦੇ ਸਾਮਰਾਜ ਹੀ ਜਾਬਰ ਅਤੇ ਲੁਟੇਰੇ ਹਨ।

"ਪ੍ਰੀਤ ਲੜੀ" ਵਿਚ ਬੜੇ ਹੀ ਥੋੜੇ ਲੇਖਕ ਛਪਦੇ ਹੁੰਦੇ ਸਨ। ਜਿਹੜੇ ਛਪਦੇ ਹੁੰਦੇ ਸਨ, ਉਹ ਮੈਨੂੰ ਕੀ, ਸਭਨਾਂ ਨੂੰ ਹੀ ਵੱਡੇ ਜਾਪਦੇ ਹੁੰਦੇ ਸਨ। ਹੁੰਦੇ ਵੀ ਉਹ ਵੱਡੇ ਹੀ ਸਨ। ਗੁਰਬਖ਼ਸ਼ ਸਿੰਘ, ਨੌਰੰਗ ਸਿੰਘ, ਆਵਾਰਾ, ਸਹਿਰਾਈ ਤੇ ਡਾ: ਜੀ. ਬੀ. ਸਿੰਘ, ਆਦਿ। ਈਰਖਾ ਨਹੀਂ ਸੀ ਹੁੰਦੀ ਉਦੋਂ। ਸਾਰੇ ਉਹਨਾਂ ਨੂੰ ਇੱਜ਼ਤ ਅਤੇ ਸਤਿਕਾਰ ਨਾਲ ਦੇਖਦੇ ਹੁੰਦੇ ਸਨ। ਈਰਖਾ ਵੀ ਸੀ, ਪਰ ਉਹ "ਪ੍ਰੀਤ ਲੜੀ" ਨਾਲ, ਗੁਰਬਖ਼ਸ਼ ਸਿੰਘ ਦੀ ਕਲਮ ਅਤੇ ਵਿਚਾਰਾਂ ਨਾਲ ਹੁੰਦੀ ਸੀ, ਅਤੇ, ਇਹ ਸਿੱਖ ਫ਼ਿਰਕਾਪ੍ਰਸਤੀ ਵਲੋਂ ਹੁੰਦੀ ਸੀ। ਲਿਖਦੇ ਤਾਂ ਗੁਰਬਖ਼ਸ਼ ਸਿੰਘ ਸਿੱਖ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਦੇ ਅਨੁਸਾਰ ਹੀ ਸਨ ਜੋ ਧਾਰਮਿਕ ਅਡੰਬਰਾਂ-ਦਿਖਾਵਿਆਂ ਦੇ ਵਿਰੁਧ ਸਨ, ਪਰ ਸਿੱਖ ਫ਼ਿਰਕਾਪ੍ਰਸਤੀ ਵਲੋਂ ਗੁਰਬਖ਼ਸ਼ ਸਿੰਘ ਤੇ "ਪ੍ਰੀਤ ਲੜੀ" ਨੂੰ ਨਾਸਤਕ ਆਖਿਆ ਜਾਣ ਲੱਗਾ। ਸ਼੍ਰੋਮਣੀ ਕਮੇਟੀ ਵਲੋਂ "ਪ੍ਰੀਤ ਲੜੀ" ਦੇ ਬਾਈਕਾਟ ਦਾ ਮਤਾ ਪਾਸ ਕੀਤਾ ਗਿਆ। ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮਾਂ ਨੂੰ "ਪ੍ਰੀਤ ਲੜੀ" ਪੜ੍ਹਨ ਦੀ ਮਨਾਹੀ ਸੀ। ਭਾਵੇਂ ਇਹ ਮੁਲਾਜ਼ਮ ਫੇਰ ਵੀ ਚੋਰੀ-ਛਿਪੇ ਪੜ੍ਹਦੇ ਹੁੰਦੇ।

ਇਹ ਹਾਲਤ ਇਕ-ਦੋ ਵਰ੍ਹੇ ਮਗਰੋਂ ਪੈਦਾ ਹੋਈ ਸੀ। ਪਹਿਲਾਂ ਇਹਨਾਂ ਹਲਕਿਆਂ ਵਲੋਂ "ਪ੍ਰੀਤ ਲੜੀ" ਸਲਾਹੀ ਵੀ ਗਈ।

ਗੱਲ, ਗੁਰੂ ਗੋਬਿੰਦ ਸਿੰਘ ਬਾਰੇ, ਗੁਰਬਖ਼ਸ਼ ਸਿੰਘ ਵਲੋਂ ਲਿਖੇ ਇਕ ਲੇਖ ਨਾਲ ਵਿਗੜੀ ਸੀ। ਲੇਖ "ਪਰਮ ਮਨੁੱਖ" ਸੀ। ਕਿਹਾ ਗਿਆ ਕਿ ਲੇਖਕ ਵਲੋਂ ਗੁਰੂ ਗੋਬਿੰਦ ਸਿੰਘ ਨੂੰ "ਮਨੁੱਖ" ਕਿਉਂ ਕਿਹਾ ਗਿਆ ਹੈ। ਉਹ ਇਕ ਅਵਤਾਰ ਸਨ। "ਪਰਮ ਮਨੁੱਖ" ਪੁਸਤਕ ਵਿਚ ਇਹ ਸਾਰਾ ਕੁਝ ਹੀ ਦਰਜ ਹੈ। ਗੁਰੂ ਨਾਨਕ, ਗੁਰੂ ਅਰਜਨ, ਸ੍ਰੀ ਗੁਰੂ ਗੋਬਿੰਦ ਸਿੰਘ ਤੇ ਸਾਹਿਬਜ਼ਾਦਿਆਂ ਬਾਰੇ ਲਿਖੇ ਗੁਰਬਖ਼ਸ਼ ਸਿੰਘ ਦੇ ਲੇਖ ਵੀ ਤੇ "ਪਰਮ ਮਨੁੱਖ" ਲੇਖ ਬਾਰੇ ਚੱਲਿਆ ਵਾਦ-ਵਿਵਾਦ ਵੀ। ਮੈਂ ਇਹ ਪੁਸਤਕ ਪੜ੍ਹੀ ਤਾਂ ਮੈਨੂੰ "ਪ੍ਰੀਤ ਲੜੀ" ਅਤੇ ਗੁਰਬਖ਼ਸ਼ ਸਿੰਘ ਹੋਰ ਵੀ ਚੰਗੇ ਲੱਗੇ।

ਹੁਣ ਮੈਂ ਚਾਹੁੰਦਾ ਹੁੰਦਾ ਸਾਂ ਕਿ ਇਹੋ ਜਿਹਾ ਲਿਖਾਂ ਕਿ "ਪ੍ਰੀਤ ਲੜੀ" ਵਿਚ ਛਪਣ ਲੱਗਾਂ। "ਪ੍ਰੀਤ ਲੜੀ" ਵਿਚ ਛਪਣ ਵਾਲਾ ਲੇਖਕ ਨਹੀਂ, ਬੁੱਧੀਮਾਨ ਲੇਖਕ ਮੰਨਿਆ ਜਾਂਦਾ ਸੀ। ਆਮ ਨਾਲੋਂ ਉੱਚਾ ਤੇ ਰੌਸ਼ਨੀ ਨਾਲ ਭਰਿਆ ਹੋਇਆ।

# ਕਹਾਣੀਆਂ ਵੀ ਲਿਖਣ ਲੱਗਾ

ਹੁਣ ਤਕ ਮੈਂ ਕੇਵਲ ਕਵਿਤਾ ਲਿਖਣ ਵੱਲ ਹੀ ਰੁਚਿਤ ਸਾਂ। ਹੁਣ ਮੈਂ ਕਹਾਣੀ ਲਿਖਣ ਲਈ ਵੀ ਆਪਣੀ ਕਲਮ ਚੁੱਕੀ।

ਪਰ, ਕਹਾਣੀ ਲਿਖਣ ਲਈ ਪ੍ਰੇਰਨਾ ਮੈਨੂੰ ਕਿਵੇਂ ਹੋਈ ? ਇਹ ਪ੍ਰੇਰਨਾ ਮੈਨੂੰ ਇਕ ਦਰਜ਼ੀ ਕੋਲੋਂ ਮਿਲੀ ਸੀ ਜਿਸ ਨੂੰ ਸਾਹਿਤ ਪੜ੍ਹਨ ਦਾ ਵੀ ਕੁਝ-ਨਾ-ਕੁਝ ਸ਼ੌਕ ਸੀ। ਨਾਭੇ ਦੇ ਬਾਜ਼ਾਰ ਵਿਚ ਉਹ ਥੜੇ ਉਤੇ ਕੰਮ ਕਰਦਾ। ਥੋੜਾ ਜਿਹਾ ਦੂਰੋਂ ਉਹ ਮੇਰਾ ਰਿਸ਼ਤੇਦਾਰ ਵੀ ਸੀ ਤੇ ਥੋੜਾ-ਥੋੜਾ ਮਿੱਤਰ ਵੀ। ਸਾਫ਼ ਹੈ ਕਿ ਮੇਰੇ ਕਵੀ ਹੋਣ ਤੋਂ ਉਹ ਵਾਕਿਫ਼ ਹੀ ਸੀ। ਇਕ ਦਿਨ ਮੈਂ ਉਂਜੇ ਉਸਦੇ ਕੋਲ ਬੈਠਾ ਹੋਇਆ ਸਾਂ। ਗੁਰਬਖ਼ਸ਼ ਸਿੰਘ ਦੀ ਪੁਸਤਕ "ਪ੍ਰੀਤ ਕਹਾਣੀਆਂ" ਉਹਨੀਂ ਦਿਨੀਂ ਉਸ ਨਵੀਂ-ਨਵੀਂ ਹੀ ਪੜ੍ਹੀ ਸੀ ਤੇ ਉਸ ਤੋਂ ਉਹ ਪ੍ਰਭਾਵਿਤ ਸੀ। ਤਦੇ ਉਹ ਮੈਨੂੰ ਆਖਣ ਲੱਗਾ : "ਯਾਰ, ਧੀਰ, ਤੂੰ ਕਹਾਣੀਆਂ ਲਿਖਿਆ ਕਰ।" ਉਹਨੇ "ਪ੍ਰੀਤ ਕਹਾਣੀਆਂ" ਆਪਣੇ ਫੱਟੇ ਹੇਠੋਂ ਕੱਢੀ ਤੇ ਮੇਰੇ ਅੱਗੇ ਰੱਖਦੇ ਕਿਹਾ : "ਆਹ ਪ੍ਰੀਤ ਕਹਾਣੀਆਂ ਨੇ, ਗੁਰਬਖ਼ਸ਼ ਸਿੰਘ ਦੀ ਪੁਸਤਕ, ਇਹੋ ਜਿਹੀਆਂ ਲਿਖਿਆ ਕਰ। ਕਹਾਣੀਆਂ ਨੇ ਕੋਈ ਇਹ ! ਬਹੁਤ ਵਧੀਆ ਪੁਸਤਕ ਐ।" ਮੈਂ ਕਿਤਾਬ ਲਈ ਤੇ ਪੜ੍ਹੀ। ਮੈਂ ਵੀ ਬਹੁਤ ਪ੍ਰਭਾਵਿਤ ਹੋਇਆ। "ਪ੍ਰੀਤ ਲੜੀ" ਤਾਂ ਭਾਵੇਂ ਕਾਫ਼ੀ ਚਿਰ ਤੋਂ ਪੜ੍ਹਨ ਲੱਗ ਪਿਆ ਸਾਂ ਮੈਂ, ਪਰ ਮੈਂ ਇਹ ਕਿਤਾਬ "ਪ੍ਰੀਤ ਕਹਾਣੀਆਂ" ਨਹੀਂ ਸੀ ਪੜ੍ਹੀ ਅਜੇ। 1943 ਜਾਂ 44 ਦੀ ਹੈ ਗੱਲ ਇਹ।

ਤਦੇ ਮੇਰੇ ਜੀਵਨ ਵਿਚ ਇਕ ਘਟਨਾ ਜਿਹੀ ਵਾਪਰ ਗਈ। ਘਟਨਾ ਖ਼ੁਸ਼ਗਵਾਰ ਸੀ। ਇਸ ਬਾਰੇ ਮੈਂ ਆਪਣੇ ਨੇੜੇ ਦੇ ਦੋਸਤਾਂ ਨੂੰ ਦੱਸਿਆ ਕਰਾਂ। 1945 ਸੀ। ਫ਼ਰਵਰੀ ਕਿ ਮਾਰਚ। ਇਕ ਦਿਨ ਮੈਂ ਇਹਨੂੰ ਲਿਖਣ ਲਈ ਆਪਣੀ ਕਲਮ ਚੁੱਕ ਲਈ। ਭਾਵ ਸੀ ਕਿ ਇਹ ਗੱਲ ਮੈਂ ਦੁਨੀਆਂ ਨੂੰ ਹੀ ਦੱਸ ਦਿਆਂ। ਦੋਸਤਾਂ ਨਾਲ ਗੱਲ ਬੜੇ ਆਮ ਢੰਗ ਨਾਲ ਹੁੰਦੀ ਸੀ ਤੇ ਕਿਸੇ ਰਖ-ਰਖਾਓ ਆਦਿ ਦੀ ਲੋੜ ਨਹੀਂ ਸੀ ਹੁੰਦੀ ਮੈਨੂੰ। ਪਰ ਹੁਣ ਸਭ ਨੂੰ ਦੱਸਣ ਵੇਲੇ ਰੱਖ-ਰਖਾਓ ਦੀ ਲੋੜ ਸੀ। ਥੋੜੇ ਜਿਹੇ ਤਕੱਲੁਫ਼ ਜਾਂ ਥੋੜੇ ਜਿਹੇ ਉਹਲੇ ਦੀ। ਇਸੇ ਰੱਖ-ਰਖਾਓ, ਤਕੱਲੁਫ਼ ਜਾਂ ਉਹਲੇ ਵਿਚੋਂ ਕਲਾ ਦਾ ਜਨਮ ਹੁੰਦਾ ਹੈ। ਜਿਹੋ ਜਿਹੀ ਬੋਲੀ ਜਾਂ ਸ਼ੈਲੀ ਜਾਂ ਲਹਿਜੇ ਵਿਚ ਮੈਂ ਆਪਣੇ ਨੇੜੇ ਦੇ ਦੋਸਤਾਂ ਨਾਲ ਇਹ ਗੱਲ ਕਰ ਸਕਦਾ ਸਾਂ, ਉਹੋ ਜਿਹੀ ਬੋਲੀ ਜਾਂ ਸ਼ੈਲੀ ਜਾਂ ਲਹਿਜੇ ਵਿਚ ਸਭਨਾਂ ਲੋਕਾਂ ਨਾਲ

ਨਹੀਂ। ਏਥੇ ਮੈਨੂੰ ਵੱਖਰੀ ਕਿਸਮ ਦੇ ਲਫ਼ਜ਼ਾਂ ਦੀ ਜ਼ਰੂਰਤ ਸੀ ਤੇ ਵੱਖਰੀ ਕਿਸਮ ਦੇ ਲਹਿਜੇ ਦੀ। ਸੋ ਮੈਂ ਇਸ ਨੂੰ ਬੜੇ ਹੀ ਸੁੰਦਰ ਲਫ਼ਜ਼ਾਂ ਵਿਚ ਬਿਆਨ ਕੀਤਾ। ਆਪਣੇ ਆਪ ਹੀ ਸੁੰਦਰ ਅਤੇ ਢੁੱਕਵੇਂ ਲਫ਼ਜ਼ ਆਉਂਦੇ ਗਏ। ਕਿਉਂਕਿ ਇਹਨਾਂ ਦੀ ਲੋੜ ਸੀ। ਇਹ ਲੋੜ ਅਚੇਤ ਹੀ ਮੇਰੇ ਮਨ ਵਿਚ ਪੈਦਾ ਹੋ ਗਈ ਸੀ।

ਇਹ ਪਿਆਰ ਕਹਾਣੀ ਸੀ। 'ਕੁਆਰੀ ਪ੍ਰੀਤ" ਹੈ ਇਸਦਾ ਨਾਂ। "ਸਿੱਟਿਆਂ ਦੀ ਛਾਂ" ਮੇਰਾ ਪਹਿਲਾ ਕਹਾਣੀ ਸੰਗ੍ਰਹਿ ਹੈ। ਇਹ ਪਹਿਲੀ ਕਹਾਣੀ ਹੈ। "ਸਿੱਟਿਆਂ ਦੀ ਛਾਂ" ਵਿਚ ਇਹ ਸਭ ਤੋਂ ਅੱਗੇ ਛਪੀ ਹੈ।

ਗੁਰਬਖ਼ਸ਼ ਸਿੰਘ ਦਾ ਮੇਰੇ ਉਤੇ ਬਹੁਤ ਹੀ ਪ੍ਰਭਾਵ ਸੀ। ਗੁਰਬਖ਼ਸ਼ ਸਿੰਘ ਜਾਂ "ਪ੍ਰੀਤ ਲੜੀ" ਦਾ ਫ਼ਲਸਫ਼ਾ "ਪ੍ਰੀਤ" ਸੀ। ਪ੍ਰੀਤ ਵੀ ਸਗੋਂ ਸਹਿਜ ਪ੍ਰੀਤ। "ਸਹਿਜ" ਦਾ ਤਾਂ ਮੇਰੇ ਉਤੇ ਏਨਾ ਅਸਰ ਨਹੀਂ ਸੀ, ਪਰ "ਪ੍ਰੀਤ" ਦਾ ਬਹੁਤ ਅਸਰ ਸੀ। ਪ੍ਰੀਤ ਸੌਖੀ ਚੀਜ਼ ਸੀ, ਸਹਿਜ ਪ੍ਰੀਤ ਔਖੀ ਚੀਜ਼। ਇਸ ਲਈ ਇਹ ਔਖੀ ਚੀਜ਼ ਮੈਥੋਂ ਥੋੜਾ ਪਰੇ ਹੀ ਰਹੀ। ਕਹਾਣੀ ਦੀ ਘਟਨਾ ਵਿਚ ਵੀ ਤੇ ਮੇਰੇ ਵਰਣਨ ਵਿਚ ਵੀ। ਥੀਮ ਜ਼ਰੂਰ ਉਹੀਓ ਸੀ। ਪਿਆਰ ਦੀ ਜਾਂ ਪ੍ਰੀਤ ਦੀ। ਇਸੇ ਲਈ ਅਚੇਤ ਹੀ ਮੈਥੋਂ ਇਸ ਕਹਾਣੀ ਦਾ ਨਾਂ "ਕੁਆਰੀ ਪ੍ਰੀਤ" ਰਖਿਆ ਗਿਆ। ਥੀਮ ਤੇ ਸਿਰਲੇਖ ਵਿਚ ਗੁਰਬਖ਼ਸ਼ ਸਿੰਘ ਦਾ ਅਸਰ ਹੈ, ਬਾਕੀ ਕਿਸੇ ਗੱਲ ਵਿਚ ਨਹੀਂ। ਬੋਲੀ ਮੇਰੀ ਵੱਖ ਸੀ, ਸ਼ੈਲੀ ਮੇਰੀ ਵੱਖ ਸੀ। ਮੈਂ ਸਿੱਧਾ-ਸਾਦਾ ਪੇਂਡੂ ਸਾਂ। ਮੇਰੀ ਬੋਲੀ ਵੀ ਪੇਂਡੂ ਸੀ ਤੇ ਮੇਰੀ ਸ਼ੈਲੀ ਵੀ ਪੇਂਡੂ ਸੀ। ਮੈਂ ਮਾਲਵੇ ਦਾ ਵਾਸੀ ਸਾਂ। ਮੇਰੀ ਬੋਲੀ ਵਿਚ ਮਾਲਵੇ ਦਾ ਆਉਣਾ ਬੜਾ ਜ਼ਰੂਰੀ ਸੀ। ਮੇਰੇ ਪਾਤਰ ਵੀ ਪੇਂਡੂ ਸਨ ਤੇ ਸਨ ਵੀ ਜਿਊਂਦੇ-ਜਾਗਦੇ। ਇਸ ਲਈ ਮੈਂ ਜ਼ਿੰਦਗੀ ਦੇ ਸੱਚ ਦੇ ਬਹੁਤ ਨੇੜੇ ਰਿਹਾ।

ਇਸ ਕਹਾਣੀ ਦੀ ਮੁੱਖ ਪਾਤਰ ਪਿੰਡ ਦੀ ਇਕ ਕੁੜੀ ਹੈ ਜੋ ਬੜੀ ਹੀ ਦਲੇਰ ਹੈ। ਚਲਨ ਅਤੇ ਬੋਲੀ ਉਸਦੇ ਦੋਵੇਂ ਡਾਂਗ ਵਰਗੇ ਹਨ। ਕਿਸੇ ਨੇ ਕਹਾਣੀ ਸੁਣ ਕੇ ਉਸ ਕੁੜੀ ਦੇ ਬਾਰੇ ਕਿਹਾ : "ਕੈਰੈਕਟਰ ਹੈ ਕੋਈ ਕੁੜੀ ਦਾ ! ਡਾਂਗ ਵਰਗਾ ਚਲਨ ਹੈ !"

ਇਹ ਕਹਾਣੀ ਲਿਖਕੇ ਮੈਂ ਬੱਸ ਜਿਹੀ ਕਰ ਗਿਆ ਸਾਂ। ਕਹਾਣੀਕਾਰ ਬਣਨ ਲਈ ਤਾਂ ਮੈਂ ਇਹ ਲਿਖੀ ਹੀ ਨਹੀਂ ਸੀ। ਮੈਂ ਤਾਂ ਆਪਣੇ ਦਿਲ ਦੀ ਗੱਲ, ਜੋ ਦੱਸੂੰ-ਦੱਸੂੰ ਕਰ ਰਹੀ ਸੀ, ਸਭ ਨੂੰ ਦੱਸਣ ਲਈ ਲਿਖੀ ਸੀ। ਜਦੋਂ ਦੱਸੀ ਗਈ ਤਾਂ ਗੱਲ ਖ਼ਤਮ ਹੋ ਗਈ ਸੀ। ਪਰ ਨਹੀਂ, ਇਹ ਖ਼ਤਮ ਹੋਣ ਵਾਲੀ ਗੱਲ ਨਹੀਂ ਸੀ। ਕਿਉਂਕਿ ਗੱਲ ਇਕੋ ਥੋੜਾ ਸਾਡੇ ਮਨ ਵਿਚ ਹੁੰਦੀ ਹੈ ਜੋ ਦੱਸਿਆ ਜਾਣਾ ਚਾਹੁੰਦੀ ਹੈ। ਬੜੀਆਂ ਗੱਲਾਂ ਹੁੰਦੀਆਂ ਹਨ ਤੇ ਵੰਨ-ਸੁਵੰਨੀਆਂ ਹੁੰਦੀਆਂ ਹਨ। ਕਈ ਗੱਲਾਂ ਪਹਿਲੀ ਉਮਰ ਦੀਆਂ ਦੱਸਣ ਵਾਲੀਆਂ ਹੁੰਦੀਆਂ ਹਨ ਤੇ ਕਈ ਨਾਲ ਦੀ ਨਾਲ ਵੀ ਦੱਸਣ ਵਾਲੀਆਂ ਹੋ ਜਾਂਦੀਆਂ ਹਨ। ਇਸ ਸੰਬੰਧੀ ਸਾਡੀ ਸਭ ਦੀ ਆਪਣੀ ਲੋੜ ਹੁੰਦੀ ਹੈ। ਕਿਹੜੀ ਗੱਲ ਸਾਡੀ ਕਿਸੇ ਨੂੰ ਦੱਸਣ ਵਾਲੀ ਹੁੰਦੀ ਹੈ ਇਹ ਸਾਡੀ ਸਭ ਦੀ ਆਪਣੀ ਮਾਨਸਿਕ ਬਣਤਰ ਦੇ ਅਨੁਸਾਰ ਹੈ। ਸਾਡਾ ਪੂਰਾ ਵਿਅਕਤਿਤਵ ਸਾਡੀ ਗੱਲ ਦੇ ਪਿਛੇ ਹੁੰਦਾ ਹੈ। ਸਗੋਂ ਸਾਡੀ

ਪੂਰੀ ਦੁਨੀਆਂ। ਇਸੇ ਲਈ ਹੀ ਕਹਿੰਦੇ ਹਨ ਕਿ ਚੰਗਾ ਸਾਹਿਤ, ਕਿਸੇ ਦਾ ਵੀ, ਸਮੁੱਚੇ ਆਲੇ-ਦੁਆਲੇ ਦੇ ਪ੍ਰਸੰਗ ਵਿਚ ਰਚਿਆ ਹੁੰਦਾ ਹੈ। ਇਹ ਸਮੁੱਚਾ ਆਲਾ-ਦੁਆਲਾ ਸਾਡੀ ਦੁਨੀਆਂ ਹੁੰਦੀ ਹੈ—ਹਰ ਲੇਖਕ ਦੀ ਆਪਣੀ ਦੁਨੀਆਂ।

ਲਗਭਗ ਇਹਨਾਂ ਦਿਨਾਂ ਵਿਚ ਹੀ, ਫ਼ਰਵਰੀ ਜਾਂ ਮਾਰਚ ਵਿਚ, 1946 ਵਿਚ, ਯਨੀ ਪੂਰੇ ਵਰ੍ਹੇ ਬਾਅਦ, ਮੈਂ ਆਪਣੀ ਦੂਜੀ ਕਹਾਣੀ ਲਿਖੀ ਜਿਸ ਦਾ ਨਾਂ "ਦੋ ਚਿੱਠੀਆਂ" ਹੈ। ਇਹ ਕਹਾਣੀ, ਪਹਿਲੀ ਵਰਗੀ, ਆਪ-ਬੀਤੀ ਨਹੀਂ ਸੀ, ਸਗੋਂ ਇਹ ਜੱਗ-ਬੀਤੀ ਸੀ। ਉਂਜ ਇਹ ਵੀ ਸੱਚ ਹੈ ਕਿ ਆਪ-ਬੀਤੀ ਇਕ ਤਰ੍ਹਾਂ ਨਾਲ ਜੱਗ-ਬੀਤੀ ਹੁੰਦੀ ਹੈ; ਜੱਗ-ਬੀਤੀ, ਆਪ-ਬੀਤੀ। ਅਸੀਂ ਭਾਵੇਂ ਆਪਣੇ ਆਪ ਵਿਚ ਇਕ ਇਕਾਈ ਹੁੰਦੇ ਹਾਂ, ਪਰ ਅਸੀਂ ਨਾਲ ਦੀ ਨਾਲ ਪੂਰੇ ਜੱਗ ਦਾ ਹਿੱਸਾ ਵੀ ਹੁੰਦੇ ਹਾਂ। ਸਾਡਾ ਰਿਸ਼ਤਾ ਕਤਰੇ ਅਤੇ ਸਮੁੰਦਰ ਵਰਗਾ ਹੁੰਦਾ ਹੈ। ਕਤਰ, ਠੀਕ, ਸਮੁੰਦਰ ਨਹੀਂ; ਪਰ ਕਤਰਿਆਂ ਦੇ ਨਾਲ ਹੀ ਸਮੁੰਦਰ ਬਣਿਆ ਹੁੰਦਾ ਹੈ।

ਦੂਜੀ ਜੰਗ ਦੇ ਦਿਨ ਸਨ। ਕਿਸੇ ਫ਼ੌਜੀ ਨੇ ਆਪਣੇ ਪਿੰਡ ਨੂੰ ਇਕ ਚਿੱਠੀ ਲਿਖੀ ਸੀ ਜਿਹੜੀ ਉਸਦੀ ਮਾਂ ਤੇ ਪਤਨੀ ਦੋਹਾਂ ਵੱਲ ਸੰਬੋਧਨ ਸੀ। ਪੰਜਾਬੀ ਵਿਚ ਫ਼ੌਜੀਆਂ ਦੀ ਬੋਲੀ ਵਾਲੀ ਚਿੱਠੀ ਸੀ। ਇਹ ਚਿੱਠੀ ਉਸ ਪਰਿਵਾਰ ਨੂੰ ਮੈਂ ਸੁਣਾਈ ਸੀ ਪੜ੍ਹਕੇ ਕਦੇ। ਉਸ ਚਿੱਠੀ ਦੀ ਬੋਲੀ ਮੇਰੇ ਮਨ ਵਿਚ ਬੈਠੀ ਹੋਈ ਸੀ। ਦੋ ਕਿ ਤਿੰਨ ਵਰ੍ਹਿਆਂ ਬਾਅਦ, 1946 ਵਿਚ, ਮੇਰੇ ਮਨ ਵਿਚ ਆਪੇ ਇਕ ਪ੍ਰੇਰਨਾ ਜਿਹੀ ਜਾਗੀ ਤੇ ਮੈਂ ਇਹ ਕਹਾਣੀ ਲਿਖਣ ਲਈ ਆਪਣੀ ਕਲਮ ਚੁੱਕ ਲਈ। ਪਹਿਲਾਂ ਫ਼ੌਜੀ ਦੀ ਸੁੱਖ-ਸਾਂਦ ਦੀ, ਖ਼ੁਸ਼ੀਆਂ ਅਤੇ ਸੱਧਰਾਂ ਭਰੀ, ਆਪ, ਆਪਣੀ ਕਲਮ ਨਾਲ ਲਿਖੀ ਚਿੱਠੀ ਆਉਂਦੀ ਹੈ। ਫੇਰ ਉਸਦੀ ਰਜਮਟ ਵਲੋਂ ਮੋਰਚੇ ਉਤੇ ਗੋਲੀ ਲੱਗ ਕੇ ਉਸਦੇ ਮਰਨ ਦੀ ਦੂਜੀ ਚਿਠੀ।

ਜੀਵਨ ਵਿਚ, ਮੈਂ ਕੇਵਲ, ਇਕੋ, ਪਹਿਲੀ ਚਿੱਠੀ ਹੀ ਪੜ੍ਹੀ ਸੀ। ਦੂਜੀ, ਕਹਾਣੀ ਘੜਨ ਲਈ, ਮੈਂ ਆਪਣੇ ਵਲੋਂ ਲਿਖੀ ਸੀ। ਭਾਵੇਂ ਪਹਿਲੀ ਚਿੱਠੀ ਵੀ ਮੈਂ ਆਪਣੇ ਵਲੋਂ ਹੀ ਲਿਖੀ ਸੀ। ਜਿਹੜੀ ਕਿਸੇ ਦੀ ਪੜ੍ਹੀ ਸੀ, ਉਹਨੇ ਕੇਵਲ ਇਸ ਚਿੱਠੀ ਲਈ ਪ੍ਰੇਰਨਾ ਹੀ ਦਿੱਤੀ ਸੀ। ਖ਼ਾਸ ਕਰਕੇ ਬੋਲੀ ਲਈ। ਸੱਧਰਾਂ ਵੀ ਕੁਝ ਉਸ ਚਿੱਠੀ ਤੋਂ ਇਸ ਲਈ ਮੈਂ ਲੈ ਲਈਆਂ ਸਨ।

ਹੁਣ ਮੈਂ ਕਵਿਤਾਵਾਂ ਨਾਲ ਕਹਾਣੀਆਂ ਵੀ ਲਿਖਣ ਲੱਗਾ।

ਪਹਿਲੀ ਕਹਾਣੀ "ਕੁਆਰੀ ਪ੍ਰੀਤ" ਤੇ ਦੂਜੀ "ਦੋ ਚਿੱਠੀਆਂ" ਇਹ ਤਾਂ ਮੈਨੂੰ ਯਾਦ ਹੈ। ਤੀਜੀ ਕਹਾਣੀ ਕਿਹੜੀ ਸੀ ? ਇਹ ਹੁਣ ਮੈਨੂੰ ਯਾਦ ਨਹੀਂ।

ਮੇਰੇ ਕਹਾਣੀ ਲਿਖਣ ਵਿਚ ਇਹ ਕਹਾਣੀਆਂ, ਦੋਵੇਂ ਹੀ, ਇਤਿਹਾਸਕ ਥਾਂ ਰੱਖ ਰਹੀਆਂ ਹਨ। ਪਹਿਲੀਆਂ ਹੋਣ ਕਾਰਨ ਵੀ ਤੇ ਗੁਣਆਤਮਕ ਪੱਖੋਂ ਵੀ। ਇਹ ਕਹਾਣੀਆਂ ਗੁਣਆਤਮਕ ਪੱਖੋਂ ਵੀ ਬਹੁਤ ਸਫਲ ਹਨ।

"ਮੇਰੀਆਂ ਸ੍ਰੇਸ਼ਟ ਕਹਾਣੀਆਂ" ਸੰਕਲਨ ਵਿਚ ਮੈਂ ਇਹਨਾਂ ਦੋਹਾਂ ਨੂੰ ਅੱਗੇ ਰੱਖਿਆ ਹੋਇਆ ਹੈ। ਪਹਿਲਾਂ "ਕੁਆਰੀ ਪ੍ਰੀਤ" ਹੈ, ਦੂਜੀ "ਦੋ ਚਿੱਠੀਆਂ"।

# ਪਹਿਲੀਆਂ ਦੋ ਕਹਾਣੀਆਂ

ਆਮ ਕਰਕੇ, ਬਹੁਤੇ ਲੇਖਕ, ਸਾਰੀ ਦੁਨੀਆਂ ਵਿਚ ਹੀ, ਪਹਿਲਾਂ ਕਵਿਤਾ ਲਿਖਦੇ ਹਨ ਤੇ ਫੇਰ ਵਾਰਤਕ ਲਿਖਦੇ ਹਨ। ਸਾਹਿਤ ਵਿਚ ਵੀ, ਕਹਿੰਦੇ ਹਨ, ਪਹਿਲਾਂ ਕਵਿਤਾ ਆਉਂਦੀ ਹੈ ਤੇ ਫੇਰ ਵਾਰਤਕ ਆਉਂਦੀ ਹੈ। ਮੇਰੇ ਆਪਣੇ ਮਾਮਲੇ ਵਿਚ ਵੀ ਇਸੇ ਤਰ੍ਹਾਂ ਹੀ ਹੋਇਆ ਹੈ। ਪਹਿਲਾਂ ਕਵਿਤਾ ਲਿਖਣ ਲੱਗਾ ਤੇ ਫੇਰ ਕਹਾਣੀ-ਰੂਪ ਵਿਚ ਵਾਰਤਕ ਲਿਖਣ ਲੱਗ ਪਿਆ। ਭੈਣੀ ਸਾਹਿਬ ਦੀਆਂ ਕੰਧਾਂ ਬਾਰੇ ਆਪਣਾ ਪਹਿਲਾ ਲੇਖ ਭਾਵੇਂ ਆਪਣੀ ਪਹਿਲੀ ਕਵਿਤਾ ਨਾਲੋਂ ਮੈਂ ਕੁਝ ਕੁ ਪਹਿਲਾਂ ਹੀ ਲਿਖਿਆਂ ਸੀ, ਪਰ ਏਥੇ ਗੱਲ ਬਾਕਾਇਦਾ ਲਿਖਣਾ ਸ਼ੁਰੂ ਕਰਨ ਦੇ ਬਾਰੇ ਹੀ ਹੈ। ਉਹ ਲੇਖ ਉਂਜੇ ਹੀ ਮੈਂ ਸੁਤੇ-ਸਿਧ ਵਾਹ ਦਿਤਾ ਸੀ। ਉਸਤੋਂ ਪਹਿਲਾਂ ਕਵੀ ਬਣਨ ਲਈ ਪ੍ਰੇਰਨਾ ਮੈਨੂੰ ਹੋ ਚੁੱਕੀ ਸੀ ਤੇ ਤੁਕਾਂ ਜੋੜਨ ਲਈ ਵੀ ਮੈਂ ਘੋਲ ਸ਼ੁਰੂ ਕਰ ਦਿੱਤਾ ਸੀ।

ਸੰਨ 1940 ਵਿਚ ਮੈਂ ਪਹਿਲੀ ਕਵਿਤਾ ਲਿਖੀ ਸੀ; 1945 ਵਿਚ ਮੈਂ ਆਪਣੀ ਪਹਿਲੀ ਕਹਾਣੀ ਲਿਖੀ। ਯਨੀ ਪੰਜਾਂ ਵਰ੍ਹਿਆਂ ਬਾਅਦ ਮੈਂ ਇਸ ਪਾਸੇ ਵੱਲ ਆਇਆ ਸਾਂ। ਇਹ ਥੋੜਾ ਸਮਾਂ ਨਹੀਂ ਸੀ। ਕਵਿਤਾ ਸਾਹਿਤ ਦਾ ਬਚਪਨ ਹੈ, ਵਾਰਤਕ ਹੈ ਬਾਲਿਗ਼ ਉਮਰ। ਇਸ ਹਿਸਾਬ ਪੰਜ ਵਰ੍ਹੇ, ਮੈਂ ਕਾਫ਼ੀ ਬਚਪਨ ਮਾਣਿਆ। ਭਾਵ, ਮੇਰੀ ਕਵਿਤਾ ਨੇ। ਠੀਕ ਸਮੇਂ ਨਾਲ ਹੀ ਮੈਂ ਬਾਲਿਗ਼ੀ ਵਿਚ ਪੈਰ ਧਰਿਆ।

ਇਕ ਗੱਲ ਅਵੱਸ਼ ਏਥੇ ਦੱਸੀ ਜਾਣ ਵਾਲੀ ਹੈ। ਕਵਿਤਾ ਵਿਚ ਮੈਂ ਬਹੁਤ ਹੀ ਨੀਵੇਂ ਪੱਧਰ ਉਤੋਂ ਉਠਿਆ ਸਾਂ, ਕਹਾਣੀ ਵਿਚ ਮੈਂ ਸ਼ੁਰੂ ਵਿਚ ਹੀ ਉੱਚੀ ਪੱਧਰ ਉਤੇ ਰਿਹਾ। ਕਾਰਨ ਕੁਝ ਵੀ ਪਤਾ ਨਹੀਂ। ਕਵਿਤਾ ਵਿਚ ਮੈਂ ਆਪਣੀ ਉੱਚੀ ਪੱਧਰ ਤਕ ਪਹੁੰਚਣ ਲਈ ਬਹੁਤ ਸੰਘਰਸ਼ ਕੀਤਾ ਹੈ—ਸੰਘਰਸ਼ ਜਾਂ ਅਭਿਆਸ, ਜੋ ਵੀ ਇਸਨੂੰ ਆਖਿਆ ਜਾਵੇ। ਕਹਾਣੀ ਵਿਚ ਮੈਂ ਪਹਿਲੀ ਕਹਾਣੀ ਵਿਚ ਹੀ ਬਹੁਤ ਸਫਲ ਰਿਹਾ। ਮੇਰੀ ਪਹਿਲੀ ਕਹਾਣੀ ਹੀ ਸੰਪੂਰਨ ਨਿੱਕੀ ਕਹਾਣੀ ਸੀ। ਬੋਲੀ, ਸ਼ੈਲੀ, ਵਿਸ਼ਾ ਜਾਂ ਬਣਤ-ਗੁਣ, ਹਰ ਪੱਖੋਂ ਸੰਪੂਰਨ। ਇਸੇ ਤਰ੍ਹਾਂ ਦੂਜੀ ਵੀ।

ਸੰਨ 1980 ਵਿਚ ਨਵਯੁਗ ਪਬਲਿਸ਼ਰਜ਼ ਵਲੋਂ ਮੇਰੀਆਂ ਸ੍ਰੇਸ਼ਟ ਕਹਾਣੀਆਂ ਦਾ, ਇਸੇ ਨਾਂ ਨਾਲ ਹੀ, ਸੰਕਲਨ ਛਾਪਿਆ ਗਿਆ ਹੈ। ਇਹ ਕਹਾਣੀਆਂ ਮੇਰੇ ਇਸ ਸੰਕਲਨ ਵਿਚ ਵੀ ਸ਼ਾਮਿਲ ਹਨ ਤੇ ਸਭ ਤੋਂ ਅੱਗੇ ਸ਼ਾਮਿਲ ਹਨ। ਯਨੀ ਇਸ ਸੰਕਲਨ ਵਿਚ ਵੀ,

ਚੋਣਵੇਂ ਸੰਕਲਨ ਵਿਚ ਵੀ, ਇਹ ਕਹਾਣੀਆਂ ਆ ਕੇ ਰਹੀਆਂ। ਛਪੀਆਂ ਵੀ ਇਹ ਸਭ ਤੋਂ ਅੱਗੇ ਲਿਖਣ-ਕ੍ਰਮ ਅਨੁਸਾਰ ਹੀ ਹਨ। ਯਨੀ ਪਹਿਲਾਂ "ਕੁਆਰੀ ਪ੍ਰੀਤ" ਅਤੇ ਦੂਜੀ "ਦੋ ਚਿੱਠੀਆਂ"। ਚੋਣ ਮੈਂ ਆਪ ਕੀਤੀ ਸੀ। ਛੱਡ ਹੀ ਨਹੀਂ ਹੋਈਆਂ ਇਹ। ਉਂਜ ਇਹ ਘੱਟ ਹੀ ਹੁੰਦਾ ਹੈ ਕਿ ਕਿਸੇ ਦੀ ਪਹਿਲੀ ਕਹਾਣੀ ਹੀ, ਜਾਂ ਕਿਸੇ ਦੀ ਕੋਈ ਵੀ ਪਹਿਲੀ ਰਚਨਾ, ਉਸਦੀ ਉੱਤਮ ਰਚਨਾ ਵਜੋਂ ਦਰਜਾ ਹਾਸਿਲ ਕਰ ਸਕੇ। ਪਰ ਮੇਰੀਆਂ ਇਹਨਾਂ ਕਹਾਣੀਆਂ ਨੇ ਇਹ ਦਰਜਾ ਹਾਸਿਲ ਕੀਤਾ ਹੈ। ਮੈਂ ਹੀ ਨਹੀਂ, ਸਾਹਿਤ ਜਗਤ ਵੀ ਮੇਰੇ ਇਸ ਨਿਰਣੇ ਨਾਲ ਅਵੱਸ਼ ਸਹਿਮਤ ਹੋਵੇਗਾ। ਪੰਜਾਬੀ ਸਾਹਿਤ ਜਗਤ ਹੀ ਨਹੀਂ, ਸਗੋਂ ਸਾਰਾ ਸਾਹਿਤ ਜਗਤ। ਭਾਵੇਂ ਕਿਸੇ ਬੋਲੀ ਵਿਚ ਵੀ ਇਹ ਅਨੁਵਾਦ ਕਰ ਦਿੱਤੀਆਂ ਜਾਣ। ਹਾਂ, ਅਨੁਵਾਦ ਠੀਕ ਹੋਣ। ਕਿਉਂਕਿ ਇਹਨਾਂ ਦੀ ਬੋਲੀ ਬੜੀ ਕਾਵਿਮਈ ਤੇ ਪੇਂਡੂ ਹੈ। ਅਜਿਹੀ ਬੋਲੀ ਤਾਂ ਸਾਡੀ ਅੱਜ ਦੀ ਨਸਲ ਲਈ ਵੀ ਓਪਰੀ ਹੈ—ਸਾਡੀ ਪੰਜਾਬੀ ਨਸਲ ਲਈ। ਕਿਉਂਕਿ ਸਾਡੇ ਜੀਵਨ ਵਿਚ ਵੀ ਬਹੁਤ ਤਬਦੀਲੀ ਹੋ ਚੁੱਕੀ ਹੈ।

ਪਹਿਲੀ ਕਹਾਣੀ "ਕੁਆਰੀ ਪ੍ਰੀਤ" ਪਿਆਰ ਦੀ ਕਹਾਣੀ ਹੈ, ਦੂਜੀ ਕਹਾਣੀ "ਦੋ ਚਿੱਠੀਆਂ" ਅਮਨ ਦੀ ਕਹਾਣੀ। ਅਮਨ ਬਾਰੇ ਕੋਈ ਵੀ ਗੱਲ ਇਸ ਵਿਚ ਕੀਤੀ ਨਹੀਂ ਗਈ। ਪਰ ਜੰਗ ਦਾ ਕਰੂਰ ਰੂਪ ਜਦੋਂ ਨਜ਼ਰ ਆਉਂਦਾ ਹੈ ਤਾਂ ਆਪਣੇ ਆਪ ਇਹ ਜੰਗ ਦੇ ਵਿਰੋਧ ਵਿਚ ਜਾ ਰਹਿੰਦੀ ਹੈ। ਜੰਗ ਦੇ ਵਿਰੋਧ ਦਾ ਭਾਵ ਅਮਨ ਦੀ ਹਿਮਾਇਤ ਹੈ।

ਦੋ ਸੰਸਾਰ ਜੰਗਾਂ ਇਸ ਸਦੀ ਵਿਚ ਲੱਗ ਚੁੱਕੀਆਂ ਹਨ। ਸੰਸਾਰ ਵਿਚ ਬੜੀ ਤਬਾਹੀ ਇਹਨਾਂ ਜੰਗਾਂ ਦੇ ਕਾਰਨ ਹੋਈ। ਦੂਜੀ ਜੰਗ ਵਿਚ ਐਟਮ ਬੰਬ ਦੀ ਵਰਤੋਂ ਕੀਤੀ ਗਈ ਸੀ। ਇਹ ਬੰਬ ਜਾਪਾਨ ਦੇ ਦੋ ਸ਼ਹਿਰਾਂ ਉਤੇ ਡਿੱਗੇ ਸਨ--ਹੀਰੋਸ਼ੀਮਾ ਉਤੇ ਤੇ ਨਾਗਾਸਾਕੀ ਉਤੇ। ਸੰਸਾਰ ਬਹੁਤ ਡਰ ਗਿਆ। ਅਮਨ ਲਹਿਰ ਚੱਲੀ। ਸੰਸਾਰ ਵਿਚੋਂ ਜੰਗ ਸਦਾ ਲਈ ਖ਼ਤਮ ਹੋ ਜਾਣੀ ਚਾਹੀਦੀ ਹੈ। ਖ਼ਾਸ ਕਰਕੇ ਇਹੋ ਜਿਹੇ ਰੂਪ ਵਾਲੀ ਵਿਸ਼ਵ ਜੰਗ। ਐਟਮ ਬੰਬ ਨੂੰ ਬੜਾ ਹੀ ਭਿਆਨਕ ਬੰਬ ਸਮਝਿਆ ਗਿਆ। ਭਾਵੇਂ ਫੇਰ ਨਿਊਟਰਨ ਬੰਬ ਤਕ ਵੀ ਬਣ ਗਿਆ। ਪਰ ਅਮਨ ਲਹਿਰ ਇਹਨਾਂ ਸਭ ਬੰਬਾਂ ਦੇ ਖਿਲਾਫ਼ ਸੀ ਤੇ ਇਹਨਾਂ ਸਭਨਾਂ ਜੰਗਾਂ ਦੇ ਵੀ। ਦੋ ਤਾਂ ਹੋ ਹੀ ਚੁੱਕੀਆਂ ਸਨ, ਪਰ ਅਮਨ ਲਹਿਰ ਕਹਿੰਦੀ ਸੀ ਕਿ ਤੀਜੀ ਨਾ ਹੁਣ ਲਾਈ ਜਾਵੇ। ਸੰਸਾਰ ਵਿਚ ਦੋ ਕੈਂਪ ਸਨ। ਸਮਾਜਵਾਦੀ ਕੈਂਪ, ਸਰਮਾਇਆਦਾਰੀ ਕੈਂਪ। ਅਮਨ ਲਹਿਰ ਸਮਾਜਵਾਦੀ ਕੈਂਪ ਨੇ ਸ਼ੁਰੂ ਕੀਤੀ ਸੀ ਜਿਸਦਾ ਆਗੂ ਰੂਸ ਸੀ – ਸਮਾਜਵਾਦੀ ਸੋਵੀਅਤ ਰੂਸ। ਕਹਿਣਾ ਉਸਦਾ ਇਹ ਸੀ ਕਿ ਠੀਕ, ਅਸੀਂ ਦੋ ਵਿਚਾਰਧਾਰਾਵਾਂ ਦੇ ਪ੍ਰਤੀਨਿਧ ਹਾਂ – ਵਿਰੋਧੀ ਵਿਚਾਰਧਾਰਾਵਾਂ ਦੇ – ਤੇ ਚਾਹੁੰਦੇ ਹਾਂ ਕਿ ਦੁਨੀਆਂ ਵਿਚ ਰਾਜਪ੍ਰਬੰਧ ਸਾਡੇ ਹੀ ਵਿਚਾਰਾਂ ਦੇ ਅਨੁਸਾਰ ਹੋਣ। ਪਰ ਇਸਦਾ ਫੈਸਲਾ ਜੰਗਾਂ-ਬੰਬਾਂ ਨੂੰ ਨਹੀਂ ਕਰਨਾ ਚਾਹੀਦਾ, ਸਗੋਂ ਇਹ ਗੱਲ ਲੋਕਾਂ ਉਤੇ ਹੀ ਛੱਡੀ ਜਾਣੀ ਚਾਹੀਦੀ ਹੈ। ਵਿਚਾਰਾਂ ਨਾਲ ਵਿਚਾਰ ਭਿੜਨ,

ਵਿਚਾਰਾਂ ਦੀ ਥਾਂ ਬੰਬ ਨਾ ਭਿੜਨ। ਇਹ ਬੜੀ ਵਧੀਆ ਲਹਿਰ ਸੀ। ਮਨੁੱਖ ਦੀ ਹਿਤੈਸ਼ੀ ਲਹਿਰ। ਇਸ ਲਹਿਰ ਦੇ ਅਸਰ ਹੇਠ ਦੁਨੀਆਂ ਭਰ ਵਿਚ, ਸਭ ਕਲਾਵਾਂ ਵਿਚ, ਉੱਚ ਕੋਟੀ ਦੀ ਸਿਰਜਣਾ ਹੋਈ। ਪਾਬਲੋ ਪਿਕਾਸੋ ਨੇ ਅਮਨ ਦੀ ਘੁੱਗੀ ਦਾ ਚਿੱਤਰ ਵਾਹਿਆ ਜੋ ਅਮਨ ਦਾ ਚਿੰਨ੍ਹ ਹੀ ਬਣ ਗਿਆ। ਪਾਬਲੋ ਨੇਰੂਦਾ ਨੇ ਅਮਨ ਦੀਆਂ ਕਵਿਤਾਵਾਂ ਲਿਖੀਆਂ। ਦੁਨੀਆਂ ਭਰ ਦੇ ਕਵੀਆਂ ਅਤੇ ਸਾਹਿਤਕਾਰਾਂ ਨੇ ਕਲਮ ਵਾਹੀ। ਸਾਡੀ ਪੰਜਾਬੀ ਬੋਲੀ ਉਤੇ ਵੀ ਇਸਦਾ ਬਹੁਤ ਪ੍ਰਭਾਵ ਪਿਆ। ਮੈਂ ਵੀ ਕਈ ਕਵਿਤਾਵਾਂ ਲਿਖੀਆਂ। ਇਕ-ਦੋ ਕਹਾਣੀਆਂ ਵੀ। ਬਹੁਤ ਮਗਰੋਂ ਆ ਕੇ ਨਵਲ "ਯਾਦਗਾਰ" ਵੀ ਲਿਖਿਆ ਹੈ ਜੋ ਵਾਤੱਸਲ ਪਿਆਰ ਅਤੇ ਵਿਸ਼ਵ ਅਮਨ ਦਾ ਨਾਵਲ ਹੈ। ਪਰ ਇਹ ਕਹਾਣੀ "ਦੋ ਚਿੱਠੀਆਂ" ਜਿਸ ਸਮੇਂ ਮੈਂ ਲਿਖੀ ਸੀ, ਉਦੋਂ ਅਮਨ ਲਹਿਰ ਕਿਤੇ ਨੇੜੇ-ਤੇੜੇ ਵੀ ਨਹੀਂ ਸੀ। ਅਮਨ ਲਹਿਰ 1950 ਵਿਚ ਸ਼ੁਰੂ ਹੋਈ ਸੀ। ਇਹ ਕਹਾਣੀ ਮੈਂ 1946 ਵਿਚ ਲਿਖੀ ਸੀ। ਚਾਰ ਵਰ੍ਹੇ ਪਹਿਲਾਂ।

ਅਮਨ ਬਾਰੇ ਮੈਂ ਜੋ ਕਹਾਣੀਆਂ ਚੇਤਨ ਹੋ ਕੇ ਲਿਖੀਆਂ ਸਨ, ਉਹ ਇਸਦੇ ਤੁੱਲ ਨਹੀਂ ਸਨ। ਉਹਨਾਂ ਵਿਚੋਂ ਇਕ-ਦੋ ਤਾਂ ਕਾਫ਼ੀ ਹਲਕੀਆਂ ਜਿਹੀਆਂ ਸਨ। ਉਹ ਜਾਣ-ਬੁੱਝ ਕੇ ਲਿਖੀਆਂ ਸਨ, ਇਹ ਸਹਿਜ ਭਾਵ ਨਾਲ, ਆਪਣੇ ਆਪ ਹੀ, ਮੈਥੋਂ ਲਿਖ ਹੋ ਗਈ ਸੀ।

ਉਹ ਕਹਾਣੀਆਂ ਸੱਚ ਨਹੀਂ, ਪਰਚਾਰ ਜਿਹਾ ਬਣ ਗਈਆਂ ਸਨ। ਇਹ ਸੱਚ ਸੀ ਤੇ ਕਲਾ ਸੀ। ਇਸ ਵਿਚ ਜੀਵਨ ਆਪਣੇ ਅਸਲੀ ਰੂਪ ਵਿਚ ਪੇਸ਼ ਹੋ ਸਕਿਆ ਸੀ।

ਆਪਣੀ ਪਹਿਲੀ ਕਹਾਣੀ "ਕੁਆਰੀ ਪ੍ਰੀਤ" ਬਾਰੇ ਮੈਂ ਥੋੜਾ ਹੋਰ ਵੀ ਦੱਸ ਹੀ ਦਿਆਂ। ਮੈਂ ਤਾਂ ਇਹਨੂੰ "ਮੇਰੀਆਂ ਸ੍ਰੇਸ਼ਟ ਕਹਾਣੀਆਂ" ਵਿਚ ਸ਼ਾਮਿਲ ਕਰਕੇ ਆਪ ਮਾਨਤਾ ਦਿੱਤੀ ਹੀ ਹੈ, ਪਰ ਇਹਨੇ ਇਸਤੋਂ ਬਹੁਤ ਪਹਿਲਾਂ, ਲਗਭਗ ਜਨਮਦੀ ਸਾਰ ਹੀ, ਮੈਥੋਂ ਬਾਹਰੋਂ ਵੀ ਬਹੁਤ ਵੱਡੀ ਮਾਨਤਾ ਪ੍ਰਾਪਤ ਕੀਤੀ।

1946 ਵਿਚ ਜੇ ਮੈਂ ਭੁੱਲਦਾ ਨਹੀਂ ਹਾਂ ਤਾਂ 1946 ਹੀ ਸੀ—ਅੰਮ੍ਰਿਤਾ ਪ੍ਰੀਤਮ ਨੇ ਇਕ ਇਸ਼ਤਿਹਾਰ ਕੁਝ ਇਕ ਮਾਸਿਕ ਪੱਤਰਾਂ ਵਿਚ ਛਪਵਾਇਆ ਸੀ ਕਿ ਉਹ ਇਕ ਕਹਾਣੀ ਸੰਗ੍ਰਹਿ "ਨੇੜੇ ਨੇੜੇ" ਨਾਂ ਦਾ ਸੰਪਾਦਨ ਕਰਨਾ ਚਾਹੁੰਦੇ ਹਨ। ਉਸ ਵਿਚ ਉਹ, ਉਹ ਕਹਾਣੀਆਂ ਸ਼ਾਮਿਲ ਕਰਨਾ ਚਾਹੁਣਗੇ ਜੋ ਸੱਚ ਉਤੇ ਆਧਾਰਤ ਹੋਣ। ਜੋ ਕਹਾਣੀਕਾਰ ਹਨ, ਉਹ ਕਹਾਣੀ ਭੇਜ ਦੇਣ। ਜੋ ਕਹਾਣੀਕਾਰ ਨਹੀਂ, ਪਰ ਉਹਨਾਂ ਨਾਲ ਕੋਈ ਸੱਚੀ ਵਰਤੀ ਘਟਨਾ ਉਹਨਾਂ ਨੂੰ ਯਾਦ ਹੈ, ਉਹ ਘਟਨਾ ਲਿਖ ਕੇ ਭੇਜ ਦੇਣ। ਕਹਾਣੀ-ਰੂਪ ਉਸ ਘਟਨਾ ਨੂੰ ਉਹ ਆਪਣੇ ਵਲੋਂ ਦੇ ਲੈਣਗੇ। ਕਹਾਣੀ ਉਤੇ ਨਾਂ ਵੀ ਉਹਨਾਂ ਦਾ ਛਾਪਿਆ ਨਹੀਂ ਜਾਵੇਗਾ ਜੋ ਛਪਵਾਉਣਾ ਚਾਹੁਣਗੇ ਨਹੀਂ। ਉਹਨਾਂ ਦੀ ਉਸ ਘਟਨਾ ਉਤੇ "ਗੁਮਨਾਮ" ਲਿਖ ਲਿਆ ਜਾਵੇਗਾ।

"ਕੁਆਰੀ ਪ੍ਰੀਤ" ਮੇਰੀ ਕਹਾਣੀ ਸੱਚ ਉਤੇ ਆਧਾਰਤ ਸੀ। ਭਾਵ, ਮੇਰੇ ਆਪਣੇ

ਨਾਲ ਸੱਚੀ ਵਾਪਰੀ ਘਟਨਾ ਉਤੇ। ਇਸ਼ਤਿਹਾਰ ਪੜ੍ਹਿਆ ਤਾਂ ਮੈਂ ਕਹਾਣੀ ਭੇਜ ਦਿੱਤੀ। ਉਦੋਂ ਅੰਮ੍ਰਿਤਾ ਪ੍ਰੀਤਮ ਲਾਹੌਰ ਰਹਿੰਦੇ ਹੁੰਦੇ ਸਨ। ਕੁਝ ਮਹੀਨਿਆਂ ਮਗਰੋਂ "ਨੇੜੇ ਨੇੜੇ" ਛਪ ਜਾਣ ਦਾ ਇਸ਼ਤਿਹਾਰ ਛਾਪਿਆ ਗਿਆ। ਮੇਰੀ ਕਹਾਣੀ ਸ਼ਾਮਿਲ ਸੀ। ਪਰ ਜਿਹੜੇ ਲੇਖਕ ਛਪੇ ਸਨ, ਉਹਨਾਂ ਦੇ ਨਾਂ ਇਹ ਸਨ : ਗੁਰਬਖ਼ਸ਼ ਸਿੰਘ ਪ੍ਰੀਤ ਲੜੀ, ਮੁਲਕ ਰਾਜ ਆਨੰਦ, ਰਾਜਿੰਦਰ ਸਿੰਘ ਬੇਦੀ, ਅੰਮ੍ਰਿਤਾ ਪ੍ਰੀਤਮ, ਕਰਤਾਰ ਸਿੰਘ ਹਿਤਕਾਰੀ, ਸੱਜਾਦ ਹੈਦਰ ਤੇ ਇਕ-ਦੋ ਹੋਰ। ਮੇਰੀ ਕਹਾਣੀ ਅੰਤ ਵਿਚ ਸੀ। ਕਈ ਕਹਾਣੀਆਂ ਉਤੇ "ਗੁਮਨਾਮ" ਵੀ ਛਪਿਆ ਹੋਇਆ ਸੀ।

ਮੇਰੀ ਕਹਾਣੀ ਬਾਰੇ ਰਾਇ ਕਾਫ਼ੀ ਚੰਗੀ ਸੀ ਲਿਖੀ ਹੋਈ ਕਿਤਾਬ ਦੇ ਮੁਖਬੰਧ ਵਿਚ। ਸਭ ਤੋਂ ਪਿਛੇ ਛਾਪਣ ਬਾਰੇ ਇਹ ਆਖਿਆ ਹੋਇਆ ਸੀ : "ਮਾਲਵੇ ਦੀ ਪੰਜਾਬੀ ਹੋਣ ਕਰਕੇ ਬਾਕੀਆਂ ਨਾਲੋਂ ਪਾਸੇ ਜਿਹੀ ਹੋ ਜਾਂਦੀ ਹੈ।"

ਇਹ ਮਾਨਤਾ ਇਸ ਕਹਾਣੀ ਨੂੰ ਮਿਲੀ ਹੋਈ ਛੋਟੀ ਨਹੀਂ ਸੀ—ਮੇਰੀ ਪਹਿਲੀ ਕਹਾਣੀ ਨੂੰ ਹੀ! ਕਾਫ਼ੀ ਸਮਾਂ ਪਹਿਲਾਂ ਮੈਂ "ਮੇਰੀ ਪਹਿਲੀ ਕਹਾਣੀ" ਨਾਂ ਦਾ ਵੱਖ ਲੇਖ ਲਿਖ ਚੁੱਕਾ ਹਾਂ। ਉਸ ਵਿਚ ਮੈਂ ਇਸ ਬਾਰੇ ਹੋਰ ਵਿਸਤਾਰ ਵੀ ਦਿੱਤੇ ਹਨ। ਇਹ ਲੇਖ ਮਾਸਿਕ ਪੱਤਰ "ਆਰਸੀ" ਵਿਚ ਛਪਿਆ ਸੀ, 1976 ਵਿਚ। ਦੇਖੋ, ਹੁਣ ਇਹ ਕਦੋਂ ਕਿਸੇ ਕਿਤਾਬ ਵਿਚ ਵੀ ਛਪਦਾ ਹੈ। ਇਸ ਬਾਰੇ ਆਖ ਸਕਣਾ ਉੱਕਾ ਹੀ ਅਨਿਸ਼ਚਿਤ ਹੈ।

ਅੰਤ ਇਹਨਾਂ ਦੋਹਾਂ ਹੀ ਕਹਾਣੀਆਂ ਦੇ ਦੁਖਾਂਤਕ ਹਨ। ਇਹ ਅੰਤ, ਦੋਹਾਂ ਦੇ ਹੀ, ਮੈਂ ਹੀ ਆਪ ਬਣਾਏ ਹਨ। ਜਾਣ-ਬੁੱਝ ਕੇ ਨਹੀਂ, ਸਗੋਂ ਆਪ ਹੀ ਬਣ ਗਏ। ਹਾਲਾਂਕਿ ਪ੍ਰੇਰਨਾ, ਦੋਹਾਂ ਹੀ ਕਹਾਣੀਆਂ ਦੀ, ਦੁਖਾਂਤ ਰੂਪੀ ਨਹੀਂ ਸੀ। ਫੇਰ ਵੀ ਇਹ ਦੋਵੇਂ ਹੀ ਦੁਖਾਂਤ ਰੂਪ ਹੀ ਲੈ ਗਏ। ਸ਼ਾਇਦ ਇਉਂ ਕਹਾਣੀਆਂ ਵਿਚ ਤਾਕਤ ਵੱਧ ਆਉਂਦੀ ਸੀ। ਜੰਗ ਵਾਲੀ ਕਹਾਣੀ ਵਿਚ ਦੁਖਾਂਤ ਬੜਾ ਜ਼ਰੂਰੀ ਸੀ। ਤਾਹੀਓਂ ਜੰਗ ਭਿਅੰਕਰ ਅਤੇ ਕਰੂਰ ਨਜ਼ਰ ਆ ਸਕਦੀ ਸੀ ਜੋ ਕਿ ਆਉਣੀ ਚਾਹੀਦੀ ਸੀ। ਇਸ ਕਹਾਣੀ ਦੇ ਅੰਤ ਉਤੇ ਦਿਲ ਕੰਬਣ ਲੱਗ ਜਾਂਦਾ ਹੈ।

ਦੂਜੀ ਵਿਚ ਵੀ ਦੁੱਖ ਦਾ ਅੰਤ ਕਾਫ਼ੀ ਚੰਗਾ ਲੱਗਦਾ ਹੈ। ਕਿਉਂਕਿ ਇਹ ਵੀ ਸੱਚ ਹੀ ਹੈ। ਸਾਡੇ ਜਿਹੇ ਸਮਾਜ ਵਿਚ ਪਿਆਰ ਕਿਤੇ ਘੱਟ ਹੀ ਪਰਵਾਨ ਚੜ੍ਹਿਆ ਦਿਸਦਾ ਹੈ। ਨਹੀਂ ਤਾਂ ਹੀਰਾਂ-ਰਾਂਝਿਆਂ ਤੇ ਸੋਹਣੀਆਂ-ਮਹੀਂਵਾਲਾਂ ਵਾਲੇ ਅੰਤ ਹੀ ਬਹੁਤੇ ਹੁੰਦੇ ਹਨ।

1945 ਵਿਚ ਮੈਂ ਇਹ ਕਹਾਣੀ ਲਿਖੀ ਸੀ। ਉਦੋਂ ਇਸਦਾ ਅੰਤ ਇਹੋ ਜਿਹਾ ਹੀ ਹੋ ਸਕਦਾ ਸੀ।

ਹੁਣ ਵੀ ਅਸੀਂ ਮਧ ਕਾਲ ਦੇ ਨੇੜੇ ਹੀ ਰਹਿ ਰਹੇ ਹਾਂ। ਬਹੁਤਾ ਅੱਗੇ ਨਹੀਂ ਵਧੇ।

ਸੁਜਾਨ ਸਿੰਘ ਨੇ ਮੇਰੇ ਬਾਰੇ ਇਕ ਲੇਖ ਵਿਚ ਕਿਹਾ ਹੈ ਕਿ ਮੇਰੀ ਕਵਿਤਾ ਤਾਂ ਹੌਲੀ-ਹੌਲੀ ਉੱਨਤ ਹੁੰਦੀ ਆਈ ਹੈ, ਪਰ ਮੇਰੀ ਕਹਾਣੀ ਮੁੱਢ ਤੋਂ ਹੀ ਸਫਲ ਚਲੀ ਆਈ

ਹੈ। ਕਹਾਣੀ ਬਾਰੇ ਤਾਂ ਇਉਂ ਹੈ ਜਿਵੇਂ ਬੱਤਖ਼ ਦੇ ਬੱਚੇ ਨੂੰ ਜੰਮਦਿਆਂ ਹੀ ਪਾਣੀ ਉਤੇ ਤੈਰਨਾ ਆ ਜਾਂਦਾ ਹੈ।

ਠੀਕ ਹੈ ਇਹ ਉਹਨਾਂ ਦੀ ਗੱਲ। ਇਸ ਗੱਲ ਦੀ ਪੁਸ਼ਟੀ ਮੇਰੀਆਂ ਪਹਿਲੀਆਂ ਦੋ ਕਹਾਣੀਆਂ ਹੀ ਚੰਗੀ ਤਰ੍ਹਾਂ ਕਰ ਰਹੀਆਂ ਹਨ: "ਕੁਆਰੀ ਪ੍ਰੀਤ" ਤੇ "ਦੋ ਚਿੱਠੀਆਂ"।

# ਇਕ ਹੋਰ ਇਤਿਹਾਸਕ ਕਹਾਣੀ

ਹੁਣ ਮੈਂ ਕਵਿਤਾਵਾਂ ਅਤੇ ਕਹਾਣੀਆਂ ਦੋਵੇਂ ਲਿਖਣ ਲੱਗਾ। ਕਦੇ ਕਦੇ ਲੇਖ ਵੀ। ਪਰ ਲੇਖ ਨਾਲੋਂ ਕਹਾਣੀ ਵਿਚ ਮੈਂ ਆਪਣੇ ਆਪ ਨੂੰ ਵੱਧ ਸਫਲ ਹੁੰਦਾ ਨਜ਼ਰ ਆ ਰਿਹਾ ਸਾਂ। ਮੈਨੂੰ ਜਿਵੇਂ ਕਹਾਣੀ ਲਿਖਣ ਦੀ ਜਾਚ ਜਿਹੀ ਆ ਚੁੱਕੀ ਸੀ।

ਮੇਰੀ ਪਹਿਲੀ ਕਹਾਣੀ ਨੂੰ, ਤੇ ਫੇਰ ਦੂਜੀ ਕਹਾਣੀ ਨੂੰ ਵੀ, ਮੇਰੀ ਕਹਾਣੀ ਕਲਾ ਵਿਚ ਇਤਿਹਾਸ ਦਾ ਦਰਜਾ ਹਾਸਿਲ ਹੈ। ਪਰ ਫੇਰ ਇਹਨਾਂ ਦੋਹਾਂ ਮਗਰੋਂ ਮੈਂ ਜੋ ਕਹਾਣੀਆਂ ਲਿਖੀਆਂ ਹਨ, ਉਹਨਾਂ ਵਿਚੋਂ ਕਿਸੇ ਦੀ ਕੋਈ ਖਾਸ ਅਹਿਮੀਅਤ ਨਹੀਂ ਬਣੀ। **1947** ਵਿਚ ਦੇਸ ਦੀ ਵੰਡ ਕੀਤੀ ਗਈ। ਹਿੰਦੋਸਤਾਨ ਟੁੱਟਿਆ ਤੇ ਪਾਕਿਸਤਾਨ ਬਣਾਇਆ ਗਿਆ। ਹਿੰਦੂ-ਸਿੱਖ ਪਾਕਿਸਤਾਨੋਂ ਹਿੰਦੋਸਤਾਨ ਆਏ ਤੇ ਮੁਸਲਮਾਨ ਹਿੰਦੋਸਤਾਨੋਂ ਪਾਕਿਸਤਾਨ ਭੇਜੇ ਗਏ। ਪਰ ਇਹ ਸੁੱਖੀਂ-ਸਾਂਦੀ ਨਹੀਂ, ਸਾਰੇ ਹਿੰਦੋਸਤਾਨ ਦੀ ਧਰਤੀ ਲਾਲ ਕਰਕੇ ਭੇਜੇ ਗਏ। ਕਸ਼ਮੀਰ ਤੋਂ ਰਾਸ ਕੁਮਾਰੀ ਤਕ, ਕਲਕੱਤੇ ਤੋਂ ਪੇਸ਼ਾਵਰ ਤਕ, ਖ਼ੂਨ ਹੀ ਖ਼ੂਨ ਦਿਸ ਰਿਹਾ ਸੀ। ਹਿੰਦੂ-ਮੁਸਲਮਾਨ ਦਾ ਖ਼ੂਨ। ਖ਼ੂਨ ਤਾਂ ਇਹ ਇਨਸਾਨ ਦਾ ਸੀ, ਪਰ ਇਨਸਾਨ ਤਾਂ ਕੋਈ, ਕਿਸੇ ਨੂੰ, ਸਮਝਦਾ ਹੀ ਨਹੀਂ ਸੀ! ਇਸ ਮਹਾਨ ਦਖਾਂਤ ਵਿਚੋਂ ਮੇਰੀ ਇਕ ਕਹਾਣੀ "ਮੇਰਾ ਉੱਜੜਿਆ ਗੁਆਂਢੀ" ਜਨਮੀ। ਅਤੇ, ਮੇਰੀ ਇਹ ਕਹਾਣੀ ਅਤੀ ਗਿਣਨ-ਯੋਗ ਹੈ। ਇਹ ਵੀ ਮੇਰੀਆਂ ਪਹਿਲੀਆਂ ਦੋ ਕਹਾਣੀਆਂ ਵਾਂਗ ਇਤਿਹਾਸਕ ਹੈ। ਪਹਿਲੀਆਂ ਦੋ ਕਹਾਣੀਆਂ ਵੀ ਭਾਵੇਂ ਬਹੁਤ ਅਹਿਮ ਸਨ, ਪਰ ਇਸ ਕਹਾਣੀ ਦੀ ਆਪਣੀ ਹੀ ਤਰ੍ਹਾਂ ਦੀ ਅਹਿਮੀਅਤ ਹੈ। ਇਕ ਤਾਂ ਇਹ ਉਂਜ ਵੀ ਇਕ ਇਤਿਹਾਸਕ ਘਟਨਾ ਬਾਰੇ ਸੀ, ਦੂਜੇ ਇਹ ਲਿਖੀ ਬੜੀ ਚੰਗੀ ਤਰ੍ਹਾਂ ਗਈ ਸੀ। ਇਸ ਕਹਾਣੀ ਨੇ ਮੇਰੇ ਵੱਲ ਉੱਚੇ ਅਤੇ ਵੱਡੇ-ਵੱਡੇ ਲੋਕਾਂ ਦੇ ਧਿਆਨ ਦੁਆਏ। ਆਮ ਲੋਕ ਵੀ ਇਸ ਕਹਾਣੀ ਤੋਂ ਬਹੁਤ ਹੀ ਪ੍ਰਭਾਵਿਤ ਹੋਏ। ਜਿਵੇਂ:

ਇਹ ਕਹਾਣੀ ਮੈਂ **1947** ਵਿਚ ਲਿਖੀ ਸੀ। ਅਗਸਤ ਵਿਚ ਫ਼ਸਾਦ ਹੋਏ। ਦਸੰਬਰ ਵਿਚ ਕਹਾਣੀ ਲਿਖੀ। ਪਟਿਆਲੇ ਸਾਂ ਮੈਂ ਇਹਨੀਂ ਦਿਨੀਂ। "ਜੀਵਨ ਪ੍ਰੀਤੀ" ਨਾਂ ਦੇ ਮਾਸਿਕ ਪੱਤਰ ਵਿਚ ਮੁਲਾਜ਼ਮ ਸਾਂ। ਪ੍ਰੀਤਮ ਸਿੰਘ ਚਾਹਿਲ "ਜੀਵਨ ਪ੍ਰੀਤੀ" ਦੇ ਸੰਪਾਦਕ ਸਨ। ਮੈਂ ਉਹਨਾਂ ਦਾ ਸਹਾਇਕ ਸਾਂ। ਡੇਰਾ ਬਾਬਾ ਜੱਸਾ ਸਿੰਘ ਵੱਲ "ਜੀਵਨ ਪ੍ਰੀਤੀ" ਦਾ ਦਫ਼ਤਰ ਸੀ—ਚਾਹਿਲ ਸਾਹਿਬ ਦੀ ਉਸ ਪਾਸੇ ਵੱਲ ਬਣੀ ਹੋਈ

ਆਪਣੀ ਕੋਠੀ ਵਿਚ। ਉਸ ਕੋਠੀ ਵਿਚ ਹੀ ਮੈਂ ਨੌਕਰਾਂ ਲਈ ਬਣੇ ਇਕ ਕੁਆਰਟਰ ਵਿਚ ਰਹਿੰਦਾ ਸਾਂ। ਉਸ ਕੁਆਰਟਰ ਵਿਚ ਹੀ ਮੈਂ ਇਹ ਕਹਾਣੀ ਲਿਖੀ ਸੀ।

ਚਾਹਿਲ ਸਾਹਿਬ ਬੜੇ ਹੀ ਨੇਕ ਤੇ ਮਿਲਣਸਾਰ ਬੰਦੇ ਸਨ; ਪਰ ਉਹ ਭਾਵੁਕ ਨਹੀਂ ਸਨ। ਉਹਨੀਂ ਦਿਨੀਂ ਹੀ ਉਹਨਾਂ ਦੇ ਮਾਤਾ ਸਵਰਗਵਾਸ ਹੋਏ ਸਨ; ਪਰ ਉਹ ਉੱਕਾ ਨਹੀਂ ਸਨ ਰੋਏ। ਇਕ ਅੱਥਰ ਤਕ ਵੀ ਉਹਨਾਂ ਦੀਆਂ ਅੱਖਾਂ ਵਿਚ ਨਹੀਂ ਆਈ ਸੀ। ਪਰ ਇਹ ਕਹਾਣੀ ਸੁਣੀ ਤਾਂ ਪਤਲਾ-ਪਤਲਾ ਪਾਣੀ ਉਹਨਾਂ ਦੀਆਂ ਅੱਖਾਂ ਵਿਚ ਆ ਗਿਆ ਸੀ। ਹੰਝੂ ਨਹੀਂ ਡਿੱਗੇ ਸਨ ਪਰ ਉਹਨਾਂ ਦੀਆਂ ਅੱਖਾਂ ਵਿਚ ਇਉਂ ਪਤਲਾ-ਪਤਲਾ ਪਾਣੀ ਵੀ ਆ ਜਾਣਾ ਵੱਡੀ ਗੱਲ ਸੀ। ਮੈਨੂੰ ਇਸ ਕਹਾਣੀ ਦੇ ਪ੍ਰਭਾਵ ਦਾ ਪਤਾ ਲੱਗ ਗਿਆ ਸੀ।

ਉਂਜ ਵੀ, ਉਹ ਮੇਰੇ ਅੱਗੇ ਉੱਕਾ ਰੋ ਨਹੀਂ ਸਕਦੇ ਸਨ। ਮੈਂ ਨੌਕਰ ਸਾਂ, ਉਹ ਮਾਲਿਕ ਸਨ। ਉਮਰ ਵਿਚ ਵੀ ਵੱਡੇ ਸਨ ਤੇ ਪੜ੍ਹੇ-ਲਿਖੇ ਵੀ ਬਹੁਤ ਸਨ। ਮੇਰੇ ਅੱਗੇ ਤਾਂ ਪਾਣੀ ਤਕ ਵੀ ਉਹਨਾਂ ਦੀਆਂ ਅੱਖਾਂ ਵਿਚ ਆਉਣਾ ਨਹੀਂ ਸੀ ਚਾਹੀਦਾ। ਪਰ, ਪਾਣੀ ਆ ਗਿਆ ਸੀ। ਮੇਰੀ ਕਹਾਣੀ ਦੀ ਕਰੁਣਾ ਉਹਨਾਂ ਦੇ ਦਿਲ ਤਕ ਉੱਤਰ ਚੁੱਕੀ ਸੀ।

ਇਸੇ ਤਰ੍ਹਾਂ ਮੇਰੀ ਪਤਨੀ ਦੇ ਦਾਦਾ ਜੀ ਰੋ ਪਏ ਸਨ। ਉਹ ਸਿੱਖ ਸਨ। ਫ਼ਸਾਦਾਂ ਵਿਚ, ਹੋਰਾਂ ਵਾਂਗੂ, ਪਿੰਡਾਂ ਵਿਚ ਮੁਸਲਮਾਨ ਵੀ ਉਹਨਾਂ ਨੇ ਬਹੁਤ ਮਾਰੇ ਸਨ। ਵਿਸ਼ਵਾਸ ਵੀ ਸੀ ਉਹਨਾਂ ਦਾ ਮੁਸਲਮਾਨਾਂ ਨੂੰ ਮਾਰਨ ਵਿਚ, ਜਿਵੇਂ ਆਮ ਲੋਕਾਂ ਦਾ ਹੀ ਉਹਨੀਂ ਦਿਨੀਂ ਹੋ ਗਿਆ ਸੀ। ਪਰ ਕਹਾਣੀ ਸੁਣੀ ਤਾਂ ਪਰਲ-ਪਰਲ ਰੋਣ ਲੱਗੇ। ਉਹਨਾਂ ਅੰਦਰ ਜੋ ਮਨੁੱਖ ਡੂੰਘਾ ਦੱਬਿਆ ਪਿਆ ਸੀ, ਉਸ ਮਨੁੱਖ ਨੂੰ ਇਸ ਕਹਾਣੀ ਨੇ ਇਉਂ ਰੋਣ ਲਾ ਦਿੱਤਾ ਸੀ। ਮੈਨੂੰ ਇਸ ਕਹਾਣੀ ਦੇ ਸਫਲ ਹੋਣ ਦੀ ਗਵਾਹੀ ਮਿਲੀ। ਭਾਵੇਂ ਮੈਨੂੰ ਕਹਾਣੀ ਕਲਾ ਦਾ ਉੱਕਾ ਹੀ ਪਤਾ ਨਹੀਂ ਸੀ ਉਦੋਂ।

ਇਹ ਕਹਾਣੀ "ਜੀਵਨ ਪ੍ਰੀਤੀ" ਦੇ ਕਿਸ ਅੰਕ ਵਿਚ ਛਪੀ ਸੀ, ਦਸੰਬਰ ਵਿਚ ਜਾਂ ਜਨਵਰੀ ਵਿਚ ? ਇਹ ਹੁਣ ਮੈਨੂੰ ਯਾਦ ਨਹੀਂ। ਮਹੀਨੇ ਵੀ "ਜੀਵਨ ਪ੍ਰੀਤੀ" ਉਤੇ ਦੇਸੀ ਛਪਦੇ ਹੁੰਦੇ ਸਨ। ਪੋਹ, ਮਾਘ, ਫੱਗਣ, ਆਦਿ। ਪਰ ਇਹ ਉਦੋਂ ਛਪ ਰਹੇ ਹੀ ਅੰਕ ਵਿਚ ਛਾਪੀ ਗਈ ਸੀ। ਕਿਉਂਕਿ ਪਰਚਾ ਛਪ ਚੁੱਕਾ ਸੀ, ਇਸ ਲਈ ਇਹ ਉਸ ਅੰਕ ਦੇ ਬਿਲਕੁਲ ਪਿਛੇ ਛਪੀ ਸੀ ਤੇ ਸਗੋਂ ਕਹਾਣੀ ਦਾ ਕੁਝ ਹਿੱਸਾ ਪਿਛਲੇ ਟਾਈਟਲ ਦੇ ਅੰਦਰ ਅਤੇ ਬਾਹਰ ਵੀ ਛਾਪਣਾ ਪਿਆ ਸੀ। ਪਰ ਇਹ ਕਹਾਣੀ ਇਉਂ ਛਪਣ ਨਾਲ ਵੀ ਸਭ ਦੀ ਨਜ਼ਰੀਂ ਚੜ੍ਹੀ। ਉਂਜ ਵੀ, ਮੇਰੀ ਹੋਣ ਕਾਰਨ, ਪਾਠਕ ਮੇਰੇ ਨਾਂ ਵੱਲ ਧਿਆਨ ਦੇਣ ਲੱਗ ਪਏ ਸਨ।

"ਜੀਵਨ ਪ੍ਰੀਤੀ" "ਪ੍ਰੀਤ ਲੜੀ" ਦੇ ਦਫ਼ਤਰ ਵਿਚ ਵੀ ਜਾਂਦੀ ਹੁੰਦੀ। ਦਾਰ ਜੀ ਵੀ ਦੇਖਦੇ, ਨਵਤੇਜ ਸਿੰਘ ਵੀ ਦੇਖਦੇ। ਨਵਤੇਜ ਸਿੰਘ ਨੂੰ ਇਹ ਕਹਾਣੀ ਕਾਫ਼ੀ ਚੰਗੀ ਲੱਗੀ ਸੀ। ਨਵਤੇਜ ਹੋਰਾਂ ਇਸ ਬਾਰੇ ਇੱਛਾ ਜ਼ਾਹਿਰ ਕੀਤੀ ਕਿ ਉਹ ਇਹਨੂੰ "ਪ੍ਰੀਤ ਲੜੀ" ਵਿਚ ਮੁੜ

ਛਾਪਣਾ ਚਾਹੁੰਦੇ ਹਨ। ਮੈਨੂੰ ਬਹੁਤ ਖ਼ੁਸ਼ੀ ਹੋਈ। "ਪ੍ਰੀਤ ਲੜੀ" ਵਿਚ ਛਪਣਾ ਕੋਈ ਛੋਟੀ ਗੱਲ ਨਹੀਂ ਸੀ, ਮੇਰੇ ਲਈ ਤਾਂ ਸਗੋਂ ਇਹ ਬਹੁਤ ਵੱਡੀ ਗੱਲ ਸੀ। ਉਹ ਵੀ ਪਹਿਲਾਂ ਛਪੀ ਹੋਈ ਕਹਾਣੀ ਦਾ ਮੁੜ ਛਾਪਿਆ ਜਾਣਾ। ਪਰ ਉਹਨਾਂ ਇਸਦੇ ਸ਼ੁਰੂ ਨੂੰ ਕੁਝ ਬਦਲ ਦੇਣ ਲਈ ਆਖਿਆ। ਐਵੇਂ, ਥੋੜਾ ਜਿਹਾ ਹੀ। ਪਰ ਮੈਨੂੰ ਇਹ ਗੱਲ ਜਚੀ ਨਹੀਂ, ਅਤੇ ਮੈਂ ਮੰਨਿਆ ਨਹੀਂ ਸਾਂ। ਫੇਰ ਉਹ ਮੇਰੇ ਲਿਖੇ ਅਨੁਸਾਰ ਹੀ ਛਾਪਣਾ ਮੰਨ ਵੀ ਗਏ ਸਨ। ਪਰ ਫੇਰ ਛਾਪੀ ਨਹੀਂ ਸੀ। ਸਲਾਹ ਬਦਲ ਗਈ ਹੋਵੇਗੀ। ਉਹਨੀਂ ਦਿਨੀਂ "ਪ੍ਰੀਤ ਲੜੀ" ਮਹਿਰੌਲੀ ਪਹੁੰਚ ਚੁੱਕੀ ਸੀ। ਮਹਿਰੌਲੀ ਹੀ ਮੈਂ, ਦਿੱਲੀ ਗਿਆ, ਉਹਨਾਂ ਨੂੰ ਮਿਲਣ ਲਈ ਗਿਆ ਸਾਂ।

ਕਹਾਣੀ ਦੀ ਕਹਾਣੀ ਏਥੇ ਦੱਸਣ ਦੀ ਲੋੜ ਨਹੀਂ ਹੈ। ਬਥੇਰੀ ਪੜ੍ਹੀ ਜਾ ਚੁੱਕੀ ਹੈ। ਪਣਤਾਲੀ ਵਰ੍ਹੇ ਦੇ ਲਗਭਗ ਇਸਨੂੰ ਲਿਖੀ ਨੂੰ ਹੋ ਗਏ ਹਨ। ਇਸ ਤੋਂ ਬਿਨਾਂ ਇਹ ਮੇਰੇ ਸਭ ਤੋਂ ਪਹਿਲੇ ਕਹਾਣੀ ਸੰਗ੍ਰਹਿ "ਸਿੱਟਿਆਂ ਦੀ ਛਾਂ" ਵਿਚ ਵੀ ਛਪੀ ਹੈ ਤੇ "ਮੇਰੀਆਂ ਸ੍ਰੇਸ਼ਟ ਕਹਾਣੀਆਂ" ਸੰਕਲਨ ਵਿਚ ਵੀ ਸ਼ਾਮਿਲ ਹੈ। ਇਹਨਾਂ ਦੋਹਾਂ ਪੁਸਤਕਾਂ ਵਿਚੋਂ ਪਾਠਕ ਇਹਨੂੰ ਪੜ੍ਹ ਸਕਦੇ ਹਨ।

ਪੰਜਾਬੀ ਯੂਨੀਵਰਸਿਟੀ ਵਲੋਂ "ਮੇਰੀ ਪ੍ਰਤੀਨਿਧ ਰਚਨਾ" ਮੇਰੀ ਪੁਸਤਕ ਛਾਪੀ ਗਈ ਹੈ। ਉਸ ਵਿਚ ਵੀ ਇਹ ਸ਼ਾਮਿਲ ਹੈ।

## ਇਕਦਮ ਪ੍ਰਸਿੱਧ ਹੋਇਆ

"ਕੁਆਰੀ ਪ੍ਰੀਤ" ਤੇ "ਦੋ ਚਿੱਠੀਆਂ", ਪਹਿਲੀਆਂ ਹੀ ਦੋ ਕਹਾਣੀਆਂ, ਮੇਰੀਆਂ ਸ੍ਰੇਸ਼ਟ ਕਹਾਣੀਆਂ ਸਨ। 1947 ਦੇ ਫ਼ਸਾਦਾਂ ਬਾਰੇ ਲਿਖੀ "ਮੇਰਾ ਉੱਜੜਿਆ ਗੁਆਂਢੀ" ਵੀ ਮੇਰੀ ਸ੍ਰੇਸ਼ਟ ਕਹਾਣੀ ਸੀ। ਪਰ ਮੈਂ ਅਜੇ ਸਾਹਿਤ ਵਿਚ ਪ੍ਰਸਿੱਧ ਨਹੀਂ ਸਾਂ ਹੋਇਆ ਏਨਾ। ਥੋੜੀ ਜਿਹੀ ਪ੍ਰਸਿੱਧੀ ਸੀ। ਮੈਨੂੰ ਜਿਸ ਕਹਾਣੀ ਨਾਲ ਇਕਦਮ ਪ੍ਰਸਿੱਧੀ ਮਿਲੀ, ਉਸਦਾ ਨਾਂ "ਡਾਕੂ" ਹੈ। "ਡਾਕੂ" ਕਹਾਣੀ ਲਿਖੀ ਤਾਂ ਜਿਵੇਂ ਜੰਗਲ ਦੀ ਅੱਗ ਵਾਂਗ ਮੇਰੀ ਪ੍ਰਸਿੱਧੀ ਫੈਲ ਗਈ। ਬਹੁਤ ਵੱਡੀ ਘਟਨਾ ਸੀ ਇਹ ਮੇਰੇ ਸਾਹਿਤਿਕ ਜੀਵਨ ਵਿਚ। "ਪ੍ਰੀਤ ਲੜੀ" ਵਿਚ ਛਪੀ ਸੀ ਇਹ (ਮੇਰੀ ਇਹੀਓ ਪਹਿਲੀ ਰਚਨਾ "ਪ੍ਰੀਤ ਲੜੀ" ਵਿਚ ਛਪੀ ਸੀ)। ਇਹ ਕਹਾਣੀ ਛਪੀ ਤਾਂ ਇਕਦਮ ਹੀ ਮੇਰੇ ਲਈ ਸਾਹਿਤ ਵਿਚ ਪ੍ਰਵਾਨਗੀ ਦੇ ਜਿਵੇਂ ਬੂਹੇ ਹੀ ਖੁਲ੍ਹ ਗਏ। ਪੰਜਾਬੀ ਸਾਹਿਤ ਵਿਚ ਹੀ ਨਹੀਂ, ਉਰਦੂ ਸਾਹਿਤ ਵਿਚ ਵੀ। ਉਰਦੂ ਵਿਚ "ਨਕੂਸ਼" ਨਾਂ ਦੇ ਮਾਸਿਕ ਵਿਚ ਲਾਹੌਰ, ਪਾਕਿਸਤਾਨ, ਵਿਚ ਇਹ ਛਪੀ ਸੀ। ਹਿੰਦੋਸਤਾਨ, ਪਾਕਿਸਤਾਨ, ਦੋਵੇਂ ਪਾਸੇ ਇਸ ਕਹਾਣੀ ਨੂੰ ਬੜੀ ਹੀ ਪ੍ਰਸ਼ੰਸਾ ਮਿਲੀ।

1949 ਵਿਚ ਮੈਂ ਇਹ ਕਹਾਣੀ ਲਿਖੀ ਸੀ। ਕਲਕੱਤੇ ਗਿਆ ਹੋਇਆ ਸਾਂ। ਮਾਰਚ ਦਾ ਮਹੀਨਾ ਸੀ। ਪੰਜਾਬ ਵਿਚ, ਮਾਲਵੇ ਵੱਲ, ਕਿਸ਼ਨਗੜ੍ਹ ਪਿੰਡ ਵਿਚ ਮੁਜ਼ਾਰਿਆਂ ਉਤੇ ਗੋਲੀ ਚੱਲੀ। ਕਈ ਮੁਜ਼ਾਰੇ ਮਾਰੇ ਗਏ। ਪੈਪਸੂ ਸੀ ਉਹਨੀਂ ਦਿਨੀਂ। ਪੈਪਸੂ ਦਾ ਮਤਲਬ ਸੀ : ਪਟਿਆਲਾ ਐਂਡ ਈਸਟ ਪੰਜਾਬ ਸਟੇਟਸ ਯੂਨੀਅਨ। ਰਾਜਧਾਨੀ ਪਟਿਆਲਾ ਸੀ। ਕਰਨਲ ਰਘੁਬੀਰ ਸਿੰਘ ਸ਼ਾਇਦ ਮੁਖ ਮੰਤਰੀ ਜਾਂ ਸ਼ਾਇਦ ਗ੍ਰਹਿ ਮੰਤਰੀ ਸਨ। ਪ੍ਰੈਸ ਵਿਚ ਮੁਜ਼ਾਰਿਆਂ ਨੂੰ ਉਹਨਾਂ ਨੇ "ਡਾਕੂ" ਕਿਹਾ ਸੀ। "ਉਥੇ ਕੁਝ ਡਾਕੂ ਸਨ ਜੋ ਅਸੀਂ ਮਾਰ ਮੁਕਾਏ ਹਨ। ਅਮਨ ਭੰਗ ਕਰ ਰਹੇ ਸਨ।" ਇਸ ਉਤੇ ਕਾਫ਼ੀ ਵਾਦ-ਵਿਵਾਦ ਸ਼ੁਰੂ ਹੋ ਗਿਆ ਸੀ। ਕਮਿਊਨਿਸਟ ਪਾਰਟੀ ਵਲੋਂ ਇਸ ਬਿਆਨ ਦੀ ਸਖ਼ਤੀ ਨਾਲ ਕਾਟ ਕੀਤੀ ਜਾ ਰਹੀ ਸੀ। "ਇਹ ਡਾਕੂ ਨਹੀਂ, ਮੁਜ਼ਾਰੇ ਸਨ, ਜੋ ਬੇਕਿਰਕ ਸਰਕਾਰ ਵਲੋਂ ਕਤਲ ਕੀਤੇ ਗਏ ਹਨ। ਉਹ ਅੱਧ-ਵਟਾਈ ਮੰਗਦੇ ਸਨ ਤੇ ਆਪਣੇ ਵਲੋਂ ਪੁਰ-ਅਮਨ ਸੰਗਰਾਮ ਕਰਦੇ ਆਉਂਦੇ ਸਨ। ਸਰਕਾਰ ਉਂਜ ਤਾਂ ਆਪਣੇ ਆਪ ਨੂੰ ਗਾਂਧੀਵਾਦੀ ਅਖਵਾਉਂਦੀ ਹੈ, ਪਰ ਖੜੀ ਉਹ ਜਾਗੀਰਦਾਰਾਂ ਤੇ ਬਿਸਵੇਦਾਰਾਂ ਵੱਲ ਹੈ। ਇਸ ਲਈ ਇਹ ਅਨਿਆਂ ਹੈ।"

ਅੱਜ ਤਾਂ ਸਾਰੇ ਦੇਸ਼ ਵਿਚ ਹੀ ਗੋਲੀ ਕਾਂਡ ਹੋ ਰਹੇ ਹਨ, ਤੇ ਹਰ ਰੋਜ਼ ਹੋ ਰਹੇ ਹਨ; ਉਦੋਂ, ਮੇਰਾ ਖ਼ਿਆਲ ਹੈ, ਇਹ ਪਹਿਲਾ ਗੋਲੀ ਕਾਂਡ ਹੀ ਸੀ। ਅੱਵਲ ਤਾਂ ਇਹ ਸਾਰੇ ਹਿੰਦੋਸਤਾਨ ਵਿਚ ਹੀ ਪਹਿਲਾ ਸੀ, ਨਹੀਂ ਤਾਂ ਪੰਜਾਬ ਵਿਚ ਜ਼ਰੂਰ ਹੀ ਇਹ ਪਹਿਲਾ ਸੀ। ਕਾਂਗਰਸ ਦਾ ਰਾਜ ਸੀ—ਮਹਾਤਮਾ ਗਾਂਧੀ ਦੀ ਕਾਂਗਰਸ ਦਾ। ਕੇਂਦਰ ਵਿਚ ਦਿੱਲੀ ਵੀ, ਤੇ ਸਾਰੇ ਸੂਬਿਆਂ ਵਿਚ ਵੀ। ਨਹਿਰੂ ਪ੍ਰਧਾਨ ਮੰਤਰੀ ਸੀ। ਇਸ ਲਈ ਹੈਰਾਨੀ ਸੀ। ਕਿਥੇ ਹਿੰਸਾ, ਕਿਥੇ ਅਹਿੰਸਾ! ਕਿਥੇ ਗਾਂਧੀ, ਕਿਥੇ ਗੋਲੀ! ਭਾਵੇਂ ਮਹਾਤਮਾ ਗਾਂਧੀ ਨੂੰ ਵੀ ਦਨਦਨਾ ਕੇ ਹਿੰਸਾ ਆਪਣੀ ਗੋਲੀ ਮਾਰ ਚੁੱਕੀ ਸੀ, ਪਰ ਉਹ ਗੋਲੀ ਹਿੰਸਕ ਸੋਚ ਵਾਲਿਆਂ ਹੀ ਮਾਰੀ ਸੀ, ਅਹਿੰਸਕ ਸੋਚ ਵਾਲਿਆਂ ਨਹੀਂ। ਪਰ ਕਿਸ਼ਨਗੜ੍ਹ ਵਿਚ ਗੋਲੀ ਉਸ ਸਰਕਾਰ ਨੇ ਚਲਵਾਈ ਸੀ ਜੋ ਮਹਾਤਮਾ ਗਾਂਧੀ ਦੀ ਅਹਿੰਸਕ ਸੋਚ ਦੀ ਧਾਰਨੀ ਸੀ। ਇਸ ਲਈ ਇਹ ਬੜੀ ਹੀ ਅਨੋਖੀ ਜਿਹੀ ਗੱਲ ਸੀ। ਵਿਰੋਧਾਭਾਸ ਵਾਲੀ ਗੱਲ। ਇਸ ਲਈ ਸਾਰਾ ਦੇਸ਼ ਹੀ ਹੈਰਾਨ ਜਿਹਾ ਹੋ ਗਿਆ ਸੀ।

ਇਸ ਗੋਲੀ ਦੀ ਖ਼ਬਰ ਨਾਲ ਕਲਕੱਤੇ ਦੇ ਪੰਜਾਬੀ ਜਿਵੇਂ ਚਕਾਚੌਂਧ ਹੋ ਗਏ ਸਨ। ਇਕ ਤਾਂ ਇਹ ਗੋਲੀ ਉਹਨਾਂ ਦੇ ਘਰ, ਪੰਜਾਬ, ਵਿਚ ਚੱਲੀ ਸੀ। ਦੂਜੇ ਇਹ ਕਾਂਗਰਸ ਸਰਕਾਰ ਵਲੋਂ ਚੱਲੀ ਸੀ। 'ਹੈਂ! ਇਹ ਗੋਲੀ? ਮੁਜ਼ਾਰਿਆਂ ਉਤੇ ਕਾਂਗਰਸ ਸਰਕਾਰ ਵਲੋਂ ਗੋਲੀ? ਬੜੀ ਅਜੀਬ ਗੱਲ ਹੈ ਇਹ!' ਪਰ ਇਹ ਗੱਲ ਵਾਪਰੀ। ਭਾਵੇਂ ਇਹ ਅਜੀਬ ਹੀ ਸੀ।

ਹੋਰਾਂ ਵਾਂਗੂੰ, ਮੈਨੂੰ ਵੀ ਇਹ ਬੜੀ ਮਹਿਸੂਸ ਹੋਈ ਗੱਲ। ਮੈਨੂੰ ਉਦੋਂ ਰਾਜਨੀਤੀ ਦੀ ਬਹੁਤੀ ਸਮਝ ਨਹੀਂ ਸੀ, ਪਰ "ਪ੍ਰੀਤ ਲੜੀ" ਪੜ੍ਹਨ ਨਾਲ ਥੋੜੀ-ਥੋੜੀ ਗ਼ਲਤ-ਠੀਕ ਦੀ ਸਮਝ ਜ਼ਰੂਰ ਪੈ ਗਈ ਸੀ। ਮੈਂ ਸਰਕਾਰ ਵੱਲ ਨਹੀਂ, ਮੁਜ਼ਾਰਿਆਂ ਵੱਲ ਖਲੋਤਾ ਸਾਂ।

ਕਲਕੱਤੇ ਹੀ ਮੈਂ ਇਸ ਬਾਰੇ ਕਹਾਣੀ ਲਿਖਣ ਲਈ ਸੋਚਿਆ। ਕਲਕੱਤੇ ਘੁੰਮਣ-ਫਿਰਨ ਲਈ ਹੀ ਡੇਢ-ਦੋ ਮਹੀਨੇ ਲਈ ਮੈਂ ਉਂਜੇ ਗਿਆ ਹੋਇਆ ਸਾਂ। ਅਪਰੈਲ ਵਿਚ ਕਲਕੱਤੇ ਤੋਂ ਮੈਂ ਵਾਪਸ ਪਿੰਡ ਆਇਆ ਤੇ ਲੁਧਿਆਣੇ ਜਾਣ ਹੋਇਆ। ਲੁਧਿਆਣਿਉਂ ਉਹਨੀਂ ਦਿਨੀਂ ਜਰਨੈਲ ਸਿੰਘ ਅਰਸ਼ੀ "ਲਲਕਾਰ" ਨਾਂ ਦਾ ਹਫ਼ਤਾਵਾਰ ਅਖ਼ਬਾਰ ਕੱਢਦਾ ਹੁੰਦਾ ਸੀ। ਉਸ ਕੋਲੋਂ ਇਸ ਘਟਨਾ ਬਾਰੇ ਕਾਫ਼ੀ ਜਾਣਕਾਰੀ ਮਿਲੀ। ਖ਼ੈਰ, ਮੇਰੇ ਮਨ ਵਿਚ ਇਕ ਬਿੰਬ ਜਿਹਾ ਬਣ ਚੁੱਕਾ ਸੀ। ਵਾਪਸ ਪਿੰਡ ਆ ਕੇ ਮੈਂ ਇਹ ਕਹਾਣੀ ਲਿਖਣ ਲੱਗਾ।

ਇਤਿਹਾਸਕਾਰ ਹੁੰਦਾ ਤਾਂ ਤੱਥ ਇਕੱਠੇ ਕਰਨ ਲਈ ਮੈਂ ਕਿਸ਼ਨਗੜ੍ਹ ਗਿਆ ਹੁੰਦਾ। ਪਰ ਮੈਂ ਗਲਪਕਾਰ ਸਾਂ। ਮੈਨੂੰ ਤੱਥਾਂ ਦੀ ਲੋੜ ਨਹੀਂ, ਕਲਪਣਾ ਦੀ ਲੋੜ ਸੀ। ਕਲਪਣਾ ਵਿਚ ਕਿਸਨਗੜ੍ਹ ਮੈਂ ਸਾਪਰਤੱਖ ਤੱਕ ਲਿਆ ਸੀ। ਕਿਸ਼ਨਗੜ੍ਹ ਆਪ ਚੱਲਕੇ ਮੇਰੇ ਕੋਲ ਆ ਗਿਆ ਸੀ।

ਅੱਜ 1992 ਹੈ। ਅੱਜ ਤਕ ਵੀ ਕਿਸ਼ਨਗੜ੍ਹ ਮੈਂ ਜਾ ਕੇ ਨਹੀਂ ਦੇਖਿਆ। ਲੋੜ ਹੀ ਨਹੀਂ ਪਈ ਕਦੇ।

ਮੈਨੂੰ ਮੇਰੀ ਕਹਾਣੀ ਵਾਲਾ ਕਿਸ਼ਨਗੜ੍ਹ ਹੀ ਚਾਹੀਦਾ ਹੈ। ਇਹ ਮੈਂ ਆਪ ਸਿਰਜਿਆ ਹੈ। ਮੇਰੇ ਲਈ ਇਹ ਅਹਿਮ ਹੈ।

ਕਹਾਣੀ ਵਿਚ ਕਿਸ਼ਨਗੜ੍ਹ ਨੂੰ ਕਿਸ਼ਨਗੜ੍ਹ ਨਹੀਂ ਆਖਿਆ ਮੈਂ। ਬੱਸ, ਇਕ ਪਿੰਡ ਕਿਹਾ ਹੈ। ਪਰ ਇਹ ਪਿੰਡ ਕਿਸ਼ਨਗੜ੍ਹ ਨੇ ਮੇਰੀ ਕਹਾਣੀ ਨੂੰ ਦਿੱਤਾ ਹੈ।

ਇਸ ਕਹਾਣੀ ਦੇ ਕੁਝ ਕੁ ਅੰਸ਼ ਮੈਂ ਏਥੇ ਦਰਜ ਕਰਦਾ ਹਾਂ। ਕੇਵਲ ਬਿਆਨ ਦੇਖਣ ਲਈ :

"ਔਹ ਦੂਰ—ਸੁੰਨੀਆਂ ਰੋਹੀਆ ਵਿਚ, ਉਡਦੇ ਵਾ-ਵਰੋਲਿਆਂ ਪਿਛੇ—ਇਕ ਵਿਚਾਰਾ ਜਿਹਾ ਪਿੰਡ ਹੈ, ਜਿਸਦੀਆਂ ਕੱਚੀਆਂ ਕੰਧਾਂ ਵਿਚ ਕਾਲੇ ਦਾਗ ਪਏ ਹੋਏ ਹਨ। ਔਹ ਦੇਖੋ ਨਾ, ਛਾਨਣੀ ਵਾਂਗ ਛਣੀਆਂ ਹੋਈਆਂ ਕੰਧਾਂ!"

... ... ...

"ਅਸਲ ਵਿਚ, ਇਹ ਪਿੰਡ ਜਾਗੀਰਦਾਰਾਂ ਦਾ ਹੈ। ਜਾਗੀਰਦਾਰ, ਜੋ ਕਿਸੇ ਰਾਜੇ ਦੇ ਰਿਸ਼ਤੇਦਾਰ ਹਨ ਇਸ ਕਰਕੇ ਉਹ ਬੜੇ ਨੇਕ ਹਨ ਬੜੇ ਸਾਊ, ਗਰੀਬਾਂ ਉਤੇ ਦਯਾ ਕਰਨ ਵਾਲੇ। ਰੱਜੇ-ਪੁੱਜੇ ਆਦਮੀ ਹੁੰਦੇ ਹੀ ਨੇਕ ਤੇ ਸਾਊ ਹਨ। ਦੇਖੋ ਨਾ, ਹਜ਼ਾਰਾਂ ਵਿੱਘੇ ਜ਼ਮੀਨ ਦੇ ਮਾਲਕ ਹੁੰਦਿਆਂ ਵੀ, ਉਹਨਾਂ ਆਪਣੀ ਧਰਤੀ ਦਾ ਸਿਆੜ ਤਕ ਆ ਕੇ ਨਹੀਂ ਦੇਖਿਆ।

"ਨਾ ਉਹਨਾਂ ਕਦੇ ਹਲ ਵਗਦੇ ਦੇਖੇ, ਨਾ ਦਾਣੇ ਬੀਜਦੇ, ਨਾ ਉਗਦੇ, ਨਾ ਸਿੰਜਦੇ, ਨਾ ਹਰੀਆਂ ਪੈਲੀਆਂ, ਨਾ ਪੀਲੇ ਸਿੱਟੇ, ਤੇ ਹੈਣ ਉਹ ਮਾਲਕ!"

... ... ...

"ਸਿਪਾਹੀਆਂ ਨਾਲ ਭਰੀ ਹੋਈ ਲਾਰੀ ਪਿੰਡ ਵਿਚ ਆ ਖੜੀ। ਢੋਂਤਾਂ ਵਰਗੇ ਮੋਢਿਆਂ ਉਤੇ ਸੰਗੀਨਾਂ ਲਿਸ਼ਕੀਆਂ। ਦਗੜ-ਦਗੜ ਬੂਟਾਂ ਦਾ ਖੜਾਕ। ਲੁੱਚੀਆਂ-ਲੁੱਚੀਆਂ ਗਾਹਲਾਂ ਨਾਲ ਪਿੰਡ ਦੀਆਂ ਸਾਊ ਗਲੀਆਂ ਗੰਦੀਆਂ ਹੋ ਗਈਆਂ।"

... ... ...

"ਇਕ ਗੋਲੀ ਚੱਲੀ। ਇਕ ਮਹੀਨ ਚੀਕ ! ਡਾਕੂ ਫੜਫੜਾ ਕੇ ਧਰਤੀ ਉਤੇ ਰਹਿ ਗਿਆ! ਇਹ ਕੋਈ ਤਿੰਨ ਕੁ ਵਰ੍ਹੇ ਦਾ ਨਿੱਕੀਆਂ-ਨਿੱਕੀਆਂ ਬਾਵਰੀਆਂ ਵਾਲਾ ਬੱਚਾ ਸੀ, ਜੋ ਨੰਗ-ਧੜੰਗਾ ਗਲੀ ਵਿਚ ਮਿੱਟੀ ਦਾ ਘੁੱਗੂ ਵਜਾਉਂਦਾ ਫਿਰਦਾ ਸੀ।

"ਇਕ ਹੋਰ ਗੋਲੀ— ਇਕ ਤਿੱਖੀ ਲੇਰ—ਇਕ ਹੋਰ ਡਾਕੂ ਦੂਰ — ਤੀਆਂ ਵਾਲੇ ਬਰੋਟੇ ਹੇਠ ਢੁੰਡਿਆ ਗਿਆ। ਚੁਮਿਆਰਾਂ ਦੀ ਕੁੜੀ ਦੀਪੋ ਜਿਹੜੀ ਗੋਰੇ ਦੀਆਂ ਚਰਾਂਦਾਂ ਵਿਚੋਂ ਘਾਹ ਦੀ ਪੰਡ ਖੋਤ ਕੇ ਲਿਆਈ ਸੀ,

ਜਿਦ੍ਹਾ ਅਗਲੇ ਪੱਖ ਵਿਆਹ ਸੀ, ਤੇ ਪਤਲੇ-ਪਤਲੇ ਹੱਥਾਂ ਉਤੇ ਸੂਹੇ ਫੁੱਲਾਂ ਵਰਗੀਆਂ ਮਹਿੰਦੀ ਦੀਆਂ ਘਿੜੀਆਂ ਟਹਿਕਣੀਆਂ ਸਨ, ਟਾਕੀਆਂ ਵਾਲੀ ਸੁੱਥਣ ਤੇ ਲੰਗਾਰ ਝੱਗੇ ਵਿਚ ਲੁਕੀ ਹੋਈ ਦੀਪੋ ਮਿੱਟੀ ਵਿਚ ਲਿਟਣ ਲਗ ਪਈ। ਤੱਤੇ ਲਹੂ ਦੀ ਧਾਰ ਉਹਦੀ ਛਾਤੀ ਵਿਚੋਂ ਫੁੱਟ ਰਹੀ ਸੀ।

"ਇਕ ਹੋਰ ਗੋਲੀ। ਇਕ ਹੋਰ ਡਾਕੂ ਧਰਮਸ਼ਾਲਾ ਦੇ ਚੌਂਤਰੇ ਉਤੇ ਚੰਘਿਆੜ ਕੇ ਡਿਗ ਪਿਆ। ਇਹ ਇਕ ਮਸ-ਫੁਟ ਗੱਭਰੂ ਸੀ ਜਿਸਦੇ ਗਲ ਵਿਚ ਸਿਓਨੇ ਦਾ ਕੈਂਠਾ, ਗੁਟ ਉਤੇ ਲਾਲ ਕੰਙਣਾ ਤੇ ਸਿਰ ਉਤੇ ਚੰਪਈ ਰੰਗ ਦੀ ਪੱਗ ਸੀ, ਜਿਸ ਉਤੇ ਤਿੱਲੇ ਦੀਆਂ ਤਾਰਾਂ ਝਿਲਮਿਲਾਂਦੀਆਂ ਤੇ ਜਿਸਦਾ ਚੁਗਿਆ ਹੋਇਆ ਸ਼ਮਲਾ ਮੋਰ ਦੀ ਪੂਛਲ ਵਾਂਗ ਹਵਾ ਵਿਚ ਫਰਫਰਾਂਦਾ ਸੀ। ਇਹ ਲਾੜਾ ਸੀ, ਜਿਸਨੂੰ ਰਾਤ ਇਕ ਜੰਨ ਇਸ ਪਿੰਡ ਵਿਆਹੁਣ ਆਈ ਸੀ।"

... ... ...

"ਖੇਤਾਂ ਵਿਚ ਖੜੀਆਂ ਫਸਲਾਂ ਉੱਜੜ ਗਈਆਂ। ਖੁਰਲੀਆਂ ਉਤੇ ਖੜੇ ਲਵੇਰੇ ਜ਼ਬਤ ਹੋ ਗਏ। ਗੋਲੀਆਂ ਦੀ ਆਖ਼ਰੀ ਵਾਛੜ ਸੁੱਤੇ ਪਿੰਡ ਦੀਆਂ ਕੰਧਾਂ ਨੂੰ ਛਾਣਕੇ ਲੰਘ ਗਈ।"

ਕਹਾਣੀ ਮਾੜੀ ਨਹੀਂ ਸੀ, ਪਰ ਬਹੁਤੀ ਚੰਗੀ ਵੀ ਨਹੀਂ ਸੀ. ਕਹਾਣੀ ਕਲਾ ਦੇ ਪੱਖੋਂ ਇਹ ਪਰੀਪੂਰਨ ਨਹੀਂ ਸੀ। ਰਿਪੋਰਤਾਜ ਦੇ ਨੇੜੇ ਸੀ। ਪਰ ਫੇਰ ਵੀ ਇਹ ਇਉਂ ਜੰਗਲ ਦੀ ਅੱਗ ਵਾਂਗੂ ਫੈਲੀ ਕਿ ਮੈਂ ਪੰਜਾਬੀ ਤੇ ਉਰਦੂ ਸਾਹਿਤ ਦੇ ਇਕਦਮ ਹੀ ਉੱਚੇ ਤੋਂ ਉੱਚੇ ਹਲਕਿਆਂ ਤਕ ਪੁੱਜ ਗਿਆ। ਮੈਨੂੰ ਵੀ ਹੈਰਾਨੀ ਸੀ ਤੇ ਉਰਦੂ ਅਤੇ ਪੰਜਾਬੀ ਸਾਹਿਤ ਦੇ ਹਲਕੇ ਵੀ ਹੈਰਾਨ ਸਨ। ਉਹਨਾਂ ਨੂੰ ਖ਼ੁਸ਼ੀ ਇਹ ਸੀ ਕਿ ਮੈਂ ਇਕ ਹੋਰ ਨਵੀਂ ਤੇ ਲਟਲਟਾਂਦੀ ਕਲਮ ਲੈ ਕੇ ਉਹਨਾਂ ਵਿਚ ਆ ਗਿਆ ਹਾਂ।

ਇਸਦੇ ਪਿਛੇ, ਮੇਰਾ ਖ਼ਿਆਲ ਹੈ, ਵੱਡਾ ਕਾਰਨ ਲਹਿਰ ਸੀ। ਇਹ ਲਹਿਰ ਦੀ ਕਹਾਣੀ ਸੀ। ਸਾਹਿਤ ਵਿਚ ਵੀ ਉਹਨੀਂ ਦਿਨੀਂ ਅਗਾਂਹਵਧੂ ਲਹਿਰ ਬੜੇ ਜ਼ੋਰਾਂ-ਸ਼ੋਰਾਂ ਉਤੇ ਸੀ।

ਛਪੀ ਵੀ ਇਹ ਫੇਰ "ਪ੍ਰੀਤ ਲੜੀ" ਜਿਹੇ ਪੱਤਰ ਵਿਚ ਸੀ। "ਪ੍ਰੀਤ ਲੜੀ" ਵਿਚ, ਉਹਨੀਂ ਦਿਨੀਂ, ਅੱਜ ਵਾਂਗ, ਹਰ ਕਿਸੇ ਨੂੰ ਘੱਟ ਹੀ ਛਾਪਿਆ ਜਾਂਦਾ ਸੀ। ਜਦੋਂ ਕੋਈ ਛਪਦਾ ਤਾਂ ਉਸਨੂੰ ਸਾਰੇ ਸਾਹਿਤ ਵਿਚ ਉੱਚਾ ਉਠ ਗਿਆ ਮੰਨਿਆ ਜਾਂਦਾ। ਸੰਪਾਦਕ ਵੀ ਤਾਂ "ਪ੍ਰੀਤ ਲੜੀ" ਦੇ ਮਹਾਨ ਗੁਰਬਖ਼ਸ਼ ਸਿੰਘ ਜੀ ਸਨ। ਇਹ ਛੋਟੀ ਗੱਲ ਨਹੀਂ ਸੀ।

ਇਸ ਕਹਾਣੀ "ਡਾਕੂ" ਨਾਲੋਂ "ਕੁਆਰੀ ਪ੍ਰੀਤ", "ਦੋ ਚਿੱਠੀਆਂ" ਅਤੇ "ਮੇਰਾ ਉੱਜੜਿਆ ਗੁਆਂਢੀ" ਕਿਤੇ ਸਫਲ ਕਹਾਣੀਆਂ ਹਨ। ਇਹਨਾਂ ਦੇ ਅਨੁਵਾਦ ਵੀ ਮੈਂ

ਉਰਦੂ ਵਿਚ ਛਪਵਾਏ ਸਨ। ਪਰ ਇਹ ਗਉਲੀਆਂ ਨਹੀਂ ਗਈਆਂ। ਧਾਂਕ ਪਈ ਤਾਂ "ਡਾਕੂ" ਦੀ। ਸ਼ਾਇਦ ਮੇਰੀ ਪ੍ਰਸਿੱਧੀ ਦਾ ਸਿਹਰਾ ਇਸਦੇ ਸਿਰ ਹੀ ਬੱਝਣਾ ਸੀ।

ਮੇਰੇ ਪਹਿਲੇ ਕਹਾਣੀ ਸੰਗ੍ਰਹਿ "ਸਿੱਟਿਆਂ ਦੀ ਛਾਂ" ਵਿਚ ਇਹ ਕਹਾਣੀ ਸ਼ਾਮਿਲ ਹੈ। "ਮੇਰੀਆਂ ਸ੍ਰੇਸ਼ਟ ਕਹਾਣੀਆਂ" ਵਿਚ ਸ਼ਾਮਿਲ ਨਹੀਂ ਕੀਤੀ ਮੈਂ। ਇਹ ਇਹਦੇ ਨਾਲ ਅਨਿਆਂ ਨਹੀਂ, ਸਾਹਿਤ ਨਾਲ ਨਿਆਂ ਹੈ।

# "ਕੋਈ ਇਕ ਸਵਾਰ"

1954 ਵਿਚ ਮੈਂ "ਕੋਈ ਇਕ ਸਵਾਰ" ਲਿਖੀ। ਅਪਰੈਲ ਦਾ ਮਹੀਨਾ ਸੀ। ਤੇਤੀ ਵਰ੍ਹੇ ਦੀ ਉਮਰ ਸੀ ਮੇਰੀ। ਚਾਰ ਮਹੀਨੇ ਉੱਤੇ।

"ਡਾਕੂ" ਕਹਾਣੀ ਲਿਖਣ ਨਾਲ ਮੈਂ ਇਕਦਮ ਪ੍ਰਸਿੱਧ ਹੋਇਆ। "ਕੋਈ ਇਕ ਸਵਾਰ" ਨਾਲ ਪੂਰੀ ਤਰ੍ਹਾਂ ਸਥਾਪਤ। ਇਹ ਸਥਾਪਤੀ ਕਦਾਚਿਤ ਵੀ ਹਿੱਲ ਸਕਣ ਵਾਲੀ ਨਹੀਂ। ਇਸ ਦੀਆਂ ਬੁਨਿਆਦਾਂ ਬਹੁਤ ਡੂੰਘੀਆਂ ਲਹੀਆਂ ਹੋਈਆਂ ਹਨ। ਇਹ ਆਪਣੇ ਆਪ ਹੀ ਲਹੀਆਂ ਹਨ। ਇਹ ਕਹਾਣੀ ਮੈਂ ਲਿਖੀ ਨਹੀਂ, ਮੈਥੋਂ ਲਿਖ ਹੋ ਗਈ ਹੈ। ਚੰਗਾ ਸਾਹਿਤ ਜਾਣ-ਬੁੱਝਕੇ ਲਿਖਿਆ ਨਹੀਂ ਜਾਂਦਾ, ਸਾਥੋਂ ਲਿਖ ਹੋ ਜਾਂਦਾ ਹੈ। ਇਸਦਾ ਸਿਹਰਾ ਕੁਦਰਤ ਦੀ ਹੀ ਸਹਿਜਤਾ ਨੂੰ ਜਾਂਦਾ ਹੈ। ਨਹੀਂ ਤਾਂ ਅਸੀਂ ਕੌਣ ਹਾਂ ? ਅਸੀਂ ਤਾਂ ਬੱਸ ਮਾੜਾ-ਮੋਟਾ ਮਾਧਿਅਮ ਬਣ ਗਏ ਹੁੰਦੇ ਹਾਂ। ਕੁਦਰਤ ਆਪ ਚੁਣਦੀ ਹੈ ਕਿ ਕਿਸ ਗੱਲ ਲਈ ਕਿਸਦੇ ਹੱਥ ਕਲਮ ਦਿੱਤੀ ਜਾਵੇ ਤੇ ਉਸਤੋਂ ਕੀ ਕੁਹਾਇਆ ਜਾਵੇ। ਵਾਲਮੀਕ ਤੇ ਵੇਦ ਵਿਆਸ ਇਵੇਂ ਹੀ ਚੁਣੇ ਗਏ ਸਨ। ਕੁਦਰਤ ਏਥੇ ਸਮਾਂ ਵੀ ਹੈ। ਕਿਉਂਕਿ ਸਾਨੂੰ ਸਮਾਂ ਵੀ ਆਦੇਸ ਦਿੰਦਾ ਰਹਿੰਦਾ ਹੈ ਕਿ ਅਸੀਂ ਕਲਮ ਚੁੱਕੀਏ ਤੇ ਉਸ ਲਈ, ਉਸਦਾ, ਮਾਧਿਅਮ ਬਣੀਏ। ਅਸਲ ਵਿਚ ਇਹ ਸਭ ਕੁਝ ਸਾਥੋਂ ਸਮਾਂ ਹੀ ਲਿਖਵਾਉਂਦਾ ਹੈ। ਸਮੇਂ ਦੇ ਅਨੁਸਾਰ ਹੀ ਅਸੀਂ ਆਪਣੀ ਕਲਮ ਵਾਹੁੰਦੇ ਹਾਂ।

ਅੰਬਾਲਾ-ਲੁਧਿਆਣਾ ਵਾਲੀ ਜੀ. ਟੀ. ਰੋਡ ਉੱਤੇ ਸਰਹੰਦ ਅਤੇ ਖੰਨਾ ਵਿਚਕਾਰ ਗੋਬਿੰਦਗੜ੍ਹ ਦੀ ਮੰਡੀ ਹੈ। ਇਹ ਕਹਾਣੀ ਇਸੇ ਮੰਡੀ ਦੇ ਅੱਡੇ ਨਾਲ ਸੰਬੰਧਿਤ ਹੈ। ਲਹਿੰਦੇ ਵੱਲ ਖੰਨਾ ਹੈ ਤੇ ਚੜ੍ਹਦੇ ਵੱਲ ਸਰਹੰਦ ਹੈ ਤੇ ਦੱਖਣ ਵੱਲ ਅਮਲੋਹ ਹੈ। ਕਹਾਣੀ ਵਿਚ ਗੋਬਿੰਦਗੜ੍ਹ ਦੀ ਮੰਡੀ ਦਾ ਕੋਈ ਜ਼ਿਕਰ ਨਹੀਂ। ਕਿਉਂਕਿ ਇਸਦੀ ਲੋੜ ਨਹੀਂ। ਜਿਹੜੇ ਲੋਕ ਇਸ ਇਲਾਕੇ ਨੂੰ ਥੋੜਾ-ਬਹੁਤਾ ਜਾਣਦੇ ਹਨ, ਉਹਨਾਂ ਨੂੰ ਸਮਝ ਆ ਜਾਂਦੀ ਹੈ ਕਿ ਇਹ ਕਹਾਣੀ ਗੋਬਿੰਦਗੜ੍ਹ ਦੇ ਅੱਡੇ ਨਾਲ ਸੰਬੰਧਿਤ ਹੈ। ਕਿਉਂਕਿ ਬਾਰੂ ਤਾਂਗੇ ਵਾਲਾ ਖੰਨੇ ਵੱਲ ਜਾਣਾ ਚਾਹੁੰਦਾ ਹੈ, ਇਸ ਲਈ ਉਹ ਖੰਨੇ ਲਈ ਸਵਾਰੀ ਦਾ ਹੋਕਾ ਦਿੰਦਾ ਹੈ। ਪਰ ਦੂਜੇ ਤਾਂਗਿਆਂ ਵਾਲੇ ਸਰਹੰਦ ਅਤੇ ਅਮਲੋਹ ਜਾਣ ਲਈ ਹੋਕੇ ਮਾਰ ਰਹੇ ਹਨ। ਇਉਂ ਸਮਝ ਆ ਜਾਂਦੀ ਹੈ ਕਿ ਇਹ ਅੱਡਾ ਗੋਬਿੰਦਗੜ੍ਹ ਦੀ ਮੰਡੀ ਦਾ ਹੀ ਅੱਡਾ ਹੈ। ਇਹ ਪਤਾ ਸਰਹੰਦ ਅਤੇ ਅਮਲੋਹ ਦੀਆਂ ਆਵਾਜ਼ਾਂ ਨਾਲ ਹੀ ਸਾਨੂੰ ਲੱਗ ਸਕਦਾ ਹੈ, ਖੰਨੇ ਦੀਆਂ ਆਵਾਜ਼ਾਂ

ਨਾਲ ਹੀ ਇਸਦੀ ਸਮਝ ਨਹੀਂ ਪੈਂਦੀ। ਖੰਨੇ ਲਈ ਤਾਂ ਕਿਤੋਂ ਹੋਰੋਂ ਵੀ ਹੋਕੇ ਲਗ ਸਕਦੇ ਹਨ। ਚਾਵਿਓਂ, ਸਮਰਾਲਿਓਂ, ਜੋ ਖੰਨੇ ਦੇ ਏਧਰ-ਉਧਰ ਹਨ। ਅਮਲੋਹ ਤੋਂ ਵੀ ਖੰਨੇ ਲਈ ਆਵਾਜ਼ ਦਿੱਤੀ ਜਾ ਸਕਦੀ ਹੈ। ਕਿਉਂਕਿ ਉਥੋਂ ਵੀ ਖੰਨੇ ਵੱਲ ਇਕ ਸਿੱਧੀ ਸੜਕ ਜਾਂਦੀ ਹੈ। ਭਾਵੇਂ ਉਹਨਾਂ ਦਿਨਾਂ ਵਿਚ ਇਹ ਸੜਕ ਟੁੱਟੀ ਹੁੰਦੀ ਸੀ ਤੇ ਕਦ ਹੀ ਕੋਈ ਤਾਂਗਾ ਇਸ ਸੜਕ ਉੱਤੇ ਚਲਦਾ ਸੀ।

ਇਹ ਕਹਾਣੀ ਲਿਖਣ ਲਈ ਮੈਂ ਜਦੋਂ ਕਲਮ ਚੁੱਕੀ ਸੀ ਤਾਂ ਮੈਨੂੰ ਨਹੀਂ ਸੀ ਪਤਾ ਕਿ ਇਹ ਕਹਾਣੀ ਇਹੋ ਜਿਹੀ ਮੈਥੋਂ ਲਿਖ ਹੋ ਜਾਵੇਗੀ। ਅੰਤ ਵੀ ਮੈਂ ਪਹਿਲਾਂ ਇਹਦਾ ਹੋਰ ਜਿਹਾ ਹੀ ਸੋਚਿਆ। ਪਰ ਜਦੋਂ ਲਿਖਣ ਲੱਗਾ ਤਾਂ ਆਪੇ ਹੀ ਇਹ ਆਪਣੇ ਸਹੀ ਅੰਤ ਵੱਲ ਨੂੰ ਤੁਰਨ ਲੱਗੀ—ਅੱਜ ਵਾਲੇ ਅੰਤ ਨੂੰ। ਇਹੋ ਅੰਤ ਠੀਕ ਸੀ। ਪਹਿਲਾਂ ਵਾਲਾ ਸੋਚਿਆ ਅੰਤ ਇਸ ਲਈ ਠੀਕ ਨਹੀਂ ਰਹਿਣਾ ਸੀ। ਕਹਾਣੀ ਨਸ਼ਟ ਹੋ ਜਾਣੀ ਸੀ।

ਪਹਿਲਾ ਅੰਤ ਕੀ ਸੀ ? ਤਾਂਗੇ ਵਾਲਾ "ਕੋਈ ਇਕ ਸਵਾਰ" ਦਾ ਹੋਕਾ ਦਿੰਦਾ ਹੈ। ਸਵਾਰੀ ਆਈ ਜਾਂਦੀ ਹੈ, ਪਰ ਉਹ ਫੇਰ ਵੀ "ਕੋਈ ਇਕ ਸਵਾਰ" ਆਖਦਾ ਜਾਂਦਾ ਹੈ। ਆਖ਼ਿਰ ਤਾਂਗਾ ਭਰ ਗਿਆ। ਪਰ ਜਦ ਉਹ ਚੱਲਣ ਲੱਗਦਾ ਹੈ, ਤਾਂ ਵੀ "ਕੋਈ ਇਕ ਸਵਾਰ" ਦਾ ਹੋਕਾ ਦੇਈ ਜਾਂਦਾ ਹੈ। ਯਨੀ ਕਿ ਉਹ ਰੱਜਦਾ ਨਹੀਂ। ਉਂਜ ਵੀ ਉਹ "ਕੋਈ ਇਕ ਸਵਾਰ" ਹੀ ਆਖਦਾ ਜਾਂਦਾ ਹੈ, ਭਾਵੇਂ ਉਹਨੂੰ ਦੋ ਜਾਂ ਤਿੰਨ ਜਾਂ ਚਾਰ ਸਵਾਰ ਹੀ ਚਾਹੀਦੇ ਹੋਣ। ਜੇ ਮੈਂ ਇਉਂ ਕਰਦਾ ਤਾਂ ਇਹ ਕਹਾਣੀ ਬਾਰੂ ਤਾਂਗੇ ਵਾਲੇ ਦੇ ਖ਼ਿਲਾਫ਼ ਹੁੰਦੀ। ਇਸ ਤਰ੍ਹਾਂ ਇਹ ਪੂਰੀ ਕਿਰਤੀ ਜਨਤਾ ਦੇ ਖ਼ਿਲਾਫ਼ ਹੁੰਦੀ। ਕਲਾ ਵੀ ਨਾ ਹੁੰਦੀ ਇਹ, ਨਿਰੀ ਫ਼ੋਟੋਗਰਾਫ਼ੀ ਹੁੰਦੀ। ਦ੍ਰਿਸ਼ਟੀਕੋਣ ਵੀ ਬੁਰਜੁਵਾ ਹੁੰਦਾ। ਬਾਰੂ ਨੂੰ ਮੈਂ ਆਪਣੀ ਸਹੀ ਅੱਖ ਨਾਲ ਨਾ ਤੱਕਿਆ ਹੁੰਦਾ। ਮੇਰੀ ਅੱਖ ਵਿਚ ਚਿੱਬ ਹੁੰਦਾ।

ਪਰੰਪਰਾ ਵੀ ਅਤੀ ਨਰੋਈ ਮੇਰੇ ਨੇੜੇ ਨਾ ਰਹੀ ਹੁੰਦੀ। ਪਰੰਪਰਾ, ਜੋ ਨੀਚਾਂ ਤੋਂ ਵੀ ਜਿਹੜੇ ਅਤਿ ਦੇ ਨੀਚ ਹਨ, ਉਹਨਾਂ ਨਾਲ ਖਲੋਣ ਦੀ ਹੀ ਸਾਨੂੰ ਸਿੱਖਿਆ ਦਿੰਦੀ ਹੈ। ਫੇਰ ਮੈਂ ਇਹਨਾਂ "ਨੀਚਾਂ" ਨਾਲੋਂ ਦੂਰ ਹਟ ਗਿਆ ਹੁੰਦਾ ਤੇ "ਵੱਡਿਆਂ" ਵੱਲ ਖਲੋ ਗਿਆ ਹੁੰਦਾ। ਫੇਰ ਮੇਰਾ ਦ੍ਰਿਸ਼ਟੀਕੋਣ ਸਾਮੰਤ-ਪੱਖੀ ਬਣ ਗਿਆ ਹੁੰਦਾ। ਦ੍ਰਿਸ਼ਟੀਕੋਣ, ਜੋ ਕਿਰਤੀਆਂ ਨੂੰ ਠਿਲ੍ਹਾਂ ਕਰਦਾ ਰਹਿੰਦਾ ਤੇ ਮਿਹਨਤਕਸ਼ - ਗ਼ਰੀਬਾਂ ਨੂੰ ਬੇਸਬਰੇ ਦੱਸਦਾ ਰਹਿੰਦਾ ਹੈ। ਫੇਰ ਮੈਂ ਸੱਚਾ ਲੇਖਕ ਜਾਂ ਸੱਚਾ ਕਲਾਕਾਰ ਨਾ ਹੁੰਦਾ, ਫੇਰ ਮੈਂ ਕੇਵਲ ਲਿਖਣ ਲਈ ਹੀ ਲਿਖਣ ਵਾਲਾ ਲੇਖਕ ਹੁੰਦਾ। ਮੇਰਾ ਕੋਈ ਰਾਹ ਨਾ ਹੁੰਦਾ।

ਬਾਰੂ ਤਾਂਗੇ ਵਾਲਾ ਜਦੋਂ ਹਾਰ ਕੇ ਵੀ ਹਾਰਦਾ ਨਹੀਂ, ਫੇਰ ਜੂਝਣ ਲਗਦਾ ਹੈ ਤਾਂ ਉਸ ਕੋਲ ਕੋਈ ਰਾਹ ਹੈ। ਇਹੋ ਰਾਹ ਇਸ ਕਹਾਣੀ ਨੂੰ ਕਲਾ ਦਾ ਰੂਪ ਦੇ ਦਿੰਦਾ ਹੈ। ਇਹ ਫੇਰ ਜੂਝਣਾ, ਹੱਲ ਹੈ। ਹੱਲ ਬੜਾ ਜ਼ਰੂਰੀ ਹੈ।

ਕਈ ਲੋਕ ਕਹਿ ਦਿੰਦੇ ਹਨ ਕਿ ਹੱਲ ਦੱਸਣ ਦੀ ਲੋੜ ਨਹੀਂ। ਇਹ ਬੜੀ ਹੀ

ਗ਼ਲਤ ਗੱਲ ਹੈ। ਹਾਂ, ਹੱਲ ਸਿੱਧਾ ਨਹੀਂ, ਸੂਝਾਅ ਨਾਲ ਦੱਸਣਾ ਚਾਹੀਦਾ ਹੈ। ਏਥੇ ਹੱਲ ਸਿੱਧਾ ਨਹੀਂ, ਸੁਝਾਅ ਨਾਲ ਦੱਸਿਆ ਗਿਆ ਹੈ। ਜੂਝਣਾ। ਸੰਗਰਾਮ ਕਰਨਾ। ਮਨੁੱਖ ਹਾਰ ਤਾਂ ਜਾਂਦਾ ਹੈ, ਪਰ ਹਾਰ ਕੇ ਵੀ ਹਾਰਦਾ ਨਹੀਂ। ਉਹ ਫੇਰ ਨਵੇਂ ਸਿਰੇ ਤੋਂ ਸੰਗਰਾਮ ਕਰਨ ਲੱਗ ਜਾਂਦਾ ਹੈ। ਜਾਂ, ਮਨੁੱਖ ਨੂੰ ਹਾਰ ਕੇ ਵੀ ਹਾਰਨਾ ਨਹੀਂ ਚਾਹੀਦਾ। ਕਿਉਂਕਿ ਉਹ ਮਨੁੱਖ ਹੈ। ਮਨੁੱਖ ਹੋਣਾ ਵੱਡਾ ਹੈ। ਮਹਾਨਤਮ।

ਇਹ ਕਹਾਣੀ ਛਪੀ ਤਾਂ ਇਸਨੂੰ ਬੜੀ ਪ੍ਰਸੰਸਾ ਮਿਲੀ। ਸਭ ਤੋਂ ਪਹਿਲਾਂ ਇਹ ਕਹਾਣੀ "ਸਾਹਿਤ ਸਮਾਚਾਰ" ਨਾਂ ਦੇ ਮਾਸਿਕ ਵਿਚ ਛਪੀ ਸੀ। ਲਾਹੌਰ ਬੁਕ ਸ਼ਾਪ ਲੁਧਿਆਣਾ ਦਾ ਇਹ ਪਰਚਾ ਸੀ। ਇਸ ਕਹਾਣੀ ਨੂੰ ਛਪਿਆਂ ਅਜ ਕੁਝ ਕੁ ਦਿਨ ਹੀ ਹੋਏ ਸਨ। ਮੈਂ ਲੁਧਿਆਣੇ ਗਿਆ ਤਾਂ ਮੇਰਾ ਇਕ ਮਿੱਤਰ ਨਾਰਾਇਣ ਸਿੰਘ ਗ਼ੁੱਚਾ ਰੇਲਵੇ ਸਟੇਸ਼ਨੋਂ ਬਾਹਰ ਢੁੰਗੀ ਉੱਤੇ ਬੈਠਾ ਸੀ। ਉਹਨੇ ਮੈਨੂੰ ਦੇਖਿਆ ਤਾਂ ਦੌੜਕੇ ਲਾਗੇ ਆਇਆ ਤੇ ਮੇਰੇ ਗਲ ਨੂੰ ਚੰਬੜ ਗਿਆ। "ਯਾਰ, ਧੀਰ, ਤੇਰੀ ਕਹਾਣੀ ਪੜ੍ਹੀ ਐ, ਕੋਈ ਇਕ ਸਵਾਰ, ਕਹਾਣੀ ਹੈ ਇਹ ਕੋਈ ਤੇਰੀ! ਹੱਦ ਹੀ ਹੋਈ ਪਈ ਐ। ਚੈਖਵ ਦੀ ਕਹਾਣੀ ਐ 'ਗ਼ਰੀਫ਼' ਇਹੋ ਜਿਹੀ ਇਕ। ਬੱਸ, ਇਹ ਉਸੇ ਤਰ੍ਹਾਂ ਦੀ ਹੈ। ਉਹ ਵੀ ਤਾਂਗੇ ਵਾਲਾ ਹੈ, ਦੁਖੀਆ ਗ਼ਰੀਬ, ਪਰ ਉਥੇ ਉਹਦਾ ਦੁੱਖ ਸੁਣ ਸਕਣ ਵਾਲਾ ਕੋਈ ਨਹੀਂ। ਅੰਤ ਨੂੰ ਉਹ ਆਪਣੇ ਘੋੜੇ ਦੇ ਗਲ ਨਾਲ ਲੱਗ ਜਾਂਦਾ ਹੈ ਤੇ ਘੋੜੇ ਨੂੰ ਹੀ ਆਪਣੇ ਦਿਲ ਦਾ ਦੁੱਖ ਦੱਸਣ ਲੱਗ ਜਾਂਦਾ ਹੈ। ਇਹ ਕਹਾਣੀ ਹਰ ਹੈ। ਪਰ ਹੈ ਉਸੇ ਪਾਏ ਦੀ।"

ਕਰਤਾਰ ਸਿੰਘ ਤਾਰ ਸਨ ਇਕ ਮੇਰੇ ਮਿੱਤਰ ਖੰਨਾ ਦੇ। ਪਹਿਲਾਂ ਲੈਕਚਰਾਰ ਸਨ ਤੇ ਫੇਰ ਬੰਗਾ ਕਾਲਜ ਦੇ ਉਹ ਪ੍ਰਿੰਸੀਪਲ ਵੀ ਰਹੇ ਹਨ। ਉਹਨਾਂ ਇਸਦੇ ਅਰਥ ਕੱਢ: "ਅਸਲ ਵਿਚ ਸਾਨੂੰ ਆਪਣੀ ਅੰਦਰਲੀ ਕਮਜ਼ੋਰੀ ਉਤੇ ਹੀ ਕਾਬੂ ਪਾਉਣਾ ਚਾਹੀਦਾ ਹੈ। ਜਦੋਂ ਅਸੀਂ ਹਾਰਦੇ ਹਾਂ ਤਾਂ ਇਸਦਾ ਕਾਰਨ, ਬਹੁਤ ਵਾਰ, ਸਾਡੀ ਆਪਣੀ ਅੰਦਰਲੀ ਕਮਜ਼ੋਰੀ ਵਿਚ ਹੀ ਹੁੰਦਾ ਹੈ। ਖੰਨੇ ਵੱਲ ਜਾਂਦੇ ਹੋਏ, ਬੰਬ ਉਤੇ ਬੈਠ ਕੇ, ਕੈਂਚੀ ਦੀ ਸਿਗਰਟ ਪੀਂਦੇ ਜਾਣਾ ਬਾਰੂ ਦੀ ਕਮਜ਼ੋਰੀ ਸੀ। ਇਹ ਇੱਛਾ, ਇਹ ਲਾਲਸਾ, ਬਾਰੂ ਦੀ ਕਮਜ਼ੋਰੀ ਸੀ। ਤਾਂਗਾ ਭਰ ਚੁੱਕਾ ਹੈ, ਪਰ ਉਹ ਤਾਂਗਾ ਤੋਰਨ ਦੀ ਥਾਂ, ਬੰਬ ਨਾਲ ਰਾਸਾਂ ਬੰਨ੍ਹ ਕੇ, ਸੜਕ-ਕੰਢੇ, ਫੜੀ ਵਾਲੇ ਤੋਂ ਸਿਗਰਟ ਲੈਣ ਲੱਗ ਜਾਂਦਾ ਹੈ ਤੇ ਉਤੋਂ ਬਸ ਆ ਜਾਂਦੀ ਹੈ ਤੇ ਤਾਂਗੇ ਦੀਆਂ ਸਭ ਸਵਾਰੀਆਂ ਬਸ ਵਿਚ ਜਾ ਬਹਿੰਦੀਆਂ ਹਨ।"

ਬੰਬਈ ਤੋਂ ਗੁਰਵੇਲ ਪੰਨੂੰ ਨੇ ਇਕ ਖ਼ਤ ਵਿਚ ਲਿਖਿਆ ਸੀ: "ਕਮਾਲ ਦੀ ਕਹਾਣੀ ਹੈ! ਬੇਮਿਸਾਲ! ਅਦਭੁਤ! ਇਕੋ ਸਮਾਂ, ਇਕੋ ਘਟਨਾ, ਇਕੋ ਹੀ ਅਸਥਾਨ ਹੈ। ਕਿਸੇ ਹੀ ਕਹਾਣੀ ਵਿਚ ਇਹ ਤ੍ਰਿੰਨ-ਏਕਤਾ (Three Unity) ਹੁੰਦੀ ਹੈ। ਇਹ ਬਹੁਤ ਵੱਡਾ ਗੁਣ ਹੈ। ਇਸੇ ਲਈ ਇਹ ਅਦਭੁਤ ਹੈ।"

ਆਪਣੇ ਇਸ ਅੰਕ ਰਾਹੀਂ "ਸਾਹਿਤ ਸਮਾਚਾਰ" ਨੇ ਪੰਜਾਬੀ ਨਿੱਕੀ ਕਹਾਣੀ ਦਾ

ਮੁਕਾਬਲਾ ਕਰਵਾਇਆ ਸੀ ! "ਕੋਈ ਇਕ ਸਵਾਰ" ਮੈਂ ਮੁਕਾਬਲੇ ਲਈ ਹੀ ਭੇਜੀ ਸੀ। ਕਹਾਣੀਆਂ ਪਹਿਲਾਂ ਛਾਪਣੀਆਂ ਤੇ ਫੇਰ ਨਤੀਜਾ ਕੱਢਣਾ ਸੀ। ਇਉਂ ਆਮ ਪਾਠਕਾਂ ਦੀ ਰਾਏ ਵੀ ਆ ਜਾਣੀ ਸੀ। ਗੱਲ ਇਹ ਕਾਫ਼ੀ ਠੀਕ ਸੀ। ਗੁਰਵੇਲ ਪੰਨੂੰ ਨੇ ਆਪਣੇ ਖ਼ਤ ਵਿਚ ਅੱਗੇ ਇਹ ਵੀ ਲਿਖਿਆ ਸੀ : "ਜੱਜਾਂ ਨੂੰ ਜੇ ਸਮਝ ਹੋਵੇ ਤਾਂ ਇਹ ਕਹਾਣੀ, ਬਿਨਾਂ ਪੁੱਛ, ਅੱਵਲ ਕੱਢਣੀ ਚਾਹੀਦੀ ਹੈ।" ਪ੍ਰਬੰਧਕਾਂ ਨੇ ਪਹਿਲਾ ਇਨਾਮ ਸੱਠ ਰੁਪਏ ਰਖਿਆ ਸੀ। ਦੂਜਾ ਸ਼ਾਇਦ ਪਣਤਾਲੀ ਤੇ ਤੀਜਾ ਤੀਹ ਰੁਪਏ ਸੀ। ਗੁਰਵੇਲ ਪੰਨੂੰ ਨੇ ਇਹ ਵੀ ਲਿਖਿਆ : "ਅਤੇ ਇਹਨੂੰ ਘਟੋ ਘੱਟ ਇਕ ਹਜ਼ਾਰ ਰੁਪਏ ਇਨਾਮ ਦਿੱਤਾ ਜਾਣਾ ਚਾਹੀਦਾ ਹੈ। ਸੱਚ ਪੁਛੋ ਤਾਂ ਇਕ ਹਜ਼ਾਰ ਰੁਪਏ ਵੀ ਬਹੁਤ ਥੋੜੇ ਹਨ।' ਉਹਨੀਂ ਦਿਨੀਂ ਇਕ ਹਜ਼ਾਰ ਬਹੁਤ ਵੱਡੀ ਰਕਮ ਸੀ। ਪਰ ਸੱਠ ਰੁਪਏ, ਪਣਤਾਲੀ ਰੁਪਏ, ਇਹ ਬਹੁਤ ਘੱਟ ਇਨਾਮ ਸੀ। ਪਰ ਚਲੋ, ਖ਼ੈਰ, ਜੋ ਵੀ ਸੀ।

ਮੇਰੀ ਕਹਾਣੀ ਹੀ ਅੱਵਲ ਆਈ। ਪ੍ਰਬੰਧਕ ਚਾਹੁੰਦੇ ਨਹੀਂ ਸਨ, ਪਰ ਸੁਣਿਆ ਸੀ ਕਿ ਬਾਹਰ ਦਾ ਦਬਾਅ ਬਹੁਤ ਵਧ ਗਿਆ ਸੀ।

ਦੂਜਾ ਨੰਬਰ ਹਰੀ ਸਿੰਘ ਦਿਲਬਰ ਦੀ ਕਹਾਣੀ ਦਾ ਸੀ। ਤੀਜੇ ਨੰਬਰ ਉਤੇ ਦਲੀਪ ਕੌਰ ਟਿਵਾਣਾ ਦੀ ਕਹਾਣੀ "ਮਾਂ" ਆਈ ਸੀ।

ਦਲੀਪ ਕੌਰ ਟਿਵਾਣਾ ਦੀ ਕਹਾਣੀ ਬਹੁਤ ਵਧੀਆ ਸੀ। ਤੀਜੇ ਨੰਬਰ ਉਤੇ ਇਹ ਆਉਣੀ ਨਹੀਂ ਸੀ ਚਾਹੀਦੀ।

ਲੁਧਿਆਣੇ ਪੰਜਾਬੀ ਸਾਹਿਤ ਅਕਾਦਮੀ ਬਣ ਚੁੱਕੀ ਸੀ। ਉਸਦੀ ਪਹਿਲੀ ਕਾਨਫ਼ਰੰਸ ਪੰਜਾਬੀ ਭਵਨ ਵਾਲੀ ਥਾਂ ਲੁਧਿਆਣਾ ਵਿਚ ਹੋਈ ਸੀ। ਸਾਨੂੰ ਇਹ ਇਨਾਮ ਉਦੋਂ ਕਾਨਫ਼ਰੰਸ ਦੇ ਮੌਕੇ ਉਤੇ ਪ੍ਰਦਾਨ ਕੀਤੇ ਗਏ ਸਨ। ਇਨਾਮ ਸਾਨੂੰ ਦਿੱਤੇ ਸਨ ਸ੍ਰ: ਗੁਰਦਿਆਲ ਸਿੰਘ ਢਿਲੋਂ ਨੇ। ਉਦੋਂ ਉਹ ਪੰਜਾਬ ਵਿਧਾਨ ਸਭਾ ਦੇ ਸਪੀਕਰ ਸਨ। ਕਾਨਫ਼ਰੰਸ ਦੇ ਕਰਤਾ-ਧਰਤਾ ਭਾਈ ਜੋਧ ਸਿੰਘ ਜੀ ਸਨ। ਪੰਜਾਬੀ ਸਾਹਿਤ ਅਕਾਡਮੀ ਵੀ ਉਹਨਾਂ ਹੀ ਬਣਾਈ ਸੀ।

ਲੋਕੀ ਇਸ ਕਹਾਣੀ ਵਿਚੋਂ ਆਪੋ ਆਪਣੀ ਸਮਝ ਅਨੁਸਾਰ ਅਰਥ ਕੱਢਦੇ ਰਹਿੰਦੇ ਹਨ ਤੇ ਜੋ ਵੀ ਅਰਥ ਉਹ ਕੱਢਦੇ ਹਨ, ਉਹ ਠੀਕ ਹੀ ਠੀਕ ਹੁੰਦੇ ਹਨ। ਪਰ ਜਦੋਂ ਮੈਂ ਇਹ "ਕੋਈ ਇਕ ਸਵਾਰ" ਕਹਾਣੀ ਲਿਖੀ ਸੀ, ਮੈਨੂੰ ਇਹ ਨਹੀਂ ਸੀ ਪਤਾ ਕਿ ਇਸ ਵਿਚ ਇਹ ਵੀ ਅਰਥ ਹਨ। ਮੈਂ ਤਾਂ ਬੱਸ ਕਹਾਣੀ ਲਿਖੀ। ਮੇਰੇ ਸਾਹਮਣੇ ਬਾਰੂ ਅਤੇ ਉਸਦਾ ਤਾਂਗਾ ਆਇਆ ਅਤੇ ਮੈਂ ਲਿਖਣ ਲੱਗ ਪਿਆ। ਮੈਂ ਕੋਈ ਫ਼ਲਸਫ਼ਾ ਜਾਂ ਅਰਥ ਇਸ ਵਿਚ ਪਾਇਆ ਨਹੀਂ। ਨਾ ਹੀ ਇਉਂ ਫ਼ਲਸਫ਼ੇ ਜਾਂ ਅਰਥ ਪੈਂਦੇ ਹੀ ਹੁੰਦੇ ਹਨ। ਇਹ ਤਾਂ ਸਭ ਜੀਵਨ ਵਿਚੋਂ ਆਪ ਹੀ ਨਿਕਲਦੇ ਹੁੰਦੇ ਹਨ। ਬੱਸ, ਸਾਡਾ ਲਿਖਣ ਵੇਲੇ ਮਨ ਸੁਹਿਰਦ ਚਾਹੀਦਾ ਹੈ। ਅੱਖ ਸਾਫ਼।

## "ਨਿੱਕੀ ਸਲੇਟੀ ਸੜਕ ਦਾ ਟੋਟਾ"

ਕਵਿਤਾ ਅਤੇ ਕਹਾਣੀਆਂ ਮੈਂ ਦੋਵੇਂ ਲਿਖਦਾ ਆਉਂਦਾ ਸਾਂ। ਕਹਾਣੀਆਂ ਵਿਚ ਤਾਂ ਮੇਰੀ ਕਲਮ ਕਾਫ਼ੀ ਡੂੰਘੀ ਜਾ ਚੁੱਕੀ ਸੀ, "ਕੋਈ ਇਕ ਸਵਾਰ" ਇਸਦੀ ਸਾਖੀ ਭਰ ਹੀ ਰਹੀ ਸੀ, ਪਰ ਕਵਿਤਾ ਵਿਚ ਮੈਂ ਅਜ ਆਪਣਾ ਗੁਣ ਪ੍ਰਦਰਸ਼ਤ ਨਹੀਂ ਸੀ ਕੀਤਾ। ਇਸ ਪਾਸੇ ਮੈਂ ਥੋੜਾ ਜਿਹਾ ਮਗਰੋਂ ਹੀ ਪ੍ਰਵਾਨ ਹੋਇਆ।

1956 ਵਿਚ ਮੈਂ ਇਕ ਕਵਿਤਾ ਲਿਖੀ ਸੀ ਜਿਸਨੂੰ ਚਾਰੇ ਪਾਸਿਓਂ ਹੀ ਇਕਦਮ ਪ੍ਰਵਾਨਗੀ ਮਿਲੀ। ਇਹ ਸੀ ਮੇਰੀ ਕਵਿਤਾ "ਨਿੱਕੀ ਸਲੇਟੀ ਸੜਕ ਦਾ ਟੋਟਾ"। 1956 ਵਿਚ ਹੀ "ਪ੍ਰੀਤ ਲੜੀ" ਵਿਚ ਛਪੀ ਸੀ ਇਹ।

ਇਹ ਕਵਿਤਾ ਪਿਆਰ ਦੀ ਸੀ। ਪਿਆਰ ਦੀ ਹੀ ਕਵਿਤਾ ਮੈਂ ਲਿਖਣੀ ਸ਼ੁਰੂ ਕੀਤੀ ਸੀ। ਪਰ ਅੱਗੇ ਜਾ ਕੇ ਆਪਣੇ ਆਪ ਇਹ ਅਮਨ ਵੱਲ ਨੂੰ ਮੁੜ ਗਈ। ਸ਼ਾਇਦ ਇਸੇ ਕਾਰਨ ਇਹ ਚੰਗੀ ਕਵਿਤਾ ਸਮਝੀ ਗਈ।

ਅਸਲ ਵਿਚ, ਇਹ ਕਵਿਤਾ, ਯੁੱਗ ਦੇ ਅਨੁਕੂਲ ਸੀ। ਸੰਸਾਰ ਵਿਚ ਅਮਨ ਲਈ ਆਵਾਜ਼ ਉੱਚੀ ਹੋ ਰਹੀ ਸੀ ਤੇ ਬੰਬਾਂ-ਐਟਮ ਬੰਬਾਂ ਦੀ ਮੁਖ਼ਾਲਫ਼ਤ ਹੋ ਰਹੀ ਸੀ। ਇਹ ਕਵਿਤਾ ਬੰਬਾਂ-ਐਟਮ ਬੰਬਾਂ ਦੀ ਮੁਖ਼ਾਲਿਫ਼ ਸੀ।

ਏਨੀ ਗੱਲ ਵੀ ਨਹੀਂ ਸੀ ਕੇਵਲ। ਕੇਵਲ ਵਿਸ਼ੇ ਕਰਕੇ ਹੀ ਇਹ ਚੰਗੀ ਨਹੀਂ ਸੀ ਸਮਝੀ ਗਈ। ਸਗੋਂ ਰੂਪਕ ਪੱਖੋਂ ਵੀ ਇਹ ਠੀਕ ਰੂਪ ਲੈ ਸਕੀ ਸੀ। ਇਹ ਕਲਾ ਪੱਖੋਂ ਵੀ ਪੂਰਨ ਸੀ। ਨਹੀਂ ਤਾਂ ਕੇਵਲ ਵਿਸ਼ੇ ਨਾਲ ਹੀ ਕੰਮ ਨਹੀਂ ਸੀ ਸੌਰ ਸਕਦਾ। ਵਿਸ਼ਾ ਅਤੇ ਰੂਪ, ਦੋਵੇਂ, ਪੂਰਨ ਹੋਣੇ ਚਾਹੀਦੇ ਹਨ। ਅਤੇ ਇਹ ਏਥੇ ਪੂਰਨ ਸਨ। ਵਿਸ਼ਾ ਆਪਣਾ ਸਹੀ ਰੂਪ ਆਪ ਲੈ ਕੇ ਆ ਗਿਆ ਸੀ। ਅਤੇ ਇਹ ਮੈਥੋਂ ਲਿਖ ਹੋ ਗਈ। ਇਹ ਵੀ ਲਿਖ ਹੀ ਹੋ ਗਈ। ਵੱਡੀ ਗੱਲ ਸਾਹਿਤ ਵਿਚ ਲਿਖ ਹੀ ਹੋਣਾ ਹੁੰਦਾ ਹੈ। ਇਹ ਕਦੇ-ਕਦੇ ਹੀ ਹੁੰਦਾ ਹੈ। ਜਦੋਂ ਕੋਈ ਚੰਗੀ ਘੜੀ ਹੋਵੇ। ਇਹ ਚੰਗੀ ਘੜੀ ਮਨ ਦੇ ਚੰਗੇ ਰਉਆਂ ਨਾਲ ਸੰਬੰਧਿਤ ਹੈ। ਮਨ ਦੀ ਸਹਿਜ ਅਵਸਥਾ ਨਾਲ। ਬੜਾ ਹੀ ਚੰਗਾ ਮਨ ਸੀ ਮੇਰਾ ਜਦੋਂ ਮੈਂ ਇਹ ਕਵਿਤਾ ਲਿਖੀ। ਪਿਆਰ ਦੀਆਂ ਮਹਿਕਾਂ ਮੇਰੇ ਆਲੇ-ਦੁਆਲੇ ਉਡ ਰਹੀਆਂ ਸਨ।

ਭਾਦੋਂ ਦਾ ਮਹੀਨਾ ਸੀ। ਟਿਕੀ, ਸੁੰਨੀ ਰਾਤ ਸੀ। ਆਪਣੇ ਪਿੰਡ, ਚੁਬਾਰੇ ਵਿਚ,

ਮੇਜ਼ ਉਤੇ ਮੈਂ ਵੱਡਾ ਲੈਂਪ ਬਾਲ ਕੇ ਬੈਠਾ ਹੋਇਆ ਸਾਂ ਤੇ "ਨਿੱਕੀ ਸਲੇਟੀ ਸੜਕ ਦਾ ਟੋਟਾ" ਲਿਖਣ ਵਿਚ ਲੱਗਾ ਹੋਇਆ ਸਾਂ। ਪਿੰਡ ਸੁੱਤਾ ਪਿਆ ਸੀ। ਪਰਵਾਰ ਵੀ ਸੁੱਤਾ ਪਿਆ ਸੀ। ਪਰ ਮੈਂ ਜਾਗ ਰਿਹਾ ਸਾਂ ਤੇ ਕਾਗਜ਼ ਉਤੇ "ਨਿੱਕੀ ਸਲੇਟੀ ਸੜਕ ਦਾ ਟੋਟਾ" ਲਿਖ ਰਿਹਾ ਸਾਂ। ਪਸੀਨਾ ਮੇਰੇ ਪਿੰਡੇ ਉਤੇ ਪਰਲ-ਪਰਲ ਵਗ ਰਿਹਾ ਸੀ—ਮੈਂ ਨੰਗੇ ਪਿੰਡੇ ਬੈਠਾ ਸਾਂ—ਪਰ ਪੂਰਬ ਵੱਲ ਦੀ ਬਾਰੀ ਵਿਚੋਂ ਨਿੱਕੀ-ਨਿੱਕੀ ਹਵਾ ਵੀ ਮੇਰੇ ਪਿੰਡੇ ਨੂੰ ਛੂਹ ਰਹੀ ਸੀ। ਨਿੱਕੀ ਸਲੇਟੀ ਸੜਕ ਦਾ ਟੋਟਾ ਪੂਰਬ ਵਾਲੇ ਪਾਸੇ ਹੀ ਸੀ ਮੇਰੇ ਪਿੰਡ ਡਡਹੇੜੀ ਤੋਂ। ਇਹ ਹਵਾ ਉਸ ਟੋਟੇ ਨੂੰ ਛੂਹ-ਛੂਹ ਆ ਰਹੀ ਸੀ।

ਨਿੱਕੀ ਸਲੇਟੀ ਸੜਕ ਦਾ ਟੋਟਾ ਇਕ ਤਾਂ ਜੀਵਨ ਵਿਚ ਸੀ, ਪਰ ਇਕ ਮੇਰੀ ਕਵਿਤਾ ਵਿਚ ਸਾਕਾਰ ਹੋਇਆ-ਹੋਇਆ ਸੀ। ਇਹ ਕੁਝ ਥੋੜਾ ਹੋਰ ਸੀ। ਸੁੰਦਰ ਉਹ ਵੀ ਬੜਾ ਸੀ—ਸਾਰੀ ਸ੍ਰਿਸ਼ਟੀ ਸੁੰਦਰ ਹੈ—ਪਰ ਇਸਨੂੰ ਮੇਰੇ ਮਨ ਦੀਆਂ ਰੰਗੀਨ ਛੁਹਾਂ ਮਿਲ ਗਈਆਂ ਸਨ। ਇਹ ਰੰਗੀਨ ਛੁਹਾਂ ਇਸਨੂੰ ਨਵਾਂ ਰੂਪ ਦੇ ਰਹੀਆਂ ਸਨ। ਨਵਾਂ, ਸਿਰਜਣਾਤਮਕ ਰੂਪ।

ਮੈਨੂੰ, ਇਸ ਕਵਿਤਾ ਨਾਲ, ਇਕ ਸਫਲ ਕਵੀ ਮੰਨਿਆ ਗਿਆ। ਪੰਜਾਬੀ ਸਾਹਿਤ ਦੇ ਉੱਚ ਕੋਟੀ ਦੇ ਬੁੱਧੀਮਾਨਾਂ ਵਲੋਂ ਇਸਦੀ ਬਹੁਤ ਪ੍ਰਸ਼ੰਸਾ ਕੀਤੀ ਗਈ। ਉਹਨਾਂ ਬੁੱਧੀਮਾਨਾਂ ਵਲੋਂ ਜਿਹੜੇ ਸੰਸਾਰ ਦੀ ਉੱਚ-ਕੋਟੀ ਦੀ ਕਵਿਤਾ ਨਾਲ ਪ੍ਰੀਚਤ ਸਨ। ਅਗਾਂਹਵਧੂ ਹਲਕਿਆਂ ਵਿਚ ਖ਼ਾਸ ਕਰ ਪ੍ਰਸ਼ੰਸਾ ਹੋਈ। ਸਗੋਂ ਹਰ ਕਿਸਮ ਦੇ ਹੀ ਹਲਕਿਆਂ ਵਿਚ ਪ੍ਰਸ਼ੰਸਾ ਹੋਈ।

ਕਵਿਤਾ ਅਮਨ ਬਾਰੇ ਸੀ। ਅਮਨ ਉਂਜ ਤਾਂ ਉੱਚ ਕੋਟੀ ਦਾ ਮਾਨਵ-ਹਿਤੂ ਫ਼ਲਸਫ਼ਾ ਹੈ, ਪਰ ਕਿਉਂਕਿ ਅਮਨ ਦਾ ਨਾਹਰਾ ਸੋਵੀਅਤ ਰੂਸ ਨੇ ਉੱਚਾ ਕੀਤਾ ਸੀ, ਇਸ ਲਈ ਇਸਦੀ ਪੂੰਜੀਵਾਦੀ ਤੇ ਸਾਮਰਾਜੀ ਜਗਤ ਵਲੋਂ ਮੁਖ਼ਾਲਫ਼ਤ ਕੀਤੀ ਜਾ ਰਹੀ ਸੀ ਤੇ ਇਸਨੂੰ ਰੂਸ ਦੀ ਕੂਟਲ ਨੀਤੀ ਹੀ ਆਖਿਆ ਜਾ ਰਿਹਾ ਸੀ। ਭਾਰਤ ਦੀ ਸਰਕਾਰ ਵਲੋਂ ਵੀ ਇਸ ਲਹਿਰ ਦੀ ਉਹਨੀਂ ਦਿਨੀਂ ਮੁਖ਼ਾਲਫ਼ਤ ਕੀਤੀ ਜਾ ਰਹੀ ਸੀ। ਹਾਲਾਂਕਿ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਸਨ ਜੋ ਗਾਂਧੀ ਜੀ ਦੇ ਚੇਲੇ ਤੇ ਅਮਨ ਅਤੇ ਅਹਿੰਸਾ ਦੇ ਪੁਜਾਰੀ ਜਾਂ ਪ੍ਰਤਿਪਾਲਕ ਸਨ। ਪਰ ਉਹ ਵੀ ਉਦੋਂ ਸੰਸਾਰ ਅਮਨ ਲਹਿਰ ਦੇ ਵਿਰੋਧੀ ਸਨ। ਕਾਰਨ ਰਾਜਨੀਤਕ ਸਨ। ਕਮਿਊਨਿਸਟ ਰੂਸ ਵਲੋਂ ਸ਼ੁਰੂ ਕੀਤੀ ਅਮਨ ਲਹਿਰ ਤੋਂ ਉਹਨਾਂ ਨੂੰ ਡਰ ਆ ਰਿਹਾ ਸੀ। ਇਸਨੂੰ ਉਦੋਂ ਲਾਲ ਰੂਸ ਦੀ ਸਾਜ਼ਿਸ਼ ਆਖਿਆ ਜਾਂਦਾ ਸੀ।

ਜਲ੍ਹਿਆਂਵਾਲਾ ਬਾਗ ਦੇ ਹੀਰੋ ਡਾ: ਸੈਫ਼-ਉ-ਦੀਨ ਕਿਚਲੂ ਇਸ ਲਹਿਰ ਵਿਚ ਸਰਗਰਮ ਸਨ ਅਤੇ ਹਿੰਦੋਸਤਾਨ ਦੀ ਅਮਨ ਕਮੇਟੀ ਦੇ ਪ੍ਰਧਾਨ ਸਨ। ਸੱਚੇ-ਸੁੱਚੇ ਕਾਂਗਰਸੀ। ਪਰ ਵਿਰੋਧੀ ਆਖਦੇ ਕਿ ਉਹ ਚੋਰ-ਦਰਵਾਜ਼ੇ ਰਾਹੀਂ ਕਮਿਊਨਿਸਟਾਂ ਵਿਚ ਗਏ ਹਨ। ਮਤਲਬ ਹੈ ਕਿ ਏਨੀ ਵਾਦ-ਵਿਵਾਦੀ ਸੀ ਇਹ ਅਮਨ ਲਹਿਰ। ਤਾਂ ਵੀ ਮੇਰੀ ਕਵਿਤਾ "ਨਿੱਕੀ ਸਲੇਟੀ ਸੜਕ ਦਾ ਟੋਟਾ" ਸਰਬ ਪ੍ਰਵਾਨ ਕੀਤੀ ਗਈ। ਕਾਰਨ ਸੀ,

ਇਹ ਕਲਾ ਸੀ। ਅਮਨ ਦਾ ਇਹ ਰਾਜਸੀ ਪਰਚਾਰ ਨਹੀਂ ਸੀ ਬਣ ਗਈ ਹੋਈ। ਭਾਵੇਂ ਅਮਨ ਲਹਿਰ ਵੀ ਇਕ ਰਾਜਨੀਤਕ ਲਹਿਰ ਹੀ ਸੀ। ਜੇ ਜੰਗ, ਆਪਣੇ ਆਪ ਵਿਚ ਕੋਈ ਰਾਜਨੀਤੀ ਹੈ, ਤਾਂ ਜੰਗ ਦੇ ਵਿਰੋਧ ਵਿਚ ਖੜੀ ਹੋਣ ਵਾਲੀ ਅਮਨ ਲਹਿਰ ਵੀ ਰਾਜਨੀਤੀ ਹੈ। ਹਾਂ, ਇਹਨਾਂ ਦੋਹਾਂ ਰਾਜਨੀਤੀਆਂ ਵਿਚ ਫ਼ਰਕ ਹੈ। ਇਕ ਲੋਕ-ਹਿਤੂ ਤੇ ਦੂਜੀ ਲੋਕ-ਵਿਰੋਧੀ ਹੈ। ਰਾਜਨੀਤੀ ਆਖ ਕੇ ਹੀ ਕਿਸੇ ਰਾਜਨੀਤੀ ਨੂੰ ਨਿਖੇਧ ਨਹੀਂ ਦੇਣਾ ਚਾਹੀਦਾ। ਉਸ ਦਾ ਮੁੱਲ ਗੁਣ-ਅਉਗੁਣ ਦੇਖ ਕੇ ਪਾਉਣਾ ਚਾਹੀਦਾ ਹੈ।

ਮੈਂ ਪਿਆਰ ਦਾ ਕਵੀ ਨਹੀਂ, ਇਨਕਲਾਬੀ ਕਵੀ ਸਾਂ, ਤੇ ਦੁਨੀਆਂ ਭਰ ਦੀ ਰਾਜਨੀਤੀ ਨਾਲ ਜੁੜਿਆ ਹੋਇਆ ਕਵੀ ਸਾਂ। ਇਸੇ ਲਈ ਇਹ ਮੇਰੀ ਕਵਿਤਾ, ਜੋ ਮੈਂ ਪਿਆਰ ਦੀ ਲਿਖਣ ਲਈ ਹੀ ਆਪਣੀ ਕਲਮ ਚੁੱਕੀ ਸੀ, ਅਮਨ ਵੱਲ ਨੂੰ ਮੁੜ ਗਈ। ਇਹ ਮੈਂ ਆਪ ਨਹੀਂ ਮੋੜੀ, ਸਗੋਂ ਆਪਣੇ ਆਪ ਹੀ ਮੁੜੀ। ਮੈਂ ਤਾਂ ਇਸਦੇ ਪਿਛੇ-ਪਿਛੇ ਇਸ ਨਾਲ ਮੁੜਦਾ ਚਲਾ ਗਿਆ।

ਇਹ ਨਹੀਂ ਕਿ ਮੇਰੀ ਕਵਿਤਾ ਬਿਨਾਂ ਸੇਧ ਜਾ ਰਹੀ ਸੀ। ਮੇਰੀ ਕਵਿਤਾ ਬਾਲਿਗ ਸੀ। ਉਸਨੂੰ ਆਪਣੀ ਮੰਜ਼ਲ ਦਾ ਤੇ ਆਪਣੇ ਰਾਹ ਦਾ ਪਤਾ ਸੀ। ਮੈਨੂੰ ਚਿੰਤਾ ਨਹੀਂ ਸੀ।

ਮੇਰੀ ਕਵਿਤਾ ਬਿਲਕੁਲ ਠੀਕ ਥਾਂ ਉਤੇ ਪੁੱਜ ਗਈ ਸੀ। ਨਿੱਕੀ ਸਲੇਟੀ ਸੜਕ ਦਾ ਟੋਟਾ ਬੜਾ ਹੀ ਖ਼ੂਬਸੂਰਤ ਹੈ। ਪਰ :

ਕਦੇ ਕਦੇ ਇਸ ਟੋਟੇ ਉਤੋਂ
ਉੱਡੇ ਕਾਂ ਕੋਈ ਕੁਰਲਾਂਦਾ
ਕਦੇ ਕਦੇ ਕੋਈ ਇਲ੍ਹ ਮੰਡਲਾਂਦੀ
ਮਾਰ ਮਾਰ ਲੰਮੀ ਕਲਕਾਰੀ
ਕਦੇ ਕਦੇ ਚਮਗਾਦੜ ਫੜ੍ਹਕੇ
ਕਦੇ ਕਦੇ ਕੋਈ ਬਿਸੀਅਰ ਲੰਘੇ
ਕਦੇ ਕਦੇ ਕੋਈ ਬਿਜਲੀ ਕੜਕੇ
ਕਦੇ ਕਦੇ ਕੋਈ ਬੱਦਲ ਘੂਰੇ।

ਮੈਨੂੰ ਚਿੰਤਾ ਹੁੰਦੀ ਹੈ :

ਇਸ ਟੋਟੇ ਨੂੰ ਕਿਥੇ ਸਾਂਭਾਂ ?
ਇਸ ਟੋਟੇ ਨੂੰ ਕਿਥੇ ਲੁਕਾਵਾਂ ?
ਇਸ ਟੋਟੇ ਨੂੰ ਦਿਲ ਵਿਚ ਸਾਂਭਾਂ
ਇਸ ਟੋਟੇ ਨੂੰ ਦਿਲ ਵਿਚ ਪਾ ਲਾਂ।

ਇਲਾਜ ਕੇਵਲ ਇਕੋ ਹੈ :

ਕਰੋ ਮਿਆਨਾਂ ਵਿਚ ਤਲਵਾਰਾਂ
ਠਾਕ ਦਿਓ ਰਫ਼ਲਾਂ ਦੇ ਕੁੰਦੇ

ਇਸ ਦੁਨੀਆਂ 'ਚੋਂ ਬੰਬ ਹਟਾਓ
ਇਸ ਦੁਨੀਆਂ 'ਚੋਂ ਜ਼ਹਿਰਾਂ ਚੁਕੋ !

ਕਿਉਂਕਿ :

ਇਹ ਦੁਨੀਆਂ ਤਾਂ ਬੜੀ ਪਿਆਰੀ
ਇਹ ਦੁਨੀਆਂ ਫੁੱਲਾਂ ਦੀ ਖਾਰੀ
ਇਸ ਦੁਨੀਆਂ ਵਿਚ ਦੇਸ ਸਜਣ ਦਾ
ਦੇਸ ਕਿ ਜਿਸਦੀ ਧੂੜ ਗੁਲਾਬੀ
ਦੇਸ ਕਿ ਜਿਥੇ ਝੁੰਡ ਅੰਬੀਆਂ ਦੇ
ਨਿੱਕੀ ਸਲੇਟੀ ਸੜਕ ਦਾ ਟੋਟਾ ।

ਪਰ, ਮੈਂ ਸ਼ੱਕ ਕਰਦਾ ਹਾਂ :

ਉਸ ਦੁਨੀਆਂ ਵਿਚ ਰੱਤ ਵਹੇਗੀ
ਜਿਸ ਦੁਨੀਆਂ ਵਿਚ ਦੇਸ ਸਜਨ ਦਾ ?
ਲਹੂਆਂ ਦੇ ਵਿਚ ਡੁੱਬ ਜਾਇਗਾ
ਨਿੱਕੀ ਸਲੇਟੀ ਸੜਕ ਦਾ ਟੋਟਾ ?

ਪਰ ਨਹੀਂ, ਇਹ ਹੋਵੇਗਾ ਨਹੀਂ । ਕਿਉਂਕਿ ਅਸੀਂ ਜਾਗ੍ਰਤ ਹਾਂ :

ਜਦ ਤਕ ਸਾਡਾ ਸੀਸ ਤਲੀ 'ਤੇ
ਇਹ ਅਨਹੋਣੀ ਹੋ ਨਹੀਂ ਸਕਦੀ,
ਜਦ ਤਕ ਦਿਲ ਆਸ਼ਿਕ ਦਾ ਧੜਕੇ
ਪਿਆਰ ਦੀ ਸੁੱਚੀ ਧਰਤੀ ਉਤੇ
ਬੂੰਦ ਲਹੂ ਦੀ ਚੋ ਨਹੀਂ ਸਕਦੀ ।

ਅੰਤ ਦੀਆਂ ਕੁਝ ਸਤਰਾਂ ਹੀ ਮੈਂ ਏਥੇ ਨਕਲ ਕੀਤੀਆਂ ਹਨ । ਪੂਰੀ ਕਵਿਤਾ ਨਹੀਂ । ਇਹਨਾਂ ਸਤਰਾਂ ਵਿਚ ਹੀ ਉਹ ਮੋੜ ਕੱਟਿਆ ਗਿਆ ਹੈ ਜੋ ਪਿਆਰ ਦੇ ਵਿਸ਼ੇ-ਵਸਤੂ ਵਲੋਂ ਅਮਨ ਵੱਲ ਮੁੜ ਜਾਂਦਾ ਹੈ । ਪੂਰੀ ਕਵਿਤਾ ਮੇਰੀ ਪੁਸਤਕ "ਬਿਰਹੜੇ" ਵਿਚ ਦਰਜ ਹੈ । "ਮੇਰੀ ਪ੍ਰਤਿਨਿਧ ਰਚਨਾ" ਵਿਚ ਵੀ ਮੈਂ ਇਹ ਸ਼ਾਮਿਲ ਕੀਤੀ ਹੈ ।

# ਰੋਜ਼ਨਬਰਗਾਂ ਬਾਰੇ ਕਵਿਤਾ

"ਨਿੱਕੀ ਸਲੇਟੀ ਸੜਕ ਦਾ ਟੋਟਾ" ਮੇਰੀ ਵਧੀਆ ਕਵਿਤਾ ਸੀ, ਪਰ ਮੇਰੀ ਕਵਿਤਾ ਇਸ ਤੋਂ ਪਹਿਲਾਂ ਵੀ ਕਾਫ਼ੀ ਉੱਚੀ ਉਠ ਚੁੱਕੀ ਸੀ। ਜਿਵੇਂ, ਮੇਰੀ ਇਕ ਕਵਿਤਾ ਹੈ : "ਦੋ ਜਿੰਦਾਂ ਨਿਰਦੋਸੀਆਂ"। ਇਹ 1953 ਵਿਚ ਮੈਂ ਜੂਨ ਦੇ ਅੰਤ ਵਿਚ ਲਿਖੀ ਸੀ। ਇਹ ਰੋਜ਼ਨਬਰਗਾਂ ਬਾਰੇ ਹੈ—ਰੋਜ਼ਨਬਰਗ ਜੋੜੇ ਬਾਰੇ।

1953 ਵਿਚ, 19 ਜੂਨ ਵਾਲੇ ਦਿਨ, ਈਥਲ ਅਤੇ ਜੂਲੀਅਸ ਰੋਜ਼ਨਬਰਗ ਜੋੜੇ ਨੂੰ, ਜੋ ਦੋਵੇਂ ਪਤੀ-ਪਤਨੀ ਸਨ, ਅਮਰੀਕੀ ਸਾਮਰਾਜ ਵਲੋਂ ਮੌਤ ਦੀ ਸਜ਼ਾ ਦਿੱਤੀ ਗਈ। ਦੋਵੇਂ ਐਟਮੀ ਮਾਹਿਰ ਸਨ। ਦੋਸ਼ ਇਹ ਸੀ ਲਾਇਆ ਗਿਆ ਕਿ ਉਹਨਾਂ ਦੋਹਾਂ ਸੋਵੀਅਤ ਰੂਸ ਨੂੰ ਐਟਮੀ ਭੇਤ ਦੱਸ ਦਿੱਤੇ ਹਨ।

ਉਦੋਂ ਆਈਜ਼ਨਹਾਵਰ ਅਮਰੀਕਾ ਦਾ ਰਾਸ਼ਟਰਪਤੀ ਸੀ। ਜਦੋਂ ਰੋਜ਼ਨਬਰਗ ਜੋੜੇ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਤਾਂ ਸਾਰੀ ਦੁਨੀਆਂ ਵਿਚ ਹੀ ਇਸਦਾ ਬਹੁਤ ਵਿਰੋਧ ਹੋਇਆ ਸੀ। ਰਾਸ਼ਟਰਪਤੀ ਦੀ ਪਤਨੀ ਨੇ ਵੀ ਇਕ ਅਪੀਲ ਕੀਤੀ ਸੀ ਤੇ ਰੋਜ਼ਨਬਰਗ ਜੋੜੇ ਦੇ ਦੋ ਨਿੱਕੇ-ਨਿੱਕੇ ਬੱਚਿਆਂ ਨੇ ਵੀ ਰਾਸ਼ਟਰਪਤੀ ਨੂੰ ਕਿਹਾ ਸੀ ਕਿ ਉਹਨਾਂ ਦੇ ਮਾਤਾ-ਪਿਤਾ ਨੂੰ ਇਹ ਮੌਤ ਦੀ ਸਜ਼ਾ ਨਾ ਦਿੱਤੀ ਜਾਵੇ। ਪਰ ਇਸ ਵਿਰੋਧ ਦੇ ਬਾਵਜੂਦ ਇਹ ਮੌਤ ਦੀ ਸਜ਼ਾ ਦਿੱਤੀ ਗਈ। ਸਜ਼ਾ, ਮੌਤ ਦੀ ਕੁਰਸੀ ਉਤੇ ਬਿਜਲੀ ਨਾਲ ਦਿੱਤੀ ਸੀ।

19 ਜੂਨ ਇਹ ਸਜ਼ਾ ਹੋਈ। ਵੀਹ ਕਿ ਇੱਕੀ ਜੂਨ ਤਕ ਇਹ ਖ਼ਬਰ ਮੈਨੂੰ ਲੱਗ ਚੁੱਕੀ ਸੀ। ਤਿੰਨਾਂ-ਚੌਹਾਂ ਦਿਨਾਂ ਬਾਅਦ ਮੈਂ ਕਵਿਤਾ ਲਿਖਣ ਲੱਗ ਪਿਆ।

ਏਥੇ ਪੂਰੀ ਕਵਿਤਾ ਹੀ ਮੈਂ ਦਰਜ ਕਰ ਦੇਣੀ ਚਾਹੁੰਦਾ ਹਾਂ :

ਸੋਆਂ ਆਈਆਂ ਉੱਡਕੇ—ਨਾਗ ਸ਼ੂਕਦੇ ਜ਼ਹਿਰ !
ਸੁਣ ਤੜਪੀ ਮਾਨੁੱਖਤਾ : "ਕਹਿਰ ਵੇ ਲੋਕਾ, ਕਹਿਰ !"

ਉੱਨੀ ਸੌ ਤਿਰਵੰਜਵਾਂ, ਸੰਨ, ਤੇ ਉੱਨੀ ਜੂਨ
ਧਰਤੀ ਉਤੋਂ ਵਾਰਿਆ ਦੋ ਜਿੰਦਾਂ ਨੇ ਖ਼ੂਨ।
ਦੋ ਜਿੰਦਾਂ 'ਚੋਂ ਲਹਿਰ ਗਈ ਬਿਜਲੀ ਦੀ ਝਰਨਾਟ

ਲੰਘ ਗਈ ਸਾਰੇ ਜੱਗ ਦੇ ਸੀਨੇ ਵਿਚੋਂ ਲਾਟ ।
ਦੋ ਜਿੰਦਾਂ ਨਿਰਦੋਸੀਆਂ—ਮਾਨੁੱਖਤਾ ਦਾ ਮਾਣ
ਇਕ ਧਰਤੀ ਵਿਸ਼ਵਾਸ ਦੀ, ਇਕ ਅਣਖਾਂ ਦਾ ਅਸਮਾਨ ।
"ਜੂਲੇ" ਰਖਿਆ ਮਰਦ ਦੇ ਸਿਰ ਅਣਖਾਂ ਦਾ ਤਾਜ
ਰਖ ਲਈ "ਈਥਲ" ਨਾਰ ਨੇ ਕੁਲ ਨਾਰੀ ਦੀ ਲਾਜ ।

ਸੋਆਂ ਆਈਆਂ ਉੱਡਕੇ, ਸੱਤ ਸਮੁੰਦਰੋਂ ਦੂਰ :
ਸੂਲੀ ਚੜ੍ਹ ਗਏ ਹੱਕ ਲਈ, ਫਿਰ ਈਸਾ, ਮਨਸੂਰ ।
ਖੁਲ੍ਹ ਹਿੰਸਾ ਦੇ ਲਿੱਬੜੇ, ਲਹੂ ਨਿਦੋਸੇ ਨਾਲ
ਜ਼ਖ਼ਮੀ ਹੋ ਕੇ ਤੜਫਿਆ, ਬੁੱਧ, ਨਾਨਕ ਦਾ ਖ਼ਿਆਲ ।
ਸੱਚ ਦਾ ਚੰਨ ਦਿਖਾਣ ਲਈ, ਵਿਚ ਮੱਸਿਆ ਦੀ ਰਾਤ
ਭਰ ਕੇ ਪਿਆਲਾ ਜ਼ਹਿਰ ਦਾ, ਮੁੜ ਪੀਤਾ ਸੁਕਰਾਤ ।

ਅੱਜ ਮਨ 'ਤੇ ਚੜ੍ਹਿਆ ਭਗਤ ਸਿੰਘ, ਕਰਤਾਰ-ਸਰਾਭਾ ਜੁਆਨ
ਅੱਜ ਮੁੜਕੇ ਬਜਬਜ ਘਾਟ ਨੂੰ ਹੈ ਗੋਲੀਆਂ ਦਿੱਤਾ ਛਾਣ ।
ਅੱਜ ਅੱਖਾਂ ਅੱਗੇ ਆ ਗਏ, ਜੇਲ੍ਹੀਂ ਸੜਦੇ ਵੀਰ
ਡਾਂਗਾਂ ਭੰਨੇ ਗ਼ਦਰੀਏ – ਲਾਸਾਂ-ਵਿੜ੍ਹੇ ਸਰੀਰ ।
ਟਿਕਟਿਕੀਆਂ ਨੇ ਲੱਗੀਆਂ, ਗੋਰੇ ਭਰੇ ਜਨੂਨ
ਮੁੜ ਜਲ੍ਹਿਆਂਵਾਲੇ ਬਾਗ਼ ਦੇ ਹੈ ਮੂੰਹ 'ਤੇ ਵਗਿਆ ਖ਼ੂਨ ।

ਸੋਆਂ ਆਈਆਂ ਉੱਡਕੇ, ਸੱਤ ਸਮੁੰਦਰੋਂ ਪਾਰ :
ਫੜਕੇ ਪਾਏ ਪਿੰਜਰੇ, ਪੰਛੀ ਭਰੇ ਪਿਆਰ ।
ਇਹ ਸਿੰਗ ਸਿੰਗ* ਦਾ ਪਿੰਜਰਾ ਜਿਥੇ ਕਸ਼ਟ ਹਜ਼ਾਰ
ਡੱਕੇ ਵਖੋ ਵੱਖਰੇ ਪਤਨੀ ਤੇ ਭਰਤਾਰ ।
ਸਾਮਰਾਜ ਦੀ ਛਾਂ ਵਿਚ – ਜੀਣ-ਮੌਤ ਵਿਚਕਾਰ
ਜਾਲੀਆਂ ਪਿਛੇ ਝੁਰਦੇ, ਨੈਣ ਵਿਚਾਰੇ ਚਾਰ ।
ਇਕ ਪ੍ਰੇਮੀ, ਇਕ ਪ੍ਰੇਮਿਕਾ, ਇਕ ਗੱਭਰੂ ਇਕ ਨਾਰ
ਦੇਖੋ, ਮਿਲ ਨਹੀਂ ਸਕਦੇ ਇਕ ਪਲ ਜਾਂਦੀ ਵਾਰ ।
ਪੰਛੀ ਪਾਏ ਪਿੰਜਰੇ, ਉਡਦੇ ਖੰਭ ਖਿਲਾਰ
ਖੁਲ੍ਹੇ, ਨੀਲੇ ਅੰਬਰੋਂ ਵਰਜੀ ਕਿਉਂ ਉਡਾਰ ?

---

* ਸਿੰਗ ਸਿੰਗ ਜੇਲ ਦਾ ਨਾਂ ਹੈ ।

ਇਸ ਵਿਚ ਲੋਕਾਂ ਭੋਲਿਆਂ, ਲੁਕਵੀਂ ਨਾ ਕੋਈ ਸਾਰ
ਸੀ ਜੋੜੇ ਨੇ ਸੋਚਿਆ ਹੱਕ ਸੋਚਣ ਦਾ ਇਕਸਾਰ।
ਅਮਨ, ਆਜ਼ਾਦੀ, ਉੱਨਤੀ, ਹੋਵੇ ਵਿਚ ਸੰਸਾਰ
ਮੁੱਕੇ ਪਤਝੜ ਚੰਦਰੀ, ਆਵੇ ਸਦਾ ਬਹਾਰ।

ਇਹ ਸੋਚਣ ਦੇ ਦੋਸ਼ ਤੋਂ ਘੜ ਲਏ ਝੂਠੇ ਦੋਸ਼
ਸਾਮਰਾਜੀਏ, ਭੂਤਨੇ, ਗੁਆ ਕੇ ਬੈਠੇ ਹੋਸ਼।
ਹਾ ਦਾ ਨਾਹਰਾ ਮਾਰਦੇ ਸਾਰੇ ਲੋਕ ਮਹਾਨ
"ਇਹ ਜਿੰਦਾਂ ਨਿਦੋਸੀਆਂ" ਆਖੇ ਕੁਲ ਜਹਾਨ।
ਆਈਜਨਹਾਵਰ ਚੰਦਰੇ ਸੁਣੀ ਨਾ ਇਕ ਪੁਕਾਰ
ਰੋਂਦੇ ਨਿੱਕੇ ਬੱਚੜੇ, ਭਾਵੇਂ ਉਸਦੀ ਨਾਰ।
ਸੀ ਡਾਲਰ ਦੇ ਦੈਂਤ ਦੇ ਸਿਰ 'ਤੇ ਲਹੂ ਸਵਾਰ
ਲੋਕ ਰਾਏ ਨੂੰ ਮਿੱਧ ਕੇ ਲੰਘ ਗਿਆ ਹੰਕਾਰ।
ਦੋ ਜਿੰਦਾਂ ਨੂੰ ਲੂਹ ਗਈ, ਛੂ ਬਿਜਲੀ ਦੀ ਤਾਰ
ਚੋਈ ਰੱਤ ਨਿਆਉਂ ਦੀ, ਮਿਰਕਣ ਦੇ ਦਰਬਾਰ।

ਰੋਜ਼ਨਬਰਗੋ ! ਸਾਥੀਓ ! ਮੈਂ ਹਾਂ ਤੁਹਾਡੇ ਨਾਲ
ਵਜ ਪਈ ਤੁਹਾਡੇ ਲਹੂ ਦੀ ਮੂੰਹ 'ਤੇ ਮੇਰੇ ਘਰਾਲ।
ਖ਼ਬਰ ਤੁਹਾਡੀ ਮੌਤ ਦੀ ਗਈ ਹਿਮਾਲਾ ਚੀਰ
ਗੰਗਾ, ਜਮਨਾ, ਰਾਵੀਆਂ ਹੋ ਗਈਆਂ ਦਿਲਗੀਰ।
ਈਥਲ – ਭੈਣੇ ਮੇਰੀਏ ! ਜੂਲੇ—ਮੇਰੇ ਵੀਰ !
ਤੁਸੀਂ ਹੋ ਮੇਰੇ ਆਪਣੇ—ਇਕ ਰਾਂਝਾ, ਇਕ ਹੀਰ।
ਅਸੀਂ ਨਾ ਧੋਣੀ, ਸਾਥੀਓ ! ਰੋ ਰੋ ਖਾਰੇ ਨੀਰ
ਡੋਲ੍ਹ ਪਵਿੱਤਰ ਲਹੂ ਜੋ ਖਿੱਚੀ ਤੁਸੀਂ ਲਕੀਰ :

ਇਕ ਅਮਰੀਕਾ ਚੰਦਰਾ, ਜਿਥੇ ਵਸੇ ਹੰਕਾਰ
ਇਕ ਅਮਰੀਕਾ ਪਿਆਰੜਾ, ਜਿਨੂੰ ਸਾਰੇ ਜਗ ਦਾ ਪਿਆਰ
ਇਕ ਅਮਰੀਕਾ ਤ੍ਰੱਕਿਆ—ਵਸਦੇ ਨੇ ਸ਼ੈਤਾਨ
ਇਕ ਅਮਰੀਕਾ ਮਹਿਕਦਾ—ਸਾਇੰਸ, ਹੁਨਰ, ਗਿਆਨ
ਇਕ ਅਮਰੀਕਾ ਸੜ ਰਿਹਾ—ਵਸਦੇ ਕਾਲੇ ਨਾਗ
ਇਕ ਅਮਰੀਕਾ ਟਹਿਕਦਾ – ਕਵਿਤਾ, ਨਾਟਕ, ਰਾਗ।
ਇਕ ਅਮਰੀਕਾ ਕਰ ਰਿਹਾ ਐਟਮ ਬੰਬ ਤਿਆਰ
ਇਕ ਅਮਰੀਕਾ ਜਨਮਦਾ ਅਮਨਾਂ ਦੇ ਅਵਤਾਰ।

ਇਕ ਅਮਰੀਕਾ ਮਰ ਰਿਹਾ ਜਿਉਂ ਪਾਣੀ 'ਤੇ ਲੀਕ
ਇਕ ਨੇ ਜੀਊਣਾ, ਸਾਥੀਓ ! ਰਹਿੰਦੀ ਦੁਨੀਆਂ ਤੀਕ ।

ਆਂਚ ਨਾ ਕੋਈ ਸੱਚ ਨੂੰ, ਝੂਠ ਨਾ ਹੁੰਦੇ ਪੈਰ
ਹੈ ਜਬਰਾਂ ਲਈ ਜਾਗਿਆ ਦਿਲਾਂ ਦਿਲਾਂ 'ਚੋਂ ਵੈਰ ।
ਓੜਕ ਹੋਣੇ ਫ਼ੈਸਲੇ, ਦੁਧੋਂ ਪਾਣੀ ਛਾਣ
ਚੰਨ ਦੇ ਉਤੇ ਥੁੱਕਿਆ ਮੂੰਹ 'ਤੇ ਪੈਂਦਾ ਆਣ ।
ਅਸੀਂ ਨਾ ਰੋਈਏ ਸਾਥੀਓ ! ਨਾ ਹੋਈਏ ਦਿਲਗੀਰ
ਬਦਲਾ ਤੁਹਾਡੀ ਮੌਤ ਦਾ, ਲੈਣਾ ਅਸੀਂ ਅਖ਼ੀਰ ।

ਭਾਵੇਂ ਪੂਰਬ ਰੁਮਕਿਆ, ਯਾ ਪੱਛਮ ਦਾ ਸਾਹ
ਭਾਵੇਂ ਉੱਤਰ, ਦੱਖਣੋਂ - ਵਗਦੀ ਇਕ ਹਵਾ ।
ਕਿਸੇ ਦਿਸ਼ਾ ਤੋਂ ਵਗਦੀ ਵਗਦੀ ਇਕੋ ਪੌਣ
ਫਿਰ ਹੋਣੀ ਨੂੰ ਹੋਣ ਤੋਂ ਰੋਕਣ ਵਾਲਾ ਕੌਣ ?

ਹੱਥ ਹੋਣੀ ਦੇ ਰੱਤੜੇ, ਸੱਜ-ਵਿਆਹੀ ਵਾਂਗ
ਪਲ ਪਲ ਗੂਹੜੀ ਹੋ ਰਹੀ, ਅੱਜ ਧਰਤੀ ਦੀ ਮਾਂਗ
ਨਿਤ ਨਿਤ ਖੇਡਣ ਸੂਰਮੇ, ਹੋਲੀ ਲਹੂਆਂ ਨਾਲ
ਕਿਉਂ ਨਾ ਓੜਕ ਹੋਇਗੀ ਸਾਰੀ ਧਰਤੀ ਲਾਲ ?

ਮਤਲਬ ਮੇਰਾ ਇਹ ਹੈ ਕਿ ਮੇਰੀ ਕਵਿਤਾ, ਕਾਫ਼ੀ ਪਹਿਲਾਂ ਤੋਂ ਉੱਨਤ ਹੋਣ ਲੱਗ ਪਈ ਸੀ । ਵਿਸ਼ੇ-ਵਸਤੂ ਪੱਖੋਂ ਵੀ ਤੇ ਰਾਜਨੀਤਕ ਸੋਝੀ ਅਤੇ ਦ੍ਰਿਸ਼ਟੀਕੋਣ ਪੱਖੋਂ ਵੀ । ਰੂਪ ਆਦਿ ਦੇ ਪੱਖੋਂ ਵੀ ਇਹ ਉੱਨਤ ਹੁੰਦੀ ਜਾਂਦੀ ਸੀ । ਇਸੇ ਲਈ ਮੈਂ "ਨਿੱਕਾ ਸਲੇਟੀ ਸੜਕ ਦਾ ਟੋਟਾ" ਲਿਖੀ ਸੀ ਕਦੇ ।

ਰੋਜ਼ਨਬਰਗ ਜੋੜੇ ਬਾਰੇ ਦੁਨੀਆਂ ਭਰ ਦੀਆਂ ਬੋਲੀਆਂ ਵਿਚ ਕਵਿਤਾ ਲਿਖੀ ਗਈ ਸੀ । ਪੰਜਾਬੀ ਵਿਚ ਮੈਂ ਅਤੇ ਮੋਹਨ ਸਿੰਘ ਨੇ ਕਵਿਤਾ ਲਿਖੀ ।

ਮੋਹਨ ਸਿੰਘ ਦੀ ਕਵਿਤਾ ਸੀ : "ਰੇਡੀਓ ਵੱਜ ਰਿਹਾ ਹੈ । ਰੋਜ਼ਨਬਰਗ ਜੋੜੇ ਨੂੰ, ਰੇਡੀਓ ਉਤੇ, ਫ਼ਾਂਸੀ ਲਾਉਣ ਦੀ ਖ਼ਬਰ ਦਿੱਤੀ ਗਈ ਹੈ । ਇਕ ਬੜਾ ਪਿਆਰਾ "ਸਹਿਕ-ਸਕੰਦੜਾ" ਖ਼ਤ ਆਇਆ ਪਿਆ ਹੈ । ਪਰ ਇਸ ਖ਼ਤ ਨੂੰ ਖੋਲ੍ਹਣ ਲਈ ਅੱਜ ਦਿਲ ਨਹੀਂ ਕਰਦਾ ਪਿਆ ।"

ਪੰਜਾਬੀ ਸਾਹਿਤ ਜਗਤ ਵਿਚ ਸਾਡੀਆਂ ਦੋਹਾਂ ਕਵਿਤਾਵਾਂ ਦਾ ਹੀ ਨੋਟਿਸ ਲਿਆ ਗਿਆ ਸੀ ।

# "ਓਡਣੀ"

1953 ਤੋਂ ਜੇ ਕਾਫ਼ੀ ਪਿੱਛੇ ਵੀ ਜਾਇਆ ਜਾਵੇ ਤਾਂ ਵੀ ਮੇਰੀ ਕਵਿਤਾ ਕਾਫ਼ੀ ਉੱਨਤ ਹੋਈ ਦਿਸ ਪੈਂਦੀ ਹੈ। ਜਿਵੇਂ :

1947 ਵਿਚ, ਦੇਸ਼-ਵੰਡ ਤੋਂ ਪਹਿਲਾਂ ਜਾਂ ਮਗਰੋਂ, ਮੈਂ ਇਕ ਕਵਿਤਾ ਲਿੱਖੀ ਸੀ ਜਿਸਦਾ ਨਾਂ "ਓਡਣੀ" ਸੀ। ਇਹ "ਓਡ" ਦਾ ਇਸਤਰੀ ਲਿੰਗ ਹੈ। ਓਡ ਇਕ ਕਬੀਲਾ ਹੈ ਜੋ ਤੁਰਦਾ-ਫਿਰਦਾ ਰਹਿੰਦਾ ਹੈ ਤੇ ਜਿਸਦਾ ਕੰਮ ਆਮ ਕਰਕੇ ਭੇਡਾਂ ਨੂੰ ਪਾਲਣਾ ਹੁੰਦਾ ਹੈ। ਇਹ ਟਪਰੀਵਾਸ ਕਬੀਲਾ ਹੈ।

"ਓਡਣੀ" ਕਵਿਤਾ ਲਿੱਖੀ ਤਾਂ ਮੇਰੇ ਦੋਸਤਾਂ-ਮਿੱਤਰਾਂ ਨੇ ਉਸਦੀ ਕਾਫ਼ੀ ਸਿਫ਼ਤ ਕੀਤੀ। ਕਵਿਤਾ ਸੀ ਵੀ ਚੰਗੀ ਹੀ। ਬੋਲੀ ਅਤੇ ਸ਼ੈਲੀ ਦੋਵੇਂ ਕਾਮਿਆਬ ਰਹਿ ਗਈਆਂ ਸਨ। ਸ਼ਾਇਦ ਕਾਰਨ ਇਹ ਵੀ ਸੀ ਕਿ ਇਸ ਦੀ ਮੁਖ ਪਾਤਰ ਇਕ ਉਸ ਕਬੀਲੇ ਦੀ ਔਰਤ ਸੀ ਜਿਸਦਾ ਸਾਡੇ ਜੀਵਨ ਜਾਂ ਸਭਿਅਕ ਸਮਾਜ ਵਿਚ ਕੋਈ ਖ਼ਾਸ ਅਸਥਾਨ ਨਹੀਂ ਸੀ ਤੇ ਜਿਹੜਾ ਸਾਡੇ ਜੀਵਨ ਤੋਂ ਕੁਝ ਦੂਰ-ਦੂਰ ਰਹਿ ਰਿਹਾ ਸੀ, ਜਾਂ ਜਿਸਨੂੰ ਅਸੀਂ ਆਪ ਹੀ ਕੁਝ ਦੂਰ ਹੀ ਰਖਿਆ ਹੋਇਆ ਸੀ। ਜਦੋਂ ਮੇਰੀ ਕਵਿਤਾ ਵਿਚ ਇਕ ਇਹੋ ਜਿਹੀ ਔਰਤ ਆਪਣਾ ਆਪ ਲੈ ਕੇ ਆਈ ਸੀ ਤਾਂ ਆਪਣੇ ਨਾਲ ਉਹ ਆਪਣੇ ਜੀਵਨ ਦੇ ਵੰਨ-ਸੁਵੰਨੇ ਰੰਗ ਵੀ ਅਨੇਕਾਂ ਲੈ ਕੇ ਆਈ ਸੀ। ਰੰਗ, ਬਾਦਸ਼ਾਹਾਂ ਦੇ ਹੀ ਜੀਵਨ ਵਿਚ ਨਹੀਂ ਹੁੰਦੇ; ਦੁਖੀਆਂ, ਗ਼ਰੀਬਾਂ, ਪਿਛਾੜੇ ਹੋਏ ਲੋਕਾਂ ਦੇ ਵੀ ਜੀਵਨ ਵਿਚ ਹੁੰਦੇ ਹਨ। ਹਾਂ, ਇਹਨਾਂ ਰੰਗਾਂ ਨੂੰ ਬਿਆਨ ਨਹੀਂ ਦੱਤੇ ਜਾਂਦੇ। ਯੁੱਗ ਬਦਲ ਰਿਹਾ ਸੀ। ਹੁਣ ਇਹ ਪਛੜੇ ਲੋਕ ਵੀ ਬਿਆਨ ਲੈਣ ਲੱਗ ਪਏ ਸਨ। ਕਵੀਆਂ ਕੋਲ ਲਫ਼ਜ਼ ਤੇ ਚਿੱਤਰਕਾਰਾਂ ਕੋਲ ਇਹਨਾਂ ਜੋਗੇ ਰੰਗ ਵੀ ਆ ਗਏ ਸਨ। ਸਨ ਤਾਂ ਇਹ ਲਫ਼ਜ਼ ਅਤੇ ਰੰਗ ਉਹਨਾਂ ਕੋਲ ਪਹਿਲਾਂ ਵੀ; ਹਾਂ, ਉਹਨਾਂ ਦੀ ਅੱਖ ਜ਼ਰੂਰ ਹੁਣ ਉਹਨਾਂ ਵੱਲ ਉਠ ਗਈ ਸੀ। ਮੇਰੀ ਕਵਿਤਾ 'ਓਡਣੀ" ਸ਼ਾਇਦ ਇਸੇ ਦਾ ਨਤੀਜਾ ਸੀ।

> ਕਿੱਕਰ ਵਾਂਗ, ਲੰਮੀ, ਖਰੂਵੀ ਓਡਣੀ।
> ਗਲ ਕਾਲੀ ਜਿਹੀ ਕੁੜਤੀ —
> ਉਤੇ ਲਾਲ ਲਾਲ ਗੋਠਾਂ,
> ਤੇੜ ਪਿੰਨੀਆਂ ਛੁਹੰਦੀ ਘੱਗਰੀ।

ਮੋਢੇ ਉਤੇ ਲੰਮਾ ਸਾਰਾ ਢਾਂਗਾ,
ਤੇ ਅੱਗੇ ਅੱਗੇ ਤੁਰਿਆ ਜਾਂਦਾ, ਗ਼ੁਲਾਮਾਂ ਵਾਂਗ,
ਝੁਕੀਆਂ ਝੁਕੀਆਂ ਭੇਡਾਂ ਦਾ ਇੱਜੜ।

"ਸ਼ੀ, ਸ਼ੀ—ਟਿੱਚ, ਟਿੱਚ"
ਹੱਕੀ ਜਾਂਦੀ ਇੱਜੜ।

ਪਾਟੇ ਪਾਟੇ, ਛਣੇ ਹੋਏ ਕੰਨਾਂ ਵਿਚ
ਮੁਰਕੀਆਂ ਤੇ ਬਾਲੀਆਂ।
ਲਮਕੀਆਂ ਹੋਈਆਂ ਪੇਪੜੀਆਂ—
ਭਾਰ ਨਾਲ ਟੁੱਟ ਕੇ ਡਿਗਦੇ ਡਿਗਦੇ ਕੰਨ,
ਓਦਰੀਆਂ ਵੀਣੀਆਂ 'ਤੇ ਝੱਲੀਆਂ ਝੁੱਲੀਆਂ ਵੰਗਾਂ,
ਹਿੱਕ ਉਤੇ ਨਾਚ ਕਰਦਾ ਚਾਂਦੀ ਦਾ ਲੋਟਣ।

ਨੈਣ-ਨਕਸ਼ ਤਿੱਖੇ, ਸੁਹਣੇ, ਕੁਦਰਤੀ।
ਜਬ੍ਹਾ ਉਹਦਾ ਮਰਦਾਂ ਵਾਲਾ,
ਡੀਲ ਡੌਲ ਜਾਂਗਲੀ,
ਤੋਰ ਉਹਦੀ ਬੇ-ਪਰਵਾਹ—ਸ਼ਰਾਬੀ ਵਾਂਗ—ਝੂਲਦੀ।

ਇਹ ਬੜੀ ਕਾਠੀ ਓਡਣੀ—
ਜਾਨ ਇਹਦੀ ਲੋਹੇ ਵਰਗੀ।
ਸਿਆਲਾਂ ਦੇ ਕੱਕਰ
ਜੇਠ ਦੇ ਕੜਾਕੇ
ਇਹਦੇ ਤਨ 'ਤੇ ਜ਼ੋਰ ਅਜ਼ਮਾਂਦੇ।

ਨ੍ਹੇਰੀਆਂ ਤੇ ਝੱਖੜਾਂ ਨੂੰ
ਲੋਆਂ ਤੇ ਕੱਕਰਾਂ ਨੂੰ
ਝੱਲ ਕੇ ਸਰੀਰ 'ਤੇ ਇਹਦਾ ਲਹੂ ਕੜ੍ਹਿਆ!
ਇਹਦਾ ਦਿਲ ਪੱਕਿਆ!!
ਪੱਕ ਪੱਕ ਰੰਗ ਹੋਇਆ ਮੁਸ਼ਕੀ।

ਇਹ ਦਿਲ ਵਾਲੀ ਓਡਣੀ—

ਕਿਸੇ ਡੌਲ-ਵੱਟ ਤੋਂ ਨਾ ਉੜ੍ਹਕਦੀ ।
ਡੌਲਾਂ, ਵੱਟਾਂ ਤੋੜ ਇਸਦਾ ਇੱਜੜ ਚਰਦਾ ;
ਪੱਥਰਾਂ ਦੇ ਬੰਨੇ ਇਸਨੂੰ ਰੋਕ ਨਾ ਸਕਦੇ—
ਇਹ ਰੋਹੀਆਂ ਦੀ ਮਲਕਾ !
ਸਾਰੀਆਂ ਚਰਾਂਦਾਂ ਉਤੇ ਮੇਰ ਇਸਦੀ ਆਪਣੀ ।

ਫਿਰਦੀ ਇਹ ਨਿਰਭੈ, ਧਰਤੀਆਂ ਨੂੰ ਵਰਤਦੀ ।
ਨਾ ਇਸ ਭੁਗਤਣੇ ਕਿਸੇ ਅੱਗੇ ਹਾਲੇ,
ਨਾ ਭਰਨੀਆਂ ਚੱਟੀਆਂ
ਸਾਰਾ ਸੰਸਾਰ ਇਹਦਾ ਆਪਣਾ ।

ਇਹ ਰੋਹੀਆਂ ਦੀ ਮਲਕਾ !
ਅੱਗੇ ਅੱਗੇ ਇੱਜੜ
ਤੇ, ਪਿਛੇ ਪਿਛੇ ਆਪ ਤੁਰੇ ਬੜਿਆਂ ਮਜ਼ਾਜਾਂ ਨਾਲ ।

ਗੁਣ ਗੁਣ ਕਰਦੀ,
ਕਿਸੇ ਗੀਤ ਨੂੰ ਜਗਾਂਦੀ,
ਤੇ ਹੇਕ ਫਿਰ ਉੱਚੀ, ਢੋਲ ਆਪਣੇ ਦੀ ਲਾਂਦੀ ।

ਘਰ ਇਸਦਾ ਨਾਲ ਨਾਲ
ਜਿਥੇ ਪਵੇ ਰਾਤ ਉਥੇ ਕੱਟਦੀ ।
ਕੱਲਰ ਤੇ ਬੇਲੇ ਇਸਦੇ ਦਿਲ ਦੇ ਮਹਿਰਮ ।
ਧਰਤੀਆਂ 'ਤੇ ਪੈਂਦੀ
'ਸਮਾਨਾਂ ਨੂੰ ਤੱਕਦੀ
ਤਾਰਿਆਂ ਦੇ ਨਾਲ ਭਰ ਅੱਖੀਆਂ ਨੂੰ ਸੌਂਦੀ ;
ਬਲੋਚਾਂ ਵਰਗੇ ਕੁੱਤੇ ਇਸਦੇ ਇੱਜੜ ਨੂੰ ਸਾਂਭਦੇ ।

ਮੇਰਾ ਪਹਿਲਾ ਕਾਵਿ ਸੰਗ੍ਰਹਿ "ਗੁੱਡੀਆਂ ਪਟੋਲੇ" ਸੀ । ਦੂਜਾ ਸੀ "ਪਹੁ-ਫੁਟਾਲਾ" । ਇਹ ਕਵਿਤਾ ਕਾਵਿ ਸੰਗ੍ਰਹਿ "ਪਹੁ-ਫੁਟਾਲਾ" ਵਿਚ ਛਪੀ ਹੈ ।

ਇਹ ਕਵਿਤਾ ਕਈ ਇਕ ਮਹਾਂ ਕਵੀਆਂ ਤੋਂ ਪ੍ਰਭਾਵਿਤ ਹੈ । ਇਸ ਵਿਚ ਥੋੜਾ ਜਿਹਾ ਪੂਰਨ ਸਿੰਘ ਦਾ ਰੰਗ ਵੀ ਹੈ, ਦੀਵਾਨ ਸਿੰਘ ਕਾਲੇ ਪਾਣੀ ਦਾ ਵੀ । ਕਿਸੇ ਦੀ ਬੋਲੀ ਦਾ ਅਸਰ ਹੈ, ਕਿਸੇ ਦੇ ਲਹਿਜੇ ਤੇ ਸ਼ੈਲੀ ਦਾ । ਵਿਸ਼ੇ ਪੱਖੋਂ ਥੋੜਾ ਜਿਹਾ ਮੋਹਨ ਸਿਘ ਦਾ ਅਸਰ ਵੀ ਹੈ । ਉਸਦੀ ਇਕ ਕਵਿਤਾ "ਗੁਲੇਲੀ" ਨੇ ਜ਼ਰੂਰ ਹੀ ਕੁਝ ਅਸਰ

ਪਾ ਦਿੱਤਾ ਹੋਵੇਗਾ। ਪਰ ਇਹ ਸਭ ਅਚੇਤ ਹੀ ਹੈ। ਸਾਹਿਤ ਵਿਚ ਅਚੇਤ ਅਸਰ ਸਦਾ ਹੀ ਪੈਂਦੇ ਰਹਿੰਦੇ ਹਨ। ਸਭਨਾਂ ਉਤੇ ਪੈਂਦੇ ਹਨ।

ਤਦ ਵੀ, ਇਹ ਮੇਰੀ ਕਵਿਤਾ ਮੇਰੀ ਹੈ. ਤੇ ਮੇਰੀ ਹੀ ਹੈ। ਜਿਹੜੇ ਫੁੱਲ ਮੈਂ ਗੁੰਦੇ ਹਨ, ਇਹ ਮੇਰੇ ਹੀ ਗੁੰਦੇ ਹੋਏ ਹਨ। ਭਾਵੇਂ ਮੈਂ ਕਿਸੇ ਵੀ ਕਿਆਰੀ ਵਿਚੋਂ ਚੁਣੇ ਹਨ।

ਓਡਣੀ, ਗ਼ਰੀਬਣੀ ਹੈ। ਪਰ ਇਕ ਥਾਂ ਮੈਂ ਕਿਹਾ ਹੈ: "ਇਹ ਰੋਹੀਆਂ ਦੀ ਮਲਕਾ!" ਕੀ ਉਹ ਸੱਚ ਮੁੱਚ ਮਲਿਕਾ ਹੈ? ਨਹੀਂ, ਉਹ ਮਲਿਕਾ ਨਹੀਂ। ਉਹਦੀ ਤਾਂ ਉਹ ਵੀ ਧਰਤੀ ਨਹੀਂ ਜਿਹੜੀ ਉਹਦੇ ਪੈਰਾਂ ਹੇਠ ਤੁਰਨ-ਖਲੋਣ ਵੇਲੇ ਹੈ। ਪਰ ਫੇਰ ਵੀ ਮੈਂ ਕਵਿਤਾ ਵਿਚ ਉਹਨੂੰ ਮਲਿਕਾ ਕਹਿ ਦਿੱਤਾ ਹੈ। ਇਹ ਮੈਂ ਇਸ ਲਈ ਕਿਹਾ ਹੈ ਕਿ ਉਦੋਂ ਸਾਡੇ ਸਾਹਿਤ ਉਤੇ ਰੋਮਾਂਟਿਕ ਦ੍ਰਿਸ਼ਟੀ ਭਾਰੂ ਸੀ ਅਤੇ ਅਸੀਂ ਯਥਾਰਥ ਤੋਂ ਕੁਝ ਪਰੇ ਪਰੇ ਜਿਹਾ ਰਹਿੰਦੇ ਸਾਂ। ਯਥਾਰਥ ਦਾ ਸਾਹਮਣਾ ਕਰਨਾ ਕਾਫ਼ੀ ਮੁਸ਼ਕਿਲ ਵੀ ਤਾਂ ਹੁੰਦਾ ਹੈ— ਕਿਉਂਕਿ ਇਹ ਖਰ੍ਹਵਾ ਹੁੰਦਾ ਹੈ—ਜੀਵਨ ਵਿਚ ਹੀ ਨਹੀਂ, ਸਾਹਿਤ ਤੇ ਕਲਾ ਆਦਿ ਵਿਚ ਵੀ।

ਉਸ ਸਮੇਂ ਮੈਂ ਇਸ ਕਵਿਤਾ ਨੂੰ ਇਵੇਂ ਹੀ ਲਿਖ ਸਕਦਾ ਸਾਂ। ਜੇ ਮੈਂ ਅੱਜ ਲਿਖਦਾ ਤਾਂ ਹੋਰ ਤਰ੍ਹਾਂ ਹੀ ਲਿੱਖੀ ਹੁੰਦੀ।

ਪਣਤਾਲੀ ਵਰ੍ਹੇ ਹੋ ਚੁੱਕੇ ਹਨ ਇਸ ਕਵਿਤਾ ਨੂੰ ਲਿਖਿਆਂ ਅੱਜ। ਅੱਜ— 1992 ਵਿਚ।

# ਕਾਵਿ ਸੰਗ੍ਰਹਿ "ਬਿਰਹੜੇ"

1955 ਵਿਚ ਮੈਨੂੰ ਇਕ ਬੜੇ ਹੀ ਨੂਰੀ ਜਲਵੇ ਦਾ ਆਭਾਸ ਹੋਇਆ। ਇਸ ਆਭਾਸ ਦੇ ਅਸਰ ਹੇਠ ਮੈਂ ਕਈ ਕਵਿਤਾਵਾਂ ਲਿਖੀਆਂ ਤੇ ਕੁਝ ਇਕ ਗੀਤ ਵੀ ਲਿਖੇ ਸਨ। ਇਹ ਸਭ ਪਿਆਰ ਬਾਰੇ ਸਨ। "ਨਿੱਕੀ ਸਲੇਟੀ ਸੜਕ ਦਾ ਟੋਟਾ" ਇਹਨਾਂ ਦੀ ਸਭ ਦੀ ਸਿਖਰ ਸੀ। ਪਰ 1957 ਵਿਚ ਇਹ ਚੰਨ ਨਾਲ ਭਰੀ ਚਾਨਣੀ ਰਾਤ ਇਕਦਮ ਹੀ ਮੱਸਿਆ ਦੀ ਹਨੇਰੀ ਰਾਤ ਵਿਚ ਬਦਲ ਗਈ। ਹੰਸ ਉਡਾਰੀ ਮਾਰ ਗਿਆ। ਧਰਤੀ ਉਤੇ ਚਾਰੇ ਪਾਸੇ ਕਾਗ ਹੀ ਕਾਗ ਦਿਸ ਰਹੇ ਸਨ—ਗ਼ਮ ਤੇ ਸੋਗ ਦੇ ਕਾਲੇ ਕਾਗ। "ਬਿਰਹੜੇ" ਮੇਰੀਆਂ ਇਹੋ ਜਿਹੀਆਂ ਕਵਿਤਾਵਾਂ ਦਾ ਸੰਗ੍ਰਹਿ ਹੀ ਹੈ। ਪਹਿਲਾਂ ਕੁਝ ਸੁਖ ਦੀਆਂ, ਉਤਸ਼ਾਹ ਦੀਆਂ ਕਵਿਤਾਵਾਂ ਹਨ; ਫੇਰ ਪਿਛੋਂ ਦੁੱਖ ਦੀਆਂ। ਕਵਿਤਾਵਾਂ ਤਾਂ ਇਸ ਕਾਵਿ ਸੰਗ੍ਰਹਿ ਵਿਚ ਦੋਹਾਂ ਮਨੋਭਾਵਾਂ ਦੀਆਂ ਹਨ—ਸੁਖ ਦੀਆਂ ਵੀ ਤੇ ਦੁੱਖ ਦੀਆਂ ਵੀ—ਪਰ ਦੁੱਖ ਦੀਆਂ ਭਾਰੂ ਹੋਣ ਕਾਰਨ, ਨਾਂ ਇਹਨਾਂ ਨੇ, ਸਾਰੀਆਂ ਨੇ, "ਬਿਰਹੜੇ" ਹੀ ਲੈ ਲਿਆ। ਸੁਖ, ਛਿਨ-ਭੰਗਰ ਹੈ, ਦੁੱਖ ਟਿਕਣ ਵਾਲਾ, ਸਥਿਰ ਅਤੇ ਬੋਝਲ ਹੈ। ਇਸੇ ਲਈ ਹੀ "ਬਿਰਹੜੇ" ਦਾ ਪਾਸਾ ਭਾਰੀ ਹੋ ਗਿਆ। ਮੁਸਕਾਣਾਂ ਉਤੇ ਹਉਕਿਆਂ ਅਤੇ ਅੱਥਰੂਆਂ ਦੀ ਜਿੱਤ ਹੋਈ।

1955 ਦੇ ਸਤੰਬਰ ਦੇ ਮਹੀਨੇ ਤੋਂ ਇਹ ਕਥਾ ਸ਼ੁਰੂ ਹੁੰਦੀ ਹੈ ਤੇ 1957 ਦੀ ਇਹ ਮਈ ਤਕ ਮੁੱਕ ਜਾਂਦੀ ਹੈ। ਪੌਣੇ ਦੋ ਕੁ ਵਰ੍ਹੇ ਦਾ ਸਮਾਂ ਇਸ ਕਹਾਣੀ ਦਾ ਸਮਾਂ ਹੈ। ਸ਼ੁਰੂ, ਸਤੰਬਰ ਦਾ ਸ਼ੁਰੂ ਹੈ। ਅੰਤ, ਮਈ ਦਾ ਅੱਧ ਹੈ। ਇਕ ਸਾਲ, ਅੱਠ ਮਹੀਨੇ, ਦਸ ਕੁ ਦਿਨ ਹੈ ਸਾਰਾ ਸਮਾਂ। ਪਰ ਇਹ ਸਮਾਂ ਮੇਰੇ ਜੀਵਨ ਦਾ ਬੜਾ ਹੀ ਹੋਣੀਆਂ-ਭਰਿਆ ਹੈ। ਮੇਰੇ ਵਾਸਤਵਿਕ ਜੀਵਨ ਦਾ ਵੀ ਤੇ ਮੇਰੇ ਸਾਹਿਤਿਕ ਜੀਵਨ ਦਾ ਵੀ। ਮੇਰੇ ਇਸੇ ਜੀਵਨ ਵਿਚੋਂ "ਬਿਰਹੜੇ" ਨੇ ਜਨਮ ਲਿਆ।

ਇਸਦਾ ਮੁੱਢ ਕੀ ਹੈ, ਤੇ ਮਧ ਤੇ ਅੰਤ ਕੀ ਹੈ? ਇਹ ਮੈਂ ਕੁਝ ਕਵਿਤਾਵਾਂ ਨਾਲ ਹੀ ਏਥੇ ਦੱਸਣਾ ਚਾਹੁੰਦਾ ਹਾਂ।

ਸਭ ਤੋਂ ਪਹਿਲੀ ਕਵਿਤਾ ਹੈ "ਦੇਸ ਤੇਰੇ ਦੀ ਧੂੜ ਗੁਲਾਬੀ":

ਦੇਸ ਤਿਰੇ ਅਸੀਂ ਹੋ ਕੇ ਆਏ,
ਦਿਲ ਅਪਣਾ ਪਰ ਖੋ ਕੇ ਆਏ,

ਹੇਠਾਂ ਧਰਤੀ, ਉਤੇ ਅੰਬਰ,
ਦਿਲ ਨਾਲ ਦਿਲ ਨੂੰ ਟੋਹ ਕੇ ਆਏ ।

ਦੇਸ ਤਿਰੇ ਦੀਆਂ ਸਾਵੀਆਂ ਜੂਹਾਂ,
ਅਲ੍ਹੜ ਨਦੀਆਂ ਝਲੀਆਂ ਝਲੀਆਂ,
ਦੇਸ ਤਿਰੇ ਦੀ ਉਜਲੀ ਪ੍ਰੀਤੀ
ਲੂੰ ਲੂੰ ਵਿਚ ਸਮੋ ਕੇ ਆਏ ।

ਝੁੰਡ ਅੰਬੀਆਂ ਦੇ ਸੰਘਣੇ ਸੰਘਣੇ,
ਦੋ ਪਲ ਬੈਠ ਜਿਨ੍ਹਾਂ ਦੀ ਛਾਵੇਂ,
ਨਿੱਕੀਆਂ ਨਿੱਕੀਆਂ ਕਰ ਗੱਲੜੀਆਂ
ਹੋਰ ਹੋਰ ਅਸੀਂ ਹੋਕੇ ਆਏ ।

ਨੀਲੇ ਪਰਬਤ ਵੱਲ ਪੂਰਬ ਦੇ,
ਜਿਥੋਂ ਨਿਤ ਨਿਤ ਸੂਰਜ ਉਗਦੇ,
ਦੇਸ ਤਿਰੇ ਦੀ ਧੂੜ ਗੁਲਾਬੀ,
ਚੁਕ ਚੁਕ ਹਿਕ ਨੂੰ ਛੋਹ ਕੇ ਆਏ ।

ਦੇਸ ਤਿਰੇ ਦੀ ਪਾਕੇ ਫੇਰੀ,
ਭੁੱਲ ਗਈ ਸਾਨੂੰ ਤੇਰੀ ਮੇਰੀ ।
ਟੂਣੇਹਾਰ ਪੂਰੇ ਦੀਆਂ 'ਵਾਵਾਂ
ਜਿੰਦ ਅਪਣੀ ਨੂੰ ਪੋਹ ਕੇ ਆਏ ।

ਪਿਆਰ ਤਾਂ ਤੇਰਾ ਰੁਖ ਚੰਦਨ ਦਾ
ਮਹਿਕਾਂ ਨਾਲ ਚੁਗਿਰਦਾ ਭਰਿਆ,
ਉਹ ਮਹਿਕਾਂ ਮੇਰੇ ਉਡਣ ਦੁਆਲੇ
ਭਾਵੇਂ ਪੈਂਡੇ ਜੋਹ ਕੇ ਆਏ ।

ਦੇਸ ਤਿਰੇ ਨੂੰ ਛੋੜ ਅਖ਼ੀਰੀ,
ਮੁੜ ਪਏ ਦਿਲ ਵਿਚ ਲੈ ਦਿਲਗੀਰੀ,
ਹੰਝੂਆਂ ਦੇ ਟੁੱਟ-ਖਿਲਰੇ ਮੋਤੀ
ਆਹਾਂ ਵਿਚ ਪਰੋ ਕੇ ਆਏ ।

ਦੂਜੀ ਕਵਿਤਾ ਦਾ ਇਕ ਬੰਦ ਹੀ ਏਥੇ ਦੇਣਾ ਚਾਹੁੰਦਾ ਹਾਂ :

ਅਜ ਤੇਰਾ ਖ਼ਤ ਮਿਲਿਆ
ਸਾਡੇ ਗਿਰਦ ਖਿੰਡੀ ਖ਼ਸ਼ਬੋ ।
ਅਜ ਤੇਰਾ ਖ਼ਤ ਮਿਲਿਆ
ਅਸੀਂ ਹੋਰ ਹੋਰ ਗਏ ਹੋ ।

ਚਲੋ, ਇਕ ਹੋਰ ਅੰਤਲਾ ਵੀ :

ਅਜ ਤੇਰਾ ਖ਼ਤ ਮਿਲਿਆ
ਵਿਚ ਮਿਠੜੇ ਮਿਠੜੇ ਬੋਲ
ਅਜ ਤੇਰਾ ਖ਼ਤ ਮਿਲਿਆ
ਅਸੀਂ ਤੱਕੀਏ ਮੁੜ ਮੁੜ ਖੋਲ੍ਹ ।

"ਅਜ ਤੇਰਾ ਖ਼ਤ ਮਿਲਿਆ" ਹੀ ਨਾਂ ਹੈ ਇਸ ਕਵਿਤਾ ਦਾ ।

ਏਥੇ ਤੀਜੀ ਕਵਿਤਾ ਹੈ "ਤੇਰੇ ਦਰ ਮੇਰੀ ਪੁਕਾਰ" । ਇਸ ਕਵਿਤਾ ਦਾ ਪਹਿਲਾ ਬੰਦ ਬੜਾ ਹੀ ਮਕਬੂਲ ਹੋਇਆ :

ਕੰਨ ਕੰਧਾਂ ਦੇ ਨੇ, ਉੱਚੀ ਕੀ ਕਹਾਂ,
ਸੈਨਤਾਂ ਹਨ ਜਾਣਕਾਰਾਂ ਵਾਸਤੇ ।
ਇਕ ਗੱਲ ਹੁੰਦੀ ਕਿਸੇ ਇਕੋ ਲਈ
ਇਕ ਗੱਲ ਹੁੰਦੀ ਹਜ਼ਾਰਾਂ ਵਾਸਤੇ ।

ਹੁਣ ਵੀ ਕਈ ਪ੍ਰਸੰਸਕ ਮੈਨੂੰ ਮਿਲਣ ਵੇਲੇ ਆਖਣਗੇ : "ਕੰਨ ਕੰਧਾਂ ਦੇ ਨੇ, ਉੱਚੀ ਕੀ ਕਹਾਂ ।" ਕਦੇ ਤਾਂ ਏਨਾ ਹੀ ਆਖਣਗੇ, ਕਦੇ ਸਾਰਾ ਬੰਦ ਹੀ ।

ਇਸਦਾ ਚੌਥਾ ਬੰਦ ਹੈ :

ਤੇਰੀ ਇਕ ਮੁਸਕਾਣ ਸਾਡਾ ਸਵਰਗ ਹੈ
ਖੋਲ੍ਹ ਦੇਹ, ਸੁਰਗਾਂ ਦੀ ਬਾਰੀ ਖੋਲ੍ਹ ਦੇ !
ਝੋਲ ਫੁੱਲਾਂ ਦੀ ਕਿ ਭਰ ਲਈਏ ਅਸੀਂ ;
ਬੋਲ ਦੇਹ, ਦੋ ਬੋਲ ਮੁਖੋਂ, ਬੋਲ ਦੇਹ ।

ਪੰਜਵਾਂ ਬੰਦ :

ਤੇਰੇ ਦਰ, ਓ ਹੀਰੀਏ ! ਮੇਰੀ ਅਲਖ,
ਤੇਰੇ ਦਰ, ਹੇ ਸੁੰਦਰਾਂ ! ਮੇਰੀ ਪੁਕਾਰ ।
ਮੋਤੀਆਂ ਦੇ ਥਾਲ ਕੀ ਕਰਨੇ ਅਸੀਂ ;
ਸਾਨੂੰ ਚਾਹੀਦਾ ਹੈ ਇਕ ਤੇਰਾ ਦੀਦਾਰ ।

ਇਸ ਤੋਂ ਅੱਗੇ "ਨਿੱਕੀ ਸਲੇਟੀ ਸੜਕ ਦਾ ਟੋਟਾ" ਕਵਿਤਾ ਹੈ। ਅਸਲ ਵਿਚ ਇਹ ਮਧ ਹੈ। ਇਸ ਮਧ ਨਾਲ ਇਕ-ਦੋ ਹੋਰ ਕਵਿਤਾਵਾਂ ਵੀ ਜੁੜ ਰਹੀਆਂ ਹਨ। "ਯਾਦ" "ਖ਼ਸ਼ਬੋਈਆਂ", "ਕਿਤੋਂ ਭਿੰਨੀ ਭਿੰਨੀ ਆਉਂਦੀ ਖ਼ਸ਼ਬੋ" ਤੇ "ਦੀਦ ਤੇਰੀ ਦਾ ਲੈ

ਝਲਕਾਰਾ" ਆਦਿ । ਅਤੇ, ਇਸ ਤੋਂ ਅੱਗੇ ਢਲਾਨ ਸ਼ੁਰੂ ਹੋ ਜਾਂਦੀ ਹੈ । ਇਸ ਢਲਾਨ ਦੀ ਕਵਿਤਾ ਹੈ "ਹੋ ਗਿਆ ਗੁਲ ਸੂਰਜ ਦਾ ਦੀਵਾ ।" ਏਥੇ ਦਰਜ ਕਰਦਾ ਹਾਂ :

ਹੋ ਗਿਆ ਗੁਲ ਸੂਰਜ ਦਾ ਦੀਵਾ
ਆਥਣ ਪੱਲਾ ਮਾਰ ਗਈ ।

ਕੂੰਜ ਨਿਖੜ ਗਈ ਉਡਦੀ ਡਾਰੋਂ
ਦੱਸ ਨਾ ਕੋਈ ਸਾਰ ਗਈ ।

ਚਾਰੇ ਕੂੰਟਾਂ ਦਿੱਸਣ ਖ਼ਾਲੀ
ਕਿਤ ਵੱਲ ਮਾਰ ਉਡਾਰ ਗਈ ।

ਕੱਲਰ ਵਿਚ ਅਸੀਂ ਖੜ ਖੜ ਰੋਈਏ
ਕਰਕ ਕਲੇਜੇ ਪਾਰ ਗਈ ।

ਦਿਲ ਦੀ ਰੱਤ ਵਗੀ ਬਣ ਅੱਥਰੂ
ਜਿੰਦ ਅਸਾਡੀ ਹਾਰ ਗਈ ।

ਕਿਸ ਨਗਰੀ ਤੂੰ ਲਾ ਲਏ ਡੇਰੇ
ਕਿਉਂ ਇਹ ਨਗਰ ਵਿਸਾਰ ਗਈ ।

ਇਹ ਜਗ ਤੇਰੇ ਮਨ ਨਹੀਂ ਪੁੜਿਆ
ਕਿਹੜੇ ਜੱਗ ਸਿਧਾਰ ਗਈ ।

ਮੁੜ ਨਹੀਂ ਘੱਲਿਆ ਇਕ ਸੁਨੇਹੁੜਾ
ਇਹ ਗੱਲ ਸਾਨੂੰ ਮਾਰ ਗਈ ।

"ਇਕ ਸਿਰਨਾਵਾਂ ਘਲ ਦਈਂ ਸਾਨੂੰ", "ਉਠ ਖੜ ਮੋਈਏ", "ਧੂੰਏਂ ਧੁਖਣ ਹਿਜਰਾਂ ਵਾਲੇ", "ਗ਼ਮ", "ਹਿਜਰ", "ਨਾ ਰੋ ਹੋਵੇ, ਨਾ ਹਸ ਹੋਵੇ" ਤੇ "ਤੇਰਾ ਗ਼ਮ" ਆਦਿ ਉਂਜ ਤਾਂ ਬਹੁਤ ਕਵਿਤਾਵਾਂ ਅਜਿਹੀਆਂ ਹਨ । ਪਰ ਏਥੇ ਇਕ ਕਵਿਤਾ "ਗ਼ਮ" ਹੀ ਨਮੂਨੇ ਵਜੋਂ ਮੈਂ ਦਰਜ ਕਰਨੀ ਚਾਹੁੰਦਾ ਹਾਂ । ਉਹ ਹੈ :

ਖੋ ਗਈ ਕਿਧਰੇ ਦਿਲ ਦੀ ਟੁਕੜੀ
ਖ਼ਾਕ ਥਲਾਂ ਦੀ ਰੋਲਾਂ ਮੈਂ ।

ਪਤ ਪਤ ਕਰ ਇਹ ਦੁਨੀਆਂ ਛਾਣੀ
ਕਿਸ ਦੁਨੀਆਂ ਹੁਣ ਟੋਲਾਂ ਮੈਂ।

ਰਾਤ ਦੀ ਕਫ਼ਨੀ ਦਾ ਲੜ ਨਾ ਚੁੱਕ
ਮੇਰੇ ਮੂੰਹ ਤੋਂ, ਪਰਭਾਤੇ !
ਸੁੰਨੇ ਸੱਖਣੇ ਇਸ ਜੱਗ ਉਤੇ
ਕੀਕਣ ਅੱਖੀਆਂ ਖੋਲ੍ਹਾਂ ਮੈਂ ।

ਬੁਲ੍ਹ ਨਹੀਂ ਮੁਸਕਾਇਆ ਕਰਦੇ,
ਦਿਲ ਮੁਸਕਾਇਆ ਕਰਦਾ ਹੈ,
ਹੁਣ ਹੱਸਾਂ ਤਾਂ ਏਕਣ ਹੱਸਾਂ
ਝੂਠ ਜਿਵੇਂ ਕੋਈ ਬੋਲਾਂ ਮੈਂ ।

ਅਜ ਦਿਲ ਉਤੇ ਭਾਰ ਹੈ ਏਨਾ
ਇਹ ਸ੍ਰਿਸ਼ਟੀ ਸਹਿ ਸਕਦੀ ਨਹੀਂ,
ਧਰਤ-ਅੰਬਰ ਦੇ ਪਲੜੇ ਛੋਟੇ,
ਕਿਸ ਤੱਕੜੀ 'ਤੇ ਤੋਲਾਂ ਮੈਂ ।

ਇਕ ਤੇਰੇ ਦਮ ਨਾਲ ਕਿ ਸਾਜਨ
ਮੈਂ ਦਰਿਆ, ਮੈਂ ਸਾਗਰ ਸਾਂ,
ਅਜ ਥਾਲੀ ਦੇ ਪਾਣੀ ਵਾਂਗੂੰ
ਇਕ ਤੇਰੇ ਬਿਨ ਡੋਲਾਂ ਮੈਂ ।

ਇਹ ਦੁਨੀਆਂ ਰਸ-ਭਰੀ-ਕਟੋਰੀ,
ਇਕ ਪਾਸਾ ਸੀ ਮੂਰਤ ਦਾ,
ਰਸ ਦੀ ਭਰੀ ਕਟੋਰੀ ਵਿਚ ਅੱਜ
ਰੱਤ ਜਿਗਰ ਦੀ ਘੋਲਾਂ ਮੈਂ ।

"ਦੀਦ ਤੇਰੀ ਦਾ ਲੈ ਝਲਕਾਰਾ" ਕਵਿਤਾ ਦਾ ਇਕ ਬੰਦ ਹੈ :

ਲੂੰ ਲੂੰ ਦੇ ਵਿਚ ਘੁਲ ਗਈ ਪ੍ਰੀਤੀ
ਪਾਣੀ ਵਿਚ ਪਤਾਸੇ ਹੋ ।
ਇਹ ਦੁਨੀਆਂ ਰਸ-ਭਰੀ-ਕਟੋਰੀ
ਮਿਠੜੀ ਮਿਠੜੀ ਭਾਸੇ ਹੋ ।

ਪਰ ਦੁਨੀਆਂ ਰਸ ਦੀ ਭਰੀ ਕਟੋਰੀ, ਮਿਠੜੀ ਮਿਠੜੀ, ਰਹੀ ਨਾ । ਇਹ ਮੂਰਤ ਦਾ ਇਕ ਪਾਸਾ ਸੀ। ਦੂਜਾ ਪਾਸਾ ਇਹ ਸੀ :

ਰਸ ਦੀ ਭਰੀ ਕਟੋਰੀ ਵਿਚ ਅੱਜ
ਰੱਤ ਜਿਗਰ ਦੀ ਘੋਲਾਂ ਮੈਂ ।

ਪਹਿਲਾਂ "ਹਿਜਰ" ਰਖਿਆ ਸੀ ਮੈਂ ਇਸ ਕਾਵਿ-ਸੰਗ੍ਰਹਿ ਦਾ ਨਾਂ । ਛਪਣ ਵੇਲੇ ਮੋਹਨ ਸਿੰਘ ਨੇ "ਬਿਰਹੜੇ" ਤਜਵੀਜ਼ ਕੀਤਾ

ਇਹ ਕਿਤਾਬ ਆਫ਼ਸੈਟ ਕਾਗਜ਼ ਉਤੇ ਛਪੀ ਸੀ, ਨਵਯੁਗ ਪ੍ਰੈਸ ਦਿੱਲੀ ਵਿਚ। ਲੁਧਿਆਣਾ ਬੁਕ ਸ਼ਾਪ ਨੇ ਇਹ ਪ੍ਰਕਾਸ਼ਿਤ ਕੀਤੀ ਸੀ, 1960 ਵਿਚ, ਪਹਿਲੀ ਵਾਰ। ਛਪਾਈ ਬਹੁਤ ਵਧੀਆ ਸੀ । ਸਫ਼ੇ 112 ਸਨ ਤੇ ਮੁੱਲ ਸੀ ਤਿੰਨ ਰੁਪਏ, ਪੱਚੀ ਪੈਸੇ ਕੇਵਲ । ਟਾਈਟਲ ਆਦਿ ਜਸਵੰਤ ਆਰਟਿਸਟ ਨੇ ਬਣਾਇਆ ਸੀ ਤੇ ਵਿਚੋਂ ਵੀ ਸ਼ਿੰਗਾਰੀ ਸੀ ਪਹਿਲੀ ਕਵਿਤਾ 24 ਅਪਰੈਲ 1956 ਤੇ ਅੰਤ ਵਾਲੀ 23 ਜਨਵਰੀ 1960 ਨੂੰ ਲਿਖੀ ਸੀ ਦੂਜੀ ਵਾਰ ਛਪੀ ਨਹੀਂ । ਕਾਪੀ ਕਿਤੋਂ ਮਿਲਦੀ ਨਹੀਂ । ਮੇਰੇ ਪਾਸ ਕੇਵਲ ਇਕੋ ਟੁੱਟੀ-ਖੁੱਸੀ ਜਿਹੀ ਕਾਪੀ ਹੈ ਜੋ ਕੁਝ ਕੁ ਸੋਧੀ ਹੋਈ ਵੀ ਹੈ। ਮੁੜ ਐਡੀਸ਼ਨ ਕਦੋ ਛਪੇ ? ਆਖ ਸਕਣਾ ਮੁਸ਼ਕਿਲ ਹੈ। ਕਿਉਂਕਿ ਇਹ ਪੰਜਾਬੀ ਬੋਲੀ ਦੇ ਕਿਸੇ ਕਵੀ ਦੀ ਪੁਸਤਕ ਹੈ ।

## ਬੇਚੈਨੀ ਸ਼ੁਰੂ ਹੋਈ—ਕੁਝ ਵੱਡਾ ਲਿਖਣ ਲਈ

"ਕੋਈ ਇਕ ਸਵਾਰ" ਤੋਂ ਬਿਨਾਂ ਮੈਂ ਕਈ ਹੋਰ ਵੀ ਕਾਫ਼ੀ ਸਫਲ ਤੇ ਕਾਫ਼ੀ ਉੱਚ ਪਾਏ ਦੀਆਂ ਕਹਾਣੀਆਂ ਲਿਖ ਚੁੱਕਾ ਸਾਂ। ਜਿਵੇਂ : "ਸਵੇਰ ਹੋਣ ਤਕ", "ਸਾਂਝੀ ਕੰਧ", "ਮੰਗੋ", "ਲੁਟੇਰੇ" ਤੇ "ਭੇਤ ਵਾਲੀ ਗੱਲ" ਆਦਿ। ਇਹ ਕਹਾਣੀਆਂ "ਕੋਈ ਇਕ ਸਵਾਰ" ਤੋਂ ਮਗਰੋਂ ਲਿਖੀਆਂ ਹਨ। ਪ੍ਰਸਿੱਧ ਭਾਵੇਂ "ਕੋਈ ਇਕ ਸਵਾਰ" ਹੀ ਬਹੁਤੀ ਹੋਈ ਹੈ, ਪਰ ਇਹ ਵੀ ਉਸ ਤੋਂ ਘੱਟ ਨਹੀਂ। ਹਰ ਕਹਾਣੀ ਆਪਣੇ ਆਪ ਵਿਚ ਪੂਰਨ ਅਤੇ ਸਫਲ ਹੈ ਤੇ ਆਪਣੇ ਵਰਗੀ ਆਪ ਹੈ। ਪ੍ਰਸਿੱਧ ਹੋਣਾ ਹੋਰ ਗੱਲ ਹੈ, ਆਪਣੇ ਆਪ ਵਿਚ ਪੂਰਨ ਅਤੇ ਸਫਲ ਹੋਣਾ ਹੋਰ ਗੱਲ। ਇਹ ਕਹਾਣੀਆਂ ਆਪਣੇ ਆਪ ਵਿਚ ਪੂਰਨ ਅਤੇ ਸਫਲ ਹਨ। ਜਦੋਂ ਵੀ ਮੈਂ ਇਹਨਾਂ ਵਿਚੋਂ ਕੋਈ ਕਹਾਣੀ ਲਿਖਦਾ ਸਾਂ ਤਾਂ ਮੈਨੂੰ ਬੜੀ ਸੰਤੁਸ਼ਟੀ ਮਿਲਦੀ। ਮੈਨੂੰ ਇਕ ਮਾਣ ਦਾ ਹੁਲਾਰਾ ਜਿਹਾ ਵੀ ਮਿਲਦਾ ਸੀ ਕਿ ਇਹਨਾਂ ਨੂੰ ਲਿਖਣ ਦਾ ਮਾਣ ਮੇਰੀ ਕਲਮ ਨੂੰ ਪ੍ਰਾਪਤ ਹੈ। ਪਰ ਇਕ ਸਮਾਂ ਆਇਆ ਕਿ ਮੈਨੂੰ ਆਪਣਾ ਇਹ ਮਾਣ ਕੁਝ ਟੁੱਟਦਾ ਜਿਹਾ ਜਾਪਿਆ। ਪਹਿਲਾਂ ਜੋ ਸੰਤੁਸ਼ਟੀ ਸੀ, ਉਹ ਅਸੰਤੁਸ਼ਟੀ ਜਾਪਣ ਲੱਗੀ। ਇਹ ਕੁਝ ਤਾਂ ਲਿਖ ਲਿਆ, ਹੁਣ ਅੱਗੇ ਹੋਰ ? ਇਹ ਤਾਂ ਕੁਝ ਵੀ ਨਹੀਂ ਹੈ ! ਮੈਨੂੰ ਹੁਣ ਕੋਈ ਬਹੁਤ ਵੱਡਾ ਕੰਮ ਕਰਨਾ ਚਾਹੀਦਾ ਹੈ—ਕੋਈ ਵੱਡੀ ਰਚਨਾ, ਜਿਹੜੀ ਮੇਰੇ ਸਾਹਿਤ ਵਿਚ ਕਲਾਸਕੀ ਰਚਨਾ ਮੰਨੀ ਜਾਵੇ। ਜਿਹੜੀ, ਜੇ ਬਾਹਰ ਜਾਵੇ ਤਾਂ ਸਾਰੇ ਸੰਸਾਰ ਵਿਚ ਹੀ ਉਹਨੂੰ ਆਦਰ-ਮਾਣ ਦਿੱਤਾ ਜਾਵੇ। ਅਤੇ, ਜਿਸਦੀ ਪ੍ਰਤਿਭਾ ਸੰਸਾਰ ਉਤੇ ਛਾ ਸਕੇ। ਜਦੋਂ ਕੋਈ ਪੁੱਛੇ, ਇਹ ਕਿਸ ਲੇਖਕ ਦੀ ਰਚਨਾ ਹੈ, ਤਾਂ ਕੋਈ ਜਵਾਬ ਦੇਵੇ ਕਿ ਸਾਡੀ ਇਸ ਦੁਨੀਆਂ ਵਿਚ ਇਕ ਦੇਸ ਭਾਰਤ ਹੈ ; ਭਾਰਤ ਵਿਚ ਪੰਜਾਬ ਹੈ ਜਿਸ ਦੀ ਬੋਲੀ ਪੰਜਾਬੀ ਹੈ; ਪੰਜਾਬ ਵਿਚ ਇਕ ਪਿੰਡ ਹੈ ਜਿਸਦਾ ਨਾਂ ਡਡਹੇੜੀ ਹੈ; ਇਸ ਕਿਤਾਬ ਦਾ ਰਚਣਹਾਰ ਉਸ ਪਿੰਡ ਵਿਚ ਇਕ ਗ਼ਰੀਬ ਕਿਰਤੀ ਘਰ ਵਿਚ ਜਨਮਿਆ; ਪੜ੍ਹਿਆ ਬਹੁਤ ਥੋੜਾ ਸੀ; ਕਾਲਜਾਂ - ਯੂਨੀਵਰਸਿਟੀਆਂ ਦੀ ਵਿੱਦਿਆ ਉਸਨੂੰ ਨਹੀਂ ਮਿਲੀ; ਉਸਨੂੰ ਕੇਵਲ ਤੇ ਕੇਵਲ ਆਪਣੀ ਮਾਤ-ਭਾਸ਼ਾ ਹੀ ਆਉਂਦੀ ਸੀ; ਉਸਨੇ ਕਲਮ ਫੜੀ ਤੇ ਆਪਣੀ ਮਾਤ-ਭਾਸ਼ਾ ਵਿਚ ਉਹ ਇਹ ਕਿਤਾਬ ਲਿਖਣ ਲੱਗਾ; ਇਹ ਕਿਤਾਬ ਉਸ ਸਿੱਧੇ-ਸਾਦੇ ਜਿਹੇ ਲੇਖਕ ਦੀ ਲਿਖੀ ਹੋਈ ਹੈ। ਫੇਰ ਚਾਹੇ ਕੋਈ ਮੇਰਾ ਨਾਂ ਦੱਸਦਾ ਜਾਂ ਨਾ ਦੱਸਦਾ।

ਨਾਂ ਤਾਂ ਮੇਰਾ ਉਸ ਕਿਤਾਬ ਨੇ ਨਾਲ ਹੀ ਲੈਕੇ ਉੱਡਣਾ ਸੀ।

ਉਹ ਕਿਤਾਬ ਹੁੰਦੀ ਕੀ? ਭਾਵ, ਕਿਹੋ ਜਿਹੀ ਹੁੰਦੀ? "ਦਾਰੋ-ਰਸਨ ਕੀ ਆਜ਼ਮਾਇਸ਼" ਮਹਾਨ ਰੂਸੀ ਲੇਖਕ ਅਸਤਰਾਵਸਕੀ ਦਾ ਇਕ ਨਾਵਲ ਹੈ। ਇਹ ਨਾਵਲ ਉਸਦੇ ਆਪਣੇ ਜੀਵਨ ਉਤੇ ਆਧਾਰਿਤ ਹੈ। ਲਗਭਗ ਸਾਰਾ ਜੀਵਨ ਉਸਦਾ ਇਸ ਵਿਚ ਆ ਜਾਂਦਾ ਹੈ। ਨਾਵਲ ਕਾਫ਼ੀ ਵੱਡਾ ਹੈ। ਅੰਗਰੇਜ਼ੀ ਵਿਚ ਇਸਦਾ ਨਾਂ "ਹਾਊ ਦਾ ਸਟੀਲ ਵਾਜ਼ ਟੈਂਪਰਡ" ਹੈ। ਪੰਜਾਬੀ ਵਿਚ "ਸੂਰਮਾ" ਜਾਂ "ਸੂਰਮੇ ਦੀ ਸਿਰਜਣਾ"। ਮੈਂ ਸੋਚਦਾ, ਮੈਂ ਵੀ ਕੁਝ ਇਹੋ ਜਿਹਾ ਹੀ ਨਾਵਲ ਲਿਖਾਂ ਜਿਸ ਵਿਚ ਮੈਂ ਆਪਣਾ ਪੂਰੇ ਦਾ ਪੂਰਾ ਜੀਵਨ ਪਾਇਆ ਹੋਵੇ। ਨਾਂ ਵੀ ਮੈਂ ਸੋਚਿਆ ਤੇ ਲਿਖਣਾ ਵੀ ਮੈਂ ਸ਼ੁਰੂ ਕੀਤਾ। ਪਰ ਗੱਲ ਨਹੀਂ ਸੀ ਬਣਦੀ ਪਈ। ਕਈ ਵਾਰ ਮੈਂ ਪੱਚੀ-ਪੱਚੀ, ਤੀਹ-ਤੀਹ ਸਫ਼ੇ ਲਿਖੇ ਤੇ ਚਾਲੀ-ਚਾਲੀ ਸਫ਼ੇ ਵੀ। ਪਰ ਉਹ ਮੈਨੂੰ ਜਚਦੇ ਨਾ। ਲਿਖਦਾ ਤੇ ਪਾੜ ਦਿੰਦਾ। ਅਸਲ ਵਿਚ ਮੈਂ ਬਿਲਕੁਲ ਉਸੇ ਤਰ੍ਹਾਂ ਹੀ ਲਿਖਣਾ ਚਾਹੁੰਦਾ ਸਾਂ। ਘਟੋ-ਘੱਟ ਮੈਂ ਸ਼ੁਰੂ ਬਿਲਕੁਲ ਉਸੇ ਤਰ੍ਹਾਂ ਹੀ ਕਰਨਾ ਚਾਹੁੰਦਾ। ਪਰ ਇਹ ਸੰਭਵ ਨਹੀਂ ਸੀ। ਉਸ ਵਿਚ ਜੀਵਨ ਹੋਰ ਸੀ, ਮੇਰਾ ਜੀਵਨ ਹੋਰ ਸੀ। ਉਸ ਵਿਚ ਸਮਾਂ ਵੀ ਹੋਰ ਸੀ ਤੇ ਮੇਰਾ ਸਮਾਂ ਹੋਰ ਸੀ। ਦੇਸ਼ਾਂ ਦਾ ਵੀ ਫ਼ਰਕ ਸੀ ਤੇ ਦੋਹਾਂ ਦੇ ਵਾਤਾਵਰਣਾਂ ਤੇ ਸਭਿਆਚਾਰਾਂ ਦਾ ਫ਼ਰਕ ਵੀ ਸੀ ਵੱਡੀ ਗੱਲ, ਸਾਡੀਆਂ ਦੋਹਾਂ ਕਲਮਾਂ ਦਾ ਵੀ ਫ਼ਰਕ ਸੀ। ਇਕ ਬੜੀ ਮਹਾਨ ਸੀ ਤੇ ਦੂਜੀ, ਮੇਰੀ, ਬੜੀ ਮਾਮੂਲੀ, ਸਿੱਧੀ-ਸਾਦੀ ਤੇ ਨਿੱਕੀ ਕਲਮ। ਸੋ ਗੱਲ ਨਹੀਂ ਸੀ ਬਣਦੀ ਪਈ। ਇਕ ਗੱਲ ਇਹ ਵੀ ਸੀ ਕਿ ਸਾਹਿਤ, ਸੱਚਾ, ਕਦੇ ਵੀ, ਕਿਸੇ ਦੀ ਨਕਲ ਨਾਲ ਨਹੀਂ ਰਚਿਆ ਜਾਂਦਾ। ਇਹ ਤਾਂ ਆਪਣਾ ਮੌਲਿਕ ਰੂਪ ਹੀ ਲੈ ਕੇ ਜਨਮ ਲੈਂਦਾ ਹੈ। ਉਸ ਜਿਹਾ ਕੋਈ ਹੋਰ ਨਹੀਂ ਹੁੰਦਾ।

ਅਸਤਰਾਵਸਕੀ ਦਾ ਰੂਸੀ ਨਾਵਲ—"ਦਾਰੋ-ਰਸਨ ਕੀ ਆਜ਼ਮਾਇਸ਼"—ਇਕ ਸਕੂਲ ਦੇ ਛੇਵੀਂ ਜਮਾਤ ਦੇ ਕਮਰੇ ਤੋਂ ਸ਼ੁਰੂ ਹੁੰਦਾ ਹੈ। ਮੇਰੀ ਵੀ ਸਕੂਲੀ ਵਿੱਦਿਆ ਛੇ ਜਮਾਤਾਂ ਤੱਕ ਹੀ ਹੈ। ਮੈਂ ਵੀ ਆਪਣਾ ਨਾਵਲ ਇਸੇ ਤਰ੍ਹਾਂ ਹੀ ਸ਼ੁਰੂ ਕਰ ਰਿਹਾ ਸਾਂ—ਛੇਵੀਂ ਦੇ ਹੀ ਕਮਰੇ ਤੋਂ। ਪਰ ਨਹੀਂ, ਹੋ ਨਹੀਂ ਰਿਹਾ ਸੀ। ਕਿਉਂਕਿ ਸਾਡੇ ਜੀਵਨਾਂ ਵਿਚ ਕੇਵਲ ਏਨੀ ਹੀ ਸਾਂਝ ਸੀ, ਬਾਕੀ ਜੀਵਨ ਵੱਖਰੇ ਸਨ। ਨਾਲੇ ਮੇਰਾ ਨਾਵਲ ਕਿਉਂ ਉਸੇ ਤਰ੍ਹਾਂ ਹੀ ਸ਼ੁਰੂ ਹੁੰਦਾ, ਜਿਵੇਂ ਇਕ ਹੋਰ, ਸੰਸਾਰ ਵਿਚ, ਪਹਿਲਾਂ ਸ਼ੁਰੂ ਹੋ ਚੁੱਕਾ ਸੀ? ਇਸ ਲਈ ਮੇਰਾ ਨਾਵਲ ਕਿਸੇ ਹੋਰ ਤਰ੍ਹਾਂ ਹੀ ਸ਼ੁਰੂ ਕੀਤੇ ਜਾਣ ਦੀ ਮੰਗ ਕਰ ਰਿਹਾ ਸੀ। ਕਿਸ ਤਰ੍ਹਾਂ ਕੀਤੇ ਜਾਣ ਦੀ? ਇਸਦੀ ਮੈਨੂੰ ਉਸ ਸਮੇਂ ਕੋਈ ਸਮਝ ਨਹੀਂ ਪੈ ਰਹੀ ਸੀ। ਇਸ ਲਈ ਮੇਰੇ ਮਨ ਨੂੰ ਬੜਾ ਦੁੱਖ ਤੇ ਕਸ਼ਟ ਹੋ ਰਿਹਾ ਸੀ। ਇਸ ਦੁੱਖ ਤੇ ਕਸ਼ਟ ਵਿਚੋਂ ਘੋਰ ਬੇਚੈਨੀ ਜਨਮ ਲੈਂਦੀ। ਮੇਰੀ ਇਸ ਬੇਚੈਨੀ ਵਿਚੋਂ ਹੀ ਆਖ਼ਿਰ ਮੇਰੇ ਮਨੋਰੋਗ ਦੀਆਂ ਹਾਲਤਾਂ ਬਣਨ ਲੱਗ ਪਈਆਂ ਸਨ। ਇਹ ਸਮਾਂ 1958 ਅਤੇ 59 ਦਾ ਸੀ।

ਮੈਂ ਆਪਣੇ ਨਾਵਲ ਦਾ ਨਾਂ "ਸੂਰਜਬੰਸੀ" ਰਖਿਆ ਸੀ। ਸਾਡਾ ਬੜਾ ਹੀ ਘੋਰ ਕਿਸਮ ਦਾ ਜਾਤੀ-ਪਾਤੀ ਦੇਸ ਹੈ। ਬ੍ਰਹਮਣ, ਖੱਤਰੀ, ਵੈਸ਼, ਸ਼ੂਦਰ, ਚਾਰ ਵਰਣ ਤਾਂ ਹਨ ਹੀ ਮੁਖ। ਫੇਰ ਇਹਨਾਂ ਵਰਣਾਂ ਵਿਚ ਵੀ ਬੜਾ ਹੀ ਤਾਣਾ-ਪੇਟਾ ਹੈ। ਬ੍ਰਹਮਣ ਵੀ ਕਈ ਕਿਸਮ ਦੇ ਹਨ ਤੇ ਖੱਤਰੀ ਵੀ ਕਈ ਕਿਸਮ ਦੇ ਹਨ। ਬ੍ਰਹਮਣ-ਖੱਤਰੀ ਫੇਰ ਵੀ ਉੱਚੇ ਵਰਗਾਂ ਵਿਚ ਜਾ ਰਹਿੰਦੇ ਹਨ—ਕੁਲੀਨ, ਪ੍ਰਤਿਸ਼ਟ ਵਰਗਾਂ ਵਿਚ। ਪਰ ਹੇਠਾਂ ਵੈਸ਼ ਵਰਗਾਂ ਵਾਲੇ ਬੜਾ ਹੀ ਦੁੱਖ ਭੋਗਦੇ ਹਨ। ਇਹਨਾਂ ਵਿਚ ਕੁਝ ਜਾਤੀਆਂ ਉੱਚੀਆਂ ਮੰਨੀਆਂ ਜਾਂਦੀਆਂ ਹਨ, ਬਾਕੀ ਬਹੁਤੀਆਂ ਨੀਵੀਆਂ ਹੀ। "ਨੀਵੀਆਂ" ਵਾਲੇ ਆਪਣੇ ਆਪ ਨੂੰ ਉੱਚ-ਕੁਲਾਂ ਨਾਲ ਜੋੜਨ ਲਈ ਆਪਣੀਆਂ "ਨੀਵੀਆਂ" ਜਾਤੀਆਂ ਦੇ ਉੱਚੇ ਨਾਂ ਵੀ ਰੱਖਦੇ ਹਨ ਤੇ ਆਪਣੇ ਆਪ ਨੂੰ, ਕਿਵੇਂ ਨਾ ਕਿਵੇਂ, ਸੂਰਜਬੰਸੀ ਤੇ ਚੰਦਰਬੰਸੀ ਸਾਬਿਤ ਕਰਨ ਤਕ ਜਾਂਦੇ ਹਨ। ਮੇਰਾ ਜਨਮ ਵੀ ਇਹੋ ਜਿਹੀ ਹੀ ਕਿਸੇ ਜਾਤੀ ਵਿਚ ਹੋਇਆ ਸੀ ਤੇ ਮੇਰੀ ਜਾਤੀ ਦੇ ਬੁੱਧੀਮਾਨ ਵੀ ਆਪਣੇ ਆਪ ਨੂੰ ਸੂਰਜਬੰਸੀ ਸਾਬਿਤ ਕਰਦੇ ਹੁੰਦੇ ਸਨ। ਬਚਪਨ ਵਿਚ ਸਾਂ ਉਦੋਂ ਮੈਂ। ਦਸ ਕੁ ਵਰ੍ਹੇ ਦੀ ਉਮਰ ਸੀ ਮੇਰੀ।

ਰਾਮਾਇਣ ਦਾ ਰਾਜਾ ਦਸ਼ਰਥ ਜਾਂ ਰਾਮ ਸੂਰਜਬੰਸੀ ਸਨ। ਮਹਾਂਭਾਰਤ ਦੇ ਕੌਰਵ-ਪਾਂਡਵ ਚੰਦਰਬੰਸੀ ਰਾਜਾ ਸਨ ਪਤਾ ਨਹੀਂ, ਇਹ ਸੂਰਜਬੰਸੀ ਜਾਂ ਚੰਦਰਬੰਸੀ ਕੀ ਹੈ, ਪਰ ਅਖਾਉਤੀ "ਨੀਵੀਆਂ" ਜਾਤੀਆਂ ਵਾਲੇ ਇਹੀਓ ਬਣਨਾ ਚਾਹੁੰਦੇ ਸਨ। ਬਹੁਤੇ ਸੂਰਜਬੰਸੀ ਹੀ ਬਣਦੇ। ਠੀਕ ਹੈ, ਜੇ ਇਹਨਾਂ ਵਿਚੋਂ ਆਪ ਹੀ ਕੁਝ ਬਣਨਾ ਹੈ ਤਾਂ ਸੂਰਜਬੰਸੀ ਹੀ ਬਣਿਆ ਜਾਵੇ, ਚੰਦਰਬੰਸੀ ਕਿਉਂ ਬਣਿਆ ਜਾਵੇ? ਭਾਵੇਂ ਚੰਦਰਬੰਸੀ ਹੋਣਾ ਵੀ ਕੋਈ ਛੋਟੀ ਜਿਹੀ ਗੱਲ ਨਹੀਂ, ਪਰ ਫੇਰ ਵੀ ਚੰਦਰਬੰਸੀ ਨਾਲੋਂ ਸੂਰਜਬੰਸੀ ਤਾਂ ਉਤੇ ਹੀ ਹੈ। ਸੋ, ਸਾਡੀ ਜਾਤੀ ਵਿਚੋਂ ਵੀ ਇਤਿਹਾਸਕਾਰ ਜਨਮੇ ਤੇ ਆਪਣੇ ਆਪ ਨੂੰ ਸੂਰਜਬੰਸੀ ਸਾਬਿਤ ਕਰਨ ਲਈ ਲਿਖਣ ਲੱਗੇ। ਭਾਵੇਂ ਸਾਂ ਤਾਂ ਉਹੀਓ ਹੀ ਜਿਹੋ ਜਿਹੇ ਸਮਾਜ ਵਿਚ ਸਾਂ, ਪਰ ਥੋੜਾ ਜਿਹਾ ਧਰਵਾਸ ਜਿਹਾ ਜ਼ਰੂਰ ਮਿਲ ਹੀ ਜਾਂਦਾ ਸੀ ਕਿ ਅਸੀਂ ਵੀ ਸੂਰਜਬੰਸੀ ਹਾਂ, ਭਾਵੇਂ ਅਸੀਂ ਗ਼ਰੀਬ ਜਾਂ ਲਿਤਾੜ ਕੇ ਰੱਖੇ ਹੋਏ ਹੀ ਹਾਂ। ਕਦੇ, ਸਾਡੇ ਵੀ, ਰਾਜਿਆਂ ਵਾਂਗੂ ਕਿਲ੍ਹੇ ਹੁੰਦੇ ਸਨ ਬਣੇ ਹੋਏ ਕਿਤੇ।

ਮੈਂ ਆਪਣੇ ਨਾਵਲ ਰਾਹੀਂ ਇਹ ਕੁਝ ਦੱਸਣਾ ਚਾਹੁੰਦਾ ਸਾਂ ਕਿ ਅਸੀਂ ਸੂਰਜਬੰਸੀ ਜਾਂ ਚੰਦਰਬੰਸੀ ਨਹੀਂ ਹਾਂ, ਅਸੀਂ ਤਾਂ ਕਿਰਤੀ ਲੋਕ ਹਾਂ। ਇਹ ਤਾਂ ਕੇਵਲ ਕਵੀਆ ਵੱਲੋਂ ਰਾਜਿਆਂ ਦੀ ਉਸਤਤ ਕਰਨ ਲਈ ਕੀਤੀਆਂ ਕਲਪਿਤ ਗੱਲਾਂ ਹਨ। ਉਂਜ ਜੇ ਦੇਖਿਆ ਜਾਵੇ ਤਾਂ ਸਾਰੇ ਸੂਰਜਬੰਸੀ ਹਨ। ਸਾਰਾ ਜੀਵਨ ਸੂਰਜਬੰਸੀ। ਕੀੜੇ, ਮਕੌੜ, ਮੱਛਰ, ਮੱਖੀਆਂ, ਇਹ ਵੀ ਸੂਰਜਬੰਸੀ ਹਨ। ਕਿਉਂਕਿ ਆਖ਼ਿਰ ਸਾਰਾ ਕੁਝ ਹੀ ਸੂਰਜ ਦੀ ਹੀ ਉਪਜ ਹੈ। ਸੂਰਜ ਹੈ ਤਾਂ ਸਭ ਕੁਝ ਹੈ।

ਪਰ ਮੇਰਾ ਨਾਵਲ ਅਸਤਰਾਵਸਕੀ ਦੇ ਨਾਵਲ ਵਰਗਾ ਨਹੀਂ ਸੀ ਹੋਣਾ; ਮੇਰਾ ਨਾਵਲ ਮੇਰੇ ਹੀ ਆਪਣੇ ਨਾਵਲ ਵਰਗਾ ਹੋਣਾ ਸੀ। ਨਾਂ ਵੀ "ਸੂਰਜਬੰਸੀ" ਨਹੀਂ, ਹੋਰ

ਕੁਝ ਹੀ ਹੋਣਾ ਸੀ। ਕੀ ਹੋਣਾ ਸੀ ਉਸਦਾ ਨਾਂ ? ਇਹ ਭਵਿੱਖ ਨੇ ਦੱਸਣਾ ਸੀ।

ਉਂਜ ਵੀ ਮੇਰਾ ਸਾਰਾ ਜੀਵਨ ਇਕੋ ਨਾਵਲ ਵਿਚ ਹੀ ਨਹੀਂ, ਕਈ ਥਾਂ ਫੈਲ ਕੇ ਆਉਣਾ ਸੀ। ਤਿੰਨ ਕਿ ਚਾਰ ਨਾਵਲਾਂ ਵਿਚ ਤੇ ਇਕ ਮੇਰੀ ਸਵੈ-ਜੀਵਨੀ ਵਿਚ। ਪਰ ਅਜੇ ਮੈਨੂੰ ਇਸ ਗੱਲ ਦਾ ਕੁਝ ਵੀ ਪਤਾ ਨਹੀਂ ਸੀ।

# ਅਜੇ ਸਬਰ ਦੀ ਲੋੜ ਸੀ

ਬੱਤੀ ਵਰ੍ਹੇ ਦੀ ਉਮਰ ਸੀ "ਦਾਰੋ-ਰਸਨ ਕੀ ਆਜ਼ਮਾਇਸ਼" ਦੇ ਲੇਖਕ ਅਸਤਰਾਵਸਕੀ ਦੀ ਜਦੋਂ ਉਸਨੇ ਇਸ ਨਾਵਲ ਦਾ ਅੰਤਮ ਕਾਂਡ ਲਿਖਿਆ ਸੀ। ਉਹ ਇਕ ਮਿਸਾਲੀ ਕਮਿਊਨਿਸਟ ਤੇ ਟਰੇਡ ਯੂਨੀਅਨ ਕਾਰਕੁਨ ਸੀ। ਕੁਦਰਤ ਵਲੋਂ ਬੱਤੀ ਵਰ੍ਹੇ ਦੀ ਉਮਰ ਹੀ ਉਹਨੂੰ ਮਿਲੀ ਸੀ। ਬੜੀ ਤਕੜੀ ਜੱਦੋ-ਜਹਿਦ ਉਹ ਸਾਰੀ ਉਮਰ ਕਰਦਾ ਰਿਹਾ ਤੇ ਅੰਤ ਕਈ ਬੀਮਾਰੀਆਂ ਨੇ ਉਹਨੂੰ ਘੇਰਾ ਪਾ ਲਿਆ। ਉਹ ਮੰਜੇ ਉਤੇ ਪਿਆ ਸੀ, ਪਰ ਮੰਜੇ ਉਤੇ ਪਿਆ ਵੀ ਉਹ ਕੰਮ ਕਰਨਾ ਚਾਹੁੰਦਾ ਸੀ। ਆਖ਼ਿਰ ਉਹਨੇ ਮੰਜੇ ਉਤੇ ਹੀ ਨਾਵਲ ਲਿਖਣਾ ਸ਼ੁਰੂ ਕੀਤਾ—ਕੰਮ ਕਰਨ ਲਈ ਕੋਈ ਨਾ ਕੋਈ—ਜਿਹੜਾ ਜੱਦੋ-ਜਹਿਦ ਭਰਿਆ ਜੀਵਨ ਉਸ ਬਿਤਾਇਆ ਸੀ, ਉਹ ਉਹੀਓ ਲਿਖਣ ਲੱਗ ਪਿਆ। ਮੁਖ ਪਾਤਰ ਉਹ ਆਪ ਹੀ ਸੀ, ਪਰ ਨਾਂ ਹੋਰ ਰੱਖ ਦਿੱਤਾ ਸੀ। ਉਹਦਾ ਇਹ ਵਿਸ਼ਵਾਸ ਸੀ ਕਿ ਬੰਦੇ ਨੂੰ ਹਰ ਹਾਲਤ ਵਿਚ ਹੀ ਕੰਮ ਕਰਨਾ ਚਾਹੀਦਾ ਹੈ। ਮਨੁੱਖ ਅਤੇ ਕੰਮ ਇਕੋ ਸਿੱਕੇ ਦੇ ਦੋ ਪਾਸੇ ਹਨ। ਪਹਿਲਾਂ ਕੰਮ ਹੋਰ ਸੀ—ਇਨਕਲਾਬੀ ਜੱਦੋ-ਜਹਿਦ, ਟਰੇਡ ਯੂਨੀਅਨ ਕਾਰਵਾਈਆਂ—ਹੁਣ ਨਾਵਲ ਲਿਖਣ ਨੂੰ ਉਹ ਆਪਣਾ ਕੰਮ ਕਹਿ ਰਿਹਾ ਸੀ। ਸੀ ਵੀ ਇਹ ਅਵੱਸ਼ ਹੀ ਕੰਮ। ਛੋਟਾ ਨਹੀਂ, ਵੱਡਾ ਕੰਮ। ਸਗੋਂ ਕਾਫ਼ੀ ਵੱਡਾ ਕੰਮ। ਜੇ ਸਰੀਰ ਨਾਕਾਰਾ ਸੀ ਤੇ ਪਹਿਲਾਂ ਵਾਲੇ ਕੰਮਾਂ ਦੇ ਉਹ ਯੋਗ ਨਹੀਂ ਰਹਿ ਸਕਿਆ ਸੀ ਤਾਂ ਚਲੋ, ਹੋਰ ਕੋਈ ਕੰਮ ਸਹੀ। ਉਹਨੇ ਕਲਮ ਫੜੀ ਤੇ ਨਾਵਲ ਲਿਖਣ ਲੱਗ ਪਿਆ। ਜਦੋਂ ਆਪ ਕਲਮ ਫੜਕੇ ਲਿਖਣ ਜੋਗਾ ਵੀ ਨਹੀਂ ਰਿਹਾ ਤਾਂ ਕਈ ਰੂਸੀ ਲੇਖਕ ਉਸਦੀ ਮਦਦ ਕਰਨ ਲਈ ਭੇਜੇ ਗਏ। ਉਹ ਮੰਜੇ ਉਤੇ ਬੈਠਾ, ਜਾਂ ਪਿਆ, ਬੋਲਦਾ ਜਾਂਦਾ ਸੀ; ਲੇਖਕ ਲਿਖਦੇ ਜਾਂਦੇ ਸਨ। ਇਉਂ ਸੀ ਉਥੇ ਹੁੰਦੀ ਪਈ "ਦਾਰੋ-ਰਸਨ ਕੀ ਆਜ਼ਮਾਇਸ਼"— "ਸੂਰਮੇ ਦੀ ਸਿਰਜਣਾ।" ਇਉਂ ਲੋਹਾ ਭੱਠੀ ਵਿਚੋਂ ਤਪ ਕੇ ਬਾਹਰ ਆਇਆ ਸੀ।

ਇਸ ਨਾਵਲ ਵਿਚ ਇਨਕਲਾਬ ਤੋਂ ਬਾਅਦ ਦੇ ਰੂਸ ਦੀ ਝਲਕ ਹੈ—ਸੋਵੀਅਤ ਰੂਸ ਦੀ ਝਲਕ—ਜਦੋਂ ਰੂਸ ਇਨਕਲਾਬ ਨੂੰ ਸਾਂਭਣ ਵਿੱਚ ਲੱਗਾ ਹੋਇਆ ਸੀ ਤੇ ਰੂਸੀ ਕੌਮ ਨੂੰ ਹਰ ਪਾਸੇ ਹੀ ਕੰਮ ਕਰਨ ਦੀ ਲੋੜ ਸੀ। ਅੰਤ ਵਿਚ ਮੁਖ ਪਾਤਰ ਵੀ ਇਹ ਸੰਦੇਸ਼ ਦਿੰਦਾ ਹੈ: "ਕੰਮ, ਕੰਮ, ਕੰਮ"। ਇਹੋ ਇਸ ਨਾਵਲ ਦੀ ਫ਼ਿਲਾਸਫ਼ੀ ਜਾਂ ਸੰਦੇਸ਼ ਹੈ। ਨਾਵਲ ਵਿਚ ਰੇਲਵੇ ਦਾ ਜੀਵਨ ਬਹੁਤਾ ਭਾਰੂ ਹੈ। ਨਵੀਆਂ ਲਾਈਨਾਂ ਵਿਛਣੀਆਂ,

ਰੇਲਵੇ ਦਾ ਯਾਰਡ, ਤੇ ਰੇਲਵੇ ਦੇ ਇੰਜਣਾਂ ਦੀ ਛੱਕ-ਛੱਕ ਤੇ ਸ਼ੂੰ-ਸ਼ੂੰ।

ਮੈਂ ਜੋ ਨਾਵਲ ਲਿਖਣਾ ਸੀ, ਉਸ ਵਿਚ ਇਹ ਕੁਝ ਨਹੀਂ ਸੀ ਹੋਣਾ। ਰੇਲ ਤਾਂ ਮੇਰੇ ਨਾਵਲ ਵਿਚ ਕਿਤੇ ਕੋਈ ਆ ਸਕਦੀ ਸੀ, ਰੇਲਵਾਈਆਂ ਦਾ ਜੀਵਨ ਨਹੀਂ। ਕਿਉਂਕਿ ਮੈਨੂੰ ਇਸ ਜੀਵਨ ਦਾ ਅਨੁਭਵ ਹੀ ਕੋਈ ਨਹੀਂ ਸੀ। ਨਾ ਹੀ ਮੇਰੇ ਦੇਸ਼ ਦੀ ਹਾਲਤ ਰੂਸ ਦੀ ਹਾਲਤ ਵਰਗੀ ਸੀ। ਰੂਸ ਵਿਚ ਸਮਾਜਵਾਦੀ ਇਨਕਲਾਬ ਆ ਚੁੱਕਾ ਸੀ, ਸਾਡੇ ਅਜੇ ਸਮਾਜਵਾਦ ਦਾ ਨਾਂ-ਨਿਸ਼ਾਨ ਵੀ ਨਹੀਂ ਸੀ। ਹਾਂ, ਆਜ਼ਾਦੀ ਆ ਚੁੱਕੀ ਸੀ। ਉਥੇ ਆਗੂ ਲੈਨਿਨ ਸੀ, ਸਾਡੇ ਅਜੇ ਕੋਈ ਲੈਨਿਨ ਪੈਦਾ ਨਹੀਂ ਹੋ ਸਕਿਆ ਸੀ। ਸਾਡੇ ਤਾਂ ਨਹਿਰੂ-ਗਾਂਧੀ ਸਨ ਆਗੂ।

ਨਾਵਲ ਵਿਚ ਇਕ ਥਾਂ ਲੈਨਿਨ ਦੀ ਮੌਤ ਦਾ ਵਰਣਨ ਹੈ। ਕਿਸੇ ਡਾਕਖ਼ਾਨੇ ਵਿਚ ਕੋਈ ਬਾਬੂ, ਬਾਹਰੋਂ ਆਉਂਦੀ, ਤਾਰ ਪ੍ਰਾਪਤ ਕਰ ਰਿਹਾ ਹੈ। 'ਗਿਟ-ਗਿਟ, ਗਿਰ ਗਿਰ-ਗਿਟ' ਤਾਰ ਟੇਪ ਹੋ ਰਹੀ ਹੈ। ਤਾਰ ਲੈਨਿਨ ਦੀ ਮੌਤ ਦੀ ਹੈ। ਜਦੋਂ ਬਾਬੂ ਇਸ ਤਾਰ ਦੇ ਲਫ਼ਜ਼ਾਂ ਨੂੰ ਪੜ੍ਹ ਲੈਂਦਾ ਹੈ ਤਾਂ ਤਾਰ ਪ੍ਰਾਪਤ ਕਰਦਾ-ਕਰਦਾ ਫੁਟ-ਫੁਟ ਰੋ ਪੈਂਦਾ ਹੈ—ਨਾਵਲ ਵਿਚ ਲਿਖਿਆ ਹੈ ਕਿ ਉਸਦੇ ਮੋਢੇ ਹਿੱਲਣ ਲੱਗੇ - ਜਿਵੇਂ ਉਸਦਾ ਆਪਣਾ ਹੀ ਕੋਈ ਘਰ ਦਾ ਬੰਦਾ ਮਰ ਗਿਆ ਹੋਵੇ।

ਬਹੁਤ ਦੇਰ ਪਹਿਲਾਂ ਦਾ ਮੈਂ ਨਾਵਲ ਪੜ੍ਹਿਆ ਹੋਇਆ ਹੈ। ਜੋ ਪਰਭਾਵ ਮਨ ਉਤੇ ਅੰਕਿਤ ਜਿਹੇ ਰਹਿ ਗਏ ਹਨ, ਉਹੀਓ ਮੈਂ ਲਿਖ ਰਿਹਾ ਹਾਂ। ਪੂਰਾ ਸਭ ਹੁਣ ਯਾਦ ਨਹੀਂ। ਨਾ ਹੀ ਨਾਵਲ ਕੋਲ ਹੈ। ਹੁੰਦਾ ਵੀ ਤਾਂ ਬਾਕੀ ਗੱਲਾਂ ਦਾ ਏਥੇ ਮਤਲਬ ਨਹੀਂ ਸੀ ਹੋਣਾ। ਫੇਰ ਵੀ ਮੈਂ ਇਹੀਓ ਕੁਝ ਹੀ ਏਥੇ ਅੰਕਿਤ ਕਰਨਾ ਸੀ।

ਇਹ ਸਾਰੀਆਂ ਗੱਲਾਂ ਠੀਕ ਹਨ। ਹਾਂ, ਉਸਦੇ ਮੁਖ ਪਾਤਰ ਦਾ ਨਾਂ ਨਹੀਂ ਹੁਣ ਯਾਦ ਮੈਨੂੰ। ਚਲੋ, ਕਿਰਦਾਰ ਆ ਗਿਆ ਹੈ। ਇਹ ਕਿਰਦਾਰ ਅਸਤਰਾਵਸਕੀ ਨੇ ਆਪਣੇ ਹੀ ਕਿਰਦਾਰ ਵਿਚੋਂ ਘੜਿਆ ਅਤੇ ਤਰਾਸ਼ਿਆ ਹੈ।

ਜਿਨ੍ਹੀਂ ਦਿਨੀਂ ਮੈਂ "ਦਾਰੋ ਰਸਨ ਕੀ ਆਜ਼ਮਾਇਸ਼" ਪੜ੍ਹਿਆ ਸੀ, ਮੈਨੂੰ ਆਪਣੇ ਜੀਵਨ ਵਿਚ ਇਕ ਅਥਾਹ ਖ਼ਾਲੀਪਣ ਮਹਿਸੂਸ ਹੋਣ ਲੱਗ ਪਿਆ ਸੀ। ਜਿਵੇਂ, ਮੈਂ ਕੁਝ ਵੀ ਨਹੀਂ ਹਾਂ। ਦੁਨੀਆਂ ਅੱਗੇ ਲੰਘ ਗਈ। ਮੇਰਾ ਪੈਰ ਜ਼ਮਾਨੇ ਨਾਲੋਂ ਬਹੁਤ ਪਿੱਛੇ ਰਹਿ ਗਿਆ ਹੈ। ਮੇਰਾ ਨਾਵਲ, ਮੇਰੇ ਇਸ ਖ਼ਾਲੀਪਣ ਦਾ ਨਾਵਲ ਹੋਣਾ ਸੀ। ਮੇਰਾ ਦੇਸ਼ ਆਜ਼ਾਦ ਤਾਂ ਸੀ, ਪਰ ਉਸਦੇ ਅੱਗੇ ਕੋਈ ਆਦਰਸ਼ ਜਾਂ ਖ਼ਾਸ ਕੋਈ ਟੀਚਾ ਨਹੀਂ ਸੀ। ਠੀਕ ਹੈ, ਸਮਾਜਵਾਦ ਦਾ ਨਾਹਰਾ ਦਿੱਤਾ ਹੋਇਆ ਸੀ ਤੇ ਅਸੀਂ ਇਹ ਵਿਧਾਨ ਵਿਚ ਵੀ ਸ਼ਾਮਿਲ ਕਰ ਲਿਆ ਹੋਇਆ ਸੀ। ਪਰ ਇਹ ਨਾਹਰਾ ਹੀ ਨਾਹਰਾ ਸੀ। ਪੈਰ ਸਾਡਾ ਕਿਸੇ ਹੋਰ ਹੀ ਦਿਸ਼ਾ ਵੱਲ ਉਠ ਰਿਹਾ ਸੀ। ਲੋਕਾਂ ਵਿਚ ਬੇਚੈਨੀ ਸੀ। ਇਹ ਬੇਚੈਨੀ ਮੇਰੀ ਕਲਮ ਨਾਲ ਅੰਕਿਤ ਹੋਣਾ ਚਾਹੁੰਦੀ ਸੀ। ਪਰ ਇਹ ਤਦ ਹੀ ਹੁੰਦਾ ਜੇ ਮੈਨੂੰ ਇਸਦਾ ਅਨੁਭਵ ਹੁੰਦਾ। ਆਪਣਾ ਅਨੁਭਵ ਲਿਖਦਾ ਤਾਂ ਉਸ ਰਾਹੀਂ ਮੈਂ ਸਾਰੇ ਲੋਕਾਂ ਦੇ ਅਨੁਭਵ ਨੂੰ ਬਿਆਨ ਦਿੰਦਾ। ਦੁੱਖ ਮੈਂ ਆਪਣਾ ਲਿਖਣਾ ਸੀ, ਪਰ ਇਹ ਦੁੱਖ ਸਭਨਾਂ ਦਾ ਹੀ ਦੁੱਖ

ਬਣਿਆ ਹੋ ਜਾਣਾ ਸੀ। ਸਾਹਿਤ ਅਤੇ ਕਲਾ ਵਿਚ ਪ੍ਰਗਟ ਕੀਤਾ ਦੁੱਖ ਜਾਂ ਸੁਖ, ਇਕ ਦਾ ਨਹੀਂ, ਸਮੂਹ ਦਾ ਹੀ ਦੁੱਖ ਜਾਂ ਸੁਖ ਬਣ ਜਾਂਦਾ ਹੈ। ਕਿਉਂਕਿ ਇਹ ਸਾਹਿਤ ਦੇ ਜਾਂ ਕਲਾ ਦੇ ਰੂਪ ਵਿਚ ਹੁੰਦਾ ਹੈ।

ਨਾਵਲ ਵਿਚ ਬਿਆਨ ਕੀਤੀ ਅਸਤਰਾਵਸਕੀ ਦੀ ਜੱਦੋ-ਜਹਿਦ, ਜਾਂ ਉਸ ਦੇ ਪਾਤਰ ਦੀ ਜੱਦੋ-ਜਹਿਦ, ਕੇਵਲ ਉਸਦੀ ਹੀ ਨਹੀਂ ਰਹੀ, ਸਗੋਂ ਉਸਦੇ ਸਾਰੇ ਲੋਕਾਂ ਦੀ ਜੱਦੋ-ਜਹਿਦ ਬਣ ਚੁੱਕੀ ਹੈ—ਸਾਰੇ ਸੋਵੀਅਤ ਲੋਕਾਂ ਦੀ। ਸਾਨੂੰ ਇਹ ਨਾਵਲ ਦੱਸਦਾ ਹੈ ਕਿ ਇਉਂ ਇਨਕਲਾਬ ਤੋਂ ਬਾਅਦ ਸੋਵੀਅਤ ਲੋਕ ਜੂਝੇ ਸਨ।

ਮੇਰੇ ਨਾਵਲ ਨੇ ਮੇਰੇ ਲੋਕਾਂ ਦੀ ਚਿੰਤਾ, ਨਿਰਾਸਤਾ ਤੇ ਬੇਚੈਨੀ ਨੂੰ ਦੱਸਣਾ ਸੀ। ਲਿਖਣੀ ਭਾਵੇਂ ਮੈਂ ਆਪਣੀ ਹੀ ਬੇਚੈਨੀ ਅਤੇ ਨਿਰਾਸਤਾ ਸੀ।

ਕੁਝ-ਕੁਝ ਬੇਚੈਨੀ ਮੇਰੇ ਅੰਦਰ ਪੈਦਾ ਹੋ ਚੁੱਕੀ ਸੀ। ਪਰ ਇਕ ਅਥਾਹ ਬੇਚੈਨੀ ਅਜੇ ਪੈਦਾ ਹੋਣ ਵਾਲੀ ਸੀ। ਜਦੋਂ ਇਹ ਪੈਦਾ ਹੋਣੀ ਸੀ, ਮੈਨੂੰ ਸੂਈ ਦੇ ਨੱਕੇ ਵਿਚੋਂ ਲੰਘਣਾ ਪੈ ਜਾਣਾ ਸੀ। ਫੇਰ ਕਦੇ ਜਾ ਕੇ ਮੇਰੇ ਉਸ ਨਾਵਲ ਦਾ ਜਨਮ ਹੁੰਦਾ ਜਿਹੋ ਜਿਹਾ ਲਿਖਣ ਦੀ ਮੈਂ ਆਪਣੇ ਮਨ ਵਿਚ ਇੱਛਾ ਕਰਦਾ। ਅਜੇ ਉਹ ਘਟਨਾਵਾਂ ਮੈਥੋਂ ਕਾਫ਼ੀ ਦੂਰ ਪਈਆਂ ਸਨ ਜਿਹਨਾਂ ਨੇ ਪਹਿਲਾਂ ਮੇਰੇ ਆਪਣੇ ਜੀਵਨ ਵਿਚ ਘਟਣਾ ਸੀ ਤੇ ਫੇਰ ਮੇਰੇ ਨਾਵਲ ਵਿਚ, ਮੇਰੇ ਸਿਰਜੇ ਜਾਣ ਵਾਲੇ ਮੁਖ ਪਾਤਰ ਦੇ ਜੀਵਨ ਵਿਚ। ਅਜੇ ਮੈਨੂੰ ਕਾਫ਼ੀ ਸਬਰ ਤੋਂ ਕੰਮ ਲੈਣ ਦੀ ਲੋੜ ਸੀ।

# ਮੇਰਾ ਜੀਵਨ, ਮੇਰੀ ਲਿਖਤ

1957 ਵਿਚ ਇਕ ਦੁਖਾਂਤ ਵਾਪਰਿਆ; ਫੇਰ 1960 ਵਿਚ; ਤੇ ਫੇਰ ਇਕ ਬਹੁਤ ਵੱਡਾ 1961 ਵਿਚ। ਇਹ ਦੁਖਾਂਤ ਕੀ ਸਨ ? ਏਥੇ ਇਹਨਾਂ ਦਾ ਵਰਣਨ ਕਰਨਾ ਮੇਰੇ ਲਈ ਅਸੰਭਵ ਹੈ। ਇਹ ਬੜੀਆਂ ਸੂਖਮ ਗੱਲਾਂ ਹਨ ਤੇ ਜਜ਼ਬਿਆਂ ਦੇ ਸੰਕਟ ਹਨ। ਅਜਿਹੀਆਂ ਗੱਲਾਂ ਕਿਸੇ ਲਈ ਦੁਖਾਂਤ ਹੀ ਹੋ ਜਾਂਦੀਆਂ ਹਨ ਤੇ ਕਿਸੇ ਲਈ ਇਹ ਬੜੀਆਂ ਹੀ ਮਾਮੂਲੀ ਹੋ ਕੇ ਰਹਿ ਜਾਂਦੀਆਂ ਹਨ। ਇਹ ਹਰ ਕਿਸੇ ਦੀ ਆਪਣੀ-ਆਪਣੀ ਮਨ ਦੀ ਦਸ਼ਾ ਅਨੁਸਾਰ ਵੀ ਹਨ। ਕਿਸੇ ਲਈ ਇਹ ਹੱਸੀ ਅਤੇ ਮਜ਼ਾਕ ਹੀ ਹੋ ਜਾਂਦੀਆਂ ਹਨ। ਇਸੇ ਲਈ ਹੀ ਏਥੇ ਇਹਨਾਂ ਦਾ ਵਰਣਨ ਸੰਭਵ ਨਹੀਂ ਹੈ। ਇਹ ਅਜਿਹੀਆਂ ਗੱਲਾਂ ਹਨ ਕਿ ਕਦੇ ਅਸੀਂ ਇਹਨਾਂ ਕਾਰਨ ਆਕਾਸ਼ਾਂ ਵਿਚ ਉਡਦੇ ਹਾਂ ਤੇ ਕਦੇ ਅਸੀਂ ਰਸਾਤਲਾਂ-ਪਾਤਾਲਾਂ ਵਿਚ ਲਹਿ ਜਾਂਦੇ ਹਾਂ। ਕਦੇ ਅਸੀਂ ਸੂਰਜ ਵਾਂਗੂੰ ਜਗਮਗਾ ਰਹੇ ਹੁੰਦੇ ਹਾਂ ਤੇ ਕਦੇ ਧੂੜ ਦੇ ਕਿਣਕੇ ਨਾਲੋਂ ਵੀ ਹੀਣ ਹੋ ਗਏ ਹੁੰਦੇ ਹਾਂ। ਮੈਨੂੰ ਇਹਨਾਂ ਅਨੁਭਵਾਂ ਵਿਚੋਂ ਤਿੱਖੀ ਤਰ੍ਹਾਂ ਲੰਘਣਾ ਪਿਆ। ਕਦੇ-ਕਦੇ ਮੈਂ ਸੂਰਜ ਵਾਂਗੂੰ ਜਗਮਗਾਉਂਦਾ ਰਿਹਾ ਹਾਂ ਤੇ ਕਦੇ ਧੂੜ ਦੇ ਕਿਣਕੇ ਨਾਲੋਂ ਵੀ ਹੀਣ ਹੋ ਕੇ ਰਹਿ ਜਾਂਦਾ ਰਿਹਾ। ਅਸਲ ਵਿਚ ਹੀਣ ਹੋਣ ਦਾ ਉਸੇ ਨੂੰ ਅਨੁਭਵ ਹੁੰਦਾ ਹੈ ਜਿਹੜਾ ਕਦੇ ਸੂਰਜ ਵਾਂਗੂੰ ਜਗਮਗਾਇਆ ਵੀ ਹੁੰਦਾ ਹੈ। ਹੀਣ ਹੋਣ ਤੋਂ ਸੂਰਜ ਵਾਂਗੂੰ ਜਗਮਗਾਉਣਾ ਸੌਖਾ ਹੈ, ਪਰ ਸੂਰਜ ਵਾਂਗੂੰ ਜਗਮਗਾ ਕੇ ਹੀਣ ਹੋ ਜਾਣਾ ਅਤੀ ਔਖਾ। ਮੇਰੇ ਹਿੱਸੇ ਜਗਮਗਾ ਕੇ ਹੀਣ ਹੋ ਜਾਣਾ ਹੀ ਆਉਂਦਾ ਰਿਹਾ। ਇਹੋ ਦੁੱਖ ਹੁੰਦਾ ਹੈ। ਇਹੋ ਹੀ ਦੁਖਾਂਤ ਹੈ। ਘਟੋ-ਘੱਟ ਮੇਰੇ ਪੱਲੇ ਇਹੋ ਸੱਚ ਪੈ ਸਕਿਆ ਹੈ।

ਪਹਿਲਾਂ ਮੇਰਾ ਯਤਨ ਸੀ ਕਿ ਸਾਰਾ ਕੁਝ ਇਹ ਇਕੋ ਨਾਵਲ ਵਿਚ ਹੀ ਲਿਖ ਦਿੱਤਾ ਜਾਵੇ। ਸਗੋਂ ਇਹਨਾਂ ਤੋਂ ਬਿਨਾਂ ਆਪਣਾ ਹੋਰ ਜੀਵਿਆ ਜੀਵਨ ਵੀ, ਸਾਰਾ। ਪਰ ਇਹ ਹੋ ਨਹੀਂ ਸਕਿਆ ਸੀ। ਮੇਰੇ ਪਾਸ ਜੋ ਵਸਤੂ ਸੀ, ਮੇਰਾ ਆਪਣਾ ਸਾਰਾ ਜੀਵਨ,ਉਸਦੀ ਵੀ ਕੁਝ ਮਰਜ਼ੀ ਸੀ ਕਿ ਉਹ ਕਿਵੇਂ ਪੇਸ਼ ਹੋਵੇ ਕਿਸੇ ਇਕੋ ਰੂਪ ਵਿਚ ਜਾਂ ਵੰਨ-ਸੁਵੰਨੇ ਰੂਪਾਂ ਵਿਚ। ਹਰ ਇਕ ਵਸਤੂ ਆਪਣਾ ਰੂਪ ਆਪ ਲੈਕੇ ਆਉਂਦੀ ਹੈ। ਮੇਰਾ ਜੀਵਨ, ਮੇਰੀ ਵਸਤੂ, ਇਹਨੀਂ ਦਿਨੀਂ ਆਪਣਾ ਰੂਪ ਤਲਾਸ਼ਣ ਵਿਚ ਲੱਗੀ ਹੋਈ ਸੀ। ਰੂਪ, ਜਾਂ ਤਾਂ ਕਿਸੇ ਵਸਤੂ ਨੂੰ ਝੱਟ ਹੀ ਮਿਲ ਜਾਂਦਾ ਹੈ, ਜਾਂ ਇਸ ਲਈ

ਲੇਖਕ ਨੂੰ ਬੜਾ ਹੀ ਸਖ਼ਤ ਘੋਲ ਕਰਨਾ ਪੈ ਜਾਂਦਾ ਹੈ। ਮੇਰੀ ਵਸਤੂ ਨੂੰ ਰੂਪ ਭਾਲਣ ਵਿਚ ਬੜਾ ਹੀ ਘੋਲ ਕਰਨਾ ਪਿਆ—ਜਿਸਨੂੰ ਇਕੋ ਨਾਵਲ ਵਿਚ ਮੈਂ ਭਰਿਆ ਵੇਖਣਾ ਚਾਹੁੰਦਾ ਸਾਂ। ਬੜੇ ਲੰਮੇ ਘੋਲ ਮਗਰੋਂ, ਬੜੀ ਹੀ ਖਿੱਚੋਤਾਣ ਮਗਰੋਂ, ਮੈਨੂੰ ਸਮਝ ਪਈ ਕਿ ਮੇਰੀ ਵਸਤੂ ਕਿਸੇ ਇਕੋ ਰਚਨਾ ਵਿਚ ਨਹੀਂ ਆਵੇਗੀ, ਸਗੋਂ ਵੰਨ-ਸੁਵੰਨੀਆਂ ਵਿਚ ਇਹ ਖਿੱਲਰ-ਫੈਲ ਕੇ ਆਵੇਗੀ। ਅਤੇ ਹੋਇਆ ਵੀ ਇਸੇ ਤਰ੍ਹਾਂ।

ਮੇਰੇ ਜੀਵਨ ਦਾ ਕੁਝ ਹਿੱਸਾ "ਯਾਦਗਾਰ" ਵਿਚ ਆਇਆ ਹੈ ਤੇ ਕੁਝ "ਨਵਾਂ ਜਨਮ" ਵਿਚ। ਇਹ ਦੋਵੇਂ ਮੇਰੇ ਨਾਵਲ ਹਨ। ਕੁਝ, ਬਹੁਤ ਵੱਡਾ ਹਿੱਸਾ "ਬ੍ਰਿਹਸਪਤੀ" ਸਵੈ-ਜੀਵਨੀ ਵਿਚ। "ਯਾਦਗਾਰ" ਤੇ "ਨਵਾਂ ਜਨਮ" ਅਜੇ ਜਨਮੇ ਨਹੀਂ ਸਨ—ਭਾਵ, ਇਹ ਘਟਨਾਵਾਂ ਅਜੇ ਘਟੀਆਂ-ਵਾਪਰੀਆਂ ਨਹੀਂ ਸਨ—ਜਦੋਂ ਮੈਂ ਆਪਣਾ ਜੀਵਨ "ਸੂਰਜਬੰਸੀ" ਵਿਚ ਪਾਉਣਾ ਚਾਹਿਆ ਸੀ। "ਬ੍ਰਿਹਸਪਤੀ" ਵਿਚ ਪਿਆ ਜੀਵਨ ਵੀ ਅਜੇ ਸਾਰਾ ਨਹੀਂ ਸੀ ਘਟਿਆ। ਉਸਦੇ ਪਹਿਲੇ ਹਿੱਸੇ ਵਾਲਾ ਜੀਵਨ ਹੀ ਅਜੇ ਘਟਿਆ ਸੀ। ਇਸੇ ਲਈ ਤਾਂ ਉਹ ਨਾਵਲ ਆਰੰਭ ਹੀ ਨਹੀਂ ਹੋ ਸਕਿਆ ਸੀ। ਉਸ ਨਾਵਲ ਨੇ, ਉਸ ਜੀਵਨ ਨੇ, ਅਜੇ ਹੋਰ ਵਿਗਸਣਾ ਤੇ ਫੇਰ ਵਖੋ-ਵੱਖ ਰੂਪਾਂ ਵਿਚ ਫੈਲਣਾ ਤੇ ਮੌਲਣਾ ਸੀ। ਮੇਰਾ ਯਤਨ, "ਸੂਰਜਬੰਸੀ", ਸਮੇਂ ਤੋਂ ਬਹੁਤ ਪਹਿਲਾਂ ਦਾ ਸੀ। ਇਸੇ ਲਈ ਮੇਰੀ ਕਲਮ ਨੂੰ ਰਾਹ ਨਹੀਂ ਮਿਲ ਰਿਹਾ ਸੀ ਕੋਈ। ਅਤੇ, ਇਸਦਾ ਨਾਂ ਵੀ "ਸੂਰਜਬੰਸੀ" ਨਹੀਂ ਹੋਣਾ ਸੀ, ਹੋਰ-ਹੋਰ ਨਾਂ ਹੋਣੇ ਸਨ, ਜਿਵੇਂ ਕਿ ਹੁਣ ਹੋਏ ਹਨ—"ਯਾਦਗਾਰ", "ਨਵਾਂ ਜਨਮ", "ਬ੍ਰਿਹਸਪਤੀ" ਸਵੈ-ਜੀਵਨੀ, ਆਦਿ। "ਯਾਦਗਾਰ" ਛਪ ਚੁੱਕਾ ਹੈ। 1979 ਵਿਚ ਇਹ ਪਹਿਲੀ ਵਾਰ ਛਪਿਆ ਸੀ। "ਬ੍ਰਿਹਸਪਤੀ" ਤੇ "ਨਵਾਂ ਜਨਮ" ਛਪਣ-ਗੋਚਰੇ ਪਏ ਹਨ। ਦੇਖੋ, ਕਦੋਂ ਛਪਦੇ ਹਨ। ਅੱਜ 8 ਮਾਰਚ ਹੈ, 1993, ਜਦੋਂ ਮੈਂ ਇਸ ਕਾਂਡ ਉਤੇ ਆਪਣੀ ਕਲਮ ਵਾਹ ਰਿਹਾ ਹਾਂ। ਕਲ੍ਹ ਨੂੰ ਛਪ ਜਾਣ ਇਹ ਤਾਂ ਵੱਖਰੀ ਗੱਲ ਹੋਵੇਗੀ।

ਇਹ ਮੈਂ ਇਸ ਲਈ ਲਿਖਿਆ ਹੈ ਕਿ ਕਦੇ-ਕਦੇ ਮੇਰੀ ਕਲਮ ਆਪ-ਮੁਹਾਰਿਆਂ ਵਗਦੀ-ਵਗਦੀ ਝੱਟ ਹੀ ਰੁਕ ਵੀ ਜਾਂਦੀ ਹੈ ਤੇ ਕਦੇ-ਕਦੇ ਕਾਫ਼ੀ ਲੰਮੇ ਚਿਰ ਤਕ ਰੁਕੀ ਰਹਿੰਦੀ ਹੈ। ਮੈਂ ਬੀਮਾਰ ਹੋ ਜਾਂਦਾ ਹਾਂ। ਕਦੇ-ਕਦੇ ਕੋਈ ਹੋਰ ਰੁਕਾਵਟ। ਇਹ ਇੱਕੀਵਾਂ ਕਾਂਡ ਹੈ। ਮੈਂ 1992 ਵਿਚ, ਮਾਰਚ ਵਿਚ, ਇਹ ਸਵੈ-ਜੀਵਨੀ ਲਿਖਣੀ ਸ਼ੁਰੂ ਕੀਤੀ ਸੀ—ਇਹ ਸਾਹਿਤਿਕ ਸਵੈ-ਜੀਵਨੀ। ਸਤਾਰਾਂ ਕਾਂਡ ਲਿਖੇ ਕਿ ਮੈਂ ਬੀਮਾਰ ਹੋ ਗਿਆ। ਬੀਮਾਰੀ ਮਨੋਰੋਗ। ਹੁਣ ਕਈ ਮਹੀਨਿਆਂ ਮਗਰੋਂ ਅੱਗੋਂ ਲਿਖਣ ਲੱਗਾ ਹਾਂ। ਇਸੇ ਲਈ ਹੁਣ 1993 ਆ ਗਿਆ ਹੈ। ਪਹਿਲਾਂ, ਪਿਛਲੇ ਕਾਂਡਾਂ ਵਿਚ, 1992 ਆਇਆ ਹੈ। ਇਹ ਮੈਂ ਏਥੇ ਇਸ ਲਈ ਵੀ ਸਾਰਾ ਕੁਝ ਲਿਖ ਰਿਹਾ ਹਾਂ ਤਾਂ ਜੋ ਪਾਠਕ ਹੈਰਾਨ ਨਾ ਹੋਣ। ਉਹਨਾਂ ਨੂੰ ਮੇਰੇ ਰੁਕ ਜਾਣ ਦੀ ਸੂਚਨਾ ਵੀ ਮਿਲਦੀ ਰਹੇ।

ਹੁਣ ਮੈਂ ਆਪਣਾ ਸਾਰਾ ਜੀਵਨ, ਕੁਝ ਆਪਣੇ ਨਾਵਲਾਂ ਤੇ ਕੁਝ ਸਵੈ-ਜੀਵਨੀ ਵਿਚ, ਸਾਰਾ ਹੀ ਲਿਖ ਚੁੱਕਾ ਹਾਂ। ਮੇਰੇ ਜੀਵਨ ਨੇ ਇਹਨਾਂ ਰੂਪਾਂ ਵਿਚ ਹੀ ਲਿਖਿਆ ਜਾਣਾ ਸੀ।

ਇਕ ਗੱਲ ਹੋਰ ਵੀ ਹੈ। ਲੇਖਕ ਜੇ ਕਿਸੇ ਹੋਰ ਬਾਰੇ ਵੀ ਲਿਖਦਾ ਹੁੰਦਾ ਹੈ ਤਾਂ ਅਸਲ ਵਿਚ ਉਹ ਆਪਣੇ ਬਾਰੇ ਵੀ ਨਾਲ ਹੀ ਲਿਖ ਰਿਹਾ ਹੁੰਦਾ ਹੈ। ਮੇਰਾ ਜੀਵਨ ਕੇਵਲ ਮੇਰੇ ਨਾਵਲਾਂ ਜਾਂ ਮੇਰੀਆਂ ਸਵੈ-ਜੀਵਨੀਆਂ ਵਿਚ ਹੀ ਨਹੀਂ ਹੈ, ਮੇਰੀਆਂ ਕਵਿਤਾਵਾਂ ਅਤੇ ਕਹਾਣੀਆਂ ਵਿਚ ਵੀ ਲੁਪਤ ਹੈ। ਹਾਂ, ਇਹਨਾਂ ਵਿਚ ਕਾਫ਼ੀ ਟੇਢੇ ਰੂਪ ਵਿਚ ਜੀਵਨ ਆਇਆ ਹੈ; ਨਾਵਲਾਂ, ਸਵੈ-ਜੀਵਨੀਆਂ ਵਿਚ ਕਾਫ਼ੀ ਸਿੱਧੇ ਰੂਪ ਵਿਚ। ਨਾਵਲਾਂ ਵਿਚ ਥੋੜ੍ਹਾ ਜਿਹਾ ਟੇਢਾ ਰੂਪ ਰਹਿ ਜਾਂਦਾ ਹੈ। ਭਾਵੇਂ ਕਥਾ "ਮੈਂ" ਨਾਲ ਹੀ ਉਹਨਾਂ ਵਿਚ ਕਥੀ ਜਾਂਦੀ ਹੋਵੇ।

ਮੈਂ ਲੇਖ ਆਦਿ ਵੀ ਲਿਖਦਾ ਹਾਂ ਤੇ ਆਪਣੀ ਡਾਇਰੀ ਦੇ ਪੰਨੇ ਵੀ। ਇਹਨਾਂ ਵਿਚ ਵੀ ਮੇਰਾ ਜੀਵਨ ਕਾਫ਼ੀ ਸ਼ਾਮਿਲ ਹੁੰਦਾ ਹੈ।

ਕਦੇ-ਕਦੇ ਮੇਰੀ ਡਾਇਰੀ "ਝਾੜੀਆਂ ਦੇ ਫੁੱਲ" ਨਾਂ ਨਾਲ ਅਖ਼ਬਾਰਾਂ ਵਿਚ ਛਪਦੀ ਰਹਿੰਦੀ ਹੈ। ਕਦੇ ਪੁਸਤਕ ਰੂਪ ਵਿਚ ਛਪਵਾਉਣ ਦੀ ਵੀ ਮਰਜ਼ੀ ਹੈ। ਕਦੋਂ ਛਪੇ, ਪਤਾ ਨਹੀਂ।

ਅਸਲ ਵਿਚ ਮੈਂ ਜਿਵੇਂ ਜੀਉਂਦਾ ਹਾਂ, ਉਵੇਂ ਹੀ ਲਿਖਦਾ ਆਉਂਦਾ ਹਾਂ। ਮੇਰੀ ਲਿਖਤ ਮੇਰੇ ਜੀਵਨ ਤੋਂ ਕਦੇ ਵੀ ਵੱਖ ਨਹੀਂ ਹੋਈ।

# ਮੇਰਾ ਪਹਿਲਾ ਨਾਵਲ

ਪਹਿਲਾਂ ਮੈਂ ਕਵਿਤਾਵਾਂ ਅਤੇ ਕਹਾਣੀਆਂ ਆਦਿ ਹੀ ਲਿਖਦਾ ਸਾਂ। ਫੇਰ ਨਾਵਲ ਲਿਖਣ ਲਈ ਵੀ ਮਨ ਵਿਚ ਪ੍ਰੇਰਨਾ ਹੋਈ। ਇਹ ਪ੍ਰੇਰਨਾ "ਦਾਰੋ-ਰਸਨ ਕੀ ਆਜ਼ਮਾਇਸ਼" ਨਾਲ ਵੀ ਹੋਈ ਤੇ ਇਕ ਮਰਾਠੀ ਨਾਵਲ "ਬਨਗਰਵਾੜੀ" ਪੜ੍ਹਨ ਨਾਲ ਵੀ। "ਦਾਰੋ-ਰਸਨ ਕੀ ਆਜ਼ਮਾਇਸ਼" ਤਾਂ ਮੈਨੂੰ ਆਖ ਰਿਹਾ ਸੀ ਕਿ ਮੈਂ ਵੀ ਆਪਣਾ ਸਾਰਾ ਜੀਵਨ, ਉਸ ਵਾਂਗ ਹੀ, ਆਪਣੇ ਕਿਸੇ ਇਕ ਨਾਵਲ ਵਿਚ ਪੇਸ਼ ਕਰਾਂ ਤੇ ਨਾਵਲ ਹੋਵੇ ਵੀ ਕਾਫ਼ੀ ਵੱਡਾ ; ਪਰ "ਬਨਗਰਵਾੜੀ" ਕਹਿ ਰਿਹਾ ਸੀ ਕਿ ਵੱਡਾ ਹੋਵੇ ਜਾਂ ਛੋਟਾ ਨਾਵਲ, ਫ਼ਿਕਰੇ ਛੋਟੇ ਛੋਟੇ ਹੋਣ। "ਬਨਗਰਵਾੜੀ" ਦੇ ਫ਼ਿਕਰਿਆਂ ਨੇ ਮੇਰਾ ਮਨ ਮੋਹ ਲਿਆ ਸੀ। ਫ਼ਿਕਰੇ ਛੋਟੇ-ਛੋਟੇ ਹੀ ਨਹੀਂ, ਕਾਵਿਮਈ ਵੀ ਬਹੁਤ ਸਨ। ਹਾਲਾਂਕਿ ਪੰਜਾਬੀ ਵਿਚ ਅਨੁਵਾਦ ਹੋਏ ਹੀ ਪੜ੍ਹੇ ਸਨ ਮੈਂ, ਪਤਾ ਨਹੀਂ, ਮਰਾਠੀ ਵਿਚ ਇਹ ਕਿੰਨੇ ਸੁੰਦਰ ਹੋਣੇ ਹਨ।

ਨਾਵਲ ਛੋਟਾ ਜਿਹਾ ਸੀ। ਪੇਪਰ ਬੈਕ, ਜੇਬੀ ਐਡੀਸ਼ਨ। ਨਵਯੁਗ ਨੇ ਇਹ ਛਾਪਿਆ ਸੀ। ਕਿਸੇ ਦੋਸਤ ਨੇ ਦਿੱਤਾ ਸੀ। ਸੁਣਿਆ ਸੀ ਕਿ ਇਹ ਨਾਵਲ ਸੰਖੇਪ ਰੂਪ ਵਿਚ ਛਪਿਆ ਸੀ ਤੇ ਪੂਰਾ ਨਾਵਲ ਵੱਡਾ ਸੀ। ਖ਼ੈਰ, ਜੋ ਵੀ ਪੜ੍ਹਿਆ ਮੈਂ, ਉਹ ਬੜਾ ਹੀ ਚੰਗਾ ਲੱਗਾ ਸੀ। ਲੇਖਕ ਸੀ ਮਾਂਡਗੂਲਕਰ।

ਇਹ ਕਹਾਣੀ ਕਿਸੇ ਸਕੂਲ-ਟੀਚਰ ਨਾਲ ਸੰਬੰਧਿਤ ਸੀ। ਪਛੜੇ ਜਿਹੇ ਇਲਾਕੇ ਵਿਚ ਉਹ ਟੀਚਰ ਲੱਗ ਕੇ ਜਾਂਦਾ ਹੈ। ਉਸ ਇਲਾਕੇ ਦਾ ਸਭਿਆਚਾਰ ਇਸ ਨਾਵਲ ਵਿਚ ਪ੍ਰਦਰਸ਼ਤ ਹੈ।

ਅੰਤ ਮੈਨੂੰ ਇਸ ਨਾਵਲ ਦਾ ਚੰਗਾ ਨਹੀਂ ਲੱਗ ਸਕਿਆ ਸੀ। ਪਰਚਾਰ ਜਿਹਾ ਬਣ ਗਿਆ ਸੀ। ਕਲਾਮਈ ਹੋਣਾ ਚਾਹੀਦਾ ਸੀ। ਇਸ ਘਾਟ ਦੇ ਬਾਵਜੂਦ ਮੈਨੂੰ ਇਹ ਬਹੁਤ ਚੰਗਾ ਲੱਗਾ। ਬਿਆਨ ਬੜਾ ਮਨਮੋਹਣਾ ਸੀ। ਬੜੀ ਪਿਆਰੀ ਬੋਲੀ ਤੇ ਸ਼ੈਲੀ। ਪਰ ਅੰਤ ਨੇ, ਮੇਰੇ ਖ਼ਿਆਲ ਵਿਚ, ਇਸ ਵਿਚ ਬੋੜ ਪਾ ਦਿੱਤਾ ਸੀ। ਨਹੀਂ ਤਾਂ ਜਿਹੜਾ ਜੀਵਨ ਇਸ ਵਿਚ ਪੇਸ਼ ਕੀਤਾ ਗਿਆ ਸੀ, ਉਹ ਬੜਾ ਹੀ ਬੇਮਿਸਾਲ ਸੀ। ਪਿੰਡਾਂ ਦਾ, ਗ਼ਰੀਬਾਂ ਦਾ, ਕਿਸਾਨਾਂ ਦਾ ਦੁਖਿਆਰਾ ਜੀਵਨ। ਇਕ ਗ਼ਰੀਬ ਕਿਸਾਨ ਕੋਲ ਹਲ ਵਾਹੁਣ ਲਈ ਬਲਦ ਨਹੀਂ। ਆਪਣੀ ਘਰ ਵਾਲੀ ਨੂੰ ਹੀ ਹਲ ਅੱਗੇ ਉਹ ਜੋੜਦਾ ਹੈ। ਪਤਨੀ ਥੱਕ-ਟੁੱਟ ਜਾਂਦੀ ਹੈ। ਰਾਤੀਂ, ਆਪਣੀ ਝੌਂਪੜੀ ਵਿਚ, ਦੀਵੇ ਦੀ ਮੱਧਮ-ਮੱਧਮ ਲੋਅ ਵਿਚ,

ਕੰਧ ਦੇ ਸਹਾਰੇ ਖੜਾ, ਮੂਧੀ ਲੇਟੀ ਪਤਨੀ ਦੀ ਉਹ ਪੈਰਾਂ ਨਾਲ ਪਿੱਠ ਦਬਾਂਦਾ ਹੈ। ਇਹ ਇਲਾਕਾ ਮਿੱਟੀ-ਘੱਟੇ ਤੇ ਭੇਡਾਂ ਦਾ ਇਲਾਕਾ ਹੈ।

ਟੀਚਰ ਜਦੋਂ ਨਵਾਂ-ਨਵਾਂ ਇਸ ਸਕੂਲ ਵਿਚ ਆਉਂਦਾ ਹੈ ਤਾਂ ਥੋੜਾ ਜਿਹਾ ਉਦਾਸ ਹੈ। ਸਕੂਲ ਵਿਚ ਇਕ ਚਿੜੀ ਚੀਂ-ਚੀਂ ਕਰ ਰਹੀ ਹੈ। ਟੀਚਰ ਨੂੰ ਇਸ ਇਕ ਚਿੜੀ ਦੀ ਚੀਂ-ਚੀਂ ਭੈੜੀ ਲਗਦੀ ਹੈ। ਲੇਖਕ ਉਸਦੇ ਮਨੋਭਾਵ ਬਿਆਨ ਕਰਦਾ ਕਹਿੰਦਾ ਹੈ: "ਇਕ ਚਿੜੀ ਚਹਿਕੇ ਤਾਂ ਬਹੁਤ ਭੈੜੀ ਲਗਦੀ ਹੈ। ਬਹੁਤੀਆਂ ਚਹਿਕ ਰਹੀਆਂ ਹੋਣ ਤਾਂ ਮਨ ਨੂੰ ਚੰਗੀਆਂ ਲਗਦੀਆਂ ਹਨ।" ਗੱਲ ਇਹ ਭਾਵੇਂ ਕੁਝ ਵੀ ਹੈ, ਪਰ ਮੈਨੂੰ ਹੁਣ ਤਕ ਯਾਦ ਹੈ। 58 ਜਾਂ 59 ਵਿਚ ਮੈਂ ਸ਼ਾਇਦ ਇਹ ਨਾਵਲ ਪੜ੍ਹਿਆ ਸੀ।

ਅੰਤ ਵਿਚ ਇਸ ਇਲਾਕੇ ਵਿਚ ਸ਼ਾਇਦ ਕੋਈ ਐਮ. ਐਲ. ਏ. ਜਾਂ ਕੋਈ ਵਜ਼ੀਰ ਆਉਂਦਾ ਹੈ ਤੇ ਜਲਸੇ ਵਿਚ ਉਨਤੀ ਦੇ ਇਕਰਾਰਾਂ ਲਈ ਭਾਸ਼ਨ ਦਿੰਦਾ ਹੈ। ਖੱਦਰ ਦਾ ਲਿਬਾਸ ਹੈ। ਨਾਵਲ ਦਾ ਇਹ ਅੰਤ ਮੈਨੂੰ ਕੁਦਰਤੀ ਨਹੀਂ ਜਾਪਿਆ।

ਖ਼ੈਰ, ਇਹਨੂੰ ਪੜ੍ਹਨ ਮਗਰੋਂ ਪ੍ਰੇਰਿਤ ਬਹੁਤ ਹੋਇਆ ਮੈਂ। ਇਹੋ ਜਿਹਾ ਹੀ ਸੁੰਦਰ ਨਾਵਲ, ਪਰ ਬੜੇ ਕਲਾਮਈ ਅੰਤ ਵਾਲਾ, ਆਪ ਲਿਖਣ ਲਈ ਚਾਹੁੰਦਾ ਰਿਹਾ। ਪਰ ਮੈਂ ਸਫਲ ਨਹੀਂ ਹੋਇਆ।

ਜ਼ਿੰਦਗੀ ਦੇ ਪੁਲਾਂ ਹੇਠੋਂ ਕਾਫ਼ੀ ਪਾਣੀ ਗੁਜ਼ਰ ਗਿਆ। ਇਕ ਗੱਲੋਂ ਹੋਰ ਵੀ ਮੈਂ ਨਾਵਲ ਲਿਖਣਾ ਚਾਹੁੰਦਾ ਸਾਂ। ਨਾਵਲ ਬਾਰੇ ਕਹਿੰਦੇ ਸਨ ਕਿ ਸਭ ਤੋਂ ਵੱਧ ਵਿਕਦਾ ਹੈ। ਕਵਿਤਾ ਘੱਟ ਵਿਕਦੀ ਹੈ, ਕਹਾਣੀ ਵਿਚ-ਵਿਚਾਲਾ, ਤੇ ਨਾਵਲ ਸਭ ਤੋਂ ਵੱਧ ਹੈ। ਇਸ ਲਈ ਮੈਂ ਚਾਹੁੰਦਾ ਕਿ ਮੈਂ ਵੀ ਨਾਵਲ ਲਿੱਖਾਂ ਤੇ ਮੈਂ ਵੀ ਵੱਧ ਵਿਕ ਸਕਾਂ। ਪਰ ਇਹ ਕੋਈ ਜ਼ਰੂਰੀ ਨਹੀਂ ਕਿ ਹਰ ਨਾਵਲ ਹੀ ਵੱਧ ਵਿਕੇ, ਭਾਵੇਂ ਕੋਈ ਵੀ ਲੇਖਕ ਲਿਖੇ। ਚੱਲ ਜਾਣ ਦੀ ਗੱਲ ਹੈ। ਕਈ ਘਟੀਆ ਨਾਵਲਕਾਰਾਂ ਦੇ ਨਾਵਲ ਵੱਧ ਵਿਕ ਜਾਂਦੇ ਹਨ, ਤੇ ਕਈ ਵਧੀਆ ਲਿਖੇ ਨਾਵਲ ਬਹੁਤ ਹੀ ਘੱਟ ਵਿਕਦੇ ਹਨ, ਜਾਂ ਉਨੇ ਨਹੀਂ ਵਿਕਦੇ ਜਿੰਨੇ ਘਟੀਆ ਵਿਕਦੇ ਹਨ। ਪਤਾ ਨਹੀਂ ਇਹ ਕੀ ਹੈ। ਇਹ ਚੱਲ ਜਾਣ ਦੀ ਗੱਲ ਹੀ ਹੈ। ਉਂਜ ਚਾਹੀਦਾ ਇਹ ਹੈ ਕਿ ਲਿਖਤ ਹੋਵੇ ਵੀ ਵਧੀਆ ਤੇ ਵਿਕੇ ਵੀ ਉਹ ਬਹੁਤ ਵੱਧ। ਪਰ ਇਹ ਆਪਣੇ ਵਸ ਨਹੀਂ। ਮੈਨੂੰ ਇਸਦਾ ਅਨੁਭਵ ਹੈ।

ਕੋਈ ਨਾਵਲ ਲਿਖਣ ਲਈ ਘੋਲ ਤਾਂ ਮੈਂ ਆਪਣੇ ਮਨ ਵਿਚ ਚਿਰ ਤੋਂ ਘੁਲਦਾ ਆਉਂਦਾ ਹੀ ਸਾਂ। ਆਖ਼ਿਰ 1962 ਵਿਚ, ਅੱਠ ਅਕਤੂਬਰ ਵਾਲੇ ਦਿਨ, ਮੇਰੀ ਕਲਮ, ਮੇਰਾ ਪਹਿਲਾ ਨਾਵਲ ਲਿਖਣ ਲਈ ਉਠ ਹੀ ਪਈ। ਇਹ ਮੇਰਾ ਪਹਿਲਾ ਨਾਵਲ "ਸ਼ਰਾਬੀ" ਨਾਂ ਨਾਲ ਛਪਿਆ ਹੈ ਜੋ ਨਾਵਲ ਤਾਂ ਮੇਰਾ ਚੰਗਾ ਹੈ, ਪਰ ਨਾਂ ਢੁੱਕਵਾਂ ਨਹੀਂ ਹੈ। ਉਦੋਂ ਮੈਨੂੰ ਢੁੱਕਵਾਂ ਨਾਂ ਸੁੱਝ ਹੀ ਨਹੀਂ ਸਕਿਆ ਸੀ। 1963 ਵਿਚ ਇਹ ਪਹਿਲੀ ਵਾਰ ਛਪਿਆ ਸੀ। ਤੀਹ ਵਰ੍ਹੇ ਹੋ ਚੁੱਕੇ ਹਨ। ਦੂਜੀ ਵਾਰ ਅਜੇ ਤਕ ਵੀ ਛਪਣ ਦੀ ਨੌਬਤ ਨਹੀਂ ਆਈ। ਹਾਲਾਂਕਿ ਚਿਰੋਕਣਾ ਇਹ ਮੁੱਕ ਚੁੱਕਾ ਹੋਇਆ ਹੈ। ਹਾਲਾਂਕਿ ਇਹ ਨਾਵਲ ਹੈ—ਬਹੁਤੀ ਵਿਕਣ ਵਾਲੀ ਚੀਜ਼। ਅਗੋਂ ਲਈ ਮੈਂ ਇਸਦਾ ਦਾ ਨਾਂ

"ਦੋ ਫੁੱਲ" ਰਖ ਦਿੱਤਾ ਹੈ। ਇਹ ਬਿਲਕੁਲ ਢੁੱਕਵਾਂ ਨਾਂ ਹੈ। ਕਾਸ਼! ਮੈਨੂੰ ਮੁੱਢ ਵਿਚ ਹੀ ਇਹ ਨਾਂ ਫੁਰ ਗਿਆ ਹੁੰਦਾ। "ਦੋ ਫੁੱਲ" ਦੋ ਲੇਖਕ ਹਨ ਜੋ ਇਸ ਨਾਵਲ ਦੇ ਪਾਤਰ ਹਨ। ਦੋਵੇਂ ਮੁਖ ਪਾਤਰ ਹਨ। ਇਹਨਾਂ ਦੋਹਾਂ ਲੇਖਕਾਂ ਵਿਚ ਇਕ ਲੇਖਕ ਸ਼ਰਾਬੀ ਹੈ, ਦੂਜਾ ਠੀਕ-ਠਾਕ ਹੈ। ਦੋਵੇਂ ਕਾਫ਼ੀ ਦੋਸਤ ਹਨ। ਪਰ ਇਕ ਦਿਨ ਦੋਹਾਂ ਵਿਚ ਝਗੜਾ ਜਿਹਾ ਹੋ ਜਾਂਦਾ ਹੈ। ਫੇਰ, ਕੁਝ ਕੁ ਸਮੇਂ ਮਗਰੋਂ ਮੰਨ-ਮਨਾਈ ਹੋ ਜਾਂਦੀ ਹੈ। ਝਗੜਾ ਵੀ ਸ਼ਰਾਬੀ ਲੇਖਕ ਆਪ ਹੀ ਸ਼ੁਰੂ ਕਰਦਾ ਹੈ, ਮੰਨ-ਮਨਾਈ ਵੀ ਉਸੇ ਵਲੋਂ ਪਹਿਲ ਕਰਨ ਨਾਲ ਹੁੰਦੀ ਹੈ। ਝਗੜਾ ਹੋਣ ਵੇਲੇ ਵੀ ਸ਼ਰਾਬੀ, ਜਿਵੇਂ ਸ਼ਰਾਬੀ ਹੈ, ਮੰਨ-ਮਨਾਈ ਵੇਲੇ ਵੀ ਉਹ ਉਸੇ ਤਰ੍ਹਾਂ ਸ਼ਰਾਬੀ ਹੈ। ਬਾਹਰੋਂ ਭਾਵੇਂ ਕੁਝ ਵੀ ਹੈ, ਵਿਚੋਂ ਪਰ ਉਹ ਬੜਾ ਹੀ ਸੁੰਦਰ, ਕੋਮਲ ਜਿਹਾ ਇਨਸਾਨ ਹੈ। ਇਹ ਸਿਫ਼ਤਾਂ ਅੰਤ ਉਤੇ ਉਸਦੀਆਂ ਜ਼ਾਹਿਰ ਹੁੰਦੀਆਂ ਹਨ। ਦੋਵੇਂ ਬਹੁਤ ਸੁੰਦਰ ਹਨ। ਦੋਵੇਂ ਕੋਮਲ। ਦੋਵੇਂ ਫੁੱਲ। ਇਸ ਲਈ ਹੁਣ ਇਸ ਨਾਵਲ ਦਾ "ਦੋ ਫੁੱਲ" ਨਾਂ ਹੀ ਹੋਵੇਗਾ। ਪਰ ਕਦੋਂ ਤੀਕਰ ਹੋਵੇਗਾ? ਇਸ ਬਾਰੇ ਮੈਂ ਕੁਝ ਵੀ ਆਖ ਸਕਣ ਦੇ ਸਮਰੱਥ ਨਹੀਂ। ਤਾਂ ਵੀ, ਕਦੇ ਤਾਂ ਹੋਵੇਗਾ ਹੀ। ਉਂਜ, ਆਪਣੀਆਂ ਪੁਸਤਕਾਂ ਵਿਚ ਮੈਂ 'ਲੇਖਕ ਦੀਆਂ ਹੋਰ ਰਚਨਾਵਾਂ' ਵਾਲਾ ਇਸ਼ਤਿਹਾਰ ਜਦ ਦਿੰਦਾ ਹਾਂ ਤਾਂ ਇਸ ਨਾਵਲ ਦਾ ਇਸ਼ਤਿਹਾਰ ਮੈਂ ਇਉਂ ਛਾਪਦਾ ਹੁੰਦਾ ਹਾਂ: ਸ਼ਰਾਬੀ (ਨਵਾਂ ਨਾਂ "ਦੋ ਫੁੱਲ")। ਯਨੀ ਅੱਗੇ ਬਰੈਕਟ ਵਿਚ "ਦੋ ਫੁੱਲ" ਲਿਖ ਦਿੰਦਾ ਹਾਂ।

ਥੋੜੀ ਜਿਹੀ ਮੈਂ ਇਸ ਨਾਵਲ ਦੀ ਸੋਧ ਸੁਧਾਈ ਵੀ ਕੀਤੀ ਹੈ ਤੇ ਸਾਰਾ ਮੁੜ ਮੈਂ ਲਿਖਿਆ ਹੈ। ਖਰੜਾ ਮੇਰੇ ਪਾਸ ਹੈ—"ਦੋ ਫੁੱਲ" ਦਾ ਖਰੜਾ। ਜਦੋਂ ਹੁਣ ਇਹ ਛਪੇਗਾ ਤਾਂ ਇਸ ਖਰੜੇ ਤੋਂ ਛਪੇਗਾ। ਖਰੜਾ ਹੱਥ-ਲਿਖਤ ਹੈ।

ਮੇਰੀ ਬੜੀ ਹੀ ਇੱਛਾ ਹੈ ਕਿ ਹੁਣ ਇਹ ਦੂਜੀ ਵਾਰ ਵੀ ਛਪੇ ਤੇ "ਦੋ ਫੁੱਲ" ਦੇ ਨਾਂ ਨਾਲ ਛਪੇ ਤੇ ਪੁਸਤਕਾਂ ਵਿਚ 'ਲੇਖਕ ਦੀਆਂ ਹੋਰ ਰਚਨਾਵਾਂ' ਦੇ ਇਸ਼ਤਿਹਾਰ ਵਿਚ ਮੈਨੂੰ ਇਹਦਾ ਨਾਂ ਅੱਗੋਂ ਬਰੈਕਟਾਂ ਵਿਚ ਨਾ ਪਾਉਣਾ ਪਵੇ। ਬੜੀ ਹੀ ਵਾਜਬ ਇੱਛਾ ਹੈ ਮੇਰੀ।

ਇਹ ਵੀ ਨਾਵਲ ਮੇਰੇ ਆਪਣੇ ਜੀਵਨ ਨਾਲ ਸੰਬੰਧਿਤ ਹੈ। ਇਕ ਤਾਂ ਇਸ ਵਿਚ ਮੈਂ ਹਾਂ, ਦੂਜਾ ਹੈ ਨਰਿੰਦਰ ਧੀਰ। ਮੇਰਾ ਨਾਂ, ਨਾਵਲ ਵਿਚ, ਮਨੋਹਰ ਸਿੰਘ ਟਿਵਾਣਾ ਹੈ, ਉਸਦਾ ਨਾਂ ਦੇਵਿੰਦਰ ਮਿਸ਼ਰ।

ਲਾਹੌਰ ਬੁਕ ਸ਼ਾਪ ਲੁਧਿਆਣਾ ਨੇ ਇਹ ਛਾਪਿਆ ਸੀ। ਸਫ਼ੇ 108 ਹਨ। ਕੀਮਤ ਦੋ ਰੁਪਏ ਸੀ। ਸਾਈਜ਼ ਵੱਡਾ ਨਹੀਂ ਸੀ। ਆਮ ਸਾਈਜ਼ ਵਿਚ ਛਪਿਆ ਸੀ—ਵੀਹ ਜ਼ਰਬ ਤੀਹ, ਬਟਾ ਸੋਲਾਂ ਵਿਚ। ਉਦੋਂ ਆਮ ਕਿਤਾਬ ਇਸੇ ਸਾਈਜ਼ ਵਿਚ ਛਪਦੀ ਹੁੰਦੀ ਸੀ। ਹੁਣ ਤਾਂ ਆਮ ਕਿਤਾਬ ਵੱਡੇ ਸਾਈਜ਼ ਵਿਚ ਛਾਪੀ ਜਾਂਦੀ ਹੈ ਤੇ ਕੋਈ-ਕੋਈ ਹੀ ਛੋਟੇ ਵਿੱਚ। ਉਦੋਂ ਇਸਤੋਂ ਉਲਟ ਸੀ।

ਸਮਰਪਣ ਮੈਂ ਇਹ ਕਿਤਾਬ ਡਾ: ਨੇਕੀ ਨੂੰ ਕੀਤੀ ਸੀ—ਜਸਵੰਤ ਸਿੰਘ ਨੇਕੀ ਨੂੰ।

ਉਸ ਤੋਂ ਪਹਿਲਾਂ ਮਨੋਰੋਗ ਨਾਲ ਮੈਂ ਬੀਮਾਰ ਹੋ ਗਿਆ ਸਾਂ ਤੇ ਕੁਝ ਵੀ ਨਹੀਂ ਲਿਖ ਸਕਦਾ ਸਾਂ। ਡਾ: ਨੇਕੀ ਅੰਮ੍ਰਿਤਸਰ ਵੀ. ਜੇ. ਹਸਪਤਾਲ ਵਿਚ ਸਨ – ਮਾਨਸਿਕ ਵਿਭਾਗ ਵਿਚ। ਉਹਨਾਂ ਇਲਾਜ ਕੀਤਾ ਤਾਂ ਮੇਰੀ ਕਲਮ ਫੇਰ ਮੁੜਕੇ ਕਾਗਜ਼ਾਂ ਉਤੇ ਵਗਣ ਲੱਗੀ।

ਇਹ ਕਿਤਾਬ ਮੈਂ ਉਹਨਾਂ ਦੇ ਇਲਾਜ ਤੋਂ ਮਗਰੋਂ ਲਿਖੀ ਸੀ ਜੋ ਪਹਿਲੀ ਹੀ ਕਿਤਾਬ ਸੀ। ਇਸੇ ਲਈ ਮੈਂ ਇਹ ਕਿਤਾਬ ਉਹਨਾਂ ਨੂੰ ਸਮਰਪਣ ਕੀਤੀ। ਲਿਖਿਆ ਵੀ ਮੈਂ ਇਹੋ ਸੀ: "ਡਾਕਟਰ ਜਸਵੰਤ ਸਿੰਘ ਨੇਕੀ ਨੂੰ—ਜਿਸਨੇ ਮੈਨੂੰ ਫੇਰ ਮੁੜ ਕੇ ਲਿਖਣ-ਯੋਗ ਬਣਾਇਆ।"

ਇਸ ਨਾਵਲ ਦਾ ਲਿਖਣ-ਕਾਲ ਮੈਂ ਇਸ ਤਰ੍ਹਾਂ ਲਿਖਿਆ ਹੋਇਆ ਹੈ: "ਸ਼ੁਰੂ: 8 ਅਕਤੂਬਰ 1962, ਸਮਾਪਤ: 18 ਫ਼ਰਵਰੀ 1963"। ਚਾਰ ਮਹੀਨੇ, ਦਸ ਦਿਨ ਦੇ ਸਮੇਂ ਵਿਚ ਮੈਂ ਲਿਖਿਆ ਸੀ ਇਹ।

ਜਦੋਂ ਮੈਂ ਇਹ ਲਿਖਿਆ ਸੀ ਉਦੋਂ ਫ਼ਿਕਰੇਬੰਦੀ ਥੋੜੀ ਏਧਰ-ਉਧਰ ਰਹਿ ਗਈ ਸੀ। ਮੁੜਕੇ ਜਦੋਂ ਲਿਖਿਆ ਤਾਂ ਕੇਵਲ ਫ਼ਿਕਰੇਬੰਦੀ ਹੀ ਇਸਦੀ ਥੋੜਾ ਠੀਕ ਕੀਤੀ ਗਈ, ਹੋਰ ਤਬਦੀਲੀ ਕੋਈ ਨਹੀਂ ਸੀ ਕੀਤੀ। ਜੇ ਤਬਦੀਲੀ ਕੋਈ ਕੀਤੀ ਹੈ ਤਾਂ ਕੇਵਲ ਨਾਂ ਦੀ ਕੀਤੀ ਹੈ। "ਸ਼ਰਾਬੀ" ਦੀ ਥਾਂ "ਦੋ ਫੁੱਲ"।

# ਇਕ ਕਹਾਣੀ ਦੀ ਵਾਰਤਾ

"ਇਕ ਸਾਧਾਰਨ ਆਦਮੀ" ਨਾਂ ਦੀ ਮੇਰੀ ਇਕ ਕਹਾਣੀ ਹੈ। ਏਥੇ ਇਸ ਕਹਾਣੀ ਦੀ ਮੈਂ ਵਾਰਤਾ ਦੱਸਣੀ ਚਾਹੁੰਦਾ ਹਾਂ।

ਅਪਰੈਲ 1960 ਵਿਚ ਪਹਿਲੀ ਵਾਰ ਮੇਰੇ ਉਤੇ ਮਨੋਰੋਗ ਦਾ ਹਮਲਾ ਹੋਇਆ। ਇਹ ਮੈਂਟਲ ਡਿਪਰੈਸ਼ਨ ਸੀ। ਬੜੀ ਬੁਰੀ ਬੀਮਾਰੀ ਹੈ। ਮਨੁੱਖੀ ਭਾਵਨਾਵਾਂ ਨੂੰ ਇਹ ਕੁਚਲ ਕੇ ਰੱਖ ਦਿੰਦੀ ਹੈ। ਮਾਯੂਸੀ, ਉਦਾਸੀ, ਨਿਰਾਸਤਾ, ਹਨੇਰਾ। ਮਨੁੱਖ ਵਿਚ ਇਕ ਅਥਾਹ ਹੀਣ-ਭਾਵ ਆ ਜਾਂਦਾ ਹੈ। ਏਨਾ ਭਾਰ ਆ ਪੈਂਦਾ ਹੈ ਕਿ ਸੈਂਕੜੇ ਹਿਮਾਲਾ ਜਿਵੇਂ ਮਨ ਉਤੇ ਆ ਡਿੱਗੇ ਹੋਣ। ਦੁੱਖ ਬਾਰੇ ਕਹਿੰਦੇ ਹਨ ਕਿ ਜਿਸ ਤਨ ਨੂੰ ਲਗਦਾ ਹੈ, ਉਹੀਓ ਤਨ ਜਾਣਦਾ ਹੈ। ਹੋਰ ਕਿਸੇ ਬੀਮਾਰੀ ਨੂੰ ਤਾਂ ਹੋਰ ਵੀ ਜਾਣ ਲੈਂਦੇ ਹਨ, ਪਰ ਇਸ ਬੀਮਾਰੀ ਬਾਰੇ ਤਾਂ ਇਹ ਬਿਲਕੁਲ ਸੱਚੀ ਗੱਲ ਹੈ। ਇਹ, ਜਿਸ ਤਨ ਨੂੰ ਨਹੀਂ, ਜਿਸ ਮਨ ਨੂੰ ਲਗਦੀ ਹੈ, ਉਹੀਓ ਮਨ ਜਾਣਦਾ ਹੈ। ਕਿਉਂਕਿ ਇਹ ਤਨ ਦੀ ਨਹੀਂ, ਮਨ ਦੀ ਹੀ ਬੀਮਾਰੀ ਹੈ। ਤਨ ਤਾਂ ਚੰਗਾ-ਭਲਾ ਲੋਕਾਂ ਨੂੰ ਨਜ਼ਰ ਆਉਂਦਾ ਹੁੰਦਾ ਹੈ। ਮਨ ਕਿਸੇ ਨੂੰ ਦਿਸਦਾ ਨਹੀਂ।

ਮਰੀਜ਼ ਇਹ ਵੀ ਸਮਝਦਾ ਹੈ ਕਿ ਇਸਦਾ ਕੋਈ ਇਲਾਜ ਨਹੀਂ। ਉਹਨੂੰ ਕੁਝ ਹੋ ਗਿਆ ਹੈ। ਪਰ ਇਹ ਕੀ ਹੋ ਗਿਆ ਹੈ ? ਇਸਦਾ ਪਤਾ ਨਹੀਂ ਹੁੰਦਾ। ਉਸ ਲਈ ਸੰਸਾਰ ਉੱਕਾ ਪਹਿਲਾਂ ਵਰਗਾ ਰਿਹਾ ਨਹੀਂ ਹੁੰਦਾ। ਪਹਿਲਾਂ ਜੇ ਸਵਰਗ ਸੀ ਤਾਂ ਹੁਣ ਉਸ ਦਾ ਮਨ ਨਰਕ ਦੀ ਕੁੰਡ ਬਣ ਗਿਆ ਹੁੰਦਾ ਹੈ।

ਗੁਰਬਖ਼ਸ਼ ਸਿੰਘ ਪ੍ਰੀਤ ਲੜੀ "ਭਖਦੀ ਜੀਵਨ ਚੰਗਿਆੜੀ" ਬਾਰੇ ਬਹੁਤ ਕੁਝ ਲਿਖਦੇ ਹੁੰਦੇ ਸਨ। ਇਸ ਬੀਮਾਰੀ ਵਾਲੇ ਨੂੰ ਹੀ ਪਤਾ ਲੱਗ ਸਕਦਾ ਹੈ ਕਿ ਭਖ ਰਹੀ ਜੀਵਨ ਚੰਗਿਆੜੀ ਦਾ ਕੀ ਮਹੱਤਵ ਹੁੰਦਾ ਹੈ। ਕਿਉਂਕਿ ਉਸਦੀ ਜੀਵਨ ਚੰਗਿਆੜੀ ਉੱਕਾ ਬੁਝ ਗਈ ਹੁੰਦੀ ਹੈ।

ਮੈਨੂੰ ਕਿਸੇ ਨੇ ਆਖਿਆ ਕਿ ਇਹ ਬੀਮਾਰੀ ਮਨ ਦੀ ਹੈ ਤੇ ਇਸਦਾ ਵੀ ਇਲਾਜ ਹੈ। ਡਾ: ਜਸਵੰਤ ਸਿੰਘ ਨੇਕੀ ਇਸਦਾ ਮਾਹਿਰ ਹੈ। ਉਹ ਇਲਾਜ ਕਰ ਦੇਵੇਗਾ। ਪਰ ਮੈਨੂੰ ਜਿਵੇਂ ਇਸ ਗੱਲ ਦਾ ਸੱਚ ਜਿਹਾ ਨਹੀਂ ਆਉਂਦਾ ਸੀ। ਕੀ ਇਲਾਜ ਕਰੇਗਾ ਉਹ ? ਆਮ ਬੀਮਾਰੀ ਥੋੜਾ ਹੈ ਕਿ ਉਹ ਇਲਾਜ ਕਰ ਦੇਵੇਗਾ ? ਇਹ ਤਾਂ ਮਨ ਦਾ ਮਾਮਲਾ ਹੈ। ਕੀ ਕਰੇਗਾ ਮਨ ਨੂੰ ਉਹ ?

ਸਵਾ ਵਰ੍ਹਾ ਬੀਤ ਗਿਆ। 1961 ਦੀ ਜੁਲਾਈ ਦੇ ਸ਼ੁਰੂ ਦੇ ਦਿਨ ਸਨ। ਮਨਾਲੀ ਵਿਚ ਬਲਵੰਤ ਗਾਰਗੀ ਆਪਣੀ ਪੁਸਤਕ "ਰੰਗ ਮੰਚ" ਨੂੰ ਆਪ ਹੀ ਅੰਗਰੇਜ਼ੀ ਤੋਂ ਪੰਜਾਬੀ ਵਿਚ ਕਰ ਰਿਹਾ ਸੀ। ਪਹਿਲਾਂ ਇਹ ਕਿਤਾਬ ਉਸ ਅੰਗਰੇਜ਼ੀ ਵਿਚ ਹੀ ਲਿਖੀ ਸੀ ਤੇ "ਇੰਡੀਅਨ ਥੀਏਟਰ" ਨਾਂ ਸੀ ਉਸਦਾ। ਪੰਜਾਬੀ ਵਿਚ ਇਹ "ਰੰਗ ਮੰਚ" ਦੇ ਨਾਂ ਨਾਲ ਛਾਪੀ ਜਾਣੀ ਸੀ। ਇਸ ਅਨੁਵਾਦ ਦੇ ਕੰਮ ਲਈ ਉਹਨੇ ਮੈਨੂੰ ਵੀ ਸੱਦ ਲਿਆ ਸੀ। ਭਾਵੇਂ ਉਸ ਕੋਲ ਤੇਜਾ ਸਿੰਘ ਦੀ ਡਿਕਸ਼ਨਰੀ ਵੀ ਹੁੰਦੀ ਸੀ, ਪਰ ਕਦੇ ਕੋਈ ਢੁੱਕਵਾਂ ਲਫ਼ਜ਼ ਅਸੀਂ ਰਲ ਕੇ ਭਾਲਦੇ ਹੁੰਦੇ ਸਾਂ। ਮਨੋਰੋਗੀ ਮੈਂ ਪੂਰਾ ਸਾਂ। ਪਰ ਚਲਾ ਇਸ ਲਈ ਗਿਆ ਸਾਂ ਕਿ ਸ਼ਾਇਦ ਮਨਾਲੀ ਜਾਣ ਨਾਲ ਹੀ ਮੇਰੀ ਤਬੀਅਤ ਠੀਕ ਹੋ ਜਾਵੇ। ਪਰ ਇਹ ਹੋ ਨਹੀਂ ਸਕਿਆ ਸੀ। ਤਬੀਅਤ ਉਵੇਂ ਹੀ ਰਹੀ ਸੀ ਮੇਰੀ।

ਮੇਰੇ ਪਿੰਡ ਕਤਲ ਦੀ ਇਕ ਘਟਨਾ ਵਾਪਰ ਗਈ ਸੀ। ਝਗੜਾ ਖੂਹ ਦੀ ਵਾਰੀ ਪਿਛੇ ਅੱਧੀ ਰਾਤ ਨੂੰ ਹੋਇਆ ਸੀ। ਗਰਮੀਆਂ ਦਾ ਮੌਸਮ ਤੇ ਚੰਨ-ਚਾਨਣੀ ਰਾਤ ਸੀ। ਕਾਤਲ ਬਹੁਤ ਸਾਊ ਤੇ ਸਿੱਧਾ-ਸਾਦਾ ਬੰਦਾ ਸੀ, ਕਤਲ ਹੋਣ ਵਾਲਾ ਅੱਖੜ, ਜਾਬਰ ਅਤੇ ਜ਼ੋਰਾਵਰ। ਕਾਤਲ ਅੱਧੀ ਰਾਤ ਆ ਕੇ ਖੂਹ ਜੋੜਨ ਲੱਗ ਪਿਆ ਸੀ, ਕਿਉਂਕਿ ਉਸਦੀ ਵਾਰੀ ਸੀ ਅੱਜ। ਕਤਲ ਹੋਣ ਵਾਲਾ ਅੱਜ ਆਪਣੀ ਵਾਰੀ ਕਹਿੰਦਾ ਸੀ। ਖੂਹ ਜੁੜਨ ਦੀ ਵਿੜਕ ਸੁਣ, ਉਹ ਖੂਹ ਉਤੇ ਪੁੱਜਾ ਤੇ ਬਲਦ ਡੱਕਣ ਲੱਗ ਪਿਆ। ਅੱਗੇ ਵੀ ਉਹ ਕਈ ਵਾਰ ਇਵੇਂ ਹੀ ਖੂਹ ਡੱਕ ਚੁੱਕਾ ਸੀ। ਸਰੀਰ ਕਾਫ਼ੀ ਤਕੜਾ ਸੀ, ਪਰ ਦੂਜਾ ਕੁਝ ਕਮਜ਼ੋਰ ਵੀ ਸੀ। ਘਟੋ ਘੱਟ ਉਹ ਉਸਦੇ ਅੱਗੇ ਬਹੁਤ ਹੀ ਕਮਜ਼ੋਰ ਸੀ। ਪਰ ਅੱਜ ਉਸ ਕਮਜ਼ੋਰ ਨੂੰ ਵੀ ਬਹੁਤ ਗੁੱਸਾ ਆ ਗਿਆ। ਉਹਨੇ ਕਹੀ ਚੁੱਕੀ ਤੇ ਆਪਣੇ ਪੂਰੇ ਜ਼ੋਰ ਨਾਲ ਉਸਦੇ ਸਿਰ ਵਿਚ ਪੁੱਠੀ ਮਾਰੀ। ਕਹੀ ਵੱਜਦੀ ਸਾਰ ਹੀ ਉਹ ਧਰਤੀ ਉਤੇ ਡਿਗ ਪਿਆ ਤੇ ਸਦਾ ਦੀ ਨੀਂਦ ਸੌਂ ਗਿਆ। ਉਸਦੇ ਸਿਰ ਵਿਚ ਗੰਜ ਸੀ। ਕਹੀ ਇਉਂ ਵੱਜੀ ਤੇ ਇਉਂ ਆਵਾਜ਼ ਆਈ ਸੀ ਜਿਵੇਂ ਕਹੀ ਸਿਰ ਵਿਚ ਨਹੀਂ, ਮਿੱਟੀ ਦੀ ਚਾਟੀ ਵਿਚ ਵੱਜੀ ਹੋਵੇ। ਚੰਨ-ਚਾਨਣੀ ਰਾਤ ਵਿਚ ਉਸਦਾ ਗੰਜ ਸ਼ੀਸ਼ੇ ਵਾਂਗੂ ਚਮਕਾਂ ਮਾਰ ਰਿਹਾ ਸੀ। ਪਰ ਹੁਣ ਉਹ ਲਹੂ-ਲੁਹਾਨ ਸੀ। ਮਨਾਲੀ ਵਿਚ ਮੈਂ ਇਹ ਕਹਾਣੀ ਲਿਖਣ ਲਈ ਘੋਲ ਘੁਲ ਰਿਹਾ ਸਾਂ। ਪਰ ਮੇਰੇ ਕੋਲੋਂ ਇਹ ਕਹਾਣੀ ਲਿਖ ਹੀ ਨਹੀਂ ਸੀ ਹੁੰਦੀ ਪਈ।

ਲਗਭਗ ਇਕ ਮਹੀਨਾ ਮੈਂ ਮਨਾਲੀ ਵਿਚ ਉਦੋਂ ਰਿਹਾ ਸਾਂ। ਕਿੰਨੀ ਵਾਰ ਮੈਂ ਇਸ ਕਹਾਣੀ ਨੂੰ ਲਿਖਣ ਲਈ ਕਲਮ ਚੁੱਕੀ ਸੀ। ਪਰ ਕੁਝ ਕੁ ਸਫ਼ੇ ਲਿਖਣ ਮਗਰੋਂ ਗੱਲ ਅੱਗੇ ਨਹੀਂ ਤੁਰਦੀ ਸੀ। ਆਖ਼ਿਰ ਮੈਂ ਝੁੰਜਲਾ ਜਿਹਾ ਜਾਂਦਾ। ਤਿੰਨ-ਚਾਰ ਸੌ ਸਫ਼ੇ ਮੈਂ ਇਸ ਤਰ੍ਹਾਂ ਕਾਲੇ ਕੀਤੇ ਹੋਣੇ ਹਨ।

ਕਾਰਨ ਸੀ ਕਿ ਮੇਰੇ ਮਨ ਵਿਚ ਸਹਿਜ-ਭਾਵਨਾ ਨਹੀਂ ਸੀ। ਗੜਬੜ ਮਚੀ ਹੋਈ ਸੀ। ਮਨ ਬਿਖਰਿਆ ਹੋਇਆ ਸੀ। ਅਚੇਤ ਮਨ ਵਿਚ ਕਿਸੇ ਸੋਚ ਦੀ ਛਿਲਤਰ ਫਸੀ ਹੋਈ ਸੀ। ਮਨ ਇਕਾਗਰ ਨਹੀਂ ਸੀ। ਘਸੇ ਹੋਏ ਰੀਕਾਰਡ ਵਾਂਗ, ਕਿਸੇ ਇਕ ਥਾਂ ਅਟਕੀ ਸੂਈ ਘਰੜ-ਘਰੜ ਕਰ ਰਹੀ ਸੀ ਤੇ ਇਹ ਵੀ ਪਤਾ ਨਹੀਂ ਸੀ ਕਿ ਕਿਥੇ ਰੁਕੀ ਹੋਈ ਸੀ

ਸੂਈ। ਗਤ ਨਹੀਂ ਸੀ ਮਨ ਵਿਚ ਰਹੀ। ਪਰ ਮੈਂ ਜ਼ੋਰ ਲਾ ਰਿਹਾ ਸਾਂ ਕਿ ਇਕੋ ਥਾਂ ਇਹ ਅਟਕੀ ਸੂਈ ਕਿਵੇਂ ਜੋ ਅੱਗੇ ਚਲ ਸਕੇ। ਮੇਰੀ ਕਲਮ ਰੁਕ ਚੁੱਕੀ ਸੀ। ਮੈਂ ਆਪਣੀ ਕਲਮ ਨੂੰ ਪਹਿਲਾਂ ਵਾਂਗ ਹੀ ਵਗਦੀ ਦੇਖਣਾ ਚਾਹੁੰਦਾ ਸਾਂ। ਜਿਵੇਂ ਬਿਆਸਾ ਵਗਦਾ ਸੀ। ਮਨਾਲੀ ਵਿਚ ਬਿਆਸ ਬੜੇ ਹੀ ਜ਼ੋਰ-ਸ਼ੋਰ ਨਾਲ ਵਗਦਾ ਸੀ। ਚਲੋ, ਏਕਣ ਨਾ ਸਹੀ, ਅਜੇ ਕਿਸੇ ਸੋਮੇ ਵਾਂਗ ਹੀ ਥੋੜੀ ਜਿਹੀ ਵਗ ਪਵੇ। ਥੋੜੀ ਜਿਹੀ ਵਗੀ ਤਾਂ ਤੇਜ਼ ਵੀ ਵਗ ਪਵੇਗੀ। ਪਰ ਮੈਂ ਸਫਲ ਨਹੀਂ ਹੋਇਆ।

ਓੜਕ ਇਹ ਕਹਾਣੀ ਮੈਂ ਕਾਫ਼ੀ ਸਮੇਂ ਮਗਰੋਂ ਲਿਖੀ—1966 ਵਿਚ—ਜਦੋਂ ਮੈਨੂੰ ਨੇਕੀ ਦੇ ਇਲਾਜ ਨੇ ਰਾਜ਼ੀ ਕਰ ਦਿੱਤਾ ਸੀ। 1966 ਤਕ ਤਿੰਨ ਵਾਰ ਮੈਂ ਡਾ: ਨੇਕੀ ਤੋਂ ਟਰੀਟਮੈਂਟ ਲੈ ਚੁੱਕਾ ਸਾਂ। ਦੋ ਵਾਰ ਅੰਮ੍ਰਿਤਸਰ, ਤੀਜੀ ਵਾਰ ਰੋਹਤਕ।

ਇਸ ਕਹਾਣੀ ਦੇ ਲਿਖਣ ਬਾਰੇ ਮੇਰੇ ਨਾਵਲ "ਨਵਾਂ ਜਨਮ" ਵਿਚ ਬੜਾ ਹੀ ਸੂਖਮ ਵਰਣਨ ਹੈ। ਸੂਖਮ ਵੀ ਤੇ ਬੜਾ ਹੀ ਵਿਸਤਾਰਪੂਰਬਕ ਵਰਣਨ ਵੀ।

"ਇਕ ਸਾਧਾਰਨ ਆਦਮੀ" ਉਤੇ ਫਿਲਮ ਵੀ ਬਣ ਚੁੱਕੀ ਹੈ। ਇਕ ਘੰਟੇ ਦੀ ਟੈਲੀਫ਼ਿਲਮ। ਛਪੀ ਹੋਈ ਇਹ ਮੇਰੀ ਪੁਸਤਕ "ਸ਼ਰਾਬ ਦਾ ਗਲਾਸ" ਵਿਚ ਹੈ। ਕਿਸੇ ਯੂਨੀਵਰਸਿਟੀ ਵਿਚ ਇਹ ਕੋਰਸ ਵੀ ਲੱਗੀ ਰਹੀ ਹੈ। ਸ਼ਾਇਦ ਹੁਣ ਵੀ ਲੱਗੀ ਹੋਵੇ।

ਫ਼ਿਲਮ ਚੰਗੀ ਬਣੀ ਹੈ। ਪਰ ਜਦੋਂ ਟੈਲੀਕਾਸਟ ਹੋਈ ਤਾਂ ਉਸ ਉਤੇ, ਲੇਖਕ ਵਜੋਂ, ਮੇਰਾ ਨਾਂ ਹੀ ਨਹੀਂ ਸੀ ਦਿੱਤਾ। ਨਾ ਅਨਾਊਂਸਮੈਂਟ ਵਿਚ, ਨਾ ਹੀ ਲਿਖਤੀ ਕੈਪਸ਼ਨ ਵਿਚ। ਬਾਕੀ ਸਭ ਦੇ ਨਾਂ ਸਨ। ਏਥੋਂ ਤਕ ਕਿ ਸ਼ੂਟਿੰਗ ਵੇਲੇ ਜਿਨ੍ਹਾਂ ਨੇ ਦਰੀਆਂ ਚੁੱਕੀਆਂ ਸਨ, ਉਹਨਾਂ ਦੇ ਵੀ ਨਾਂ ਸਨ। ਪਰ ਮੇਰਾ, ਜੋ ਬੁਨਿਆਦ ਸਾਂ ਇਸਦੀ, ਉਸਦਾ, ਨਾਂ ਨਹੀਂ ਸੀ। ਕਾਰਨ ਸੀ, ਪ੍ਰੋਡਿਊਸਰ ਨਾਲ ਰਾਇਲਟੀ ਦਾ ਝਗੜਾ। ਪ੍ਰੋਡਿਊਸਰ ਮੈਨੂੰ ਜਿੰਨੀ ਰਕਮ ਦੇਣੀ ਕਰਕੇ ਗਿਆ ਸੀ, ਉਨੀ ਦੇਣੀ ਨਹੀਂ ਸੀ ਚਾਹੁੰਦਾ। ਨਾ ਹੀ ਚਿੱਠੀ ਦਾ ਉੱਤਰ ਦਿੰਦਾ। ਅਖ਼ਬਾਰਾਂ ਵਿਚ ਇਹ ਆ ਗਿਆ ਕਿ ਫ਼ਿਲਮ ਤਿਆਰ ਹੋ ਚੁੱਕੀ ਹੈ ਤੇ ਛੇਤੀ ਹੀ ਜਲੰਧਰ ਤੋਂ ਇਹ ਟੈਲੀਕਾਸਟ ਹੋ ਰਹੀ ਹੈ। ਮੈਨੂੰ ਬਹੁਤ ਗੁੱਸਾ ਆਇਆ। ਮੈਂ ਹੁਣ ਕੀ ਕਰ ਸਕਦਾ ਸਾਂ? ਕੇਵਲ ਇਕੋ ਚਾਰਾ ਸੀ। ਦਿੱਲੀ ਅਤੇ ਜਲੰਧਰ ਦੂਰਦਰਸ਼ਨ ਨੂੰ ਮੈਂ ਲਿਖਿਆ ਕਿ ਮੈਨੂੰ ਪ੍ਰੋਡਿਊਸਰ ਵਲੋਂ ਪੂਰੀ ਪੇਮੈਂਟ ਨਹੀਂ ਹੋਈ। ਜਿੰਨਾ ਚਿਰ ਇਹ ਹੋਵੇ ਨਾ, ਕਿਰਪਾ ਕਰਕੇ, ਇਸ ਫ਼ਿਲਮ ਨੂੰ ਟੈਲੀਕਾਸਟ ਨਾ ਕੀਤਾ ਜਾਵੇ। ਇਸ ਚਿੱਠੀ ਦੀ ਨਕਲ ਮੈਂ ਪ੍ਰੋਡਿਊਸਰ ਨੂੰ ਵੀ ਭੇਜ ਦਿੱਤੀ। ਖ਼ੈਰ, ਰਾਇਲਟੀ ਮਿਲ ਗਈ। ਸਾਰੀ ਰਾਇਲਟੀ ਮਿਲ ਗਈ। ਇਸ ਦਬਾਅ ਨਾਲ ਪ੍ਰੋਡਿਊਸਰ ਨੂੰ ਰਾਇਲਟੀ ਦੇਣੀ ਪੈ ਗਈ। ਪਰ ਇਕ ਕਮੀਨਗੀ ਕੀਤੀ ਗਈ। ਦੂਰਦਰਸ਼ਨ ਦੇ ਅਮਲੇ ਨਾਲ ਮਿਲੀ-ਭੁਗਤ ਕਰਕੇ ਕਹਾਣੀ ਉਤੇ, ਲੇਖਕ ਵਜੋਂ, ਮੇਰਾ ਨਾਂ ਨਾ ਦਿੱਤਾ ਗਿਆ। ਨਾ ਜ਼ਬਾਨੀ ਬੋਲਿਆ ਗਿਆ, ਨਾ ਹੀ ਲਿਖਤੀ ਦਿੱਤਾ ਗਿਆ। ਮੈਨੂੰ ਬਹੁਤ ਗੁੱਸਾ ਆਇਆ। ਕਹਾਣੀ, ਦੋ ਕਿਸ਼ਤਾਂ ਵਿਚ ਟੈਲੀਕਾਸਟ ਹੋਈ ਸੀ। ਦੋਵੇਂ ਵਾਰ ਮੇਰਾ ਨਾਂ ਕਹਾਣੀ ਤੋਂ ਦੂਰ ਰਖਿਆ ਗਿਆ।

ਇਸ ਮਿਲੀ-ਭੁਗਤ ਨਾਲ ਦੂਰਦਰਸ਼ਨ ਦਾ ਹੇਠਲਾ ਅਮਲਾ-ਫੈਲਾ ਹੀ ਸੰਬੰਧਿਤ ਸੀ। ਉੱਪਰਲੇ ਵੱਡੇ ਅਫ਼ਸਰਾਂ ਨੂੰ ਇਸਦਾ ਪਤਾ ਨਹੀਂ ਸੀ। ਹੋਵੇ ਤਾਂ ਮੈਨੂੰ ਪਤਾ ਨਹੀਂ। ਪਰ ਹੇਠਲੇ ਅਮਲੇ-ਫੈਲੇ ਦੀ ਇਹ ਕੀਤੀ ਸਾਰੀ ਕਾਰਗੁਜ਼ਾਰੀ ਤਾਂ ਸਾਹਮਣੇ ਆ ਚੁੱਕੀ ਸੀ।

ਖ਼ੈਰ, ਮੇਰਾ ਝਗੜਾ ਹੁਣ ਪ੍ਰੋਡਿਊਸਰ ਨਾਲ ਨਹੀਂ ਰਿਹਾ ਸੀ, ਸਿੱਧਾ ਦੂਰਦਰਸ਼ਨ ਦੇ ਅਧਿਕਾਰੀਆਂ ਨਾਲ ਹੋ ਗਿਆ ਸੀ। ਪ੍ਰੋਡਿਊਸਰ ਦਾ ਤਾਂ ਹੱਕ ਸੀ ਕਿ ਮੇਰੇ ਨਾਲ ਵਧੀਕੀ ਕਰੇ—ਰਾਇਲਟੀ ਜੋ ਉਸਤੋਂ ਮੈਂ ਦਬਾਅ ਨਾਲ ਲੈ ਲਈ ਸੀ ਜਿਹੜੀ ਉਹ ਦੇਣਾ ਨਹੀਂ ਸੀ ਚਾਹੁੰਦਾ। ਦੂਰਦਰਸ਼ਨ ਦਾ ਅਮਲਾ-ਫੈਲਾ ਉਸ ਨਾਲ ਕਿਉਂ ਸਹਿਮਤ ਹੋਇਆ ? ਖਾਧਾ-ਪੀਤਾ ਹੋਵੇਗਾ ਕੁਝ ? ਜਲੰਧਰ ਦੂਰਦਰਸ਼ਨ ਦੇ ਡਾਇਰੈਕਟਰ ਨੂੰ ਮੈਂ ਚਿੱਠੀ ਲਿਖੀ। ਮੇਰੇ ਨਾਲ ਇਹ ਘੋਰ ਬੇਇਨਸਾਫ਼ੀ ਕੀਤੀ ਗਈ ਹੈ। ਮੈਥੋਂ ਮੁਆਫ਼ੀ ਮੰਗੀ ਜਾਵੇ। ਲਿਖਤੀ ਵੀ ਤੇ ਹਰ ਸਪਤਾਹਕ ਆਉਣ ਵਾਲੇ ਸਵਾਲਾਂ-ਜਵਾਬਾਂ ਵਿਚ ਵੀ। ਮੁਆਫ਼ੀ ਮੈਥੋਂ ਵੀ ਮੰਗੀ ਜਾਵੇ ਅਤੇ ਦਰਸ਼ਕਾਂ ਕੋਲੋਂ ਵੀ। ਅਤੇ ਇਹਨੂੰ ਇਕ ਵਾਰ ਫੇਰ, ਮੇਰਾ ਨਾਂ ਜੋੜ ਕੇ, ਟੈਲੀਕਾਸਟ ਕੀਤਾ ਜਾਵੇ। ਪ੍ਰੈਸ ਵਿਚ ਵੀ ਇਸ ਬਾਰੇ ਮੈਂ ਇਕ ਬਿਆਨ ਛਪਵਾਇਆ ਸੀ ਜੋ ਕਾਫ਼ੀ ਰੋਸ-ਭਰਪੂਰ ਸੀ।

ਇਸੇ ਤਰ੍ਹਾਂ ਹੀ ਕੀਤਾ ਗਿਆ। ਮੁਆਫ਼ੀ ਮੈਥੋਂ ਵੀ ਮੰਗੀ ਗਈ, ਅਤੇ ਦਰਸ਼ਕਾਂ ਕੋਲੋਂ ਵੀ, ਸਵਾਲਾਂ-ਜਵਾਬਾਂ ਵਿਚ, ਛੇਤੀ ਹੀ। ਅਤੇ ਕੁਝ ਕੁ ਸਮੇਂ ਮਗਰੋਂ, ਮੇਰੇ ਨਾਂ ਦੀ ਕੈਪਸ਼ਨ ਲਾਕੇ, ਟੈਲੀਕਾਸਟ ਵੀ ਕੀਤੀ ਗਈ। ਅਨਾਊਂਸਮੈਂਟ ਵੇਲੇ ਵੀ ਮੇਰਾ ਨਾਂ ਦੱਸ ਦਿੱਤਾ ਗਿਆ ਸੀ ਕਿ ਇਹ ਕਹਾਣੀ ਮੇਰੀ ਹੈ।

ਦੂਜੀ ਵਾਰ ਵੀ ਦੋ ਕਿਸ਼ਤਾਂ ਵਿਚ ਟੈਲੀਕਾਸਟ ਹੋਈ ਸੀ। ਦੋਵੇਂ ਵਾਰ ਮੇਰੇ ਨਾਂ ਦੀਆਂ ਕੈਪਸ਼ਨਾਂ ਲਾਈਆਂ ਗਈਆਂ ਸਨ। ਕੇਵਲ ਇਕ ਗ਼ਲਤੀ ਹੋਈ। ਦੂਜੀ ਵਾਰ, ਦੂਜੀ ਕਿਸ਼ਤ ਵਿਚ,ਮੇਰਾ ਨਾਂ ਅਨਾਊਂਸਰ-ਕੁੜੀ ਨੇ ਕੇਵਲ "ਸੰਤੋਖ ਸਿੰਘ" ਕਿਹਾ ਸੀ ਤੇ "ਧੀਰ" ਕਹਿਣਾ ਰਹਿ ਗਿਆ ਸੀ। ਇਹ ਮਾਮੂਲੀ ਗੱਲ ਸੀ। ਵੱਡੀ ਗੱਲ ਕੈਪਸ਼ਨ ਸੀ। ਕੁੜੀ ਘਬਰਾ ਜਿਹਾ ਗਈ ਸੀ ਕੁਝ। ਸ਼ਾਇਦ ਉਹਨੂੰ ਜ਼ੋਰ ਦੇ ਕੇ ਆਖਿਆ ਗਿਆ ਹੋਵੇ ਕਿ ਮੇਰਾ ਨਾਂ ਅਵੱਸ਼ ਬੋਲੇ। ਅਤੇ ਇਉਂ ਆਖਣ ਨਾਲ ਹੀ ਉਸਤੋਂ ਗ਼ਲਤੀ ਹੋ ਗਈ ਹੋਵੇ।

ਰਾਇਲਟੀ ਦੇ ਪੰਦਰਾਂ ਹਜ਼ਾਰ ਰੁਪਏ ਦੇਣੇ ਕੀਤੇ ਸਨ। ਇਕ ਹਜ਼ਾਰ ਪੇਸ਼ਗੀ ਦੇ ਕੇ ਆਖ ਦਿੱਤਾ ਗਿਆ ਸੀ ਕਿ ਚੌਦਾਂ ਹਜ਼ਾਰ ਜਦੋਂ ਉਹਨੂੰ ਦੂਰਦਰਸ਼ਨ ਤੋਂ ਮਿਲਣਗੇ, ਉਦੋਂ ਉਹ ਅਦਾ ਕਰ ਦੇਵੇਗਾ। ਦੂਰਦਰਸ਼ਨ ਤੋਂ, ਦੋ ਵਾਰ ਕਰਕੇ, ਉਹਨੂੰ ਮਿਲਣਗੇ। ਸੱਠ ਪਰਸੈਂਟ, ਫੇਰ ਚਾਲੀ ਪਰਸੈਂਟ। ਜਾਂ ਪਹਿਲਾਂ ਚਾਲੀ ਤੇ ਫੇਰ ਸੱਠ। ਕਿਹਾ ਸੀ ਕਿ ਇਸੇ ਅਨੁਸਾਰ ਉਹ ਬਾਕੀ ਚੌਦਾਂ ਹਜ਼ਾਰ ਦੀ ਅਦਾਇਗੀ ਮੈਨੂੰ ਕਰ ਦੇਵੇਗਾ। ਪਰ ਆਪ ਤਾਂ ਉਸ ਸਾਰੀ ਰਕਮ ਦੂਰਦਰਸ਼ਨ ਤੋਂ ਲੈ ਲਈ, ਪਰ ਮੈਨੂੰ ਨਹੀਂ ਦੇ ਰਿਹਾ ਸੀ।

ਤਿੰਨ ਲੱਖ ਰੁਪਏ ਉਸ ਦੂਰਦਰਸ਼ਨ ਤੋਂ ਲਏ ਸਨ। ਇਹਨਾਂ ਵਿਚੋਂ ਪੰਜ ਫ਼ੀ ਸਦੀ ਮੈਨੂੰ ਦੇਣੇ ਕੀਤੇ ਸਨ।

# ਮੇਰੀਆਂ ਤਿੰਨ ਕਹਾਣੀਆਂ

ਪੰਜਾਬੀ ਸਾਹਿਤ-ਜਗਤ ਵਿਚ ਮੇਰੀਆਂ ਤਿੰਨ ਕਹਾਣੀਆਂ ਹੀ ਸਭ ਤੋਂ ਵੱਧ ਪ੍ਰਸਿੱਧ ਹਨ - "ਕੋਈ ਇਕ ਸਵਾਰ", "ਸਵੇਰ ਹੋਣ ਤਕ", "ਸਾਂਝੀ ਕੰਧ"। ਇਹਨਾਂ ਕਹਾਣੀਆਂ ਕਰਕੇ ਮੈਨੂੰ ਬਹੁਤ ਲੋਕ ਜਾਣਦੇ ਹਨ। ਕਾਰਨ ਹੈ, ਇਹਨਾਂ ਦਾ ਸਕੂਲ-ਯੂਨੀਵਰਸਿਟੀਆਂ ਦੇ ਕੋਰਸਾਂ ਵਿਚ ਲੱਗੇ ਹੋਣਾ। ਖ਼ਾਸ ਕਰ ਸਕੂਲਾਂ ਦੀਆਂ ਕਿਤਾਬਾਂ ਵਿਚ ਪੜ੍ਹਾਇਆ ਜਾਣਾ। ਲੱਖਾਂ ਵਿਦਿਆਰਥੀ ਹੁੰਦੇ ਹਨ। ਤੀਹਾਂ-ਚਾਲੀਆਂ ਵਰ੍ਹਿਆਂ ਤੋਂ ਇਹ ਕੋਰਸ ਲੱਗੀਆਂ ਹੋਈਆਂ ਹਨ। ਇਉਂ ਇਹਨਾਂ ਨੂੰ ਦੋ ਕਿ ਤਿੰਨ ਪੀੜ੍ਹੀਆਂ ਵੀ ਪੜ੍ਹ ਚੁੱਕੀਆਂ ਹਨ। ਪਹਿਲਾਂ ਬਾਪ ਨੇ ਦਸਵੀਂ ਜਾਂ ਕਾਲਜ ਵਿਚ ਪੜ੍ਹੀਆਂ ਹਨ ਤੇ ਫੇਰ ਪੁੱਤਰ ਨੇ ਪੜ੍ਹੀਆਂ ਹਨ। ਕਿਤੇ, ਕਿਸੇ ਪੋਤਰੇ ਵਲੋਂ ਵੀ ਪੜ੍ਹਿਆ ਜਾਣਾ ਸੰਭਵ ਹੈ। ਬਾਪ ਅਤੇ ਪੁੱਤਰ ਤਾਂ ਅਨੇਕਾਂ ਹੀ ਮਿਲ ਸਕਣਗੇ।

ਪਹਿਲਾਂ ਸੰਨ 55 ਵਿਚ "ਕੋਈ ਇਕ ਸਵਾਰ" ਬੀ. ਏ. ਦੇ ਕੋਰਸ ਵਿਚ ਲੱਗੀ ਸੀ—"ਰੰਗ-ਬਰੰਗੀਆਂ" ਪੁਸਤਕ ਵਿਚ। ਹਰਨਾਮ ਸਿੰਘ ਸ਼ਾਨ ਨੇ ਸੰਕਲਿਤ ਕੀਤੀ ਸੀ ਪੁਸਤਕ ਇਹ, ਪੰਜਾਬ ਯੂਨੀਵਰਸਿਟੀ ਲਈ। ਉਦੋਂ ਅਜੇ ਸ਼ਾਨ ਹੋਰੀਂ ਡਾਕਟਰ ਨਹੀਂ ਬਣੇ ਸਨ। ਡਾਕਟਰੇਟ ਮਗਰੋਂ ਕੀਤੀ। ਸ਼ਾਨ ਹੋਰਾਂ ਨੂੰ ਮੋਹਨ ਸਿੰਘ ਨੇ ਇਸ ਕਹਾਣੀ ਦੀ ਦੱਸ ਪਾਈ। " 'ਕੋਈ ਇਕ ਸਵਾਰ' ਪਾਓ ਸ਼ਾਨ ਜੀ ਸੰਕਲਨ ਵਿਚ। ਧੀਰ ਦੀ ਕਹਾਣੀ ਐ।" ਅਤੇ ਸ਼ਾਨ ਹੋਰਾਂ ਵਲੋਂ ਮੈਨੂੰ ਚਿੱਠੀ ਪੁੱਜ ਗਈ। ਪਰਵਾਨਗੀ ਵੀ ਮੰਗੀ ਸੀ, ਸੰਖੇਪ ਜੀਵਨ-ਬਿਓਰਾ ਵੀ, ਜੋ ਹਰ ਕਹਾਣੀਕਾਰ ਬਾਰੇ ਪਿੱਛੇ ਛਾਪਿਆ ਜਾਣਾ ਸੀ। ਯੂਨੀਵਰਸਿਟੀ ਉਹਨੀਂ ਦਿਨੀਂ ਜਲੰਧਰ ਸ਼ਹਿਰ ਹੀ ਹੁੰਦੀ ਸੀ। ਚੰਡੀਗੜ੍ਹ ਵਿਚ ਕੈਂਪਸ ਦੀ ਉਸਾਰੀ ਨਹੀਂ ਸੀ ਹੋਈ ਅਜੇ।

"ਕੋਈ ਇਕ ਸਵਾਰ" ਤੋਂ ਮਗਰੋਂ "ਸਵੇਰ ਹੋਣ ਤਕ" ਲਿਖੀ ਸੀ। ਇਹ ਵੀ ਉਸੇ ਤਰ੍ਹਾਂ ਉੱਠੀ। ਛਪਦੀ ਸਾਰ ਇਹ ਕਹਾਣੀ ਵੀ ਚਾਰੇ ਪਾਸੇ ਫੈਲ ਗਈ। "ਜਾਗ੍ਰਤੀ" ਪੰਜਾਬੀ ਵਿਚ ਪ੍ਰਕਾਸ਼ਿਤ ਹੋਈ ਸੀ ਪਹਿਲੀ ਵਾਰ। ਦਫ਼ਤਰ ਸ਼ਿਮਲੇ ਹੁੰਦਾ ਸੀ ਉਦੋਂ "ਜਾਗ੍ਰਤੀ" ਪੰਜਾਬੀ ਦਾ। "ਵਿਰਕ" ਐਡੀਟਰ ਹੁੰਦਾ ਸੀ। ਕਹਾਣੀ ਛਪ ਕੇ ਆਈ ਤਾਂ ਸਾਰੇ 'ਵਾਹ-ਵਾਹ' ਹੋ ਗਈ।

ਲੁਧਿਆਣੇ ਪੰਜਾਬੀ ਸਾਹਿਤ ਸਭਾ ਬਣੀ ਹੋਈ ਸੀ। ਚੌੜੇ ਬਾਜ਼ਾਰ ਦੇ ਸ਼ੁਰੂ ਵਿਚ

ਹੀ, ਸੱਜੇ ਹੱਥ, "ਵਿੰਡਸਰ" ਨਾਂ ਦਾ ਇਕ ਛੋਟਾ ਜਿਹਾ ਹੋਟਲ ਸੀ। ਉਸਦੇ ਤਹਿਖ਼ਾਨੇ ਵਿਚ ਸਭਾ ਦੀ ਮੀਟਿੰਗ ਹੋਈ ਸੀ। ਮੈਂ ਆਪਣੀ ਇਹ ਕਹਾਣੀ ਉਸ ਮੀਟਿੰਗ ਵਿਚ ਪੜ੍ਹੀ ਸੀ।

ਸੰਤ ਸਿੰਘ ਸੇਖੋਂ ਤੇ ਪ੍ਰੋਫੈਸਰ ਹਰਦਿਆਲ ਸਿੰਘ ਵੀ ਉਸ ਮੀਟਿੰਗ ਵਿਚ ਪੁੱਜੇ ਸਨ। ਨਵਤੇਜ ਸਿੰਘ ਪ੍ਰੀਤ ਲੜੀ ਵੀ ਕੁਦਰਤੀ ਆਇਆ ਹੋਇਆ ਸੀ ਤੇ ਉਹ ਵੀ ਉਥੇ ਹਾਜ਼ਿਰ ਸੀ। ਮੈਂ ਕਹਾਣੀ ਪੜ੍ਹੀ ਤਾਂ ਇਕ ਚੁੱਪ ਜਿਹੀ ਛਾ ਗਈ। ਇਹ ਚੁੱਪ ਪ੍ਰੋ: ਹਰਦਿਆਲ ਸਿੰਘ ਨੇ ਤੋੜੀ ਸੀ: "ਇਹ ਕਹਾਣੀ ਧੀਰ ਨੇ ਆਪਣੇ ਕਿਸੇ ਗੁਆਂਢੀ ਬਾਰੇ ਲਿਖੀ ਹੈ ਜਿਸਦਾ ਘਰ ਧੀਰ ਦੇ ਘਰ ਦੇ ਬਿਲਕੁਲ ਸਾਹਮਣੇ ਹੈ ਪਰ ਉਸਦਾ ਨਾਂ ਚੰਨਣ ਨਹੀਂ।" ਬਿਲਕੁਲ ਸੱਚੀ ਗੱਲ ਸੀ ਇਹ। ਇਹ ਕਹਾਣੀ ਮੈਂ ਆਪਣੇ ਇਕ ਗੁਆਂਢੀ ਬਾਰੇ ਹੀ ਲਿਖੀ ਸੀ ਤੇ ਘਰ ਵੀ ਉਹਦਾ ਸਾਹਮਣੇ ਸੀ ਤੇ ਨਾਂ ਵੀ ਚੰਨਣ ਨਹੀਂ ਸੀ ਉਹਦਾ। ਉਹਦਾ ਨਾਂ ਫੁੰਮਣ ਸੀ।

ਕਿੰਨੀ ਦਿੱਬ ਦ੍ਰਿਸ਼ਟੀ ਸੀ ਪ੍ਰੋਫੈਸਰ ਹਰਦਿਆਲ ਸਿੰਘ ਦੀ! ਸਾਰਾ ਕੁੱਝ ਬੁੱਝ ਲਿਆ ਸੀ। ਉਹ ਸੇਖੋਂ-ਪੀੜ੍ਹੀ ਦੇ ਬੰਦੇ ਸਨ। ਵਿਦਵਾਨ ਵੀ ਉਨੇ ਹੀ ਵੱਡੇ ਸਨ। ਲੁਧਿਆਣਾ ਦੇ ਗਵਰਮੈਂਟ ਕਾਲਜ ਵਿਚ ਪੜ੍ਹਾਉਂਦੇ ਸਨ। "ਪੰਜਾਬੀ ਸਾਹਿਤ: ਵਿਚਾਰ ਤੇ ਰੂਪ" ਉਹਨਾਂ ਦੀ ਆਲੋਚਨਾ ਦੀ ਬੜੀ ਹੀ ਵਧੀਆ ਪੁਸਤਕ ਹੈ। ਡਾਕਟਰ ਦੀਵਾਨ ਸਿੰਘ ਕਾਲੇ ਪਾਣੀ ਬਾਰੇ ਵੀ ਇਕ ਪੁਸਤਕ ਉਹਨਾਂ ਲਿਖੀ ਹੈ—"ਇਕ ਸੁਨਹਿਰੀ ਦਿਲ"। ਬੜੀ ਹੀ ਟੁੰਬਵੀਂ ਪੁਸਤਕ ਹੈ। ਉਹਨਾਂ ਦੀ ਸ਼ਹੀਦੀ ਬਾਰੇ ਇਸ ਵਿਚ ਪੂਰਾ ਵਰਣਨ ਹੈ। ਧਾਂਦਰਾ ਪਿੰਡ ਸੀ ਉਹਨਾਂ ਦਾ। ਲੁਧਿਆਣਾ ਦੇ ਨੇੜੇ ਹੀ।

ਮੀਟਿੰਗ ਵਿਚ ਸੰਤ ਸਿੰਘ ਸੇਖੋਂ ਨੇ ਕੁਝ ਨਹੀਂ ਆਖਿਆ। ਪਰ ਜੀਵਨ ਸਿੰਘ ਲਾਹੌਰ ਬੁਕ ਸ਼ਾਪ ਨੂੰ ਉਹਨਾਂ ਆਖਿਆ ਕਿ ਧੀਰ ਦੀ ਕਹਾਣੀ ਸੁਣੀ, ਨਵੀਂ, ਉਹਨਾਂ ਨੇ ਮੀਟਿੰਗ ਵਿਚ। ਬੜੀ ਹੀ ਵਧੀਆ ਤੇ ਸਫਲ ਸੀ। ਮੇਰੇ ਨਾਲੋਂ ਚੰਗੀ। ਕੁਝ ਕੁ ਦਿਨਾਂ ਮਗਰੋਂ ਮੇਰਾ ਲੁਧਿਆਣੇ ਆਉਣ ਹੋਇਆ। ਲਾਹੌਰ ਬੁਕ ਸ਼ਾਪ ਉਤੇ ਸੇਖੋਂ ਸਾਹਿਬ ਬੈਠੇ ਮਿਲੇ। ਉਹਨਾਂ ਫੇਰ ਪ੍ਰਸੰਸਾ ਕੀਤੀ: "ਬਈ, ਸੰਤੋਖ ਸਿੰਘ, ਕਹਾਣੀ ਬਹੁਤ ਵਧੀਆ ਸੀ ਤੇਰੀ!" ਸੇਖੋਂ ਸਾਹਿਬ ਦਾ ਏਨਾ ਕਹਿਣਾ ਹੀ ਬਹੁਤ ਵੱਡੀ ਗੱਲ ਸੀ, ਉਹਨੀਂ ਦਿਨੀਂ, ਮੇਰੇ ਲਈ। ਇਹ ਸਭ ਤੋਂ ਉੱਚੀ ਸਨਦ ਸੀ।

ਅਜਾਇਬ ਚਿੱਤਰਕਾਰ ਨੇ ਇਹ ਪਹਿਲਾਂ ਹੀ ਪੜ੍ਹ ਲਈ ਸੀ। ਉਹਦੀ ਰਾਏ ਇਹ ਸੀ: " 'ਕੋਈ ਇਕ ਸਵਾਰ' ਦੀ ਹੀ ਟੱਕਰ ਦੀ ਕਹਾਣੀ ਐ। ਬੜੀ ਸਫਲ। ਬੜੀ ਵਧੀਆ।"

ਸੇਖੋਂ ਸਾਹਿਬ ਐਫ਼. ਏ. ਲਈ "ਸੱਚੀਆਂ ਝੂਠੀਆਂ" ਨਾਂ ਦਾ ਸੰਕਲਨ ਤਿਆਰ ਕਰ ਰਹੇ ਸਨ, ਪੰਜਾਬ ਯੂਨੀਵਰਸਿਟੀ ਲਈ। ਉਹਨਾਂ, ਇਹ ਕਹਾਣੀ, ਉਸ ਸੰਗ੍ਰਿਹ ਵਿਚ ਸ਼ਾਮਿਲ ਕੀਤੀ ਸੀ।

"ਸਾਂਝੀ ਕੰਧ" ਲਿੱਖੀ ਤਾਂ ਉਹ ਵੀ ਇਵੇਂ ਮਕਬੂਲ ਹੋਈ। "ਪ੍ਰੀਤ ਲੜੀ" ਵਿਚ ਛਪੀ ਸੀ ਉਹ।

ਬੀ. ਏ., ਐਫ. ਏ. ਵਿਚ ਲੱਗਣ ਤੋਂ ਬਿਨਾਂ ਦੋਵੇਂ ਕਹਾਣੀਆਂ, ਉੱਪਰਲੀਆਂ, ਦਸਵੀਂ-ਹਾਇਰ ਸੈਕੰਡਰੀ ਵਿਚ ਵੀ ਕੋਰਸ ਲੱਗਦੀਆਂ ਰਹੀਆ ਹਨ ਤੇ ਤੀਜੀ, "ਸਾਂਝੀ ਕੰਧ", ਵੀ ਇਹਨਾਂ ਨਾਲ ਕੋਰਸ ਲੱਗਣ ਲੱਗ ਪਈ। ਬੀ. ਏ., ਐਫ. ਏ. ਨਾਲ ਤਾਂ ਪ੍ਰਸਿੱਧ ਨਹੀਂ ਇਹ ਹੋਈਆਂ ਏਨਾ, ਦਸਵੀਂ-ਹਾਇਰ ਸੈਕੰਡਰੀ ਵਿਚ ਲੱਗਣ ਨਾਲ ਪ੍ਰਸਿੱਧ ਹੋਈਆਂ। ਪਹਿਲਾਂ ਵਿਦਿਆਰਥੀ ਪੜ੍ਹਦੇ ਤੇ ਫੇਰ ਉਹਨਾਂ ਦੇ ਘਰਾਂ ਦੇ ਜੀਅ ਕਿਉਂਕਿ ਇਹਨਾਂ ਕਹਾਣੀਆਂ ਵਿਚ ਉਹਨਾਂ ਦਾ ਆਪਣਾ ਸੱਚਾ ਜੀਵਨ ਝਲਕਾਂ ਮਾਰਦਾ ਹੁੰਦਾ ਸੀ। "ਸਵੇਰ ਹੋਣ ਤਕ" ਵਾਲੀ ਕਹਾਣੀ, ਪੰਜਾਬ ਵਿਚ, ਕਿਹੜਾ ਘਰ ਹੈ ਜਿਸ ਨਾਲ ਨਹੀਂ ਵਾਪਰਦੀ ? ਸਾਰੇ ਹਿੰਦੋਸਤਾਨ ਨਾਲ ਇਹ ਵਾਪਰਨ ਵਾਲੀ ਕਹਾਣੀ ਹੈ—ਕਿਸਾਨੀ ਹਿੰਦੋਸਤਾਨ ਨਾਲ, ਗ਼ਰੀਬ ਹਿੰਦੋਸਤਾਨ ਨਾਲ, ਜਿਨ੍ਹਾਂ ਦੇ ਘਰ ਕੱਚੇ ਹਨ ਤੇ ਮੀਹਾਂ ਵਿਚ ਸੌਣ ਲਈ, ਗਰਮੀਆਂ ਦੇ ਮੌਸਮ ਵਿਚ, ਘਰਾਂ ਉਤੇ ਚੁਬਾਰੇ ਨਹੀਂ। ਇਸੇ ਤਰ੍ਹਾਂ "ਸਾਂਝੀ ਕੰਧ" ਦੀ ਹਰ ਕਿਸੇ ਨਾਲ ਸਾਂਝ ਹੈ ; ਇਹ ਪ੍ਰਤੀਕਆਤਮਕ ਹੈ। ਹਿੰਦੋਸਤਾਨ ਤੇ ਪਾਕਿਸਤਾਨ ਦੋ ਵੱਖੋ-ਵੱਖਰੇ ਮੁਲਕ ਹਨ ਅੱਜ। ਪਰ ਅਸਲ ਵਿਚ ਇਹ "ਸਾਝੀ ਕੰਧ" ਦੇ ਕਪੂਰ ਸਿੰਘ - ਦਰਬਾਰਾ ਹੀ ਹਨ। ਇਕੋ ਰਹਿਣੀ, ਇਕੋ ਲਹੂ। ਜੇ ਅੱਜ ਇਹ ਲੜਦੇ ਹਨ ਤਾਂ ਦੋਵੇਂ ਕਦੇ ਮਿਲਣਗੇ ਵੀ। ਮੇਰੀ ਇਹ ਕਹਾਣੀ ਮੈਨੂੰ ਇਹ ਵਿਸ਼ਵਾਸ ਦੇ ਰਹੀ ਹੈ।

"ਕੋਈ ਇਕ ਸਵਾਰ" ਬਾਰੇ ਮੈਂ ਪਹਿਲਾਂ ਦੱਸ ਹੀ ਚੁੱਕਾ ਹਾਂ। ਬਾਰੂ ਤਾਂਗੇ ਵਾਲਾ ਕਿਰਤੀ ਜਨਤਾ ਦਾ ਨੁਮਾਇੰਦਾ ਹੈ।

"ਕੋਈ ਇਕ ਸਵਾਰ" ਅਤੇ "ਸਾਂਝੀ ਕੰਧ" ਬਾਰੇ ਦੋ ਹਸਾਉਣੀਆਂ ਗੱਲਾਂ ਮੈਨੂੰ ਏਥੇ ਯਾਦ ਆ ਰਹੀਆਂ ਹਨ।

ਚੰਡੀਗੜ੍ਹ ਦੇ ਪੱਛਮ ਵੱਲ ਸੋਹਾਣਾ ਨਾਂ ਦਾ ਪਿੰਡ ਹੈ ਇਕ। ਇਸ ਗੱਲ ਨੂੰ ਡੇਢ ਦਹਾਕੇ ਤੋਂ ਉਤੇ ਸਮਾਂ ਹੋ ਚੁੱਕਾ ਹੈ। 72 ਕਿ 73 ਸੀ ਸੰਨ। ਮਾਰਚ ਦਾ ਮਹੀਨਾ ਸੀ। ਮੈਂ ਸੋਹਾਣਾ ਪਿੰਡ ਦੇ ਬਾਹਰ ਸੜਕ-ਕੰਢੇ ਬਸ ਦੀ ਉਡੀਕ ਵਿਚ ਖਲੋਤਾ ਸਾਂ। ਇਮਤਿਹਾਨਾਂ ਦੇ ਦਿਨ ਸਨ। ਸਕੂਲੋਂ ਇਮਤਿਹਾਨ ਦੇ ਕੇ ਕੁਝ ਮੁੰਡੇ ਆਏ ਤੇ ਮੈਥੋਂ ਥੋੜਾ ਦੂਰ ਸੜਕ-ਕੰਢੇ ਖੜੇ ਹੋ ਗਏ। "ਕੋਈ ਇਕ ਸਵਾਰ" ਉਹਨਾਂ ਦੇ ਕੋਰਸ ਵਿਚ ਲੱਗੀ ਹੋਈ ਸੀ। ਏਨੇ ਵਿਚ ਸੜਕ ਉਤੇ ਇਕ ਤਾਂਗਾ ਆਇਆ ਤੇ ਸਾਡੇ ਸਾਹਮਣਿਓਂ ਲੰਘਣ ਲੱਗਾ। ਤਾਂਗਾ ਉਂਜ ਖ਼ਾਲੀ ਸੀ। ਮੁੰਡੇ ਉੱਚੀ ਆਖਣ ਲੱਗੇ : "ਜਾਂਦਾ ਕੋਈ ਇਕ ਸਵਾਰ ਖੰਨੇ ਦਾ ਬਈ ਓ !" ਮੈਨੂੰ ਬੜੀ ਹੀ ਖ਼ੁਸ਼ੀ ਹੋਈ। ਉਹਨਾਂ ਨੂੰ ਨਹੀਂ ਸੀ ਪਤਾ ਕਿ ਮੈਂ, ਇਸ ਕਹਾਣੀ ਦਾ ਲੇਖਕ, ਉਹਨਾਂ ਦੇ ਕੋਲ ਹੀ ਖੜਾ ਹਾਂ। ਕਿੰਨਾ ਵੱਡਾ ਇਨਾਮ ਮੇਰੀ ਕਹਾਣੀ ਨੂੰ ਦਿੱਤਾ ਗਿਆ ਸੀ। ਕਹਾਣੀ ਨੇ ਉਹਨਾਂ ਦੇ ਦਿਲ ਵਿਚ ਆਪਣੀ ਥਾਂ ਬਣਾ ਲਈ ਹੋਈ ਸੀ।

ਇਸੇ ਤਰ੍ਹਾਂ "ਸਾਂਝੀ ਕੰਧ" ਬਾਰੇ ਵੀ ਇਕ ਘਟਨਾ ਹੈ। ਚੋਣਾਂ ਸਨ ਪੰਜਾਬ ਵਿਧਾਨ ਸਭਾ ਦੀਆਂ, ਪੰਜਾਬ ਵਿਚ। ਸਮਰਾਲਾ ਸਾਡੇ ਨੇੜੇ ਹੀ ਹੈ। ਕਮਿਊਨਿਸਟ ਉਮੀਦਵਾਰ ਉਥੋਂ ਚੋਣ ਲੜ ਰਿਹਾ ਸੀ ਤੇ ਮੈਨੂੰ ਉਸਦੀ ਮਦਦ ਲਈ ਪੁੱਜਣ ਲਈ ਆਖਿਆ ਗਿਆ ਸੀ। ਭਾਸ਼ਨ ਵੀ ਮੈਂ ਮਾੜਾ-ਮੋਟਾ ਚੰਗਾ ਕਰ ਹੀ ਲੈਂਦਾ ਹਾਂ। ਉਮੀਦਵਾਰ ਮੈਨੂੰ ਆਪਣੇ ਨਾਲ ਹੀ ਰੱਖਦਾ ਹੁੰਦਾ ਸੀ। ਇਕ ਦਿਨ ਵਿਚ ਕਈ-ਕਈ ਪਿੰਡੀਂ ਜਲਸੇ ਕਰਦੇ ਹੁੰਦੇ ਸਾਂ। ਇਸ ਪਿੰਡ ਜਲਸਾ ਹੈ ਤਾਂ ਇਕ ਗੱਡੀ ਅਗਲੇ ਪਿੰਡ ਪਹਿਲਾਂ ਪਹੁੰਚ ਜਾਂਦੀ ਤੇ ਜਲਸੇ ਲਈ ਮੁਨਾਦੀ ਕਰਦੀ। ਮੇਰੇ ਬਾਰੇ ਆਖਿਆ ਜਾਂਦਾ : "ਸਾਂਝੀ ਕੰਧ ਦਾ ਲੇਖਕ ਸੰਤੋਖ ਸਿੰਘ ਧੀਰ ਆ ਰਿਹਾ ਹੈ, ਉਹ ਵੀ ਭਾਸ਼ਨ ਦੇਵੇਗਾ।" ਉਹਨੀਂ ਦਿਨੀਂ "ਸਾਂਝੀ ਕੰਧ" ਸੀ ਲੱਗੀ ਹੋਈ ਸਕੂਲਾਂ ਵਿਚ। ਕਹਾਣੀ ਕੇਵਲ ਵਿਦਿਆਰਥੀ ਨਹੀਂ, ਸਗੋਂ ਉਹਨਾਂ ਦੇ ਮਾਪਿਆਂ ਨੇ ਵੀ ਅਗੋਂ ਪੜ੍ਹੀ ਹੋਈ ਹੁੰਦੀ ਸੀ। ਅਸੀਂ ਰਾਤ ਨੂੰ ਦਸ ਕੁ ਵਜੇ ਇਕ ਅਜਿਹੇ ਪਿੰਡ ਪੁੱਜੇ ਜਿਥੇ ਬਹੁਤਾ ਸਾਡਾ ਨਹੀਂ, ਅਕਾਲੀਆਂ ਦਾ ਅਸਰ ਸੀ। ਅਕਾਲੀਆਂ ਦੇ ਅਸਰ ਕਾਰਨ ਪੰਜਾਬ ਵਿਚ ਕਿਸਾਨੀ ਸਾਨੂੰ ਦੇਖਣਾ ਨਹੀਂ ਚਾਹੁੰਦੀ ਸੀ ਅਸੀਂ ਪੁੱਜੇ ਤਾਂ ਸੱਥ ਵਿਚ ਬੜੀ ਹੀ ਗਰਮਾ-ਗਰਮੀ ਸੀ। ਬੜੀ ਹੀ ਉਤੇਜਨਾ। ਸੀ ਤਾਂ ਚੋਣ-ਬੁਖ਼ਾਰ ਇਹ, ਪਰ ਸਾਡੇ ਲਈ ਇਹ ਬੁਖ਼ਾਰ ਕੁਝ ਹਮਲਾ-ਆਵਰ ਹੀ ਹੁੰਦਾ ਸੀ, ਖ਼ਾਸਕਰ ਸਾਡੇ ਇਲਾਕੇ ਵਿਚ। ਸਾਨੂੰ ਉਹਨਾਂ ਦੇਖਿਆ ਤਾਂ ਝੱਟ ਕਿਸੇ ਨੇ ਆਖਿਆ : "ਕੌਣ ਹੈ ਬਈ ਤੁਹਾਡੇ ਵਿਚੋਂ 'ਸਾਂਝੀ ਕੰਧ' ਲਿਖਣ ਵਾਲਾ? 'ਸਾਂਝੀ ਕੰਧ' ਵਾਲਾ ਦਿਖਾਓ!"

ਮੈਂ ਬਹੁਤ ਹੀ ਡਰ ਗਿਆ। ਇਹ ਕਹਾਣੀ ਮੈਂ ਆਪਣੇ ਪਿੰਡ ਤੇ ਆਪਣੇ ਬਾਰੇ ਹੀ ਲਿਖੀ ਸੀ। ਪਰ ਸੀ ਇਹ ਸਭ ਹੀ ਪਿੰਡਾਂ ਦੀ ਤੇ ਸਭ ਹੀ ਲੋਕਾਂ ਦੀ ਆਪਣੀ ਹੀ। ਮੈਂ ਸੋਚਿਆ, ਇਹ ਲੋਕ ਹੁਣ ਮੇਰੇ ਮੌਰ ਸੇਕਣਗੇ। ਆਖਣਗੇ, ਮੈਂ ਇਹ ਕਹਾਣੀ ਉਹਨਾਂ ਬਾਰੇ ਲਿਖੀ ਹੈ ਤੇ ਉਹਨਾਂ ਨੂੰ ਬੱਦੂ ਕੀਤਾ ਹੈ। ਪਰ ਗੱਲ ਅੱਗੇ ਉਲਟ ਸੀ। ਉਹ ਇਸ ਕਹਾਣੀ ਦੀ ਪ੍ਰਸ਼ੰਸਾ ਵਿਚ ਉਤੇਜਤ ਸਨ ਤੇ ਇਸ ਕਹਾਣੀ ਨੂੰ ਲਿਖਣ ਵਾਲੇ ਨੂੰ ਦੇਖਣ ਲਈ ਉਹ ਤਹੂ ਸਨ। ਹਕੀਕਤ ਪਤਾ ਲੱਗੀ ਤਾਂ ਮੇਰੀ ਜਾਨ ਵਿਚ ਜਾਨ ਆਈ। ਚਿੰਤਾ ਮੇਰੀ ਠੀਕ ਸੀ। ਕਈ ਵਾਰ ਐਵੇਂ ਲੈਣੇ ਦੇ ਦੇਣੇ ਵੀ ਪੈ ਜਾਂਦੇ ਹਨ। ਇਸ ਬਾਰੇ ਵੀ ਇਕ ਗੱਲ ਮੈਂ ਵੱਖ ਕਿਤੇ ਦੱਸਾਂਗਾ। 'ਸੰਤ ਜੀ" ਕਹਾਣੀ ਬਾਰੇ ਹੋਈ ਸੀ ਅਜਿਹੀ ਗੱਲ।

"ਸਾਂਝੀ ਕੰਧ" ਉਤੇ ਵੀ ਇਕ ਟੈਲੀਫ਼ਿਲਮ ਬਣੀ ਸੀ। ਇਸਦੇ ਪ੍ਰੋਡਿਊਸਰ ਨੇ ਵੀ ਮੇਰੇ ਨਾਲ ਮਾੜੀ ਕੀਤੀ।

ਪੰਜ ਲੱਖ ਰੁਪਏ ਨਾਲ ਇਹ ਟੈਲੀਫ਼ਿਲਮ ਬਣਾਈ ਗਈ, ਨੱਬੇ ਮਿੰਟ ਸਮੇਂ ਦੀ। 22 ਜੁਲਾਈ 1989 ਨੂੰ ਦਿਖਾਈ ਗਈ, ਨੈਟਵਰਕ ਪ੍ਰੋਗਰਾਮ ਵਿਚ, ਦਿੱਲੀ ਦੂਰਦਰਸ਼ਨ ਤੋਂ, "ਸਾਂਝੀ ਦੀਵਾਰ" ਦੇ ਨਾਂ ਨਾਲ। ਪਰ ਮੈਂ ਅਤੇ ਮੇਰੇ ਪਰਿਵਾਰ ਨੇ ਅੱਜ ਤਕ ਵੀ ਇਹ ਦੇਖੀ ਨਹੀਂ। ਆਉਣ ਬਾਰੇ ਸਾਨੂੰ ਕੋਈ ਸੂਚਨਾ ਨਹੀਂ ਦਿੱਤੀ ਗਈ ਤੇ ਅਸੀਂ ਉਸ ਦਿਨ ਦੇਖੀ ਨਹੀਂ। ਪ੍ਰੋਡਿਊਸਰ ਤੋਂ ਕੈਸਟ ਮੰਗੀ। ਉਸਨੇ ਕੈਸਟ ਨਹੀਂ ਦਿੱਤੀ। ਮੈਨੂੰ ਕੇਵਲ ਇੱਕੀ ਸੌ ਰੁਪਏ ਦਿੱਤੇ ਗਏ ਸਨ। ਜਦੋਂ ਇੱਕੀ ਸੌ ਮਿਲੇ ਸਨ, ਮੈਨੂੰ ਬਹੁਤ ਖ਼ੁਸ਼ੀ

ਹੋਈ ਕਿ ਬਹੁਤ ਪੈਸੇ ਮਿਲ ਗਏ ਹਨ। ਕਿਉਂਕਿ ਮੈਨੂੰ ਤਾਂ ਇੱਕੀ ਰੁਪਏ ਵੀ ਕਦੇ ਕਿਸੇ ਨਹੀਂ ਦਿੱਤੇ ਸਨ ਇਹਦੇ। ਮਗਰੋਂ ਪਤਾ ਲੱਗਾ ਕਿ ਇੱਕੀ ਸੌ ਬਹੁਤ ਥੋੜੇ ਹਨ। ਪੰਜ ਲੱਖ ਦਾ ਬਜਟ ਹੈ। ਘਟੋ-ਘੱਟ ਪੱਚੀ ਹਜ਼ਾਰ ਮੈਨੂੰ ਮਿਲਣਾ ਚਾਹੀਦਾ ਹੈ। ਪ੍ਰੋਡਿਊਸਰ ਨੂੰ ਮੈਂ ਲਿਖਿਆ ਕਿ ਮੈਨੂੰ ਪੱਚੀ ਹਜ਼ਾਰ ਦੇਣਾ। ਰਸੀਦ ਇੱਕੀ ਸੌ ਲੈਣ ਵੇਲੇ, ਮੈਂ ਲਿਖਕੇ ਦੇ ਚੁੱਕਾ ਸਾਂ ਕਿ ਮੈਨੂੰ "ਫ਼ੁਲ" ਤੇ 'ਫ਼ਾਈਨਲ" ਪੇਮੈਂਟ ਮਿਲ ਚੁੱਕੀ ਹੈ। ਪ੍ਰੋਡਿਊਸਰ ਨੇ ਇਸ ਲਿਖਤ ਨੂੰ ਆਪਣੇ ਹੱਕ ਵਿਚ ਵਰਤਿਆ। ਕਹਿੰਦਾ ਸੀ ਕਿ ਤਿੰਨ ਹਜ਼ਾਰ ਅਸੀਂ ਹੋਰ ਦਿੰਦੇ ਹਾਂ। ਪਰ ਮੈਨੂੰ ਇਹ ਬਹੁਤ ਥੋੜਾ ਲੱਗਾ। ਕਿਥੇ ਪੱਚੀ, ਕਿਥੇ ਪੰਜ! ਦਸ-ਬਾਰਾਂ ਹਜ਼ਾਰ ਹੋ ਜਾਂਦਾ ਤਾਂ ਮੈਂ ਮੰਨ ਵੀ ਜਾਣਾ ਸੀ। ਪਰ ਪੱਚੀ ਮੰਗ ਕੇ ਪੰਜ ਨਾਲ ਹੀ ਸਾਰ ਲੈਣਾ ਕੁਝ ਜਚਿਆ ਨਹੀਂ। ਅਤੇ ਗੱਲ ਟੁੱਟ ਗਈ ਅਤੇ ਨਾ-ਚਾਕੀ ਵਧ ਗਈ। ਵਕੀਲ ਰਾਹੀਂ ਨੋਟਿਸ ਦਿੱਤਾ ਕਿ ਮੇਰੇ ਨਾਲ ਚਾਲਾਕੀ ਕਰਕੇ ਧੋਖਾ ਕੀਤਾ ਗਿਆ ਹੈ। ਨਾ ਬਜਟ ਬਾਰੇ ਦੱਸਿਆ ਸੀ, ਨਾ ਹੀ ਫ਼ਿਲਮ ਦੇ ਸਮੇਂ ਬਾਰੇ, ਅਤੇ ਮੈਂ ਅਣਜਾਣ ਸਾਂ। ਪ੍ਰੋਡਿਊਸਰ ਫੇਰ ਆਇਆ। ਪਰ ਤਿੰਨ ਹੀ ਹੋਰ ਆਖਣ ਲੱਗਾ। ਮੈਂ ਮੰਨ ਵੀ ਜਾਣਾ ਸੀ, ਪਰ ਲਹਿਜਾ ਬਹੁਤ ਰੁੱਖਾ ਸੀ: "ਲੈਣੇ ਹਨ, ਲਓ, ਨਹੀਂ ਲੈਣੇ ਤਾਂ ਨਾ ਲਓ। ਅਸੀਂ ਏਨੇ ਹੀ ਦੇਣੇ ਹਨ।" ਮੈਨੂੰ ਇਉਂ ਸਮਝੌਤਾ ਕਰਨਾ ਬਹੁਤ ਮੁਸ਼ਕਿਲ ਹੋ ਗਿਆ ਸੀ।

ਕੈਸਟ ਮੰਗੀ, ਦਿੱਤੀ ਨਹੀਂ, ਸ਼ਿਮਲੇ ਗਈ ਹੋਈ ਹੈ ਅਖੇ, ਪਾਰਟਨਰ ਲੈ ਗਿਆ ਹੈ ਮੇਰਾ। ਅਸਲ ਵਿਚ ਇਹ ਝੂਠ ਸੀ। ਕੈਸਟ ਉਹ ਦੇਣੀ ਨਹੀਂ ਸੀ ਚਾਹੁੰਦਾ। ਉਹ ਮੈਨੂੰ ਦੱਸਣਾ ਚਾਹੁੰਦਾ ਸੀ ਕਿ ਪੱਚੀ ਹਜ਼ਾਰ ਮੰਗਦਾ ਏਂ, ਚੰਗਾ ਫੇਰ, ਲੈ ਲੈ ਕੈਸਟ। ਜਜ਼ਬਾ ਇਹਨਾਂ ਲੋਕਾਂ ਦੇ ਕੋਈ ਨੇੜੇ-ਤੇੜੇ ਵੀ ਨਹੀਂ ਸੀ। ਜੇ ਮੈਂ ਆਪਣੀ ਕਹਾਣੀ ਉਤੇ ਬਣੀ ਹੋਈ ਫ਼ਿਲਮ ਨਹੀਂ ਦੇਖੀ ਤਾਂ ਉਹਨਾਂ ਨੂੰ ਕੀ ਲੱਗੇ ਇਸ ਨਾਲ? ਨਹੀਂ ਦੇਖੀ, ਨਾ ਸਹੀ।

ਦੂਰਦਰਸ਼ਨ ਦਿੱਲੀ ਤੋਂ ਵੀ ਕੈਸਟ ਲੈਣ ਦਾ ਯਤਨ ਕੀਤਾ। ਉਹਨਾਂ ਨੇ ਵੀ ਨਹੀਂ ਦਿੱਤੀ। ਉਹਨਾਂ ਕਿਹਾ, ਤੁਹਾਡਾ-ਸਾਡਾ ਕੋਈ ਸੰਬੰਧ ਹੀ ਨਹੀਂ ਹੈ। ਪ੍ਰੋਡਿਊਸਰ ਤੋਂ ਹੀ ਲਵੋ ਕੈਸਟ। ਠੇਕਾ ਉਹਨਾਂ ਨਾਲ ਸੀ ਸਾਡਾ।

ਦਾਅਵਾ ਮੈਂ ਨਹੀਂ ਕੀਤਾ ਫੇਰ। ਖੱਜਲ ਹੋਣਾ ਪੈਂਦਾ ਹੈ ਬੜਾ। "ਜਾਗ੍ਰਤੀ" ਉਤੇ ਕੀਤਾ ਸੀ, ਬਹੁਤ ਖ਼ੁਆਰ ਹੋਇਆ ਸਾਂ, ਭਾਵੇਂ ਮੈਂ ਜਿੱਤ ਹੀ ਗਿਆ ਸਾਂ। ਵਕੀਲ ਵੀ ਮੇਰਾ ਆਪਣਾ ਸੀ। ਮਿੱਤਰ ਅਤੇ ਹਿਤੂ। ਕੋਈ ਖ਼ਰਚ ਨਹੀਂ ਹੋਇਆ ਸੀ ਮੇਰਾ। ਪਰ ਪੇਸ਼ੀਆਂ ਉਤੇ ਜਾਣ ਨਾਲ ਹੀ ਕਾਫ਼ੀ ਤੰਗ ਪੈ ਗਿਆ ਸਾਂ।

ਪਤਾ ਨਹੀਂ, ਕਿਹੋ ਜਿਹੀ ਫ਼ਿਲਮ ਬਣੀ ਹੋਵੇਗੀ। ਕੋਈ ਕਹਿੰਦਾ ਹੈ, ਚੰਗੀ ਹੈ; ਕੋਈ ਕਹਿੰਦਾ ਹੈ, ਬਹੁਤ ਭੈੜੀ।

"ਕੋਈ ਇਕ ਸਵਾਰ" ਉਤੇ ਵੀ ਟੈਲੀਫ਼ਿਲਮ ਬਣੀ ਸੀ ਇਕ, ਕੇਵਲ ਵੀਹਾਂ ਮਿੰਟਾਂ ਦੀ, ਜਲੰਧਰ ਦੂਰਦਰਸ਼ਨ ਵਲੋਂ। ਜੱਖਣਾ ਪੁੱਟੀ ਪਈ ਸੀ। ਕਦੇ ਵੀਹਾਂ ਮਿੰਟਾਂ ਦੀਆਂ ਵੀ ਫ਼ਿਲਮਾਂ ਬਣਦੀਆਂ ਹੁੰਦੀਆਂ ਹਨ? ਸਪਿਰਟ ਵੀ ਮਾਰੀ ਪਈ ਸੀ ਸਾਰੀ।

# "ਭੇਤ ਵਾਲੀ ਗੱਲ" ਤੇ "ਮੰਗੋ"

"ਭੇਤ ਵਾਲੀ ਗੱਲ" ਤੇ "ਮੰਗੋ" ਮੇਰੀਆਂ ਦੋ ਕਹਾਣੀਆਂ ਹਨ ਜੋ ਕਾਫ਼ੀ ਗਿਣਨ-ਯੋਗ ਹਨ। ਏਥੇ ਇਹਨਾਂ ਬਾਰੇ ਵੀ ਕੋਈ ਗੱਲ ਹੋ ਜਾਣੀ ਚਾਹੀਦੀ ਹੈ। ਇਹਨਾਂ ਦਾ ਇਹ ਹੱਕ ਵੀ ਹੈ। ਇਹ ਕਹਾਣੀਆਂ "ਸਾਂਝੀ ਕੰਧ" ਪੁਸਤਕ ਵਿਚ ਪ੍ਰਕਾਸ਼ਿਤ ਹਨ। "ਮੇਰੀਆਂ ਸ੍ਰੇਸ਼ਟ ਕਹਾਣੀਆਂ" ਵਿਚ ਵੀ ਮੈਂ ਇਹ ਸ਼ਾਮਿਲ ਕੀਤੀਆਂ ਹਨ ਤੇ "ਮੇਰੀ ਪ੍ਰਤਿਨਿਧ ਰਚਨਾ" ਵਿਚ ਵੀ ਸ਼ਾਮਿਲ ਕੀਤੀਆਂ ਗਈਆਂ ਹਨ - ਪੰਜਾਬੀ ਯੂਨੀਵਰਸਿਟੀ ਵਲੋਂ ਛਾਪੀ ਗਈ ਪ੍ਰਕਾਸ਼ਨਾ ਵਿਚ। "ਕੋਈ ਇਕ ਸਵਾਰ", "ਸਵੇਰ ਹੋਣ ਤਕ" ਤੇ "ਸਾਂਝੀ ਕੰਧ" ਆਦਿ ਵਾਂਗ ਹੀ ਇਹ ਵੀ ਉੱਚ ਪਾਏ ਦੀਆਂ ਹਨ, ਪਰ ਪ੍ਰਸਿੱਧ ਘੱਟ ਹਨ। ਕਿਉਂਕਿ ਉਹਨਾਂ ਤਿੰਨਾਂ ਵਾਂਗੂ ਕੋਰਸ ਨਹੀਂ ਲੱਗ ਸਕੀਆਂ ਇਹ। "ਮੰਗੋ" ਨੂੰ ਤਾਂ ਕੁਝ ਪ੍ਰਸਿੱਧੀ ਫੇਰ ਵੀ ਮਿਲ ਚੁੱਕੀ ਹੈ, ਇਹ ਦਿੱਲੀ ਤੇ ਪੰਜਾਬ ਵਿਚ ਵੀ ਕਿਸੇ ਯੂਨੀਵਰਸਿਟੀ ਵਲੋਂ ਕੋਰਸ ਲਾਈ ਗਈ ਹੈ ਤੇ ਦੂਰਦਰਸ਼ਨ ਵਲੋਂ ਇਹਦੀ ਫ਼ਿਲਮ ਵੀ ਬਣ ਚੁੱਕੀ ਹੈ, ਪਰ "ਭੇਤ ਵਾਲੀ ਗੱਲ" ਅਜੇ ਤਕ ਉੱਕਾ ਹੀ ਅਣਗੌਲੀ ਹੈ। ਇਹਦੀ ਚਰਚਾ ਉਹ ਨਹੀਂ ਹੋਈ ਜਿਹੜੀ ਹੋਣੀ ਚਾਹੀਦੀ ਸੀ ਜਾਂ ਜਿਹੜੀ ਇਸਦਾ ਹੱਕ ਸੀ – ਅਜਿਹੀ ਹੱਕ-ਤਲਫ਼ੀ ਹੋਰਾਂ ਕਹਾਣੀਆਂ ਦੀ ਵੀ ਹੋਈ ਹੈ—ਭੇਡ ਚਾਲ ਹੈ ਅਸਲ ਵਿਚ। ਜਦੋਂ ਕਿਸੇ ਨੇ ਗੌਲ ਲਈ ਤਾਂ ਬਾਕੀਆਂ ਵਾਂਗੂ ਇਹਨੂੰ ਵੀ ਫੇਰ ਹਰ ਕੋਈ ਗੌਲਣ ਲੱਗ ਜਾਵੇਗਾ। ਬੱਸ ਕਿਸੇ ਇੱਕ ਵਲੋਂ ਗੌਲੇ ਜਾਣ ਦੀ ਲੋੜ ਹੈ। ਅੱਜ ਹਾਲਤ ਇਹ ਹੈ ਕਿ ਜਦੋਂ ਵੀ ਕੋਈ ਵਿਦਵਾਨ ਕਾਲਜਾਂ-ਸਕੂਲਾਂ ਆਦਿ ਲਈ ਕੋਈ ਕਹਾਣੀ-ਸੰਕਲਨ (Anthology) ਤਿਆਰ ਕਰਨ ਲਗਦਾ ਹੈ ਤਾਂ ਉਹਦੀ ਨਜ਼ਰ ਮੇਰੀਆਂ ਤਿੰਨਾਂ ਕਹਾਣੀਆਂ ਉਤੇ ਹੀ ਪੈਂਦੀ ਹੈ — "ਸਾਂਝੀ ਕੰਧ", "ਸਵੇਰ ਹੋਣ ਤਕ", "ਕੋਈ ਇਕ ਸਵਾਰ" ਉਤੇ – ਤੇ ਉਹਨਾਂ ਵਿਚੋਂ ਹੀ ਕੋਈ ਇਕ ਸੰਕਲਨ ਲਈ ਚੁਣ ਲੈਂਦਾ ਹੈ। ਮੇਰੀ ਕੋਈ ਹੋਰ ਵੀ ਕਹਾਣੀ ਉਹਨਾਂ ਜਿਹੀ ਹੀ ਹੈ, ਇਹ ਜਾਨਣ ਦੀ ਖੇਚਲ ਕਦੇ ਘੱਟ ਹੀ ਕੀਤੀ ਜਾਂਦੀ ਹੈ। ਸਗੋਂ ਸੱਚ ਤਾਂ ਇਹ ਹੈ ਕਿ ਖੇਚਲ ਕੀਤੀ ਹੀ ਨਹੀਂ ਜਾਂਦੀ। ਸਾਡੇ ਖੇਚਲ ਕਰਨ ਦਾ ਰਿਵਾਜ ਬਹੁਤ ਹੀ ਘੱਟ ਹੈ। ਮੱਖੀ ਉਤੇ ਮੱਖੀ ਮਾਰਨੀ ਸਾਨੂੰ ਸੌਖੀ ਲਗਦੀ ਹੈ।

"ਭੇਤ ਵਾਲੀ ਗੱਲ" ਕਹਾਣੀ ਮਾਸਿਕ ਪੱਤਰ "ਆਰਸੀ" ਦੇ ਦੂਜੇ ਅੰਕ ਵਿਚ ਛਪੀ ਸੀ। ਪਹਿਲੇ ਵਿਚ ਮੇਰੀ ਕਹਾਣੀ "ਚਾਂਦੀ ਦੇ ਪਹੀਏ" ਛਪੀ ਸੀ। "ਆਰਸੀ"

ਕਹਾਣੀ-ਪੱਤਰ ਵਜੋਂ ਹੀ ਸ਼ੁਰੂ ਹੋਇਆ ਸੀ । ਪਰ ਕੁਝ ਕੁ ਅੰਕਾਂ ਮਗਰੋਂ ਇਹ ਜਨਰਲ ਹੀ ਬਣ ਗਿਆ ਸੀ ਤੇ ਸਭ ਸਮੱਗਰੀ ਛਪਣ ਲੱਗੀ । ਹਰ ਮਹੀਨੇ, ਸ਼ਾਇਦ, ਕਹਾਣੀਆਂ ਵਧੀਆ ਮਿਲਣੀਆਂ ਔਖੀਆਂ ਸਨ ਜਾਂ ਪਾਠਕਾਂ ਨੂੰ ਨਿਰੇ ਕਹਾਣੀ-ਪੱਤਰ ਦੀ ਲੋੜ ਨਹੀਂ ਸੀ, ਉਹ ਸਾਰਾ ਕੁਝ ਹੀ ਚਾਹੁੰਦੇ ਸਨ । ਖੈਰ, "ਭੇਤ ਵਾਲੀ ਗੱਲ" ਦੂਜੇ ਅੰਕ ਵਿਚ ਛਪੀ ਸੀ । ਪਸੰਦ ਬਹੁਤ ਕੀਤੀ ਗਈ, ਪਰ ਹਥੋ-ਹੱਥ ਉੱਠੀ ਨਹੀਂ । ਉਸ ਤੋਂ ਮਗਰੋਂ ਪਾਠਕਾਂ ਨੂੰ ਇਸਦਾ ਚੇਤਾ ਘੱਟ ਹੀ ਰਿਹਾ । ਗੱਲ ਕੋਰਸ ਵਾਲੀ ਹੀ ਹੈ । ਦਸਵੀਂ ਦੇ ਹੀ ਕੋਰਸ ਵਾਲੀ । ਕਾਲਜਾਂ-ਯੂਨੀਵਰਸਿਟੀਆਂ ਵਿਚ ਵੀ ਬਹੁਤ ਮਹਿਦੂਦ ਰਹਿ ਜਾਂਦੀ ਹੈ ਰਚਨਾ । ਦਸਵੀਂ ਵਿਚ ਲੱਖਾਂ ਹੀ ਵਿਦਿਆਰਥੀ ਜੋ ਹੁੰਦੇ ਹਨ ।

ਬੋਲੀ ਵੀ ਬਦਕਿਸਤ ਹੈ ਸਾਡੀ । ਇਹ ਵੀ ਕੀ ਕਿ ਜੇ ਕੋਈ ਰਚਨਾ ਦਸਵੀਂ ਵਿਚ ਹੀ ਕੋਰਸ ਲੱਗੇ, ਤਦ ਹੀ ਪੜ੍ਹੀ ਜਾਵੇ ਉਹ, ਉਂਜ ਕੋਈ ਉਹਨੂੰ ਗੌਲੇ ਹੀ ਨਾ ? ਇਹ ਸਮਝੋ ਮੱਲੋ-ਮੱਲੀ ਪੜ੍ਹਨ ਲਈ ਦਿੱਤੀ ਗਈ ਹੈ, ਆਪਣੇ-ਆਪ ਤਾਂ ਪਾਠਕਾਂ ਨੇ ਆਪਣੇ ਸ਼ੌਕ ਨਾਲ ਨਹੀਂ ਪੜ੍ਹੀ ? ਸਾਡੇ ਕਾਊਂਟਰ-ਸੇਲ ਨਹੀਂ । ਗਾਹਕ ਮੰਗ ਕੇ ਨਹੀਂ ਕਹਿੰਦਾ ਕਿ ਇਹ ਕਿਤਾਬ ਦਿੱਤੀ ਜਾਵੇ । ਇਹੋ ਜਿਹੀ ਖ਼ੁਸ਼-ਨਸੀਬੀ ਬਹੁਤ ਘੱਟ ਕਿਸੇ ਕਿਤਾਬ ਦੇ ਹਿੱਸੇ ਆਉਂਦੀ ਹੋਵੇਗੀ । ਆਮ ਨਹੀਂ । ਪੁਸਤਕ-ਸਭਿਆਚਾਰ ਨਹੀਂ ਸਾਡਾ, ਪੰਜਾਬੀਆਂ ਦਾ । ਖੁਲ੍ਹਾ ਖਾਣ-ਪੀਣ ਦਾ ਬਥੇਰਾ ਸਭਿਆਚਾਰ ਹੈ ।

ਕਈ ਲੋਕ ਕਹਿ ਦਿੰਦੇ ਹਨ ਕਿ ਕੀਮਤਾਂ ਵੱਧ ਹੁੰਦੀਆਂ ਹਨ, ਪੰਜਾਬੀ ਦੀਆਂ ਕਿਤਾਬਾਂ ਦੀਆਂ । ਇਹ ਮਹਿਜ਼ ਬਹਾਨਾ ਹੈ । ਅਸਲ ਗੱਲ ਇਹ ਹੈ ਕਿ ਸ਼ੌਕ ਨਹੀਂ ਕਿਤਾਬਾਂ ਦਾ । ਸ਼ਰਾਬਾਂ ਦੀਆਂ ਕੀਮਤਾਂ ਨੂੰ ਕੋਈ ਵੱਧ ਨਹੀਂ ਆਖਦਾ । ਇਹ ਠੀਕ ਹੀ ਠੀਕ ਹੁੰਦੀਆਂ ਹਨ । ਜਦੋਂ ਸਭਨਾਂ ਚੀਜ਼ਾਂ ਦੀਆਂ ਹੀ ਕੀਮਤਾਂ ਵੱਧ ਰਹੀਆਂ ਹਨ, ਕਿਤਾਬਾਂ ਦੀਆਂ ਕੀਮਤਾਂ ਫੇਰ ਕਿਵੇਂ ਘੱਟ ਹੋ ਸਕਦੀਆਂ ਹਨ ? ਕਾਗ਼ਜ਼, ਸਿਆਹੀ, ਛਪਾਈ ਤੇ ਜਿਲਦਬੰਦੀ ਸਾਰਾ ਕੁਝ ਹੀ ਮਹਿੰਗਾ ਹੈ । ਦੂਜੀ ਗੱਲ ਇਹ ਵੀ ਹੈ, ਕਿਤਾਬ ਜਿੰਨੀ ਵੱਧ ਛਪੇ, ਉਨੀ ਸਸਤੀ ਪੈਂਦੀ ਹੈ; ਘੱਟ ਛਪੇ, ਮਹਿੰਗੀ । ਸਾਡੇ ਹਾਲਤ ਇਹ ਹੈ ਕਿ ਕਦੇ ਸਾਡੀ ਪਹਿਲੀ ਐਡੀਸ਼ਨ ਗਿਆਰਾਂ ਸੌ ਛਪਦੀ ਹੁੰਦੀ ਸੀ । ਇਹ ਘੱਟ ਤੋਂ ਘੱਟ ਗਿਣਤੀ ਸੀ । ਅੱਜ ਹਾਲਤ ਇਹ ਹੈ ਕਿ ਕੋਈ ਹੀ ਕਿਤਾਬ ਸਾਡੀ ਗਿਆਰਾਂ ਸੌ ਅੱਜ ਛਪਦੀ ਹੈ, ਨਹੀਂ ਤਾਂ ਪ੍ਰਕਾਸ਼ਕ ਕਦੇ ਸੱਤ ਸੌ ਛਾਪਣ ਲਈ ਕਹਿੰਦਾ ਹੈ, ਕਦੇ ਕੇਵਲ ਪੰਜ ਸੌ ਹੀ । ਇਹ ਵੀ ਸੁਣਿਆ ਜਾਂਦਾ ਹੈ ਕਿ ਕਈ ਕਿਤਾਬਾਂ ਕੇਵਲ ਢਾਈ-ਤਿੰਨ ਸੌ ਹੀ ਛਪਦੀਆਂ ਹਨ । ਦੱਸੋ, ਇਹ ਕੋਈ ਛਪਣਾ ਹੈ ? ਇਹ ਤਾਂ ਕੇਵਲ ਖਰੜਾ ਸਾਂਭਿਆ ਜਾਣ ਦਾ ਹੀ ਇਕ ਹੀਲਾ ਹੈ । ਕੀਮਤ ਘੱਟ ਹੋਵੇ ਕਿਵੇਂ ? ਕਸੂਰ ਏਥੇ ਪੰਜਾਬ ਦੀਆਂ ਸਰਕਾਰਾਂ ਦਾ ਵੀ ਵੱਡਾ ਹੈ, ਅਤੇ ਪੰਜਾਬੀ ਕੌਮੀਅਤ ਦਾ ਵੀ, । "ਯਥਾ ਰਾਜਾ, ਤਥਾ ਪਰਜਾ" ਠੀਕ ਹੈ ਅਖਾਣ ਇਹ ; ਪਰ "ਯਥਾ ਪਰਜਾ, ਤਥਾ ਰਾਜਾ" ਵੀ ਆਖ ਦੇਣਾ ਗਲਤ ਨਹੀਂ । ਕਿਸੇ ਦੇਸ ਦੇ ਲੋਕਾਂ ਦੀ ਪਹਿਚਾਣ ਕਰਨੀ ਹੋਵੇ ਤਾਂ ਉਸ ਦੇਸ ਦੀ ਪਾਰਲੀਮੈਂਟ ਹੀ ਦੇਖ ਲੈਣਾ ਬਹੁਤ ਹੈ, ਕਿਸੇ ਨੇ ਠੀਕ ਕਿਹਾ ਹੈ । ਪ੍ਰਾਂਤਾਂ ਦੀ ਪਹਿਚਾਣ ਲਈ ਵਿਧਾਨ ਸਭਾਵਾਂ

ਦੇਖ ਲਓ। ਜੇ ਕਿਸੇ ਪ੍ਰਾਂਤ ਦੇ ਲੋਕ ਆਪਣੀ ਬੋਲੀ ਤੇ ਸਾਹਿਤ ਵੱਲ ਕੋਈ ਰੁਚੀ ਹੀ ਰੱਖਣ ਵਾਲੇ ਨਹੀਂ ਤਾਂ ਉਸ ਪ੍ਰਾਂਤ ਦੇ ਆਗੂਆਂ-ਸਰਕਾਰਾਂ ਨੂੰ ਕੀ ਲੋੜ ਹੈ ਕਿ ਉਹ, ਉਸ ਵੱਲ ਰੁਚਿਤ ਹੋਣ ? ਭਾਵੇਂ ਇਹ ਵੀ ਠੀਕ ਹੈ ਕਿ ਆਗੂਆਂ-ਸਰਕਾਰਾਂ ਦਾ ਇਹ ਪਹਿਲਾ ਫ਼ਰਜ਼ ਬਣਦਾ ਹੈ ਕਿ ਉਹ ਆਪਣੇ ਲੋਕਾਂ ਤਾਈਂ ਪੂਰਾ-ਪੂਰਾ ਜਾਗ੍ਰਤ ਕਰਨ। ਅਤੇ ਜਾਗ੍ਰਤ ਕਰਨ ਲਈ ਸਾਹਿਤ ਦੀ ਅਹਿਮੀਅਤ ਨੂੰ ਘਟਾਇਆ ਨਹੀਂ ਜਾ ਸਕੇਗਾ ਆਪਣੇ ਪ੍ਰਾਂਤ ਦੀ ਬੋਲੀ ਜਾਂ ਭਾਸ਼ਾ ਦੇ ਸਾਹਿਤ ਦੀ ਅਹਿਮੀਅਤ ਨੂੰ।

ਕਦੇ-ਕਦੇ ਇਹ ਆਵਾਜ਼ ਵੀ ਸੁਣਨ ਵਿਚ ਆ ਜਾਂਦੀ ਹੈ ਕਿ ਸਾਡੀ ਬੋਲੀ ਵਿਚ ਉੱਚ ਕੋਟੀ ਦਾ ਸਾਹਿਤ ਵੀ ਤਾਂ ਨਹੀਂ ਹੈ। ਮੁਕਾਬਲਾ ਸੰਸਾਰ ਦੀਆਂ ਅਤੀ ਉੱਨਤ ਬੋਲੀਆਂ ਨਾਲ ਕਰਕੇ ਦੱਸਿਆ ਜਾਂਦਾ ਹੈ—ਅੰਗਰੇਜ਼ੀ, ਫ਼ਰਾਸੀਸੀ, ਜਰਮਨ ਅਤੇ ਹੋਰਾਂ ਨਾਲ—ਜਿਹੜੀਆਂ ਆਪਣੇ ਦੇਸਾਂ ਵਿਚ ਸਦੀਆਂ ਤੋਂ ਹੀ ਰਾਜ-ਭਾਸ਼ਾਵਾਂ ਬਣੀਆਂ ਚਲੀਆਂ ਆਉਂਦੀਆਂ ਹਨ, ਤੇ ਸਗੋਂ ਬਾਹਰਲੇ ਦੇਸਾਂ ਦੀਆਂ ਵੀ ਰਾਜ਼-ਭਾਸ਼ਾਵਾਂ ਰਹੀਆਂ ਹਨ। ਅੰਗਰੇਜ਼ੀ ਇਕ ਮਿਸਾਲ ਹੈ। ਇਹ ਗੱਲ ਕਿਸੇ ਹੱਦ ਤਕ ਸਹੀ ਮੰਨੀ ਜਾ ਸਕਦੀ ਹੈ, ਪਰ ਇਹ ਸਾਰੀ ਸਹੀ ਨਹੀਂ। ਕਲਾਸਕੀ ਸਾਹਿਤ ਵਿਚ ਹੀ ਲਓ। ਅੰਗਰੇਜ਼ੀ ਕਵੀ ਚੌਸਰ ਹਨ, ਸਾਡੇ ਬਾਬਾ ਫ਼ਰੀਦ ਹਨ। ਕੀ ਸਾਡੇ ਬਾਬਾ ਫ਼ਰੀਦ ਚੌਸਰ ਨਾਲੋਂ ਘੱਟ ਹਨ ? ਫ਼ਰੀਦ ਦੇ ਸ਼ਲੋਕ ਏਨੇ ਸੱਜਰੇ ਅਤੇ ਤਾਜ਼ਾ ਹਨ ਜਿਵੇਂ ਕਿਸੇ ਨੇ ਕਲ੍ਹ ਇਹਨਾਂ ਦੀ ਰਚਨਾ ਕੀਤੀ ਹੁੰਦੀ ਹੈ। ਮਿੱਠੇ ਹਨ ਕਿ ਨਿਰਾ ਸ਼ਹਿਦ। ਪਾਇਆ ਏਨਾ ਉੱਚਾ ਹੈ ਕਿ ਰਿਗਵੇਦ ਦੇ ਰਿਸ਼ੀਆਂ ਦੀਆਂ ਰਿਚਾਵਾਂ ਜਾਂ ਸ਼ਲੋਕਾਂ ਦੇ ਮੁਕਾਬਲੇ ਵਿਚ ਜਾ ਰਹਿੰਦੇ ਹਨ। ਗੁਰੂ ਨਾਨਕ, ਗੁਰੂ ਅਰਜਨ, ਬੁਲ੍ਹਸ਼ਾਹ, ਵਾਰਿਸ ਸ਼ਾਹ ਸੰਸਾਰ ਦੇ ਕਿਹੜੇ, ਕਿਸੇ ਵੀ, ਉੱਚੇ ਕਵੀ ਨਾਲੋਂ ਘੱਟ ਹਨ ? ਇਹ ਸਾਡਾ ਬੜਾ ਹੀ ਉੱਚਾ ਅਤੇ ਸ਼ਕਤੀਸ਼ਾਲੀ ਵਿਰਸਾ ਹਨ। ਇਸੇ ਤਰ੍ਹਾਂ ਆਧੁਨਿਕ ਸਾਹਿਤ ਵੀ ਸਾਡਾ ਬੜਾ ਹੀ ਉੱਚਾ ਹੈ। ਵੀਰ ਸਿੰਘ, ਪੂਰਨ ਸਿੰਘ, ਧਨੀ ਰਾਮ ਚਾਤ੍ਰਿਕ, ਮੋਹਨ ਸਿੰਘ, ਗੁਰਬਖਸ਼ ਸਿੰਘ, ਸੇਖੋਂ, ਸੁਜਾਨ ਸਿੰਘ ਬੜੀਆਂ ਉੱਚੀਆਂ ਕਲਮਾਂ ਹਨ। ਪਰ ਅਸੀਂ ਹੀ ਛੁਟਿੱਤਣ ਦੇ ਇਹਸਾਸ ਨਾਲ ਭਰਪੂਰ ਹਾਂ। ਆਪਣਾ ਮੁੱਲ ਨਹੀਂ ਅੰਕਦੇ।

"ਭੇਤ ਵਾਲੀ ਗੱਲ" ਦੇ ਸੰਬੰਧ ਵਿਚ ਮੈਂ ਥੋੜਾ ਜਿਹਾ ਆਪਣਾ ਮੁੱਲ ਅੰਕਣ ਦੀ ਗੁਸਤਾਖ਼ੀ ਕਰਨਾ ਚਾਹਾਂਗਾ। ਮੈਨੂੰ ਅੰਗਰੇਜ਼ੀ ਨਹੀਂ ਆਉਂਦੀ। ਇਹ ਮੇਰੀ ਇਕ ਕਮਜ਼ੋਰੀ ਹੈ। ਪਰ ਕਦੇ-ਕਦੇ ਮੈਨੂੰ ਇਸਦਾ ਫ਼ਾਇਦਾ ਵੀ ਬਹੁਤ ਹੁੰਦਾ ਹੈ। ਮੇਰਾ ਇਕ ਦੋਸਤ ਗੁਰਮੇਲ ਸਿੰਘ ਸਿੱਧੂ ਹੈ। ਕਦੇ-ਕਦੇ ਉਹ ਆਪਣੇ ਆਪ ਨੂੰ ਗੁਰੂਮੇਲ ਵੀ ਲਿਖਦਾ ਹੈ ਤੇ ਕਦੇ ਜੀ. ਐਸ. ਸਿੱਧੂ ਵੀ। ਅਜ ਕਲ੍ਹ ਅਮਰੀਕਾ ਵਿਚ ਕਿਸੇ ਯੂਨੀਵਰਸਿਟੀ ਵਿਚ ਅਧਿਆਪਕ ਜਾਂ ਪਰਾ-ਅਧਿਆਪਕ ਹੈ। ਮੇਰਾ ਉਹ ਉਦੋਂ ਦਾ ਦੋਸਤ ਹੈ ਜਦੋਂ ਉਸਦਾ ਨਾਂ ਸਿਰਫ ਗੁਰਮੇਲ ਸਿੰਘ ਹੀ ਹੁੰਦਾ ਸੀ ਤੇ ਸੀ ਲੁਧਿਆਣੇ ਖੇਤੀ ਯੂਨੀਵਰਸਿਟੀ ਦਾ ਵਿਦਿਆਰਥੀ। ਫੇਰ ਉਹ ਖ਼ੇਤੀ ਯੂਨੀਵਰਸਿਟੀ ਵਿਚ ਲੈਕਚਰਾਰ ਲੱਗ ਗਿਆ ਸੀ ਤੇ ਓਥੇ ਹੀ ਰਿਹਾਇਸ਼ ਸੀ। ਮੇਰਾ ਉਸ ਕੋਲ ਜਾਣ ਹੋਇਆ। "ਭੇਤ ਵਾਲੀ ਗੱਲ" ਕਹਾਣੀ ਉਦੋਂ

ਮੈਂ ਲਿਖ ਚੁੱਕਾ ਸਾਂ। "ਆਰਸੀ" ਤੋਂ ਬਿਨਾਂ ਇਹ ਮੇਰੇ ਕਹਾਣੀ ਸੰਗ੍ਰਹਿ "ਸਾਂਝੀ ਕੰਧ" ਵਿਚ ਵੀ ਛਪ ਚੁੱਕੀ ਸੀ ਤੇ ਉਹਦੀ ਇਹ ਪੜ੍ਹੀ ਹੋਈ ਹੀ ਸੀ। ਇਹੋ ਜਿਹੀ ਹੀ ਇਕ ਕਹਾਣੀ ਕਿਸੇ ਯੂਰਪੀ ਭਾਸ਼ਾ ਵਿਚ ਵੀ ਕਿਸੇ ਲੇਖਕ ਨੇ ਲਿਖੀ ਸੀ – ਜਰਮਨ ਜਾਂ ਫ਼ਰਾਂਸੀਸੀ ਵਿਚ –ਅਤੇ ਪੰਜਾਬੀ ਅਨੁਵਾਦ ਵਿਚ ਉਹ ਕਿਸੇ ਪੁਸਤਕ ਵਿਚ ਛਪੀ ਸੀ। ਗੁਰਮੇਲ ਨੇ ਉਹ ਪੜ੍ਹੀ ਸੀ। ਮੈਂ ਉਸ ਕੋਲ ਗਿਆ ਤਾਂ ਮੈਨੂੰ ਵੀ ਉਸ ਆਖਿਆ ਕਿ ਮੈਂ ਵੀ ਇਹ ਕਹਾਣੀ ਪੜ੍ਹਾਂ, ਇਹ ਬਿਲਕੁਲ ਮੇਰੇ ਵਰਗੀ ਹੀ ਹੈ। ਮੈਂ ਕਹਾਣੀ ਪੜ੍ਹੀ ਤਾਂ ਠੀਕ ਉਹ ਮੇਰੇ ਵਰਗੀ ਹੀ ਸੀ। ਹੂਬਹੂ ਤਾਂ ਨਹੀਂ ਸੀ, ਪਰ ਕੁਝ-ਕੁਝ ਮਿਲਦੀ-ਜੁਲਦੀ ਸੀ। ਪਰ ਉਸ ਨਾਲੋਂ ਮੇਰੀ ਕਹਾਣੀ ਅਤਿ ਦਰਜੇ ਦੀ ਵਧੀਆ ਸੀ। ਜੋ ਟਰੀਟਮੈਂਟ ਮੇਰੀ ਕਹਾਣੀ ਨੂੰ ਮਿਲਿਆ ਹੋਇਆ ਸੀ, ਉਹ ਉਹਨੂੰ ਨਹੀਂ ਸੀ ਮਿਲਿਆ ਹੋਇਆ। ਠੀਕ ਹੈ, ਅਨੁਵਾਦ ਸੀ ਉਹ, ਪਰ ਅਨੁਵਾਦ ਬੋਲੀ ਤੇ ਸ਼ੈਲੀ ਦੀ ਗੰਧ ਨੂੰ ਮੱਠਾ ਪਾਉਂਦਾ ਹੈ, ਉਸਾਰੀ ਜਾਂ ਬਣਤਰ ਵਿਚ ਉਹ ਬਹੁਤਾ ਹਾਵਿਲ ਨਹੀਂ ਹੁੰਦਾ। ਪਰ ਜੇ ਇਹਨਾਂ ਦੋਹਾ ਨੂੰ ਹੀ ਆਪਣੀਆਂ-ਆਪਣੀਆਂ ਮੌਲਿਕ ਭਾਸ਼ਾਵਾਂ ਵਿਚ ਹੀ ਸਾਹਮਣੇ ਰਖਿਆ ਜਾਵੇ, ਤਾਂ ਵੀ, ਮੇਰਾ ਨਿਸ਼ਚਾ ਹੈ ਕਿ ਮੇਰੀ ਕਹਾਣੀ ਉਸ ਕਹਾਣੀ ਤੋਂ ਉਤੇ ਸਾਬਿਤ ਹੋਵੇਗੀ। ਬਦਕਿਸਮਤੀ ਨਾਲ, ਨਾ ਮੈਨੂੰ ਹੁਣ ਉਸ ਕਹਾਣੀ ਦੀ ਭਾਸ਼ਾ ਤੇ ਲੇਖਕ ਦਾ ਨਾਂ ਯਾਦ ਹੈ, ਨਾ ਹੀ ਉਸ ਕਹਾਣੀ ਦਾ ਨਾਂ। ਨਹੀਂ ਤਾਂ ਮੈਂ ਸਾਰਾ ਕੁਝ ਇਹ ਏਥੇ ਦਰਜ ਕਰ ਦੇਣਾ ਸੀ। ਨਾਲੇ ਜਦੋਂ ਮੈਂ ਪੜ੍ਹੀ ਸੀ, ਮੈਨੂੰ ਇਹ ਪਤਾ ਹੀ ਨਹੀਂ ਸੀ ਕਿ ਕਦੇ ਮੈਨੂੰ ਇਸ ਬਾਰੇ ਕੁਝ ਦੱਸਣਾ ਵੀ ਪੈ ਸਕੇਗਾ। ਨਹੀਂ ਤਾਂ ਸਭ ਕੁਝ ਨੋਟ ਕਰ ਲੈਂਦਾ। ਹਾਂ, ਭਾਸ਼ਾ ਜਰਮਨ ਜਾਂ ਫ਼ਰਾਂਸੀਸੀ ਵਿਚੋਂ ਕੋਈ ਇਕ ਸੀ। ਸੰਭਵ ਹੈ ਕੋਈ ਹੋਰ ਵੀ ਹੋਵੇ। ਇਹ ਵੀ ਪੱਕਾ ਯਾਦ ਨਹੀਂ।

ਜੇ ਮੈਨੂੰ, ਬਦਕਿਸਮਤੀ ਨਾਲ, ਅੰਗਰੇਜ਼ੀ ਆਉਂਦੀ ਹੁੰਦੀ ਤਾਂ ਸਭ ਨੇ ਇਹੋ ਕਹਿਣਾ ਸੀ ਕਿ ਮੇਰੀ ਕਹਾਣੀ ਮੌਲਿਕ ਨਹੀਂ, ਅਵੱਸ਼ ਹੀ ਮੈਂ ਉਥੋਂ ਹੀ ਇਹ ਨਕਲ ਕਰ ਲਈ ਹੋਵੇਗੀ। ਇਹ ਕਿਸੇ ਨੇ ਨਹੀਂ ਕਹਿਣਾ ਸੀ ਕਿ ਉਹ ਲੇਖਕ ਮੇਰੀ ਕਹਾਣੀ ਦੀ ਨਕਲ ਵੀ ਕਰ ਸਕਦਾ ਹੈ। ਕਿਉਂਕਿ ਸਾਡੇ ਲੋਕ ਤਾਂ ਅੰਗਰੇਜ਼ੀ ਜਾਣਦੇ ਹੁੰਦੇ ਹਨ ਜਿਸ ਰਾਹੀਂ ਉਹ ਬਾਕੀ ਯੂਰਪੀ ਅਨੁਵਾਦਿਆ ਸਾਹਿਤ ਪੜ੍ਹ ਸਕਦੇ ਹਨ। ਪੰਜਾਬੀ ਕਹਾਣੀ ਕੋਈ ਯੂਰਪੀ ਲੇਖਕ ਕਿਵੇਂ ਪੜ੍ਹ ਸਕਦਾ ਹੈ ਜਦ ਕਿ ਇਹ ਅੰਗਰੇਜ਼ੀ ਵਿਚ ਅਨੁਵਾਦ ਅਜੇ ਹੋਈ ਹੀ ਨਹੀਂ? ਆਪਣੇ ਕਿਸੇ ਪੰਜਾਬੀ ਦੋਸਤ ਤੋਂ ਕੋਈ ਯੂਰਪੀ ਲੇਖਕ ਇਸ ਕਹਾਣੀ ਬਾਰੇ ਸੁਣ ਲਵੇ, ਤੇ ਫੇਰ ਉਹ ਪ੍ਰੇਰਿਤ ਹੋ ਕੇ ਉਹੀ ਜਿਹੀ ਹੀ ਲਿਖ ਲਵੇ, ਇਹ ਕੋਈ ਨਹੀਂ ਸੋਚੇਗਾ। ਕਿਉਂਕਿ ਸਾਨੂੰ ਆਪਣੇ ਉਤੇ ਸਵੈ-ਵਿਸ਼ਵਾਸ ਹੀ ਨਹੀਂ ਹੈ। ਨਾ ਹੀ ਆਪਣੀ ਮਾਤ-ਭਾਸ਼ਾ ਪੰਜਾਬੀ ਉਤੇ ਵਿਸ਼ਵਾਸ ਹੈ। ਝੱਟ ਆਖ ਦਿੰਦੇ ਹਾਂ, ਇਹ ਗਾਹਲਾਂ ਦੀ ਜ਼ੁਬਾਨ ਹੈ। ਜਿਵੇਂ ਬਾਕੀ ਬੋਲੀਆਂ ਗਾਹਲਾਂ ਕੱਢਣ ਤੋਂ ਨਾਂਹ ਕਰ ਦਿੰਦੀਆਂ ਹਨ।

"ਭੇਤ ਵਾਲੀ ਗੱਲ" ਤੇ "ਮੰਗੋ" ਦੋਵੇਂ ਕਹਾਣੀਆਂ, ਲਿਖਣ ਬਾਅਦ, ਮੈਂ ਰਾਮਪੁਰ ਸਭਾ ਵਿਚ ਪੜ੍ਹੀਆਂ ਸਨ। "ਭੇਤ ਵਾਲੀ ਗੱਲ" ਵਿਚ ਇਕ ਵਾਰਤਾਲਾਪ ਦਾ

ਵਾਕ ਹੈ : "ਮਾਂਹਾਂ ਮੋਠਾਂ ਵਿਚ ਕੌਣ ਬੜਾ-ਛੋਟਾ ਬੇਬੇ !" ਇਹ ਇਕ ਦਰਾਣੀ-ਜਠਾਣੀ ਵਿਚ ਵਾਰਤਾਲਾਪ ਹੋ ਰਹੀ ਹੈ, ਭਾਵ ਦੋ ਸ਼ਰੀਕਣੀਆਂ ਵਿਚ। ਪਹਿਲਾਂ ਬਹੁਤ ਵਿਰੋਧ ਹਨ, ਫੇਰ ਇਕ ਮੌਕੇ ਬੜਾ ਭਾਵੁਕ ਅਤੇ ਕਰੁਣਾਮਈ ਜਿਹਾ ਵਾਤਾਵਰਣ ਬਣ ਜਾਂਦਾ ਹੈ। ਜਠਾਣੀ, ਜਿਹੜੀ ਆਪਣੇ ਆਪ ਨੂੰ ਬਹੁਤ ਵੱਡਾ ਸਮਝਦੀ ਹੈ, ਆਪਣੀ ਕਿਸੇ ਕਮਜ਼ੋਰੀ ਦਾ ਦਰਾਣੀ ਨੂੰ ਪਤਾ ਲੱਗ ਜਾਣ ਕਾਰਨ, ਅਤਿ ਦੀ ਨੀਵੀਂ ਹੋ ਕੇ ਤੇ ਆਪਣੀ ਚੁੰਨੀ ਸਿਰੋਂ ਲਾਹ ਕੇ ਉਹਦੇ ਪੈਰਾਂ ਵਿਚ ਰੱਖਦੀ ਹੋਈ ਗ਼ਰੀਬਣੀ ਬਣਕੇ ਕਹਿੰਦੀ ਹੈ : "ਨੰਦ ਕੁਰੇ, ਤੂੰ ਬੜੀ, ਮੈਂ ਛੋਟੀ..." ਤੇ ਅਗੋਂ ਨੰਦ ਕੁਰ ਕਹਿੰਦੀ ਹੈ : "ਮਾਂਹਾਂ ਮੋਠਾਂ ਵਿਚ ਕੌਣ ਬੜਾ-ਛੋਟਾ ਬੇਬੇ !" ਇਹ ਫ਼ਿਕਰਾ ਬੋਲਿਆ ਤਾਂ ਸਾਰੇ ਅਸ਼-ਅਸ਼ ਕਰਨ ਲੱਗੇ। ਮਗਰੋਂ ਕਿਸੇ ਇਕ ਨੇ ਕਿਹਾ : 'ਮੁਹਾਵਰਾ ਕਿੰਨਾ ਢੁੱਕਵਾਂ ਹੈ ! 'ਮਾਂਹਾਂ ਮੋਠਾਂ ਵਿਚ ਕੌਣ ਬੜਾ-ਛੋਟਾ ਬੇਬੇ !' ਇਹ ਮੁਹਾਵਰਾ ਸ਼ਰੀਕ-ਸੰਬੰਧਾਂ ਵਿਚ ਹੀ ਬੋਲਿਆ ਜਾਂਦਾ ਹੈ।"

ਇਹ ਕਹਾਣੀ ਮੈਂ ਨਹਿਰ ਕੰਢੇ ਕੈਨਾਲ ਰੈਸਟ ਹਾਊਸ ਦੇ ਬਗੀਚੇ ਵਿਚ ਸੁਣਾਈ ਸੀ। ਦੂਜੀ ਕਹਾਣੀ "ਮੰਗੋ" ਵੀ ਸੁਣਾਈ ਮੈਂ ਨਹਿਰ-ਕੰਢੇ ਹੀ ਸੀ ਤੇ ਨਹਿਰ ਵੀ ਇਹ ਓਹੀਓ ਸੀ, ਪਰ ਪਿੰਡ ਰਾਮਪੁਰ ਨਹੀਂ ਸੀ, ਪਿੰਡ ਸੀ ਇਹ ਘਣਗਸ। ਰਾੜਾ ਸਾਹਿਬ ਵੱਲ ਹੈ। ਰਾਮਪੁਰ, ਦੋਰਾਹਾ ਨੇੜੇ। "ਭੇਤ ਵਾਲੀ ਗੱਲ" ਖੁਲ੍ਹੇ ਮੌਸਮ ਵਿਚ ਸੁਣਾਈ ਸੀ, "ਮੰਗੋ" ਸਖ਼ਤ ਸਰਦੀ ਵਿਚ। ਉਂਜ ਵੀ ਬੱਦਲਵਾਈ ਸੀ। ਮੀਟਿੰਗ, ਪਿੰਡੋਂ ਕਾਫ਼ੀ ਬਾਹਰ, ਨਹਿਰ-ਕੰਢੇ ਆ ਕੇ ਇਕ ਕੱਚੇ ਕੋਠੇ ਵਿਚ ਹੋਈ ਸੀ। ਗਰਮ-ਗਰਮ ਚਾਹ ਨਾਲ ਮੋਤੀ-ਚੂਰ ਦੇ ਪੀਲੇ ਲੱਡੂ ਖਾਣ ਲਈ ਦਿੱਤੇ ਗਏ ਸਨ। ਮੀਟਿੰਗ, ਗਿਆਨੀ ਰਣ ਸਿੰਘ ਘਣਗਸ ਵਾਲਿਆਂ ਨੇ ਨਿਊਤੀ ਸੀ।

ਇਸ ਮੀਟਿੰਗ ਦੀ ਇਕ ਗੱਲ ਹੁਣ ਤਕ ਮੈਨੂੰ ਯਾਦ ਹੈ। ਇਹ ਕਹਾਣੀ "ਮੰਗੋ" ਦੋ ਗਊਆਂ ਦੀ ਕਹਾਣੀ ਹੈ —"ਮੰਗੋ" ਅਤੇ "ਸੋਮਾ" ਦੀ। "ਮੰਗੋ" ਘਰ ਵਿਚ ਪਹਿਲਾਂ ਦੀ ਹੈ ਤੇ "ਸੋਮਾ" ਮਗਰੋਂ ਆਈ ਹੈ। "ਸੋਮਾ" ਸੂਣ ਵਾਲੀ ਹੈ ਤੇ "ਮੰਗੋ" ਦੁੱਧ ਤੋਂ ਨੱਠੀ ਹੋਈ। ਜ਼ਰੂਰੀ ਹੀ, "ਸੋਮਾ" ਦੀ ਕੁਝ ਆਓ-ਭਗਤ ਵੀ ਹੁੰਦੀ ਹੈ ਤੇ ਸੂਣ ਮਗਰੋਂ ਸੇਵਾ ਵੀ। "ਮੰਗੋ" ਨੂੰ ਇਹ ਸਭ ਕੁਝ ਦੇਖ ਕੇ ਈਰਖਾ ਹੋਣ ਲੱਗ ਜਾਂਦੀ ਹੈ। ਉਹਨੂੰ ਜਿਥੇ ਆਪਣੇ ਘਰ ਵਾਲਿਆਂ ਨਾਲ ਵੀ ਗਿਲਾ ਹੈ, ਉਥੇ ਉਹਨੂੰ "ਸੋਮਾ" ਨਾਲ ਤਾਂ ਅੰਤਾਂ ਦੀ ਹੀ ਈਰਖਾ ਹੈ। ਉਹ ਸੋਚਦੀ ਹੈ ਕਿ ਇਹਦੇ ਆਇਆਂ ਹੀ ਉਸਦੀ ਕਦਰ ਘਟੀ ਹੈ। "ਸੋਮਾ" ਬੜੀ ਅਸੀਲ ਹੈ, ਪਰ "ਮੰਗੋ" ਇਸ ਈਰਖਾ ਕਾਰਨ ਜਾਬਰ ਅਤੇ ਮਾਰ-ਖੁੰਢੀ। ਕੋਮਲ-ਮਨ "ਸੋਮਾ" ਨੂੰ ਇਸ ਅੰਤਾਂ ਦੀ ਹਿਕਾਰਤ ਨੂੰ ਸਹਾਰਨਾ ਬੜਾ ਹੀ ਔਖਾ ਹੈ। ਇਹ ਹਿਕਾਰਤ ਉਸਦੇ ਕੋਮਲ-ਮਨ ਉਤੇ ਸੱਟ ਮਾਰਦੀ ਹੈ ਤੇ ਅੰਤ "ਸੋਮਾ" ਇਸੇ ਦੁੱਖੋਂ ਇਕ ਦਿਨ ਮਰ ਜਾਂਦੀ ਹੈ। "ਮੰਗੋ" ਅਜੇ ਵੀ ਮਰੀ ਪਈ ਨੂੰ ਮਕਰ ਕਰਦੀ ਸਮਝਦੀ ਹੈ। ਪਰ ਜਦੋਂ ਪਤਾ ਲਗਦਾ ਹੈ ਕਿ "ਸੋਮਾ" ਸੱਚਮੁੱਚ ਮਰ ਹੀ ਗਈ ਤਾਂ ਉਸੇ "ਮੰਗੋ" ਦੇ ਦਿਲ ਨੂੰ ਪਸ਼ਚਾਤਾਪ ਹੋਣ ਲੱਗ ਜਾਂਦਾ ਹੈ ਜੋ ਪਹਿਲਾਂ ਉਸ ਨਾਲ ਲੜਦੀ ਤੇ ਉਸ ਨਾਲ ਈਰਖਾ ਕਰਦੀ ਹੈ। ਇਨਸਾਨੀਅਤ ਅਮਰ ਹੈ। ਬੁਰੇ ਤੋਂ ਬੁਰੇ ਬੰਦੇ ਵਿਚ ਵੀ

ਇਸਦਾ ਅੰਸ਼ ਹੁੰਦਾ ਹੈ, ਭਾਵੇਂ ਉਹ ਕਿਤੇ ਡੂੰਘੀ ਤਹਿ ਦੇ ਥੱਲੇ ਦੱਬਿਆ ਪਿਆ ਹੋਵੇ। ਇਸ ਕਹਾਣੀ ਰਾਹੀਂ ਮੈਂ ਇਹੀਓ ਕੁਝ ਦਰਸਾਇਆ ਹੈ।

ਆਲੋਚਨਾ ਹੋਣ ਲੱਗ ਪਈ। ਸਭ ਨੇ ਬਹੁਤ ਪਸੰਦ ਕੀਤੀ। ਇਕ ਸੱਜਣ ਬੋਲਿਆ : "ਇਸ ਵਿਚ ਤੁਸੀਂ ਕੀ ਦੱਸਣਾ ਚਾਹਿਆ ਹੈ ?"

"ਇਨਸਾਨੀਅਤ।"

"ਜੇ ਇਨਸਾਨੀਅਤ ਦੱਸਣੀ ਸੀ ਤਾਂ ਡੰਗਰਾਂ ਰਾਹੀਂ ਹੀ ਦੱਸਣੀ ਸੀ ? ਇਨਸਾਨਾਂ ਰਾਹੀਂ ਦੱਸਣੀ ਸੀ !"

ਮੈਨੂੰ ਬੜੀ ਹੈਰਾਨੀ ਹੋਈ। ਕੀ ਇਲਾਜ ਕੀਤਾ ਜਾਵੇ ਇਹੋ ਜਿਹੀ ਸਮਝ ਦਾ—ਇਹੋ ਜਿਹੀ ਆਲੋਚਨਾ ਦਾ ! ਪਰ ਕਿਉਂਕਿ ਇਸਦਾ ਦੁਨੀਆਂ ਭਰ ਵਿਚ ਕਿਤੇ ਵੀ ਕੋਈ ਇਲਾਜ ਨਹੀਂ, ਇਸ ਲਈ ਮੈਂ ਮੱਥੇ ਉਤੇ ਹੱਥ ਮਾਰਕੇ ਰਹਿ ਗਿਆ। ਇਹੋ ਤਾਂ ਇਸਦੀ ਖ਼ੂਬੀ ਸੀ ਜੋ ਉਸਨੂੰ ਕਮੀ ਨਜ਼ਰ ਆਈ। ਚਲੋ ਖ਼ੈਰ, ਆਪੋ ਆਪਣੀ ਸਮਝ ਹੈ।

ਪੰਜਾਬੀ ਸਾਹਿਤ-ਜਗਤ ਵਿਚ "ਕੋਈ ਇਕ ਸਵਾਰ" ਨੂੰ ਸ੍ਰੇਸ਼ਟ ਮੰਨਿਆ ਜਾਂਦਾ ਹੈ, ਤੇ ਇਸੇ ਤਰ੍ਹਾਂ ਹੀ 'ਮੰਗੋ" ਨੂੰ ਵੀ। ਪਰ ਜੇ ਕੋਈ ਮੈਨੂੰ ਪੁੱਛੇ ਕਿ ਇਹਨਾਂ ਦੋਹਾਂ ਵਿਚੋਂ ਮੈਂ ਕਿਸਨੂੰ ਪ੍ਰਥਮ ਮੰਨਦਾ ਹਾਂ ਤਾਂ ਮੈਨੂੰ ਇਸ ਸਵਾਲ ਦਾ ਕੋਈ ਉੱਤਰ ਨਹੀਂ ਅਹੁੜਦਾ। ਮੈਂ ਦੁਬਿਧਾ ਵਿਚ ਪੈ ਜਾਂਦਾ ਹਾਂ।

## "ਸੰਤ ਜੀ" ਕਹਾਣੀ ਬਾਰੇ

ਕਈ ਵਾਰ ਬੰਦੇ ਨੂੰ ਲੈਣੇ ਦੇ ਦੇਣੇ ਵੀ ਪੈ ਜਾਂਦੇ ਹਨ। ਮੇਰੀ ਇਕ ਕਹਾਣੀ ਹੈ ਜਿਸਦਾ ਨਾਂ "ਸੰਤ ਜੀ" ਹੈ। ਇਹ ਕਹਾਣੀ ਲਿਖੀ ਤਾਂ ਮੇਰੇ ਨਾਲ ਇਉਂ ਹੀ ਹੋਈ।

ਕੋਈ ਸੰਤ, ਜਿਹੜਾ ਅੱਜ ਇਸ ਸੰਸਾਰ ਵਿਚ ਨਹੀਂ ਹੈ, ਦੋਰਾਹਾ ਮੰਡੀ ਰਹਿੰਦਾ ਸੀ। ਵਾਸੀ ਪਾਕਿਸਤਾਨ ਦਾ ਸੀ, ਦੇਸ਼-ਵੰਡ ਤੋਂ ਮਗਰੋਂ ਉਹ ਇਸ ਪਾਸੇ ਆ ਵਸਿਆ ਸੀ। ਨਿਰਾ ਮਾਲਾ ਫੇਰਨ ਵਾਲਾ ਧਾਰਮਿਕ ਸੰਤ ਨਹੀਂ ਸੀ, ਰਾਜਨੀਤਕ ਕੰਮਾਂ ਵਿਚ ਵੀ ਤੁਰਦਾ-ਫਿਰਦਾ ਰਹਿੰਦਾ ਸੀ ਤੇ ਧੜੇਬੰਦਕ ਵੀ ਪੂਰਾ ਸੀ। ਦੋਰਾਹੇ ਦੇ ਇਲਾਕੇ ਵਿਚ ਦੋ ਸਿਆਸੀ ਧੜੇ ਸਨ। ਇਕ ਰਾੜੇਵਾਲਾ ਤੇ ਇਕ ਪ੍ਰਤਾਪ ਸਿੰਘ ਕੈਰੋਂ ਦਾ। ਸੰਤ, ਕੈਰੋਂ ਵੱਲ ਸੀ ਤੇ ਇਸ ਇਲਾਕੇ ਵਿਚੋਂ ਉਹ ਰਾੜੇਵਾਲਾ ਦੇ ਅਸਰ ਨੂੰ ਸਮਾਪਤ ਕਰਨਾ ਚਾਹੁੰਦਾ ਸੀ। ਕੈਰੋਂ ਮੁਖ ਮੰਤਰੀ ਸੀ। ਇਸ ਕਾਰਨ ਇਸ ਸੰਤ ਦੇ ਹੱਥ ਕਾਫ਼ੀ ਮਜ਼ਬੂਤ ਸਨ। ਇਲਾਕੇ ਵਿਚ ਕਤਲ ਵੀ ਸਿਆਸੀ ਇਕ-ਦੋ ਹੋਏ ਸਨ। ਕਹਿੰਦੇ ਸਨ ਕਿ ਇਹਨਾਂ ਵਿਚੋਂ ਕਿਸੇ ਇਕ ਕਤਲ ਵਿਚ ਇਸ ਸੰਤ ਦਾ ਵੀ ਹੱਥ ਸੀ। ਸੀ ਜਾਂ ਨਹੀਂ, ਅਜਿਹੀਆਂ ਧੜੇਬੰਦੀਆਂ ਵਿਚ, ਅਜਿਹੀਆਂ ਗੱਲਾਂ, ਠੀਕ ਤੇ ਗ਼ਲਤ ਦੋਵੇਂ ਸੰਭਵ ਹੁੰਦੀਆਂ ਹਨ। ਇਕ ਗੱਲ ਜ਼ਰੂਰ ਸੀ। ਜਿਹੜੇ ਸੰਤ ਦੇ ਹੱਕ ਵਿਚ ਸਨ, ਉਹਨਾਂ ਲਈ ਸੰਤ ਚੰਗਾ ਸੀ, ਜਿਹੜੇ ਹੱਕ ਵਿਚ ਨਹੀਂ ਸਨ ਜਾਂ ਜਿਹੜੇ ਉਸਦੇ ਵਿਰੁਧ ਸਨ, ਉਹਨਾਂ ਲਈ ਉਹ ਮਾੜਾ ਜਾਂ ਬਹੁਤ ਜ਼ਿਆਦਾ ਮਾੜਾ ਸੀ। ਪਰ ਮੈਨੂੰ ਇਹਨਾਂ ਸਭ ਗੱਲਾਂ ਦਾ ਕੁਝ ਵੀ ਪਤਾ ਨਹੀਂ ਸੀ। ਸੱਚ ਜਾਣੋ ਤਾਂ ਮੈਂ ਤਾਂ ਉਹਨੂੰ ਜਾਣਦਾ ਵੀ ਨਹੀਂ ਸਾਂ ਬਹੁਤਾ। ਰਾਮਪੁਰ ਦੀ ਸਭਾ ਦੀਆਂ ਸਰਗਰਮੀਆਂ ਵਿਚ ਹਿੱਸਾ ਲੈਣ ਲਈ ਜਦੋਂ ਦੋਰਾਹੇ ਜਾਂਦਾ ਸਾਂ ਤਾਂ ਕਦੇ-ਕਦੇ ਮੈਂ ਸੰਤ ਨੂੰ ਵੀ ਦੂਰੋਂ ਦੇਖਦਾ ਹੁੰਦਾ ਸਾਂ ਤੇ ਦੂਜੇ, ਰਾੜਾ ਗਰੁੱਪ ਦੇ ਵੀ, ਇਕ-ਦੋ ਨਾਮਵਰ ਬੰਦਿਆਂ ਨੂੰ। ਰਾਮਪੁਰ ਦੀ ਸਾਹਿਤ ਸਭਾ ਦੇ ਕਈ ਇਕ ਸਾਲਾਨਾ ਸਮਾਗਮ ਦੋਰਾਹਾ ਵਿਚ ਵੀ ਕੀਤੇ ਗਏ। ਅਸੀਂ ਤਾਂ ਸਾਂਝੇ ਬੰਦੇ ਸਾਂ। ਪਰ ਜੇ ਸਾਡੇ ਸਮਾਗਮ ਨੇੜੇ ਇਕ ਗਰੁੱਪ ਹੁੰਦਾ ਤਾਂ ਦੂਜਾ ਦੂਰ ਰਹਿੰਦਾ ਸੀ। ਦੂਜਾ ਹੁੰਦਾ ਤਾਂ ਦੂਜਾ ਦੂਰ। ਪਰ ਮੈਨੂੰ ਇਸ ਬਾਰੀਕੀ ਦਾ ਵੀ ਬਹੁਤਾ ਪਤਾ ਨਹੀਂ ਸੀ। ਲੋਕਲ ਲੇਖਕ ਇਸ ਗੱਲ ਨੂੰ ਵਿਚੋਂ ਜਾਣਦੇ ਹੁੰਦੇ ਸਨ।

ਇਕ ਗੱਲ ਮੈਂ ਨੋਟ ਕੀਤੀ। ਮੈਨੂੰ ਇਹ ਸੰਤ ਬੜੇ ਹੀ ਆਦਰ-ਭਾਵ ਨਾਲ ਮਿਲਦਾ

ਹੁੰਦਾ ਸੀ। ਪੰਜਾਬੀ ਸਾਹਿਤ-ਜਗਤ ਵਿਚ ਉਹਨੀਂ ਦਿਨੀਂ ਅਸੀਂ ਚਾਰ ਲੇਖਕ ਬਹੁਤ ਪ੍ਰਸਿੱਧ ਸਾਂ। ਗੁਰਚਰਨ ਰਾਮਪੁਰੀ, ਸੁਰਜੀਤ ਰਾਮਪੁਰੀ, ਅਜਾਇਬ ਚਿੱਤਰਕਾਰ ਤੇ ਮੈਂ। ਅਮਨ ਲਹਿਰ ਦੇ ਦਿਨ ਸਨ। ਪ੍ਰਗਤੀਵਾਦ ਵੀ ਭਾਰਤ ਭਰ ਵਿਚ ਜ਼ੋਰਾਂ-ਸ਼ੋਰਾਂ ਉਤੇ ਸੀ। ਉਸ ਸਮੇਂ ਹੀ ਅਸੀਂ ਚਾਰੇ ਪੰਜਾਬੀ ਸਾਹਿਤ-ਜਗਤ ਵਿਚ ਉੱਭਰੇ। ਚਾਰਾਂ ਵਿਚੋਂ ਮੇਰਾ ਕੰਮ ਕੁਝ ਥੋੜਾ ਜਿਹਾ ਵੱਧ ਸੀ। ਸੀਨੀਅਰ ਸਾਂ ਥੋੜਾ ਜਿਹਾ। ਇਹਨਾਂ ਵਿਚੋਂ ਅਜਾਇਬ ਚਿੱਤਰਕਾਰ ਤਾਂ ਮੇਰਾ ਹਾਣੀ ਸੀ—ਕਲਮਕਾਰੀ ਉਮਰ ਵਜੋਂ—ਗੁਰਚਰਨ ਅਤੇ ਸੁਰਜੀਤ ਸਾਥੋਂ ਬਹੁਤ ਬਾਅਦ ਵਿਚ ਲਿਖਣ ਲੱਗੇ। ਇਹਨਾਂ ਦੋਹਾਂ ਵਿਚੋਂ ਵੀ ਸੁਰਜੀਤ ਪਹਿਲਾਂ ਲਿਖਣ ਲੱਗਾ, ਗੁਰਚਰਨ ਉਸਤੋਂ ਮਗਰੋਂ ਹੀ। ਪਰ ਫੇਰ ਗੁਰਚਰਨ, ਸੁਰਜੀਤ ਨਾਲੋਂ, ਕੁਝ ਅੱਗੇ ਜਿਹਾ ਆ ਗਿਆ। ਕਾਰਨ ਸੀ ਕਿ ਉਸਦੀ ਕਵਿਤਾ ਚਿੰਤਨ ਵਾਲੀ ਹੁੰਦੀ ਸੀ, ਸੁਰਜੀਤ ਵਿਚ ਕਿਤੇ-ਕਿਤੇ ਹੀ ਚਿੰਤਨ ਆਇਆ ਹੁੰਦਾ ਸੀ। ਉਹ ਗੀਤ ਆਦਿ ਹੀ ਲਿਖਦਾ ਸੀ। ਗਾਉਂਦਾ ਬਹੁਤ ਚੰਗਾ ਸੀ। ਗਾਉਂਦਾ ਗੁਰਚਰਨ ਵੀ ਚੰਗਾ ਸੀ, ਪਰ ਸੁਰਜੀਤ, ਗਾ ਸਕਣ ਵਿਚ, ਉਸਤੋਂ ਕਿਤੇ ਅੱਗੇ ਸੀ। ਉਮਰ ਵਿਚ ਮੈਂ ਇਹਨਾਂ ਤਿੰਨਾਂ ਨਾਲੋਂ ਹੀ ਕੁਝ ਵੱਡਾ ਸਾਂ। ਇਸ ਲਈ ਮੈਨੂੰ ਇਹਨਾਂ ਦਾ, ਸਭ ਦਾ, ਮੋਹਰੀ ਸਮਝਿਆ ਜਾਂਦਾ ਸੀ। ਇਸ ਲਈ ਮੈਨੂੰ ਉਹ ਸੰਤ ਵੀ ਆਦਰ ਦਿੰਦਾ ਹੁੰਦਾ ਸੀ। ਇਕ ਗੱਲ ਮੇਰੇ ਬਾਰੇ ਇਹ ਵੀ ਆਖੀ ਜਾਂਦੀ ਸੀ ਕਿ ਮੈਂ ਸੁਹਿਰਦ ਬਹੁਤ ਹਾਂ ਤੇ ਵਚਨਬੱਧ ਵੀ ਬਹੁਤ ਹਾਂ ਤੇ ਤਨੋ-ਮਨੋ ਮੈਂ ਸਾਹਿਤ ਲਈ ਸਮਰਪਣ ਹੋਇਆ-ਹੋਇਆ ਹਾਂ ਤੇ ਇਸੇ ਕਾਰਨ ਮੈਂ ਆਰਥਕ ਪੱਖੋਂ ਵੀ ਸਦਾ ਹੀ ਤੰਗ ਰਹਿੰਦਾ ਹਾਂ, ਪਰ ਫੇਰ ਵੀ ਡਟਿਆ ਹੋਇਆ ਹਾਂ। ਮੇਰੀ ਇਸ ਸੁਹਿਰਦਤਾ ਨੂੰ ਸਾਰੇ ਜਾਣਦੇ ਹੁੰਦੇ ਸਨ। ਇਸ ਲਈ ਮੇਰੀ ਕਦਰ ਕਰਦੇ। ਏਥੋਂ ਤਕ ਕਿ ਜਿਹੜੇ ਮੇਰੇ ਵਿਚਾਰਾਂ ਨਾਲ ਸਹਿਮਤ ਨਹੀਂ ਸਨ ਹੁੰਦੇ, ਉਹ ਵੀ ਮੇਰੀ ਕਦਰ ਕਰਦੇ। ਇਸੇ ਕਾਰਨ ਇਹ ਸੰਤ ਵੀ ਮੇਰੀ ਕਦਰ ਕਰਦਾ ਹੁੰਦਾ ਸੀ। ਮੈਨੂੰ ਇਸਦਾ ਮਾਣ ਸੀ।

"ਸੰਤ ਜੀ" ਕਹਾਣੀ ਲਓ। ਇਸਦਾ ਕਿਵੇਂ ਜਨਮ ਹੋਇਆ। ਇਕ ਵਾਰ ਮੈਂ ਲੁਧਿਆਣੇ ਆਪਣੇ ਦੋਸਤ ਹਜ਼ਾਰਾ ਸਿੰਘ ਦੇ ਘਰ ਠਹਿਰਿਆ ਹੋਇਆ ਸਾਂ। ਸਰਦੀਆਂ ਦੇ ਦਿਨ ਸਨ। ਖਾਣਾ ਖਾਣ ਮਗਰੋਂ ਮੇਰਾ ਚਿਤਰੀ ਵਾਲਾ ਕੇਲਾ ਖਾਣ ਲਈ ਬੜਾ ਹੀ ਦਿਲ ਕਰ ਰਿਹਾ ਸੀ। ਵਾਪਸੀ ਦੇ ਕਿਰਾਏ ਤੋਂ ਬਿਨਾਂ ਪੈਸੇ ਮੇਰੇ ਕੋਲ ਕੇਵਲ ਇਕੋ ਕੇਲੇ ਜੋਗੇ ਹੀ ਸਨ। ਘਰੋਂ ਕਿਸੇ ਬਹਾਨੇ ਮੈਂ ਕੇਲਾ ਖਾਣ ਲਈ ਚੱਲ ਪਿਆ ਤੇ ਜੀ. ਟੀ. ਰੋਡ ਉਤੇ ਰਿਖੀ ਥੀਏਟਰ ਲਾਗੇ ਆ ਗਿਆ। ਮੋੜ ਉਤੇ ਚਿਤਰੀ ਵਾਲੇ ਕੇਲਿਆਂ ਦੀ ਰੇੜ੍ਹੀ ਸੀ। ਉਧਰ ਨਜ਼ਰ ਗਈ ਤਾਂ ਨਾਲ ਹੀ ਖ਼ੁਸ਼ਕ ਮੇਵਿਆਂ ਦੀ ਥੋੜਾ ਪਰੇ ਰੇੜ੍ਹੀ ਸੀ ਤੇ ਸੰਤ ਉਸ ਰੇੜ੍ਹੀ ਉਤੋਂ ਮੇਵੇ ਖ਼ਰੀਦ ਰਿਹਾ ਸੀ ਤੇ ਨਾਲ ਇਕ-ਦੋ ਚੇਲੇ ਵੀ ਸਨ। ਮੈਂ ਅੱਖ ਬਚਾਉਣੀ ਚਾਹੀ, ਪਰ ਅੱਖ ਫੇਰ ਵੀ ਮਿਲ ਹੀ ਗਈ ਤੇ ਸਤਿ ਸ੍ਰੀ ਅਕਾਲ ਆਖ, ਮੈਂ ਉਸਦੇ ਨੇੜੇ ਚਲਾ ਗਿਆ। ਸੰਤ ਨੇ ਮੈਨੂੰ ਕਿਸ਼ਮਿਸ਼, ਬਾਦਾਮ ਖਾਣ ਲਈ ਪੇਸ਼ ਕੀਤੇ। ਮੇਰੇ ਮੂੰਹੋਂ ਨਿਕਲ ਗਿਆ ਕਿ ਮੈਂ ਤਾਂ ਸੰਤ ਜੀ ਚਿਤਰੀ ਵਾਲਾ ਕੇਲਾ ਖਾਣ ਲਈ ਆਇਆ ਹਾਂ ਇਕ—ਕੇਵਲ ਇਕ ਕੇਲਾ ਹੀ। "ਹਾਂ, ਕੇਲੇ ਵੀ ਖਾਂਦੇ ਹਾਂ", ਸੰਤ ਦਾ ਜਵਾਬ ਸੀ।

ਖ਼ੈਰ, ਅੱਗੇ ਹੋਇਆ ਕੀ, ਕਿ ਕੇਵਲ ਇਕ ਕੇਲਾ ਨਹੀਂ, ਸੰਤ ਨੇ ਇਕ ਬਹੁਤ ਵੱਡੀ ਫਲਾਂ ਦੀ ਦੁਕਾਨ ਉਤੋਂ ਮੈਨੂੰ ਫਲਾ ਦੀ ਬਹੁਤ ਵੱਡੀ ਟੋਕਰੀ ਲੈਕੇ ਪੇਸ਼ ਕੀਤੀ। ਸਾਰੇ ਚੋਣਵੇਂ ਵਧੀਆ ਫਲ। ਕੇਲੇ ਵੀ, ਅੰਗੂਰ. ਵੀ, ਸਰਧੇ ਵੀ ਤੇ ਸੰਗਤਰੇ ਵੀ ਤੇ ਵੱਡੇ-ਵੱਡੇ ਅਨਾਰ ਵੀ। ਕੋਈ ਫਲ ਨਹੀਂ ਛੱਡਿਆ ਸੀ। ਤੇ ਅੰਤ ਉਤੇ ਕਿਹਾ ਸੀ : "ਹੁਣ ਦੱਸੋ ਸਰਦਾਰ ਜੀ, ਮੈਂ ਇਹ ਟੋਕਰੀ ਸਿਰ ਉਤੇ ਰੱਖ ਕੇ ਆਪ ਛੱਡ ਕੇ ਕਿਥੇ ਆਵਾਂ ?" ਮੈਂ ਉੱਚੇ ਪੁਲ ਵੱਲ ਸੁਖਰਾਮ ਨਗਰ ਜਾਣਾ ਸੀ। ਤਦੋ ਰਿਕਸ਼ਾ ਸੱਦਿਆ ਗਿਆ। ਸੰਤ ਨੇ ਆਪ ਫਲਾਂ ਦੀ ਟੋਕਰੀ ਰਿਕਸ਼ੇ ਵਿਚ ਰੱਖੀ ਤੇ ਉਹਨੂੰ ਕਿਰਾਇਆ ਦਿੰਦੇ ਕਿਹਾ : "ਜਿਥੇ ਸਰਦਾਰ ਜੀ ਜਾਣਾ ਚਾਹੁਣ, ਇਹਨਾਂ ਨੂੰ ਉਥੇ ਛੱਡਕੇ ਆਵੀਂ।" ਅਤੇ ਰਿਕਸ਼ਾ ਤੁਰਨ ਵੇਲੇ ਉਹਨੇ ਮੈਨੂੰ ਬੜਾ ਹੀ ਨਿਵ ਕੇ ਸਤਿ ਸ੍ਰੀ ਅਕਾਲ ਵੀ ਆਖੀ। ਇਸ ਸਮੇਂ ਉਹਨਾਂ ਦੇ ਚੇਲੇ ਵੀ ਨਾਲ ਹੀ ਝੁਕੇ ਹੋਏ ਸਨ।

ਸਾਫ਼ ਹੈ, ਇਹ ਮੇਰਾ ਅੰਤਾਂ ਦਾ ਸਤਿਕਾਰ ਸੀ। ਉਹ ਵੀ ਕਿਸੇ ਸੰਤ ਵਲੋਂ। ਸੰਤਾਂ ਦਾ ਤਾਂ ਸਗੋਂ ਲੋਕ ਸਤਿਕਾਰ ਕਰਦੇ ਹੁੰਦੇ ਹਨ।

ਮੇਰੇ ਉਤੇ ਇਸ ਸੰਤ ਦਾ ਬੜਾ ਹੀ ਚੰਗਾ ਅਸਰ ਪਿਆ। ਕੁਝ ਕੁ ਸਮੇਂ ਮਗਰੋਂ ਮੈਂ "ਸੰਤ ਜੀ" ਕਹਾਣੀ ਲਿਖੀ। ਕਹਾਣੀ ਬਹੁਤ ਵਧੀਆ ਲਿਖੀ। ਇਹ ਕਹਾਣੀ "ਮੇਰੀਆਂ ਸ੍ਰੇਸ਼ਟ ਕਹਾਣੀਆਂ" ਵਿਚ ਵੀ ਸ਼ਾਮਲ ਹੈ ਤੇ ਇਸਤੋਂ ਪਹਿਲਾਂ ਛਪੇ ਮੇਰੇ "ਸ਼ਰਾਬ ਦਾ ਗਲਾਸ" ਨਾਂ ਦੇ ਕਹਾਣੀ-ਸੰਗ੍ਰਹਿ ਵਿਚ ਵੀ। 1967 ਵਿਚ ਮੈਂ ਇਹ ਕਹਾਣੀ ਲਿਖੀ ਸੀ ਜੂਨ ਦੇ ਮਹੀਨੇ ਵਿਚ। ਕੁਝ ਕੁ ਸਮਾਂ ਮਗਰੋਂ ਇਹ "ਆਰਸੀ" ਵਿਚ ਵੀ ਛਪੀ ਸੀ ਤੇ "ਨਵਾਂ ਜ਼ਮਾਨਾ" ਵਿਚ ਵੀ—ਰੋਜ਼ਾਨਾ "ਨਵਾਂ ਜ਼ਮਾਨਾਂ" ਵਿਚ। ਇਹ ਕਹਾਣੀ ਇਹਨਾਂ ਵਿਚੋਂ ਸੰਤ ਨੇ ਵੀ ਪੜ੍ਹ ਲਈ। ਮੇਰਾ ਲੱਖਣ ਇਹ ਸੀ ਕਿ ਜਦੋਂ ਸੰਤ ਆਪਣੇ ਬਾਰੇ ਇਹ ਕਹਾਣੀ ਪੜ੍ਹੇਗਾ ਤਾਂ ਬਹੁਤ ਹੀ ਖ਼ੁਸ਼ ਹੋਵੇਗਾ ਤੇ ਮੈਨੂੰ ਇਕ ਹੋਰ ਟੋਕਰੀ ਫਲਾਂ ਦੀ ਭੇਟ ਕਰੇਗਾ। ਪਰ ਗੱਲ ਬਿਲਕੁਲ ਉਲਟ ਹੋਈ। ਚੰਗੀ ਦੀ ਥਾਂ ਸੰਤ ਨੂੰ ਕਹਾਣੀ ਬਹੁਤ ਬੁਰੀ ਲੱਗੀ।

ਇਲਾਕੇ ਵਿਚ ਇਸ ਸੰਤ ਦੇ ਨਿੰਦਕ ਆਖਦੇ ਹੁੰਦੇ ਸਨ ਕਿ ਇਹ ਸੰਤ ਗੁੰਡਾ ਹੈ ਤੇ ਕਦੇ ਪਾਕਿਸਤਾਨ ਵਿਚ ਇਹ ਡਾਕੇ ਮਾਰਦਾ ਰਿਹਾ ਹੈ। ਕਹਾਣੀ ਵਿਚ ਮੈਂ ਇਸੇ ਤਰ੍ਹਾਂ ਲੋਕਾਂ ਬਾਰੇ ਲਿਖਿਆ ਸੀ। ਮਤਲਬ ਮੇਰਾ ਇਹ ਸੀ ਕਿ ਲੋਕ ਤਾਂ ਇਉਂ ਕਹਿੰਦੇ ਹਨ, ਪਰ ਮੇਰੇ ਨਾਲ ਉਸ ਬੜਾ ਹੀ ਚੰਗਾ ਇਹ ਸਲੂਕ ਕੀਤਾ ਹੈ। ਮੈਂ ਉਸਦਾ ਆਪ-ਵਰਤਿਆ ਰੌਸ਼ਨ ਪੱਖ ਉਘਾੜਿਆ। ਮਾੜਾ ਪੱਖ, ਮੈਂ ਆਖਿਆ, ਕਿ ਲੋਕੀ ਇਉਂ ਕਹਿੰਦੇ ਹਨ। ਮਤਲਬ ਮੇਰਾ ਇਹ ਵੀ ਸੀ ਕਿ ਲੋਕੀ ਬਹੁਤਾ ਇਕ-ਪੱਖੀਆਂ ਰਾਵਾਂ ਹੀ ਦਿੰਦੇ ਰਹਿੰਦੇ ਹਨ। ਮੈਂ, ਬੜੀ ਹੀ ਕਲਾ ਨਾਲ, ਲੋਕਾਂ ਦੀਆਂ ਅਜਿਹੀਆਂ ਰਾਵਾਂ ਨੂੰ ਸਗੋਂ ਕੱਟ ਹੀ ਰਿਹਾ ਸਾਂ। ਪਰ ਸੰਤ ਇਹਨਾਂ ਬਾਰੀਕੀਆਂ ਨੂੰ ਸਮਝ ਹੀ ਨਹੀਂ ਸਕਿਆ ਸੀ। ਉਲਟ ਅਰਥ ਹੀ ਕੱਢ ਬੈਠਾ। ਮੈਂ ਤਾਂ ਉਹਦੀ ਸਿਫ਼ਤ ਕੀਤੀ, ਪਰ ਉਹ ਸਮਝਿਆ, ਉਹਦੀ ਮੈਂ ਬਦਨਾਮੀ ਕੀਤੀ ਹੋਈ ਹੈ।

"ਨਵਾਂ ਜ਼ਮਾਨਾ" ਤੇ "ਆਰਸੀ" ਵਿਚ ਇਹ ਕਹਾਣੀ ਸਤੰਬਰ ਜਾਂ ਅਕਤੂਬਰ ਵਿਚ ਛਾਪੀ ਸੀ। ਨਵੰਬਰ ਕਿ ਦਸੰਬਰ ਵਿਚ ਪਟਿਆਲੇ ਭਾਸ਼ਾ ਵਿਭਾਗ ਵਲੋਂ ਕੋਈ ਸੈਮੀਨਾਰ ਹੋਣਾ ਸੀ, ਸੈਂਟਰਲ ਸਟੇਟ ਪਬਲਿਕ ਲਾਇਬਰੇਰੀ ਵਿਚ। ਮੈਂ ਪਟਿਆਲੇ ਪਹੁੰਚਿਆ। ਸੈਮੀਮਾਰ ਦੇ ਅੱਧ-ਵਿਚਕਾਰ ਕੁਝ ਛੁੱਟੀ ਜਿਹੀ ਕੀਤੀ ਗਈ ਸੀ। ਸ਼ੇਰਾਂ ਵਾਲੇ ਗੇਟ ਵੱਲ ਕੁਝ ਥੋੜਾ ਜਿਹਾ ਕੰਮ ਸੀ ਮੈਨੂੰ। ਰਿਕਸ਼ਾ ਉਤੇ ਬੈਠਾ ਮੈਂ ਉਸ ਪਾਸੇ ਜਾ ਰਿਹਾ ਸਾਂ। ਸ਼ੇਰਾਂ ਵਾਲਾ ਗੇਟ ਤੋਂ ਬਾਹਰ ਮੇਰਾ ਅਤੇ ਉਸ ਸੰਤ ਦਾ ਟਾਕਰਾ ਜਿਹਾ ਹੋ ਗਿਆ। ਮੈਂ ਗੇਟ ਤੋਂ ਅੰਦਰ ਬਾਜ਼ਾਰ ਵੱਲ ਜਾ ਰਿਹਾ ਸਾਂ, ਉਹ ਬਾਜ਼ਾਰ ਵਲੋਂ ਗੇਟ ਤੋਂ ਬਾਹਰ ਵੱਲ ਆ ਰਿਹਾ ਸੀ। ਮੈਂ ਉਹਨੂੰ ਦੇਖਿਆ ਤਾਂ ਮੈਨੂੰ ਚਾਅ ਜਿਹਾ ਚੜ੍ਹ ਗਿਆ। ਮੇਰੇ ਵਾਂਗੂ ਸੰਤ ਨੂੰ ਪਰ ਚਾਅ ਜਿਹਾ ਨਹੀਂ ਚੜ੍ਹਿਆ ਸੀ। ਮੈਂ ਸਮਝਿਆ, ਸ਼ਾਇਦ, ਉਹਨੇ ਮੈਨੂੰ ਦੇਖਿਆ ਨਹੀਂ ਹੈ ਚੰਗੋਂ। ਮੈਂ ਆਪਣਾ ਰਿਕਸ਼ਾ ਰੋਕਿਆ। ਮੇਰੇ ਕੋਲੋਂ ਲੰਘਕੇ ਉਹਦਾ ਰਿਕਸ਼ਾ ਵੀ ਰੁਕ ਚੁੱਕਾ ਸੀ। ਉਹਨੇ ਉਥੇ ਹੀ ਲਹਿਣਾ ਸੀ। ਮੈਂ ਪਿੱਛੇ ਵੱਲ ਨੂੰ ਤੁਰਿਆ ਤੇ ਸੰਤ ਕੋਲ ਜਾ ਪਹੁੰਚਿਆ ਤੇ ਬੜੇ ਹੀ ਨਿਮਰ ਭਾਵਾਂ ਨਾਲ ਸਤਿ ਸ੍ਰੀ ਅਕਾਲ ਆਖੀ। ਸੰਤ ਆਪਣੀ ਤਲੀ ਉਤੇ ਸਿਰ ਝੁਕਾਈਂ ਖੜਾ ਸੀ ਤੇ ਤਲੀ ਉਤੋਂ ਰਿਕਸ਼ਾ ਵਾਲੇ ਨੂੰ ਗਿਣਕੇ ਪੈਸੇ ਦੇ ਰਿਹਾ ਸੀ। ਠੰਡੇ ਜਿਹੇ ਲਹਿਜੇ ਨਾਲ ਉਸ ਸਤਿ ਸ੍ਰੀ ਅਕਾਲ ਮੰਨੀ। "ਸੁਣਾਓ ਸੰਤ ਜੀ, ਕੀ ਹਾਲ ਐ ?" ਮੇਰਾ ਦੂਜਾ ਵਾਕ ਸੀ। "ਆਪਣਾ ਸੁਣਾਓ।" ਉਹਨੇ ਉੱਤਰ ਦਿੱਤਾ ਸੀ। ਠੰਡਾ ਅਤੇ ਬਹੁਤ ਹੌਲੀ। ਇਸਤੋਂ ਬਾਅਦ, ਸੰਤ, ਆਪਣੇ ਅਸਲੀ ਰੰਗ ਵਿਚ ਆ ਗਿਆ ਤੇ ਮੈਨੂੰ ਮਾਵਾਂ ਤੇ ਭੈਣਾਂ ਦੀਆਂ ਗੰਦੀਆਂ ਗਾਹਲਾਂ ਕੱਢਣ ਲੱਗਾ। ਮੈਨੂੰ ਬੜੀ ਹੈਰਾਨੀ ਸੀ। ਕੈਰੋਂ ਕਤਲ ਹੋ ਚੁੱਕਾ ਸੀ। ਉਹਨੇ ਵੀ ਇਹ ਆਖਿਆ। "ਅੱਜ ਮੈਂ ਕੁਝ ਵੀ ਰਿਹਾ ਨਹੀਂ। ਨਹੀਂ ਤਾਂ ਮੈਂ ਮੁਸ਼ਕ ਤਕ ਵੀ ਨਿਕਲਣ ਨਹੀਂ ਸੀ ਦੇਣਾ ਤੇਰਾ।" ਫੇਰ ਉਸ ਉਥੋਂ ਤੁਰਦੇ ਕਿਹਾ : "ਜਾਹ, ਤੂੰ ਵਿਦਵਾਨ ਏਂ। ਹੁਣ ਮੈਂ ਕੁਝ ਨਹੀਂ ਆਖਣਾ ਤੈਨੂੰ।"

ਸੱਚ ਜਾਣੋ, ਮੇਰੇ ਹੋਸ਼ ਟਿਕਾਣੇ ਨਹੀਂ ਰਹਿ ਸਕੇ ਸਨ। ਧਰਤੀ ਮੇਰੇ ਪੈਰਾਂ ਹੇਠਾਂ ਚੱਕਰ ਕੱਟਣ ਲੱਗ ਪਈ ਸੀ। ਕਿਉਂਕਿ ਮੈਂ ਤਾਂ ਉਸ ਸੰਤ ਦੀ ਬਹੁਤ ਹੀ ਸਿਫ਼ਤ ਕੀਤੀ ਸੀ ?

ਅਸਲ ਵਿਚ ਉਹ ਮੂਰਖ ਸੀ। ਸੱਚਾ ਸੰਤ ਨਹੀਂ ਸੀ। ਸੱਚਾ ਸੰਤ ਹੁੰਦਾ ਤਾਂ ਬੜਾ ਹੀ ਸਨਿਮਰ ਹੁੰਦਾ। ਮੈਂ ਤਾਂ ਸਿਫ਼ਤ ਕੀਤੀ ਸੀ ਸੱਚੇ ਸੰਤ ਤਾਂ ਨਿੰਦਕਾਂ ਨੂੰ ਵੀ ਮੰਦਾ ਨਹੀਂ ਬੋਲਦੇ। ਸਗੋਂ ਉਹ ਤਾਂ ਨਿੰਦਕਾਂ ਨੂੰ ਵੀ "ਭਲਾ ਹੋਵੇ" ਹੀ ਕਹਿੰਦੇ ਹਨ।

1982 ਵਿਚ ਮੈਂ ਇਕ ਕਹਾਣੀ ਹੋਰ ਲਿਖੀ—"ਅਸਲੀ ਫਲਾਂ ਦੀ ਟੋਕਰੀ" ਇਸ ਵਿਚ ਮੈਂ ਲਿਖਿਆ ਸੀ ਕਿ ਉਹ ਜਿਹੜੀ ਫਲਾਂ ਦੀ ਟੋਕਰੀ ਉਦੋਂ ਦਿੱਤੀ ਗਈ ਸੀ, ਉਹ ਨਕਲੀ ਫਲਾਂ ਦੀ ਟੋਕਰੀ ਸੀ। ਅਸਲੀ ਫਲਾਂ ਦੀ ਟੋਕਰੀ ਇਹ ਮਾਵਾਂ-ਭੈਣਾਂ ਦੀਆਂ ਗਾਹਲਾਂ ਸਨ ਜੋ ਉਸ ਸੰਤ ਨੇ, ਉਸ ਕਹਾਣੀ ਦੇ ਬਦਲੇ ਮੈਨੂੰ ਕਢੀਆਂ ਸਨ। ਕੋਈ ਗਾਹਲ ਤਰਬੂਜ਼ ਵਰਗੀ ਵੱਡੀ ਅਤੇ ਭਾਰੀ ਸੀ ਤੇ ਕੋਈ ਗਾਹਲ ਸੰਗਤਰੇ-ਅਨਾਰ ਵਰਗੀ ਚੋਂਦੀ-ਚੋਂਦੀ।

ਕੋਈ ਅੰਗੂਰਾਂ ਵਰਗੀ ਸੀ, ਕੋਈ ਪਸ਼ੌਰ ਦੇ ਸਰਧੇ ਵਰਗੀ। ਜਦੋਂ ਉਸ ਗਾਹਲਾਂ ਕੱਢੀਆਂ ਸਨ, ਉਦੋਂ ਤੋਂ ਹੀ ਮੇਰੇ ਮਨ ਵਿਚ ਕੰਡਾ ਜਿਹਾ ਚੁਭ ਰਿਹਾ ਸੀ। ਪੰਦਰਾਂ ਵਰ੍ਹੇ ਇਸ ਕੰਡੇ ਦੀ ਚੋਭ ਮੈਂ ਸਹਾਰਦਾ ਰਿਹਾ। ਕੰਡਾ ਉਦੋਂ ਨਿਕਲਿਆ, ਜਦੋਂ ਇਹ ਕਹਾਣੀ ਲਿਖੀ— "ਅਸਲੀ ਫਲਾਂ ਦੀ ਟੋਕਰੀ"। ਇਹ ਕਹਾਣੀ "ਪੱਖੀ" ਨਾਂ ਦੇ ਮੇਰੇ ਕਹਾਣੀ-ਸੰਗ੍ਰਹਿ ਵਿਚ ਹੈ!

ਸਾਨੂੰ, ਸਾਹਿਤਕਾਰਾਂ ਨੂੰ, ਇਨਾਮ ਵੀ ਮਿਲਦੇ ਰਹਿੰਦੇ ਹਨ। ਕਦੇ-ਕਦੇ ਇਹ ਇਨਾਮ ਇਉਂ ਵੀ ਸਾਨੂੰ ਮਿਲਦੇ ਹਨ ਜਿਵੇਂ ਮੈਨੂੰ "ਸੰਤ ਜੀ" ਕਹਾਣੀ ਬਦਲੇ ਮਿਲਿਆ ਸੀ – ਵੱਡੀਆ-ਵੱਡੀਆਂ, ਚੋਂਦੀਆਂ-ਚੋਂਦੀਆਂ, ਮਾਵਾਂ-ਭੈਣਾਂ ਦੀਆਂ ਗੰਦੀਆਂ ਗਾਹਲਾਂ। "ਕੋਈ ਇਕ ਸਵਾਰ" ਵਾਂਗ ਮੇਰੀ ਇਹ ਕਹਾਣੀ ਵੀ "ਇਨਾਮ ਜੇਤੂ" ਕਹਾਣੀ ਹੈ।

# ਮੇਰੇ ਦੋ ਕਾਵਿ-ਸੰਗ੍ਰਹਿ

ਹੁਣ ਤਕ ਗਿਆਰਾਂ ਕਾਵਿ-ਸੰਗ੍ਰਹਿ ਮੇਰੇ ਛਪ ਚੁੱਕੇ ਹਨ। ਬਾਰ੍ਹਵਾਂ ਇਕ ਤਿਆਰ ਹੈ ਜੋ ਛਪਣ-ਗੋਚਰੇ ਪਿਆ ਹੈ। ਜਿਹੜੇ ਛਪ ਚੁੱਕੇ ਹਨ, ਉਹਨਾਂ ਦੇ ਨਾਂ ਇਹ ਹਨ : ' ਗੁੱਡੀਆਂ ਪਟੋਲ੍ਹੇ, "ਪਹੁ-ਫੁਟਾਲਾ", "ਧਰਤੀ ਮੰਗਦੀ ਮੀਂਹ ਵੇ" "ਪੱਤ ਝੜੇ ਪੁਰਾਣੇ", "ਬਿਰਹੜੇ", "ਅੱਗ ਦੇ ਪੱਤੇ", "ਕਾਲੀ ਬਰਛੀ", "ਸੰਜੀਵਨੀ", "ਸਿੰਘਾਵਲੀ", "ਆਉਣ ਵਾਲਾ ਸੂਰਜ" ਤੇ "ਜਦੋਂ ਅਸੀਂ ਆਵਾਂਗੇ"। ਜਿਹੜਾ ਛਪਣ ਲਈ ਪਿਆ ਹੈ ਉਸਦਾ ਨਾਂ 'ਪੈਰ" ਹੈ। ਏਥੇ ਕੇਵਲ ਦੋ ਸੰਗ੍ਰਹਿਆਂ ਦਾ ਹੀ ਜ਼ਿਕਰ ਕਰਾਂਗਾ ਜਿਹੜੇ ਛਪ ਚੁੱਕੇ ਹਨ। ਉਹ ਹਨ "ਅੱਗ ਦੇ ਪੱਤੇ" ਤੇ "ਆਉਣ ਵਾਲਾ ਸੂਰਜ"। ਇਹ ਸੰਗ੍ਰਹਿ ਬਾਕੀਆਂ ਨਾਲੋਂ ਕੁਝ ਨਿਰਾਲੇ ਜਿਹੇ ਹਨ।

"ਅੱਗ ਦੇ ਪੱਤੇ" ਬੰਗਲਾਦੇਸ਼ ਬਾਰੇ ਲਿਖੀਆਂ ਗਈਆਂ ਕਵਿਤਾਵਾਂ ਦਾ ਸੰਗ੍ਰਹਿ ਹੈ ਤੇ "ਆਉਣ ਵਾਲਾ ਸੂਰਜ" ਵਿਚ ਉਹ ਕਵਿਤਾਵਾਂ ਸ਼ਾਮਿਲ ਹਨ ਜੋ 1981 ਵਿਚ ਮੈਂ ਚੰਡੀਗੜ੍ਹ ਜੇਲ ਵਿਚ ਲਿਖੀਆਂ ਸਨ। ਚੰਡੀਗੜ੍ਹ ਜੇਲ ਵਿਚ 81 ਦਿਨ ਮੈਂ ਰਿਹਾ ਸਾਂ। ਇਹ ਕਵਿਤਾਵਾਂ ਉਹਨਾਂ 81 ਦਿਨਾਂ ਵਿਚ ਮੈਂ ਲਿਖੀਆਂ ਹਨ।

ਚੰਡੀਗੜ੍ਹ ਵਿਚ ਟੀਚਰਾਂ ਦੀ ਐਜੀਟੇਸ਼ਨ ਸ਼ੁਰੂ ਸੀ। ਡੀ. ਪੀ. ਆਈ. ਦਫ਼ਤਰ ਅੱਗੇ ਧਰਨੇ ਮਾਰੇ ਜਾਂਦੇ ਤੇ ਨਾਲੇ ਡੀ. ਪੀ. ਆਈ. ਦਾ ਘੇਰਾਓ ਵੀ ਕੀਤਾ ਜਾਂਦਾ ਸੀ। ਆਉਣ ਵੇਲੇ ਤੇ ਜਾਣ ਵੇਲੇ ਡੀ.ਪੀ.ਆਈ. ਨੂੰ ਘੇਰਿਆ ਜਾਂਦਾ। 26 ਮਈ 1981 ਨੂੰ ਮੈਂ ਘਰੋਂ ਕੁਝ ਕੁ ਕੰਮਾਂ ਲਈ ਸੈਕਟਰੀਏਟ ਗਿਆ। ਨਾਲ ਮੇਰਾ ਭਰਾ ਰਿਪੁਦਮਨ ਸਿੰਘ ਰੂਪ ਸੀ। ਸਕੂਟਰ ਉਤੇ ਗਏ ਸਾਂ। ਧਰਨੇ ਜ਼ਿਲਿਆਂ ਵਾਰ ਸਨ। ਇਕ ਦਿਨ ਪਹਿਲਾਂ ਉਹ ਆਪ ਰੋਪੜ ਜ਼ਿਲੇ ਵਲੋਂ ਧਰਨਾ ਮਾਰ ਚੁੱਕਾ ਸੀ। ਪੰਜ ਵਜੇ ਸ਼ਾਮੀ ਅਸੀਂ ਸੈਕਟਰੀਏਟ ਤੋਂ ਆਏ ਤਾਂ ਡੀ. ਪੀ. ਆਈ. ਦੇ ਦਫ਼ਤਰ ਅੱਗੇ ਸਤਾਰਾਂ ਸੈਕਟਰ ਚਲੇ ਗਏ। ਐਵੇਂ ਜ਼ਰਾ ਐਜੀਟੇਸ਼ਨ ਦਾ ਹਾਲ-ਚਾਲ ਦੇਖਣ ਲਈ। ਮੈਨੂੰ ਤਾਂ ਕੋਈ ਬਹੁਤਾ ਨਹੀਂ, ਰੂਪ ਨੂੰ ਦਿਲਚਸਪੀ ਸੀ, ਉਸਦੀ ਜਥੇਬੰਦੀ ਕਾਰਨ। ਧਰਨਾ ਵੱਜਾ ਹੋਇਆ ਸੀ। ਡੀ.ਪੀ.ਆਈ. ਸਵਾ ਕੁ ਪੰਜ ਉਤੋਂ ਹੇਠਾਂ ਆਇਆ ਤਾਂ ਪੁਲਿਸ ਉਸਨੂੰ ਘੇਰੇ ਵਿਚ ਲੈ, ਉਹਦੀ ਕਾਰ ਵੱਲ ਲੈ ਤੁਰੀ। ਟੀਚਰ ਉਸੇ ਪਾਸੇ ਦੌੜੇ, ਪਰ ਉਹ ਉਹਨੂੰ ਘੇਰ ਨਾ ਸਕੇ। ਪੁਲਿਸ ਦੀ ਹਿਫ਼ਾਜ਼ਤ ਵਿਚ ਉਹ ਕਾਰ ਵਿਚ ਲੰਘ ਗਿਆ ਸੀ। ਟੀਚਰ ਵਾਪਸ ਆਏ ਤਾਂ ਪੁਲਿਸ ਬਿਨਾਂ ਕਾਰਨ ਹੀ, ਐਵੇਂ ਬੁਖਲਾਈ ਜਿਹੀ, ਖ਼ਾਲੀ ਹੱਥ ਟੀਚਰਾਂ ਨੂੰ ਲਾਠੀਆਂ ਮਾਰਨ

ਲੱਗ ਪਈ। ਇਸ ਲਈ ਕਿ ਟੀਚਰ ਡੀ. ਪੀ. ਆਈ ਦੀ ਕਾਰ ਵੱਲ ਗਏ ਹੀ ਕਿਉਂ! ਉਹਨਾਂ ਨੇ ਜੁਰੱਅਤ ਕਿਉਂ ਕੀਤੀ। ਪਹਿਲਾਂ ਤਾਂ ਮੈਂ ਦੇਖਦਾ ਰਿਹਾ, ਪਰ ਫੇਰ ਮੇਰਾ ਆਪਣੇ ਉਤੋਂ ਵਸੀਕਾਰ ਜਾਂਦਾ ਰਿਹਾ ਤੇ ਪੁਲਿਸ-ਕਾਰਵਾਈ ਵਿਰੁੱਧ ਮੈਂ ਉੱਚੀ-ਉੱਚੀ "ਸ਼ੇਮ-ਸ਼ੇਮ" ਦੇ ਨਾਅਰੇ ਮਾਰਨ ਲੱਗ ਪਿਆ। ਪਹਿਲਾਂ ਪੁਲਿਸ ਨੇ ਪਤਾ ਕੀਤਾ ਤੇ ਮੈਨੂੰ ਚੁੱਪ ਹੋਣ ਲਈ ਕਿਹਾ। ਪਰ ਮੈਂ ਚੁੱਪ ਨਹੀਂ ਹੋਇਆ। ਆਖ਼ਿਰ ਮੈਨੂੰ ਪੁਲਿਸ ਵਲੋਂ ਗਿਫ਼ਤਾਰ ਕਰ ਲਿਆ ਗਿਆ। ਰਿਪੁਦਮਨ ਵੀ ਮੇਰੇ ਨਾਲ ਹੀ ਸੀ ਤੇ ਛੇ ਟੀਚਰ-ਲੀਡਰ ਹੋਰ। ਕੁਲ ਅਸੀਂ ਅੱਠ ਜਣੇ ਗ੍ਰਿਫ਼ਤਾਰ ਕੀਤੇ ਗਏ। ਪਹਿਲਾਂ ਥਾਣੇ ਰੱਖੇ ਤੇ ਫੇਰ ਲਗਭਗ ਅੱਧੀ ਰਾਤ ਚੰਡੀਗੜ੍ਹ ਜੇਲ ਭੇਜੇ ਗਏ। ਟੈਲੀਫ਼ੂਨ ਵੀ ਖੜਕੇ ਸਨ। ਮੈਨੂੰ ਛੱਡਣ ਲਈ ਕਿਹਾ ਗਿਆ। ਪਰ ਮੈਂ ਇਕੱਲੇ ਨੇ ਰਿਹਾਅ ਹੋ ਜਾਣਾ ਮੰਨਿਆ ਨਹੀਂ।

26 ਮਈ ਗਏ ਸਾਂ। ਦੋ ਜੂਨ ਸਵੇਰੇ ਹੀ ਮੈਂ ਦੋ ਕਵਿਤਾਵਾਂ ਲਿਖੀਆਂ ਸਨ। ਪਹਿਲੀ ਸੀ "ਸਾਡੀ ਜੇਲ ਵੱਲ ਤੱਕਦਾ ਸੂਰਜ"। ਦੂਜੀ ਸੀ "ਕੂ ਕੂ"। ਦੋਵੇਂ ਹੀ ਇਹ ਕਰਮਵਾਰ "ਆਉਣ ਵਾਲਾ ਸੂਰਜ" ਵਿਚ ਅੱਗੇ ਛਪੀਆਂ ਹੋਈਆਂ ਹਨ। ਦੋਵੇਂ ਏਥੇ ਲਿਖਦਾ ਹਾਂ :

ਹਿਮਾਲਾ ਦੀਆਂ ਚੋਟੀਆਂ ਤੋਂ
ਪੈਰਾਂ ਭਾਰ ਉੱਚਾ ਹੋ ਕੇ
ਸਾਡੀ ਜੇਲ ਦੇ ਵਿਹੜੇ ਵਿਚ
ਮੁਸਕਰਾ ਕੇ ਤੱਕਦਾ
ਸਵੇਰ ਦਾ ਸੂਰਜ ਬੋਲਿਆ :
ਸਾਥੀਓ! ਕੀ ਹਾਲ ਹੈ?
ਲਾਲ ਸਲਾਮ! ਲਾਲ ਸਲਾਮ!

ਸਾਥੀਓ! ਸੰਸਾਰ ਮੈਨੂੰ
ਨਮਸਕਾਰ ਕਰਦਾ ਹੈ
ਖ਼ਾਸਕਰ ਸਵੇਰ ਵੇਲੇ
ਜਦੋਂ ਮੇਰੀ ਚੜ੍ਹਤ ਹੋਵੇ,
ਸਾਥੀਓ! ਇਕ ਤੁਸੀਂ ਹੋ
ਜਿਨ੍ਹਾਂ ਨੂੰ ਮੈਂ ਆਦਿ ਕਾਲ ਤੋਂ
ਨਮਸਕਾਰ ਕਰਦਾ ਹਾਂ
ਤੁਸਾਂ ਨੂੰ—ਜੁਝਾਰਾਂ ਨੂੰ
ਇਸ ਸੰਸਾਰ ਨੂੰ
ਆਦਿ ਕਾਲ ਤੋਂ
ਅੱਗੇ ਤੋਰਨ ਵਾਲਿਆਂ ਨੂੰ।

ਦੂਜੀ ਕਵਿਤਾ "ਕੂ ਕੂ" :

ਸਵੇਰੇ ਉੱਠੋ
ਮਿੱਠੇ ਜਿਹੇ ਪੰਛੀ ਦੀ ਕੂ ਕੂ ।

ਸਾਵਾ ਬਿਰਛ
ਨੀਲਾ ਆਕਾਸ਼
ਮਿੱਠੇ ਜਿਹੇ ਪੰਛੀ ਦੀ ਕੂ ਕੂ ।

ਜੇਲ ਦੀਆਂ ਸੀਖਾਂ
ਦੀਵਾਰਾਂ ਅਤੇ ਵੱਡੇ ਫਾਟਕ
ਰੋਕ ਨਹੀਂ ਸਕੇ
ਸਾਵਾ ਬਿਰਛ
ਨੀਲਾ ਆਕਾਸ਼
ਮਿੱਠੇ ਜਿਹੇ ਪੰਛੀ ਦੀ ਕੂ ਕੂ ।

ਸਾਨੂੰ ਆਮ ਜੀਵਨ ਨਾਲੋਂ
ਵੱਖ ਕਰਨ ਵਾਲਿਓ !
ਤੁਸੀਂ ਹਾਰ ਚੁੱਕੇ ਹੋ
ਦੇਖੋ, ਸਾਨੂੰ ਮਿਲਣ ਲਈ
ਜੇਲ ਵਿਚ ਪੁੱਜ ਚੁੱਕੇ ਹਨ
ਸਾਵਾ ਬਿਰਛ
ਨੀਲਾ ਆਕਾਸ਼
ਮਿੱਠੇ ਜਿਹੇ ਪੰਛੀ ਦੀ ਕੂ ਕੂ ।

ਪਹਿਲਾਂ ਦੋ ਕਵਿਤਾਵਾਂ ਲਿਖੀਆਂ । ਫੇਰ ਪੰਜ, ਦਸ, ਵੀਹ । ਅਖ਼ੀਰ ਪਣਤਾਲੀ ਕਵਿਤਾਵਾਂ ਲਿਖੀਆਂ । ਪੂਰੀਆਂ ਪਣਤਾਲੀ ਇਸ ਕਾਵਿ ਸੰਗ੍ਰਹਿ ਵਿਚ ਦਰਜ ਹਨ ।

ਪੰਜ-ਚਾਰ ਕਵਿਤਾਵਾਂ ਲਿਖੀਆਂ ਤਾਂ ਮੇਰਾ ਲੱਖਣ ਇਹ ਸੀ ਕਿ ਕੁਝ ਹੋਰ ਹੋ ਜਾਣਗੀਆਂ ਤੇ ਕਿਸੇ ਕਾਵਿ ਸੰਗ੍ਰਹਿ ਵਿਚ ਇਹ ਪਾ ਦਿਤੀਆਂ ਜਾਣਗੀਆਂ । ਰਿਹਾਈ ਬਾਰੇ ਇਹ ਸੀ ਕਿ ਛੇਤੀ ਹੀ ਹੋ ਜਾਵੇਗੀ । ਪਰ ਜਦੋਂ ਪੰਦਰਾਂ-ਵੀਹ ਹੋਈਆਂ ਤਾਂ ਮੈਨੂੰ ਲਾਲਚ ਹੋਇਆ ਕਿ ਅਜੇ ਰਿਹਾਈ ਹੋਵੇ ਹੀ ਨਾ । ਅਜੇ ਹੋਰ ਕਵਿਤਾਵਾਂ ਮੇਰੀਆਂ ਜੇਲ ਵਿਚ ਹੀ ਲਿਖੀਆਂ ਜਾਣ । ਕਲਮ ਵੀ ਕੁਝ ਇਹਨੀਂ ਦਿਨੀਂ ਮੇਰੀ ਤੇਜ਼ ਵਗ ਰਹੀ ਸੀ । ਮੇਜ਼ ਕੁਰਸੀ, ਕਾਗਜ਼-ਪੱਤਰ, ਸਭ ਕੁਝ ਮਿਲਿਆ ਹੋਇਆ ਸੀ । ਰੋਜ਼ ਕਵਿਤਾਵਾਂ ਲਿਖਦਾ ਰਹਿੰਦਾ ।

ਇਹ ਕਵਿਤਾਵਾਂ, ਸਾਰੀਆਂ ਹੀ, ਜੇਲ ਦੇ ਆਲੇ-ਦੁਆਲੇ ਨੂੰ ਹੀ ਵਰਣਨ ਕਰਨ ਵਾਲੀਆਂ ਹਨ । ਸੀਖਾਂ, ਦੀਵਾਰਾਂ, ਫਾਟਕ, ਮੀਨਾਰ ਸਾਰੇ ਚਿੰਨ੍ਹ ਜਾਂ ਬਿੰਬ ਰੂਪ ਵਿਚ ਇਹਨਾਂ ਵਿਚ ਆ ਰਹੇ ਹਨ । ਇਕ ਥਾਂ ਮੈਂ ਕਿਹਾ ਹੈ, ਜੇਲ ਨੂੰ ਸੰਬੋਧਨ ਕਰਕੇ : "ਜੇਲ ! ਅਧੀ ਰਾਤ ਸੀ ਜਦੋਂ ਅਸੀਂ ਆਏ ਸਾਂ । ਦੇਖ, ਤੇਰੀਆਂ ਕੰਧਾਂ ਉਤੇ ਦੀਵੇ ਬਾਲ ਚੱਲੇ ਹਾਂ ।" ਇਹ ਦੀਵੇ ਕਵਿਤਾਵਾਂ ਦੇ ਸਨ ।

ਇਸ ਸੰਗ੍ਰਹਿ ਦੀ ਅੰਤਲੀ ਕਵਿਤਾ "ਤੀਲੀ ਬਾਲੀ ਹੈ ਮੈਂ" ਹੈ । ਇਸ ਕਵਿਤਾ ਦਾ ਅੰਤਲਾ ਬੰਦ ਮੈਂ ਏਥੇ ਦਰਜ ਕਰਦਾ ਹਾਂ :

ਤੀਲੀ ਬਾਲੀ ਹੈ ਮੈਂ
ਮਹਾਂ ਅੰਧਕਾਰ ਵਿਚ
ਚਾਨਣ ਕਿਨਾ ਕੁ ਹੋਇਆ ?
ਆਉਣ ਵਾਲਾ ਸੂਰਜ
ਇਸ ਦਾ ਉੱਤਰ ਦੇਵੇਗਾ ।

ਇਹ ਬੰਦ ਮੈਂ ਇਸ ਕਿਤਾਬ ਦੇ ਅੱਗੇ ਵੀ ਛਾਪਿਆ ਹੋਇਆ ਹੈ । ਇਸੇ ਵਿਚੋਂ ਇਸ ਕਿਤਾਬ ਦਾ ਨਾਂ ਰੱਖਿਆ ਗਿਆ ਹੈ ।

"ਅੱਗ ਦੇ ਪੱਤੇ" ਕਾਵਿ ਸੰਗ੍ਰਹਿ ਮੈਂ ਸੰਨ 71 ਵਿਚ ਲਿਖਿਆ ਸੀ । ਪਹਿਲੀ ਕਵਿਤਾ 29 ਅਪਰੈਲ 1971 ਨੂੰ ਲਿਖੀ ਅਤੇ ਅੰਤਲੀ 20 ਦਸੰਬਰ 1971 ਨੂੰ । ਕੁਲ 40 ਕਵਿਤਾਵਾਂ ਹਨ । ਪਰ ਦੋ ਕਵਿਤਾਵਾਂ 1975 ਵਿਚ ਲਿਖੀਆਂ ਗਈਆਂ । ਪਹਿਲੀ "ਕੀ ਉਹ ਬੰਗ ਦਾ ਬੰਧੂ ਸੀ ?" 26 ਸਤੰਬਰ ਨੂੰ ਲਿਖੀ ਸੀ ਤੇ ਦੂਜੀ "ਰਸਲ" 6 ਅਕਤੂਬਰ 1975 ਨੂੰ । ਯਾਨੀ ਨੌਆਂ ਦਿਨਾਂ ਬਾਅਦ । ਪਹਿਲੀ "ਬੰਗ ਬੰਧੂ" ਮੁਜੀਬੁਰ ਰਹਿਮਾਨ ਬਾਰੇ ਹੈ, ਦੂਜੀ ਉਸਦੇ ਨੌਂ ਵਰ੍ਹੇ ਦੇ ਪੁੱਤਰ "ਰਸਲ" ਬਾਰੇ ਹੈ । ਦੋਵੇਂ ਸਾਮਰਾਜੀ ਸਾਜ਼ਿਸ਼ ਦੇ ਤਹਿਤ ਕਤਲ ਹੋਏ ਸਨ ।

ਰਸਲ, ਆਪਣੀ ਜਾਨ ਬਚਾਉਣ ਲਈ, ਗ਼ਸਲਖ਼ਾਨੇ ਵਿਚ ਚਲਿਆ ਗਿਆ । ਪਰ ਕਾਤਲਾਂ ਨੇ ਗ਼ੁਸਲਖ਼ਾਨੇ ਦਾ ਬੂਹਾ ਭੰਨ ਦਿੱਤਾ ਤੇ ਉਸਨੂੰ ਗੋਲੀ ਮਾਰ ਦਿੱਤੀ । ਰਸਲ ਨੇ ਚੀਕਾਂ ਮਾਰੀਆਂ, ਪਰ ਕਾਤਲਾਂ ਨੇ ਸੁਣੀਆਂ ਨਹੀਂ । ਮੈਨੂੰ ਆਪਣੇ ਪਿੰਡ ਬੈਠੇ ਨੂੰ ਇਹ ਚੀਕਾਂ ਸੁਣ ਗਈਆਂ ਸਨ, ਅਤੇ ਮੈਂ ਕਵਿਤਾ ਲਿਖੀ ਸੀ :

ਰਸਲ ! ਤੇਰੀਆਂ ਚੀਕਾਂ
ਸਾਰੀ ਦੁਨੀਆਂ ਵਿਚ ਸੁਣ ਰਹੀਆਂ ਹਨ
ਇਹ ਮਸ਼ਰਿਕ ਵਿਚ ਸੁਣ ਰਹੀਆਂ ਹਨ
ਤੇ ਮਗ਼ਰਬ ਵਿਚ ਸੁਣ ਰਹੀਆਂ ਹਨ ।

ਰਸਲ ! ਇਕ ਵਾਸ਼ਿੰਗਟਨ ਹੈ
ਜਿਥੇ ਤੈਨੂੰ ਮਾਰਨ ਦਾ

ਮਨਸੂਬਾ ਘੜਿਆ ਗਿਆ ਹੈ,
ਇਕ ਵਾਲ ਸਟਰੀਟ ਹੈ
ਜਿਥੋਂ ਤੈਨੂੰ ਮਾਰਨ ਵਾਲੀ
ਗੋਲੀ ਭੇਜੀ ਗਈ ਹੈ,
ਰਸਲ ! ਗੱਲ ਕੁਝ ਲੰਮੀ ਹੈ
ਇਹ ਏਨੀ ਸਰਲ ਤੇ ਸਾਦਾ ਨਹੀਂ
ਜਿੰਨੀ ਤੇਰੀ ਉਮਰ ਸੀ ।

ਛੇ ਬੰਦ ਹਨ ਕਵਿਤਾ ਦੇ । ਮੈਂ ਕੇਵਲ ਪਹਿਲੇ ਦੋ ਹੀ ਉੱਪਰ ਨਕਲ ਕੀਤੇ ਹਨ ।

ਇਹ ਕਿਤਾਬ 1976 ਵਿਚ ਪ੍ਰਕਾਸ਼ਤ ਹੋਈ । ਕੁਲ ਬਿਆਲੀ ਕਵਿਤਾਵਾਂ ਹਨ । ਚਾਲੀ ਪਹਿਲੀਆਂ, ਦੋ ਇਹ, ਕਾਫ਼ੀ ਮਗਰੋਂ ਲਿਖੀਆਂ ਹੋਈਆਂ । ਉਂਜ ਇਹ ਮੈਂ "ਦੂਜਾ ਭਾਗ" ਬਣਾ ਕੇ ਸ਼ਾਮਿਲ ਕੀਤੀਆਂ ਹਨ ।

ਇਹ ਕਵਿਤਾਵਾਂ ਪਾਕਿਸਤਾਨੀ ਜਬਰ-ਜ਼ੁਲਮ ਦੇ ਵਿਰੁਧ ਹਨ ਜੋ ਬੰਗਲਾਦੇਸ਼ ਦੇ ਲੋਕਾਂ ਉਤੇ ਉਦੋਂ ਢਾਹਿਆ ਗਿਆ ਸੀ । ਇਹ ਫ਼ਾਸ਼ਿਜ਼ਮ ਦੇ ਵਿਰੁਧ ਹਨ—ਧਾਰਮਿਕ ਜਨੂਨ ਦੇ ਵਿਰੁਧ ।

ਇਸ ਕਾਵਿ ਸੰਗ੍ਰਹਿ ਵਿਚ "ਟੀਟੂ" ਅਤੇ "ਰੌਸ਼ਨ ਆਰਾ" ਨਾਂ ਦੀਆਂ ਦੋ ਕਵਿਤਾਵਾਂ ਹਨ । ਇਹ ਦੋਵੇਂ ਜਣੇ ਛੋਟੀ ਉਮਰ ਦੇ ਲੜਕਾ ਅਤੇ ਲੜਕੀ ਹਨ ਜਿਹੜੇ ਉਸ ਸੰਗਰਾਮ ਸਮੇਂ ਬਹਾਦਰੀ ਨਾਲ ਜੂਝੇ ਸਨ । ਸਮਰਪਣ ਵੀ ਮੈਂ ਇਹ ਕਿਤਾਬ ਇਹਨਾਂ ਨੂੰ ਹੀ ਕੀਤੀ ਹੈ—ਟੀਟੂ ਤੇ ਰੌਸ਼ਨ ਆਰਾ ਨੂੰ ।

ਇਸ ਕਿਤਾਬ ਦਾ ਮੁਖਬੰਧ, ਜੋ ਬਹੁਤ ਹੀ ਛੋਟਾ ਜਿਹਾ ਹੈ, ਅਤੇ ਮੈਂ ਆਪ ਹੀ ਲਿਖਿਆ ਹੈ, ਏਥੇ ਦਰਜ ਕਰ ਦੇਣਾ ਵੀ ਅਰਥ-ਭਰਪੂਰ ਹੀ ਹੋਵੇਗਾ :

> "ਭਾਈ ਵੀਰ ਸਿੰਘ ਕਸ਼ਮੀਰ ਦੇ ਸੁਹੱਪਣ ਤੋਂ ਪਰਭਾਵਤ ਹੋਏ ਤੇ ਉਹਨਾਂ ਨੇ "ਮਟਕ ਹੁਲਾਰੇ" ਲਿਖੇ । ਮੈਂ ਬੰਗਲਾਦੇਸ਼ ਦੇ ਸੰਗਰਾਮ ਤੋਂ ਪਰਭਾਵਤ ਹੋਇਆ ਤੇ "ਅੱਗ ਦੇ ਪੱਤੇ" ਲਿਖਣ ਲੱਗਾ ।
>
> "ਅਸੀਂ ਦੋ ਕਵੀ ਨਹੀਂ, ਦੋ ਯੁੱਗ ਹਾਂ - ਇਕ-ਦੂਜੇ ਤੋਂ ਬਹੁਤ ਦੂਰ ।"

ਭਾਈ ਵੀਰ ਸਿੰਘ ਨੇ "ਮਟਕ ਹੁਲਾਰੇ" ਕਸ਼ਮੀਰ ਨੂੰ ਵੇਖਕੇ ਲਿਖੇ ਸਨ ; ਮੈਂ ਅਖ਼ਬਾਰਾਂ ਰਾਹੀਂ ਬੰਗਲਾਦੇਸ਼ ਨਾਲ ਜੁੜਿਆ ਹੋਇਆ ਸਾਂ ।

ਅਨੁਭਵ ਤਿੰਨ ਤਰ੍ਹਾਂ ਦੇ ਹਨ । ਅੱਗ ਲੱਗੀ ਹੋਈ ਹੈ ਤੇ ਉਸ ਅੱਗ ਵਿਚ ਆਪ ਸੜਨਾ; ਅੱਗ ਲੱਗੀ ਦੇਖਣਾ; ਅੱਗ ਲੱਗੀ ਬਾਰੇ ਸੁਣਨਾ ਤੇ ਕਲਪਨਾ ਵਿਚ ਵੇਖਣਾ । ਤਿੰਨੇ ਅਨੁਭਵ ਠੀਕ ਹਨ । ਕੰਮ ਇਹਨਾਂ ਅਨੁਭਵਾਂ ਨੂੰ ਕਲਾ-ਰੂਪ ਦੇਣਾ ਹੈ ਬੱਸ ।

ਮੇਰਾ ਅਨੁਭਵ ਅੰਤਲਾ ਸੀ । ਮੈਂ ਬੰਗਲਾਦੇਸ਼ ਦੀ ਅੱਗ ਨੂੰ ਕਲਪਨਾ ਵਿਚ ਦੇਖਿਆ ਸੀ । ਬੰਗਲਾਦੇਸ਼ ਦੀ ਅੱਗ ਦੇ ਪੱਤੇ ਮੇਰੇ ਤੀਕਰ ਉੱਡ-ਉੱਡ ਆਏ ।

# ਮੇਰਾ ਨਾਵਲ "ਯਾਦਗਾਰ"

"ਨਿੱਕੀ ਸਲੇਟੀ ਸੜਕ ਦਾ ਟੋਟਾ" ਮੇਰੀ ਪ੍ਰਸਿੱਧ ਕਵਿਤਾ ਹੈ ਜਿਹੜੀ ਕਿ ਮੇਰੇ ਕਾਵਿ ਸੰਗ੍ਰਹਿ 'ਬਿਰਹੜੇ" ਵਿਚ ਛਪੀ ਹੈ। ਇਸ ਕਵਿਤਾ ਦੇ ਅੱਗੇ ਤੇ ਪਿੱਛੇ ਜੋ ਕਹਾਣੀ ਪਈ ਹੈ, ਨਾਵਲ "ਯਾਦਗਾਰ" ਵਿਚ ਮੈਂ ਉਹੀ ਕਹਾਣੀ ਲਿਖੀ ਹੈ। ਕਾਵਿ ਸੰਗ੍ਰਹਿ "ਬਿਰਹੜੇ" ਵਿਚ ਕੁਝ ਕਵਿਤਾਵਾਂ ਇਸ ਕਵਿਤਾ ਦੇ ਅੱਗੇ ਛਪੀਆਂ ਹੋਈਆਂ ਹਨ ਤੇ ਬਹੁਤ ਸਾਰੀਆਂ ਇਸ ਦੇ ਪਿੱਛੇ। ਇਹਨਾਂ ਸਭ ਕਵਿਤਾਵਾਂ ਵਿਚ ਵੀ ਇਹ ਕਹਾਣੀ ਵਰਣਤ ਹੈ। ਪਰ ਮੇਰੀ ਸਿਰਫ਼ ਏਨੇ ਨਾਲ ਹੀ ਜਿਵੇਂ ਸੰਤੁਸ਼ਟੀ ਨਹੀਂ ਸੀ ਹੋਈ। ਬਹੁਤ ਕੁਝ ਉਹ ਵੀ ਸੀ ਜੋ ਹੋਰ ਵਿਆਖਿਆ ਮੰਗਦਾ ਸੀ। ਕਿਉਂਕਿ ਮੈਨੂੰ ਇਹ ਕਹਾਣੀ ਕਦੇ ਆਪਣੇ ਲਫ਼ਜ਼ਾਂ ਵਿਚ ਵੀ ਕਿਸੇ ਨੂੰ ਦੱਸਣੀ ਪੈਂਦੀ ਰਹਿੰਦੀ—ਆਪਣੀ ਵਾਰਤਕ ਬੋਲੀ ਵਿਚ। ਕਵਿਤਾਵਾਂ ਵਿਚ ਇਹ ਕਹਾਣੀ ਏਧਰ-ਉਧਰ ਹੀ ਪਈ ਸੀ, ਨਾਵਲ ਵਿਚ ਕਹਾਣੀ ਵਾਂਗ ਲੜੀ-ਰੂਪ ਵਿਚ ਨਹੀਂ ਸੀ ਪਈ। ਕੋਈ ਮੇਰੇ ਨੇੜੇ ਦਾ ਮਿੱਤਰ ਤਾਂ ਇਹ ਕਹਾਣੀ ਫੜ ਲੈਂਦਾ ਸੀ, ਪਰ ਹਰ ਕਿਸੇ ਲਈ ਇਸ ਕਹਾਣੀ ਨੂੰ ਫੜਨਾ ਬਹੁਤ ਮੁਸ਼ਕਿਲ ਸੀ। ਮਹਾਂ ਕਾਵਿ ਇਹ ਸੀ ਨਹੀਂ। ਛੁਟ-ਪੁਟ ਕਵਿਤਾਵਾਂ ਸਨ। ਮਹਾਂ ਕਾਵਿ ਦਾ ਉਂਜ ਵੀ ਅੱਜ ਜਿਵੇਂ ਸਮਾਂ ਨਹੀਂ ਰਿਹਾ। ਅੱਜ, ਮਹਾਂ ਕਾਵਿ ਦੀ ਥਾਂ ਨਾਵਲ ਲੈਂਦਾ ਜਾ ਰਿਹਾ ਹੈ। ਨਾਵਲ ਮਹਾਂ ਕਾਵਿ ਹੀ ਹੈ—ਵਾਰਤਕ ਵਿਚ ਮਹਾਂ ਕਾਵਿ। ਅੱਜ ਤਾਂ ਕਵਿਤਾ ਵੀ, ਦੁਨੀਆਂ ਭਰ ਵਿਚ, ਛੰਦਾ-ਬੰਦੀ ਤੋਂ ਬਾਹਰ ਆ ਕੇ ਵਾਰਤਕ-ਨੇੜੇ ਪੁੱਜ ਰਹੀ ਹੈ ਤੇ ਰਹਿੰਦੀ ਫੇਰ ਵੀ ਕਵਿਤਾ ਹੀ ਹੈ। ਸੋ ਮੈਂ ਇਹਨਾਂ ਕਵਿਤਾਵਾਂ ਵਿਚ ਜੋ ਕਹਾਣੀ ਪਈ ਸੀ, ਉਹਨੂੰ ਨਾਵਲ-ਰੂਪ ਵਿਚ, ਬੜੀ ਹੀ ਸੁੰਦਰ ਵਾਰਤਕ ਵਿਚ, ਬਿਆਨ ਕਰਨਾ ਚਾਹੁੰਦਾ ਸਾਂ। ਇਸੇ ਆਪਣੀ ਚਾਹਨਾ ਵਿਚੋਂ ਮੈਂ ਇਹ ਨਾਵਲ ਸਿਰਜਿਆ—ਆਪਣਾ ਨਾਵਲ "ਯਾਦਗਾਰ"।

ਇਹ ਕਹਾਣੀ 1955 ਦੇ ਸਤੰਬਰ ਦੇ ਮਹੀਨੇ ਤੋਂ ਸ਼ੁਰੂ ਹੁੰਦੀ ਹੈ ਤੇ 1957 ਦੀ ਇਹ ਮਈ ਤਕ ਹੀ ਰਹਿੰਦੀ ਹੈ। ਪਰ ਇਸ ਕਹਾਣੀ ਦੇ ਬਣਨ ਲਈ ਜਾਂ ਕਿਸੇ ਠੀਹੇ ਵੱਲ ਚੱਲਣ ਲਈ ਇਕ ਚੰਗੇ ਅੰਤ ਦੀ ਲੋੜ ਸੀ। ਕਲਾਮਈ ਅੰਤ ਦੀ ਲੋੜ। ਅੰਤ, ਜੋ ਅੰਤ ਉਤੇ ਕੰਬਣੀ ਜਿਹੀ ਛੇੜ ਦੇਵੇ। ਇਸ ਅੰਤ ਤਕ ਪਹੁੰਚਣ ਲਈ, ਇਸ ਕਹਾਣੀ ਨੂੰ, ਛੇ ਵਰ੍ਹੇ ਦੀ ਹੋਰ ਉਡੀਕ ਕਰਨੀ ਪਈ; ਅਤੇ ਫੇਰ ਇਹ 1963 ਤੀਕਰ ਚਲੀ ਗਈ।

ਫੈਲੀ ਹੋਈ ਕਹਾਣੀ ਭਾਵੇਂ ਇਹ ਅੱਠਾਂ ਵਰ੍ਹਿਆਂ ਉਤੇ ਹੀ ਹੈ, ਪਰ ਇਕਾਗਰ ਏਨੀ ਹੈ ਜਿਵੇਂ ਇਕੋ ਸਮੇਂ ਵਿਚ ਹੀ ਸਾਰੀ ਗੁੰਦੀ ਗਈ ਹੁੰਦੀ ਹੈ। ਇਸਦਾ ਕਾਰਨ, ਸ਼ਾਇਦ, ਮੇਰਾ ਕਹਾਣੀ ਕਹਿਣ ਦਾ ਢੰਗ ਹੋਵੇ ਜਾਂ ਮੇਰੀ ਬੋਲੀ ਤੇ ਸ਼ੈਲੀ ਹੋਵੇ ਜਾਂ ਇਹ ਸਾਰਾ ਕੁਝ ਹੀ ਹੋਵੇ। ਕਹਾਣੀ ਏਨੀ ਮਾਰਮਿਕ ਹੈ ਕਿ ਇਹ ਵੀ ਇਸਦੇ ਇਸ ਗੁਣ ਦਾ ਕਾਰਨ ਹੀ ਹੋ ਸਕਦਾ ਹੈ। ਪਰ ਵੱਡੀ ਗੱਲ, ਕਹਾਣੀ ਕਹਿਣ ਦਾ ਢੰਗ ਹੀ ਹੋ ਸਕਦਾ ਹੈ। ਢੰਗ ਠੀਕ ਨਾ ਹੋਵੇ ਤਾਂ ਆਪਣੇ-ਆਪ, ਇਕੱਲਾ, ਵਿਸ਼ਾ-ਵਸਤੂ ਕੀ ਕਰ ਸਕੇਗਾ? ਗੱਲ ਨਿਭਾਅ ਦੀ ਹੁੰਦੀ ਹੈ। ਨਿਭਾਅ ਵਿਚ ਹੀ ਢੰਗ, ਬੋਲੀ ਤੇ ਸ਼ੈਲੀ ਸਭ ਆ ਜਾਂਦੇ ਹਨ।

"ਬਿਰਹੜੇ" ਦੀ ਪਹਿਲੀ ਕਵਿਤਾ 24 ਅਪਰੈਲ 19:6 ਨੂੰ ਮੈਂ ਲਿਖੀ ਸੀ ਤੇ ਅੰਤਲੀ ਮੈਂ 23 ਜਨਵਰੀ 1960 ਨੂੰ ਲਿਖੀ ਸੀ। ਪਰ "ਯਾਦਗਾਰ" ਮੈਂ 1972-73 ਵਿਚ ਲਿਖਿਆ ਸੀ—ਬਾਰਾਂ-ਤੇਰਾਂ ਵਰ੍ਹਿਆਂ ਬਾਅਦ। ਏਨਾ ਚਿਰ ਇਹ ਮੇਰੇ ਮਨ ਵਿਚ ਕਹੇ ਜਾਣ ਲਈ ਪੱਕਦਾ ਰਿਹਾ।

ਅਸਤਰਾਵਸਕੀ ਦੇ ਰੂਸੀ ਨਾਵਲ "ਦਾਰੋ-ਰਸਨ ਕੀ ਆਜ਼ਮਾਇਸ਼" ਤੇ ਮਾਂਡਗੂਲਕਰ ਦੇ ਮਰਾਠੀ ਨਾਵਲ "ਬਨਗਰਵਾੜੀ" ਪੜ੍ਹਨ ਨਾਲ ਮੈਂ ਪ੍ਰੇਰਿਤ ਹੋਇਆ ਸਾਂ ਕਿ ਮੈਂ ਵੀ ਇਵੇਂ ਹੀ ਨਾਵਲ ਲਿਖਾਂ—ਆਪਣੇ ਜੀਵਨ ਬਾਰੇ ਲਿਖਾਂ ਤੇ ਛੋਟੇ-ਛੋਟੇ ਫ਼ਿਕਰੇ ਲਿਖਾਂ। ਇਹ ਮੇਰੇ ਜੀਵਨ ਬਾਰੇ ਵੀ ਹੈ ਤੇ ਛੋਟੇ-ਛੋਟੇ ਫ਼ਿਕਰੇ ਵੀ। ਪਰ ਇਹ, ਇਹਨਾਂ ਦੋਹਾਂ ਵਿਚੋਂ ਕਿਸੇ ਵਰਗਾ ਵੀ ਨਹੀਂ ਹੈ। ਇਹ ਆਪਣੇ ਵਰਗਾ ਆਪ ਹੈ। ਅਸਤਰਾਵਸਕੀ ਦੇ ਨਾਵਲ ਵਿਚ ਉਸਦਾ ਪੂਰਾ ਜੀਵਨ ਹੈ, ਇਸ ਵਿਚ ਪੂਰਾ ਜੀਵਨ ਨਹੀਂ, ਜੀਵਨ ਦਾ ਇਕ ਹਿੱਸਾ ਹੈ। ਹਿੱਸਾ—ਜੋ ਆਪਣੇ ਆਪ ਵਿਚ ਪੂਰਾ ਜੀਵਨ ਬਣ ਜਾਂਦਾ ਹੈ, ਨਾਵਲ ਦੀ ਕਹਾਣੀ ਲਈ। ਛੋਟੇ-ਛੋਟੇ ਫ਼ਿਕਰੇ ਮੈਂ "ਬਨਗਰਵਾੜੀ" ਪੜ੍ਹਨ ਤੋਂ ਕਾਫ਼ੀ ਪਹਿਲਾਂ ਆਪ ਵੀ ਲਿਖੇ ਸਨ। ਮੇਰੀ ਪਹਿਲੀ ਕਹਾਣੀ ਵਿਚ ਹੀ ਛੋਟੇ-ਛੋਟੇ ਫ਼ਿਕਰੇ ਹਨ। "ਕੁਆਰੀ ਪ੍ਰੀਤ" ਕਹਾਣੀ ਵਿਚ। ਛੋਟੇ ਛੋਟੇ, ਮਿੱਠੇ-ਮਿੱਠੇ। ਇਹ ਮੈਂ ਉਦੋਂ ਲਿਖੇ ਸਨ ਜਦੋਂ ਮੈਨੂੰ ਸਾਹਿਤ ਦੇ ਗੁਣ-ਦੋਸ਼ਾਂ ਦਾ ਪਤਾ ਹੀ ਨਹੀਂ ਸੀ। ਇਹ ਵੀ ਪਤਾ ਨਹੀਂ ਸੀ ਕਿ ਸਾਹਿਤ ਬੋਲੀ ਵਿਚ ਹੁੰਦਾ ਹੈ। ਇਸਦਾ ਪਤਾ ਮੈਨੂੰ ਬਹੁਤ ਮਗਰੋਂ ਜਾ ਕੇ ਲੱਗਾ ਸੀ ਜਦੋਂ ਕਿਸੇ ਨੇ ਕਿਹਾ ਸੀ ਕਿ ਬੋਲੀ ਬਹੁਤ ਚੰਗੀ ਹੈ ਮੇਰੀ। ਭਾਵ, ਮੇਰੀਆਂ ਕਹਾਣੀਆਂ ਦੀ।

ਛੋਟੇ ਛੋਟੇ ਫ਼ਿਕਰੇ ਜਾਣ-ਬੁੱਝਕੇ ਨਹੀਂ ਲਿਖੇ ਜਾਂਦੇ, ਇਹ ਤਾਂ ਸਾਹਿਤ ਸਿਰਜਣਾ ਦੀ ਲੋੜ ਵਿਚੋਂ ਹੀ ਜਨਮਦੇ ਹਨ ਸਾਹਿਤ ਦੇ ਰੂਪ ਦੀ ਲੋੜ ਵਿਚੋਂ। ਫ਼ਿਕਰਾ ਨਾ ਛੋਟਾ ਚੰਗਾ ਹੁੰਦਾ ਹੈ, ਨਾ ਵੱਡਾ ਚੰਗਾ; ਢੁੱਕਵਾਂ ਚੰਗਾ ਹੁੰਦਾ ਹੈ।

ਸਾਰੇ ਫ਼ਿਕਰੇ, ਛੋਟੇ-ਛੋਟੇ ਵੀ, ਸੁਹਣੇ ਨਹੀਂ ਜਾਪਦੇ। ਵੱਡੇ ਵੀ ਹੋਣ ਛੋਟੇ ਵੀ। "ਯਾਦਗਾਰ" ਇਵੇਂ ਹੀ ਹੈ।

"ਯਾਦਗਾਰ" ਲਿਖਿਆ ਤਾਂ ਕਈ ਵਰ੍ਹੇ ਇਹ ਪਿਆ ਰਿਹਾ—ਛਪਣ-ਖੁਣੋਂ ਪਿਆ ਰਿਹਾ। ਮੇਰੇ ਇਕ-ਦੋ ਦੋਸਤਾਂ ਨੇ ਇਸਨੂੰ ਖਰੜਾ-ਰੂਪ ਵਿਚ ਪੜ੍ਹਿਆ। 1974 ਵਿਚ ਮੈਂ ਇੰਗਲੈਂਡ ਗਿਆ ਸਾਂ। ਗੁਰਬਚਨ ਸਿੰਘ ਭੁੱਲਰ ਨੂੰ ਮੈਂ ਇਸਦਾ ਖਰੜਾ ਦਿੰਦਾ ਗਿਆ।

ਉਸ ਮੈਨੂੰ ਇੰਗਲੈਂਡ ਲਿਖਿਆ : "ਧੀਰ ਜੀ, ਅੱਧ ਤੋਂ ਅੱਗੇ ਜਾ ਕੇ ਤਾਂ ਇਹ ਮੈਥੋਂ ਪੜ੍ਹ ਹੀ ਨਹੀਂ ਹੋਇਆ। ਇਹਨੂੰ ਪੜ੍ਹਦਿਆਂ ਇਕ ਪਲ ਵੀ ਮੇਰੀ ਅੱਖ ਸੁੱਕੀ ਨਹੀਂ ਰਹੀ।" ਇਸ ਨਾਵਲ ਦੀ ਮੁਖ ਨਾਇਕਾ ਇਕ ਸੁੰਦਰ ਮੁਟਿਆਰ ਹੈ ਜਿਸਦਾ ਨਾਂ ਕੰਵਲ ਹੈ। ਉਸਦੀ ਮੌਤ ਹੋ ਜਾਂਦੀ ਹੈ। ਅੱਧੀ ਕਹਾਣੀ ਉਸਦੀ ਮੌਤ ਤੋਂ ਮਗਰੋਂ ਚਲਦੀ ਰਹਿੰਦੀ ਹੈ।

ਕੰਵਲ ਕੋਈ ਵੀਰਾਗਣਾ ਨਹੀਂ। ਕੋਈ ਮਾਅਰਕੇ ਨਹੀਂ ਮਾਰਦੀ। ਸਿੱਧੀ-ਸਾਦੀ, ਅੱਗੇ ਵਧੂ ਪਰਵਾਰ ਦੀ ਇਕ ਪੇਂਡੂ ਮੁਟਿਆਰ ਹੈ। ਪਰ ਉਸਦੀ ਮੌਤ ਜਿਵੇਂ ਸੰਸਾਰ ਨੂੰ ਸੁੰਨਾ ਜਿਹਾ ਕਰ ਜਾਂਦੀ ਹੈ। ਕਿਸੇ ਤੋਂ ਵੀ ਉਸਦੀ ਮੌਤ ਸਹਿਣ ਨਹੀਂ ਹੁੰਦੀ। ਉਸਦੀ ਮੌਤ ਸਹਿਣ ਲਈ ਕੋਈ ਤਿਆਰ ਹੀ ਨਹੀਂ ਹੈ।

ਪਵਿੱਤਰ ਸਿੰਘ ਦਰਵੇਸ਼ ਇਸ ਮੁਟਿਆਰ, ਕੰਵਲ ਦਾ ਪਿਤਾ ਹੈ। ਉਹ ਆਮ ਪਿਤਾ ਹੁੰਦਾ ਹੋਇਆ ਵੀ, ਆਮ ਪਿਤਾ ਨਹੀਂ ਹੈ ਉਹ ਆਮ ਵੀ ਹੈ ਤੇ ਖ਼ਾਸ ਵੀ। ਉਹ ਇਕ ਅਦੁੱਤੀ ਪਿਤਾ ਹੈ। ਦੋਵੇਂ ਪਿਤਾ ਤੇ ਪੁੱਤਰੀ, ਇਸਦੇ ਨਾਇਕ ਅਤੇ ਨਾਇਕਾ ਹਨ। ਇਸ ਗੱਲੋਂ ਵੀ ਮੇਰਾ ਇਹ ਨਾਵਲ ਵੱਖਰਾ ਅਤੇ ਨਿਆਰਾ ਹੈ। ਇਹ ਆਮ ਨਾਵਲਾਂ ਵਰਗਾ ਨਹੀਂ, ਆਮ ਨਾਲੋਂ ਹਟ ਕੇ ਹੈ। ਪਰ ਫੇਰ ਵੀ ਇਹ ਨਾਵਲ ਹੈ। ਇਹ ਇਹੋ ਜਿਹਾ ਹੀ ਹੋਣਾ ਸੀ ਜਿਹੋ ਜਿਹਾ ਮੈਂ ਲਿਖਿਆ ਹੈ। ਇਹ ਮੈਂ ਹੀ ਲਿਖ ਸਕਦਾ ਸਾਂ। ਇਹਨੂੰ ਲਿਖਣਾ ਕਿਸੇ ਹੋਰ ਦੇ ਵਸ ਵਿਚ ਹੈ ਹੀ ਨਹੀਂ ਸੀ। ਭਾਵੇਂ ਉਹਨੂੰ ਇਹ ਕਹਾਣੀ, ਸਾਰੀ, ਇਵੇਂ ਹੀ ਦੱਸੀ ਗਈ ਹੁੰਦੀ।

ਇਹ ਨਾਵਲ, ਮੇਰੇ ਖ਼ੂਨ ਨਾਲ, ਮੇਰੇ ਹੱਡਾਂ ਨਾਲ ਬੀਤਿਆ। ਵਰ੍ਹਿਆਂ-ਬੱਧੀ ਇਹ ਮੇਰੇ ਮਨ ਵਿਚ ਰਿੱਝਦਾ ਅਤੇ ਖੌਲਦਾ ਰਿਹਾ। ਫੇਰ ਇਹਨੇ ਮੈਨੂੰ ਕਿਹਾ : "ਲੇਖਕ! ਆਪਣੀ ਕਲਮ ਚੁੱਕ।" ਫੇਰ ਮੈਂ ਇਹਦਾ ਹੁਕਮ ਮੰਨਕੇ ਆਪਣੀ ਕਲਮ ਚੁੱਕੀ ਤੇ ਇਹਨੂੰ ਲਿਖਣ ਬਹਿ ਗਿਆ। ਇਹ ਉਂਜੇ ਨਹੀਂ ਲਿਖਿਆ ਗਿਆ; ਜਿਵੇਂ, ਮਹਿਕ, ਫੁੱਲਾਂ ਵਿਚੋਂ ਹੋ ਕੇ ਸਾਡੇ ਤਕ ਆਉਂਦੀ ਹੈ, ਇਹ ਮੇਰੀ ਰੂਹ ਦੀਆਂ ਛੁਹਾਂ ਲੈ ਕੇ ਕਾਗ਼ਜ਼ ਉਤੇ ਉੱਤਰਿਆ।

1972 ਵਿਚ ਬਵੰਜਾ ਵਰ੍ਹੇ ਦੀ ਉਮਰ ਸੀ ਮੇਰੀ। ਮੇਰੀ ਰੂਹ ਬਵੰਜਾ ਵਰ੍ਹੇ ਦੇ ਅਨੁਭਵ ਨੇ ਸਾਜੀ ਹੋਈ ਸੀ ਉਦੋਂ।

ਉਂਜ ਤਾਂ ਮੈਂ, ਠੀਕ, ਇਹ ਨਾਵਲ ਕਾਗ਼ਜ਼ ਉਤੇ ਲਿਖਿਆ ਹੈ; ਸਿਆਹੀ ਨਾਲ ਲਿਖਿਆ ਹੈ; ਪਰ ਅਸਲ ਵਿਚ, ਕਾਗ਼ਜ਼ ਨਹੀਂ, ਇਸ ਨਾਵਲ ਨੂੰ, ਸਮੇਂ ਦੇ ਮੈਂ ਸਫ਼ੇ ਉਤੇ ਲਿਖਿਆ ਹੈ, ਤੇ ਆਪਣੇ ਖ਼ੂਨ ਨਾਲ ਲਿਖਿਆ ਹੈ, ਤੇ ਦਿਲ ਦੇ ਖ਼ੂਨ ਨਾਲ ਲਿਖਿਆ ਹੈ। ਸਾਹਿਤ, ਦਿਲ ਦੇ ਖ਼ੂਨ ਤੋਂ ਬਿਨਾਂ, ਲਿਖਿਆ ਜਾ ਹੀ ਸਕਦਾ ਨਹੀਂ।

ਇਕ ਹੋਰ ਦੋਸਤ ਨੇ ਵੀ ਇਸਦਾ ਖਰੜਾ ਪੜ੍ਹਿਆ ਸੀ, ਛਪਣ ਤੋਂ ਕੁਝ ਕੁ ਸਮਾਂ ਪਹਿਲਾਂ। ਛਪਿਆ ਇਹ ਪਹਿਲੀ ਵਾਰ 1979 ਵਿਚ ਹੈ। ਉਸਦੀ ਟਿੱਪਣੀ ਇਹ ਸੀ : "ਧੀਰ ਜੀ, ਇਹ ਨਾਵਲ ਨਹੀਂ, ਇਹ ਤਾਂ ਨਿਰੀ ਕਵਿਤਾ ਹੀ ਹੈ।" ਡਾ: ਹਜ਼ਾਰਾ ਸਿੰਘ ਹੈ ਮੇਰਾ ਇਹ ਸੁਹਿਰਦ ਮਿੱਤਰ। ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਵਿਚ

ਇਹ ਪਬਲੀਕੇਸ਼ਨ ਆਫ਼ੀਸਰ ਹੈ। ਡਾਕ ਰਾਹੀਂ ਆਈ ਸੀ ਟਿੱਪਣੀ। ਟਿੱਪਣੀ ਪੜ੍ਹ ਕੇ ਥੋੜਾ ਜਿਹਾ ਮੈਂ ਦੁਬਿਧਾ ਜਿਹੀ ਵਿਚ ਪੈ ਗਿਆ। ਇਹ ਸਿਫ਼ਤ ਹੈ ਜਾਂ ਨਿੰਦਾ ? ਮਤਲਬ ਇਹ ਨਾ ਹੋਵੇ ਕਿ ਇਹ ਤਾਂ ਨਿਰੀ ਕਵਿਤਾ ਹੀ ਹੈ, ਇਸ ਲਈ ਇਹ ਵਾਰਤਕ ਨਹੀਂ, ਜਾਂ ਇਹ ਚੰਗੀ ਵਾਰਤਕ ਨਹੀਂ, ਇਸਦੇ ਕਾਵਿਮਈ ਹੋਣ ਨੇ ਇਸ ਵਿਚ ਔਗਣ ਪੈਦਾ ਕਰ ਦਿੱਤਾ ਹੈ। ਪਰ ਨਹੀਂ, ਉਹਨੇ ਨਿੰਦਾ ਨਹੀਂ, ਪ੍ਰਸੰਸਾ ਹੀ ਕੀਤੀ ਹੋਈ ਸੀ। ਚਿੱਠੀ ਵਿਚ ਮੈਂ ਪੁੱਛਿਆ ਤਾਂ ਉਹਨੇ ਇਹੋ ਆਖਿਆ। ਮੈਨੂੰ ਬੜੀ ਸੰਤੁਸ਼ਟੀ ਹੋਈ।

ਜਿਵੇਂ ਮੇਰੀ ਕਵਿਤਾ "ਨਿੱਕੀ ਸਲੇਟੀ ਸੜਕ ਦਾ ਟੋਟਾ" ਮੁੱਢੋਂ ਪਿਆਰ ਦੀ ਕਵਿਤਾ ਹੈ ਤੇ ਫੇਰ ਅੱਗੇ ਜਾ ਕੇ ਵਿਸ਼ਵ-ਅਮਨ ਵੱਲ ਮੁੜ ਜਾਂਦੀ ਹੈ, ਇਸੇ ਤਰ੍ਹਾਂ ਇਹ ਨਾਵਲ ਹੈ। ਇਹ ਨਾਵਲ ਪਿਆਰ ਦਾ ਹੈ, ਪਰ ਅੱਗੇ ਜਾ ਕੇ ਇਹ ਵੀ ਵਿਸ਼ਵ-ਅਮਨ ਵੱਲ ਮੁੜ ਜਾਂਦਾ ਹੈ। ਅਸਲ ਵਿਚ ਇਹ ਪਿਆਰ ਹੀ ਨਹੀਂ, ਵਾਤਸੱਲ ਪਿਆਰ ਅਤੇ ਵਿਸ਼ਵ-ਅਮਨ ਦਾ ਨਾਵਲ ਹੈ। ਵਾਤਸੱਲ ਪਿਆਰ, ਕਿਉਂਕਿ ਇਸ ਵਿਚ ਪਿਤਾ-ਪੁੱਤਰੀ ਨਾਇਕ ਅਤੇ ਨਾਇਕਾ ਹਨ। ਇਹ ਪਿਆਰ ਬੜਾ ਹੀ ਅਦੁੱਤੀ ਅਤੇ ਉੱਚਾ ਹੈ।

ਇਸ ਨਾਵਲ ਵਿਚ ਨਾਵਲਾਂ ਵਾਂਗੂੰ, ਨਾ ਤਾਂ ਮੋੜ-ਘੋੜ ਹੀ ਹਨ, ਨਾ ਹੀ ਖੜਕੇ-ਦੜਕੇ ਹਨ। ਇਹ ਤਾਂ ਟਿਕੀ ਰਾਤ ਵਿਚ, ਚੰਨ-ਚਾਨਣੀ ਰਾਤ ਵਿਚ, ਹਲਕੀ-ਹਲਕੀ ਵੱਜ ਰਹੀ ਕਿਸੇ ਬੰਸਰੀ ਵਰਗਾ ਨਾਵਲ ਹੈ। ਹਲਕੀ-ਹਲਕੀ, ਧੀਮੀ-ਧੀਮੀ, ਮੱਧਮ-ਮੱਧਮ ਵੀਣਾ ਵਰਗਾ। ਇਹ ਚੁੱਪ ਦਾ ਨਾਵਲ ਹੈ। ਅਬੋਲਣ ਦੀ ਕਹਾਣੀ। ਇਸ ਵਿਚ ਬਿਨਾਂ-ਬੋਲਿਆਂ ਹੀ ਸਭ ਕੁਝ ਕਿਹਾ ਗਿਆ ਹੈ।

ਇਹ ਪ੍ਰੇਮ ਦਾ ਨਾਵਲ ਹੈ। ਇਕ ਲਫ਼ਜ਼ "ਪਿਆਰ" ਹੈ, ਇਕ ਹੈ "ਪ੍ਰੇਮ"। ਪਿਆਰ ਨਾਲੋਂ ਪ੍ਰੇਮ ਦਾ ਦਰਜਾ ਕਿਤੇ ਉੱਚਾ ਜਾ ਰਹਿੰਦਾ ਹੈ। ਭਗਤੀ ਲਹਿਰ ਦੇ ਸੰਤ ਤੇ ਭਗਤ ਪਿਆਰ ਨਹੀਂ, ਪ੍ਰੇਮ ਦਾ ਸੰਦੇਸ਼ ਸਾਨੂੰ ਦਿੰਦੇ ਸਨ : "ਜਿਨ ਪ੍ਰੇਮੁ ਕੀਓ ਤਿਨਹੀ ਪ੍ਰਭੁ ਪਾਇਓ।" ਇਹ ਉਸੇ ਪ੍ਰੇਮ ਦਾ ਨਾਵਲ ਹੈ।

ਇਹ ਨਾਵਲ ਉੱਤਮ ਪੁਰਖ ਵਿਚ "ਮੈਂ" ਨਾਲ ਲਿਖਿਆ ਗਿਆ ਹੈ। "ਮੈਂ" ਆਖਣ ਵਾਲਾ ਰਾਜਿੰਦਰ ਸਿੰਘ ਰਾਜ ਹੈ ਜੋ ਕਵੀ ਅਤੇ ਲੇਖਕ ਹੈ ਤੇ ਇਕ ਤਰ੍ਹਾਂ ਨਾਲ ਨਾਇਕ ਵੀ। ਪਰ ਇਹ ਨਾਇਕ ਰਹਿੰਦਾ ਨਹੀਂ, ਉਪ-ਨਾਇਕ ਬਣ ਜਾਂਦਾ ਹੈ ਤੇ ਨਾਇਕ ਅਤੇ ਨਾਇਕਾ ਇਸਦੇ ਪਿਤਾ-ਪੁੱਤਰੀ, ਕੰਵਲ ਅਤੇ ਦਰਵੇਸ਼ ਜੀ, ਬਣ ਜਾਂਦੇ ਹਨ। ਤਾਂ ਵੀ, "ਮੈਂ" ਵੀ, ਇਸ ਵਿਚ ਮਹੱਤਵਪੂਰਨ ਪਾਤਰ ਹੈ। ਇਸ ਪਾਤਰ ਵਿਚ ਹੀ ਮੈਂ ਆਪਣਾ ਆਪਾ ਪਾਇਆ ਹੈ।

ਕਵੀ ਤੇ ਲੇਖਕ "ਮੈਂ" ਨੂੰ, ਯਨੀ ਮੇਰੇ ਪਾਤਰ ਨੂੰ, ਕੰਵਲ ਨਾਲ ਸਨੇਹ ਹੈ— ਭਗਤੀ ਲਹਿਰ ਦੇ ਸੰਤਾਂ ਅਤੇ ਭਗਤਾਂ ਵਾਲਾ ਪ੍ਰੇਮ ਹੈ। ਸਹਿਜ ਪ੍ਰੇਮ। ਸਹਿਜ ਪ੍ਰੀਤ। ਚੰਨ ਤੇ ਚਕੋਰ ਵਾਲੀ। ਕੰਵਲ ਦੀ ਮੌਤ ਮਗਰੋਂ, ਕੰਵਲ ਦੇ ਪਰਿਵਾਰ ਵਾਂਗ, "ਮੈਂ" ਵੀ ਬਹੁਤ ਗ਼ਮ ਅਤੇ ਸੋਗ ਵਿਚ ਡੁੱਬਿਆ ਹੋਇਆ ਹੈ। ਉਸਦੀ ਇੱਛਾ ਇਹ ਹੈ ਕਿ ਕਿਸੇ ਦਿਨ, ਕੰਵਲ ਦੇ ਪਿੰਡ, ਕਾਲੀ ਸੁੰਨੀ ਰਾਤ ਹੋਵੇ, ਮੈਂ ਹੋਵਾਂ, ਦਰਵੇਸ਼ ਜੀ ਹੋਣ ਮੇਰੇ ਕੁਝ ਇਕ

ਕਵੀ ਦੋਸਤ ਮੇਰੇ ਨਾਲ ਏਥੇ ਆਏ ਹੋਣ। ਅਸੀਂ ਭੁੰਜੇ ਬੈਠੀਏ। ਵਿਚਕਾਰ ਮੋਮ ਬੱਤੀਆਂ ਹੋਣ। ਲੰਮੀਆਂ-ਲੰਮੀਆਂ ਹੇਕਾਂ ਨਾਲ ਅਸੀਂ ਸਾਰੇ ਗ਼ਮ ਅਤੇ ਹਿਜਰ ਦੀਆਂ ਕਵਿਤਾਵਾਂ ਪੜ੍ਹੀਏ। ਕਦੇ ਕੋਈ ਗਾਵੇ ਤੇ ਕਦੇ ਕੋਈ ਹੇਕ ਲਾਵੇ। ਅੱਧੀ ਰਾਤੀਂ ਸਾਡੀਆਂ ਅੱਖਾਂ ਪਰਲ-ਪਰਲ ਵਗਣ ਤੇ ਸਾਡੇ ਦਿਲ ਨੂੰ ਹੌਲਾ ਕਰਨ।

ਡਾ: ਹਰਿਭਜਨ ਸਿੰਘ ਨੇ ਮੇਰੇ ਇਸ ਨਾਵਲ ਬਾਰੇ ਇਕ ਬਹੁਤ ਵਧੀਆ ਲੇਖ ਲਿਖਿਆ। ਇਹ ਲੇਖ "ਆਰਸੀ" ਵਿਚ 1983 ਵਿਚ ਮਾਰਚ ਅੰਕ ਵਿਚ ਛਪਿਆ ਸੀ। ਉਹਨੇ "ਮੈਂ" ਦੀ ਉੱਪਰਲੀ ਇੱਛਾ ਨੂੰ ਅੰਤ ਉਤੇ ਲਿਖਦੇ ਹੋਏ ਇਉਂ ਲੇਖ ਸਮਾਪਤ ਕੀਤਾ :

> "ਸੁਗਮ ਸ਼ੈਲੀ ਵਿਚ ਲਿਖੀ ਕਿਸੇ ਵਿੱਛੜ ਗਏ ਪਿਆਰੇ ਦੀ ਇਕਾਗਰ ਕਹਾਣੀ, ਯਾਦਗਾਰ, ਭੁੰਜੇ ਬੈਠਕੇ ਗਾਇਆ ਹਿਜਰ ਹੀ ਹੈ। ਬਿਆਨ ਦੇ ਨਿੱਕੇ ਮੋਟੇ ਵੇਰਵੇ ਹਿਜਰ ਦੀਆਂ ਹੇਕਾਂ ਹਨ ਤੇ ਉਨ੍ਹਾਂ ਦੇ ਵੇਗ ਵਿਚ ਰੋਸ਼ਨ ਹੁੰਦੇ ਸਾਡੇ ਮਨ ਨਿੱਕੇ ਨਿੱਕੇ ਟੁਕੜੇ ਹਨ ਮੋਮਬੱਤੀਆ ਦੇ। ਇਸ ਪੁਸਤਕ ਰਾਹੀਂ ਧੀਰ ਦੀ ਇਕ ਮਾਸੂਮ ਜੇਹੀ ਰੀਝ ਨਿਸ਼ਚੇ ਹੀ ਸਫਲਤਾ ਸਹਿਤ ਨੇਪਰੇ ਚੜ੍ਹੀ ਹੈ।"

ਇਸੇ ਲੇਖ ਵਿਚ ਡਾਕਟਰ ਸਾਹਿਬ ਨੇ ਇਕ ਥਾਂ ਇਹ ਵੀ ਲਿਖਿਆ ਹੈ :

> "ਧੀਰ ਦੀ ਇਹ ਲਿਖਤ ਜਿਵੇਂ ਪੰਜਾਬੀ ਸਭਿਆਚਾਰ ਨੇ ਧੀਰ ਦਾ ਹੱਥ ਫੜਕੇ ਆਪ ਲਿਖੀ ਹੈ।"

ਡਾ: ਹਰਿਭਜਨ ਸਿੰਘ ਸਾਡੇ ਮਹਾਂ ਵਿਦਵਾਨ ਹਨ। ਜਦੋਂ ਇਸ ਨਾਵਲ ਬਾਰੇ ਮੈਂ ਉਹਨਾਂ ਦੀ ਇਹ ਰਾਏ ਪੜ੍ਹੀ ਤਾਂ ਮੈਨੂੰ ਬੜਾ ਹੀ ਗਰਬ ਹੋਇਆ। ਸਾਹਿਤ ਹੁੰਦਾ ਹੀ ਉਹ ਹੈ—ਸੱਚਾ ਅਤੇ ਉੱਤਮ ਸਾਹਿਤ - ਜਿਸ ਨੂੰ ਸਾਡਾ ਸਭਿਆਚਾਰ ਸਾਡੇ ਹਥੋਂ ਆਪ ਲਿਖਵਾਵੇ।

ਇਸ ਨਾਵਲ ਦੇ ਮੁਖ ਪਾਤਰ ਪਵਿੱਤਰ ਸਿੰਘ ਦਰਵੇਸ਼ ਜੀ, ਯਨੀ ਕੰਵਲ ਦੇ ਪਿਤਾ ਜੀ, ਅਜੇ ਤੀਕ ਵੀ ਜ਼ਿੰਦਾ ਹਨ (ਅਸਲੀ ਨਾਂ ਹੋਰ ਹੈ, ਕੰਵਲ ਦਾ ਵੀ ਹੋਰ ਸੀ ਨਾਂ)। 1973 ਵਿਚ ਮੈਂ ਜਦੋਂ ਨਾਵਲ ਪੂਰਾ ਕੀਤਾ ਤਾਂ ਉਹਨਾਂ ਨੂੰ ਮੈਂ ਚਿੱਠੀ ਲਿਖੀ :

> "....ਬਾਰੇ ਮੈਂ ਨਾਵਲ ਲਿਖ ਲਿਆ ਹੈ ਤੇ ਨਾਂ ਹੈ ਇਸਦਾ "ਯਾਦਗਾਰ"। ਇਹ...ਦੀ ਵੀ ਯਾਦਗਾਰ ਹੈ ਤੇ ਮੇਰੀ ਵੀ ਯਾਦਗਾਰ ਹੈ।"

ਸ਼ਾਹਜਹਾਨ ਨੇ ਪਿਆਰ-ਯਾਦ ਵਿਚ ਤਾਜ ਮਹੱਲ ਬਣਵਾਇਆ ਸੀ। ਮੈਂ ਪਿਆਰ-ਯਾਦ ਵਿਚ ਇਹ "ਯਾਦਗਾਰ" ਲਿਖਿਆ ਹੈ।

## "ਨਵਾਂ ਜਨਮ" ਬਾਰੇ

"ਨਵਾਂ ਜਨਮ" ਨਾਵਲ ਹੈ ਮੇਰਾ। ਛਪਿਆ ਨਹੀਂ ਅਜੇ। ਅਜੇ ਖਰੜਾ-ਰੂਪ ਵਿਚ ਹੀ ਮੇਰੇ ਕੋਲ ਸਾਂਭਿਆ ਪਿਆ ਹੈ। ਕਦੋਂ ਛਪੇ ? ਪਤਾ ਨਹੀਂ। 17 ਮਾਰਚ 1993 ਨੂੰ ਇਹ ਗੱਲ ਮੈਂ ਏਥੇ ਅੱਜ ਲਿਖ ਰਿਹਾ ਹਾਂ। ਕੀ ਪਤਾ ਹੈ, ਕਲ੍ਹ ਨੂੰ ਹੀ ਛਪਣ ਦੀ ਵਿਉਂਤ ਬਣ ਜਾਵੇ, ਅਤੇ ਇਹ ਸਵੈ-ਜੀਵਨੀ, ਇਹ ਜੋ ਮੈਂ ਲਿਖ ਰਿਹਾ ਹਾਂ—ਸਾਹਿਤਿਕ ਸਵੈ-ਜੀਵਨੀ—ਕਾਫ਼ੀ ਸਮਾਂ ਛਪ ਨਾ ਸਕੇ। ਇਸ ਲਈ ਇਸ ਨਾਵਲ ਬਾਰੇ ਅੱਜ ਜੋ ਸਚਾਈ ਹੈ, ਮੈਂ ਉਹ ਪੇਸ਼ ਕਰ ਰਿਹਾ ਹਾਂ। ਕਲ੍ਹ ਨੂੰ ਸਚਾਈ ਕੁਝ ਹੋਰ ਵੀ ਹੋ ਸਕਦੀ ਹੈ।

1961 ਵਿਚ, ਅਕਤੂਬਰ ਦੇ ਅੰਤਲੇ ਦਿਨਾਂ ਵਿਚ, ਇਸ ਨਾਵਲ ਨੂੰ ਲਿਖਣ ਲਈ ਮੈਂ ਆਪਣੀ ਕਲਮ ਚੁੱਕੀ ਸੀ। ਦਸੰਬਰ 1990 ਵਿਚ ਮੈਂ ਇਸਦਾ ਅੰਤਲਾ ਵਾਕ ਲਿਖਿਆ। ਇਉਂ ਇਸ ਨਾਵਲ ਉੱਤੇ ਉਣੱਤੀ ਵਰ੍ਹੇ ਮੈਂ ਕੰਮ ਕੀਤਾ।

ਉਣੱਤੀ ਵਰ੍ਹੇ ਮੈਂ ਲਗਾਤਾਰ ਹੀ ਇਸਨੂੰ ਲਿਖਦਾ ਨਹੀਂ ਰਿਹਾ। ਹੋਰ ਬਹੁਤ ਕੰਮ ਵੀ ਮੈਂ ਇਸ ਸਮੇਂ ਵਿਚ ਕੀਤਾ ਹੈ। ਹਾਂ, ਇਸਦੇ ਪਹਿਲੇ ਵਾਕ ਤੇ ਇਸਦੇ ਅੰਤਲੇ ਵਾਕ ਵਿਚ ਉਣੱਤੀ ਵਰ੍ਹੇ ਦਾ ਸਮਾਂ ਹੈ। ਰਹੱਸ ਵਾਲੀ ਗੱਲ ਹੈ ਕੁਝ। ਪਰ ਇਹ ਗੱਲ ਮੈਂ ਹੁਣੇ, ਸਾਰੀ, ਏਥੇ ਹੇਠਾਂ ਲਿਖ ਰਿਹਾ ਹਾਂ।

1961 ਦੇ ਅਕਤੂਬਰ ਵਿਚ ਮੈਂ ਦਿੱਲੀ ਇਹਨੂੰ ਲਿਖਣਾ ਸ਼ੁਰੂ ਕੀਤਾ ਸੀ। ਉਦੋਂ ਇਸਦਾ ਨਾਂ ਵੀ ਮੈਂ "ਖ਼ਾਲੀ ਹੱਥ" ਹੀ ਰਖਿਆ ਸੀ। ਫੇਰ ਮੈਨੂੰ ਭਾਸਿਆ ਕਿ ਇਹਦਾ ਨਾਂ "ਚਪੇੜ" ਹੈ। "ਚਪੇੜ" ਮੇਰੇ ਮੂੰਹ ਉਤੇ ਵੀ ਇਹਨੀਂ ਦਿਨੀਂ ਵੱਜ ਚੁੱਕੀ ਸੀ। ਕਿਹੋ ਜਿਹੀ "ਚਪੇੜ" ? ਇਹ ਭਾਵਨਾਤਮਕ ਗੱਲਾਂ ਹਨ। ਇਹ ਚਪੇੜ ਵੱਜੀ ਹੋਈ ਮੈਂ ਮਹਿਸੂਸ ਕੀਤੀ ਸੀ। ਮੇਰੀ ਹਾਰ ਹੋ ਚੁੱਕੀ ਸੀ। ਇਹ ਪਿਆਰ ਜਿਹੇ ਦੀ ਬਾਜ਼ੀ ਸੀ ਜੋ ਮੈਂ ਹਾਰ ਬੈਠਾ ਸਾਂ। ਇਹ ਸੱਚ ਸੀ ਜਾਂ ਭਰਮ ਸੀ ? ਆਖ ਸਕਣਾ ਮੁਸ਼ਕਿਲ ਹੈ। ਪਰ ਜਿਸ ਗੱਲ ਨੂੰ ਜੋ ਕੁਝ ਮੈਂ ਸਮਝਿਆ, ਉਹ ਨਹੀਂ ਸੀ। ਉਹ ਕੁਝ ਹੋਰ ਹੀ ਨਜ਼ਰ ਆਈ।

ਫੇਰ ਇਹ 'ਚਪੇੜ" ਨਾਂ ਵੀ ਮੈਨੂੰ ਗ਼ਲਤ ਜਾਪਿਆ। ਇਹ ਚੁੱਭਵਾਂ ਜਿਹਾ ਨਾਂ ਸੀ। ਜਦੋਂ ਕਿਸੇ ਨੂੰ ਦੱਸਦਾ ਤਾਂ ਅਗਲਾ ਡਰ ਜਿਹਾ ਜਾਂਦਾ ਸੀ। ਕੀ ਹੋਵੇ ਇਸਦਾ ਨਾਂ ? ਸਮਝ ਨਹੀਂ ਸੀ ਆਉਂਦੀ ਪਈ। ਪਰ ਮੈਂ ਇਸੇ ਨਾਂ ਹੇਠ ਹੀ ਇਸ ਨਾਵਲ ਨੂੰ

ਲਿਖਦਾ ਰਿਹਾ। ਸੰਨ 1965 ਵਿਚ, "ਆਰਸੀ" ਵਿਚ, ਕੁਝ ਕਾਂਡ ਵੀ ਇਸਦੇ ਪਹਿਲੋਂ ਛਪ ਚੁੱਕੇ ਹਨ, ਇਸੇ ਨਾਂ "ਚਪੇੜ" ਨਾਲ। ਪਰ ਕਾਫ਼ੀ ਸਮਾਂ ਮਗਰੋਂ ਮੈਂ ਕਿਸੇ ਨਵੇਂ ਨਾਂ ਬਾਰੇ ਵੀ ਸੋਚ-ਵਿਚਾਰ ਕਰਦਾ ਰਿਹਾ। ਪਰ ਵਰਤਮਾਨ ਨਵਾਂ ਨਾਂ ਸਾਰਾ ਨਾਵਲ ਲਿਖਣ ਨਾਲ ਹੀ ਮੈਥੋਂ ਰੱਖ ਹੋ ਸਕਿਆ ਹੈ। ਸਗੋਂ ਅੰਤਲੇ ਵਾਕ ਨਾਲ ਹੀ ਇਹ ਨਾਂ ਰੱਖ ਹੋਇਆ ਹੈ। ਨਾਵਲ ਵਿਚ ਵੀ ਕਿਤੇ-ਕਿਤੇ ਇਹ ਨਾਂ ਆ ਚੁੱਕਾ ਹੈ—ਖ਼ਾਸਕਰ ਅੰਤਲੇ ਹਿੱਸੇ ਵਿਚ। ਪਰ ਪੱਕ ਅੰਤਲਾ ਵਾਕ ਲਿਖਣ ਨਾਲ ਹੀ ਇਹ ਹੋਇਆ ਹੈ। ਇਸਦਾ ਅੰਤਲਾ ਵਾਕ ਹੈ : "ਇਹ ਮੇਰਾ ਨਵਾਂ ਜਨਮ ਸੀ।"

"ਖ਼ਾਲੀ ਹੱਥ" ਨਾਂ ਬਾਰੇ ਕਿਸੇ ਨੇ ਇਹ ਆਖਿਆ ਕਿ ਖ਼ਾਲੀ ਹੱਥ ਹੁੰਦੇ ਹੀ ਨਹੀਂ। ਜੀਵਨ ਦਾ ਅਥਾਹ ਅਨੁਭਵ ਮਨੁੱਖ ਦੇ ਕੋਲ ਹੁੰਦਾ ਹੈ ਜੋ ਨਿਰੀ ਦੌਲਤ ਹੀ ਹੁੰਦਾ ਹੈ। ਗੱਲ ਮੈਨੂੰ ਇਹ ਠੀਕ ਜਾਪੀ। "ਖ਼ਾਲੀ ਹੱਥ" ਆਖਣਾ ਦਿਲ-ਤੋੜਵੀਂ ਜਿਹੀ ਗੱਲ ਵੀ ਹੈ—"ਅਸੀਂ ਖ਼ਾਲੀ ਹੱਥ ਆਉਂਦੇ ਹਾਂ ਤੇ ਖ਼ਾਲੀ ਹੱਥ ਜਾਂਦੇ ਹਾਂ"—ਇਹ ਘਸੀ-ਪਿਟੀ ਜਿਹੀ ਗੱਲ ਵੀ ਹੈ।

ਉਣੱਤੀ ਵਰ੍ਹੇ ਕਿਵੇਂ ਲੱਗੇ ?

ਸਤੰਬਰ, ਅਕਤੂਬਰ, ਮੈਂ ਦੋ ਮਹੀਨੇ ਦਿੱਲੀ ਰਿਹਾ—1961 ਵਿਚ। ਅਪਰੈਲ 1960 ਤੋਂ ਮੈਂ ਮਨੋਰੋਗ ਨਾਲ ਪੀੜਤ ਸਾਂ – ਮੈਂਟਲ ਡਿਪਰੈਸ਼ਨ ਨਾਲ। ਸਵਾ ਵਰ੍ਹਾ ਲੰਘ ਗਿਆ। ਵਿਚੋਂ ਕਦੇ ਥੋੜਾ-ਬਹੁਤਾ ਠੀਕ ਵੀ ਹੋ ਜਾਂਦਾ ਰਿਹਾ। ਪਰ ਫੇਰ ਉਵੇਂ ਹੀ ਹੁੰਦਾ ਰਿਹਾ। ਜੁਲਾਈ 1961 ਵਿਚ ਬਲਵੰਤ ਗਾਰਗੀ ਕੋਲ ਮੈਂ ਮਨਾਲੀ ਗਿਆ ਹੋਇਆ ਸਾਂ, ਉਸ ਨਾਲ "ਰੰਗ ਮੰਚ" ਲਈ ਕੁਝ ਕੁ ਕੰਮ ਕਰਨ ਲਈ। ਮਨਾਲੀ ਵਿਚ ਲਿਖਣ ਲਈ ਮੈਂ ਜਿਵੇਂ ਜੂਝਦਾ ਰਿਹਾ ਹਾਂ –"ਇਕ ਸਾਧਾਰਨ ਆਦਮੀ" ਲਈ – ਉਹ ਮੈਂ ਦੱਸ ਹੀ ਚੁੱਕਾ ਹਾਂ "ਇਕ ਕਹਾਣੀ ਦੀ ਵਾਰਤਾ" ਨਾਂ ਦੇ ਆਪਣੇ ਪਿਛਲੇ ਕਾਂਡ ਵਿਚ। ਯਾਨੀ ਛੇਤੀ ਹੀ ਮਗਰੋਂ, ਸਤੰਬਰ ਵਿਚ, ਮੈਂ ਦਿੱਲੀ ਆਇਆ। ਆਇਆ ਤਾਂ ਮੈਂ ਦਿੱਲੀ ਕਿਸੇ ਹੋਰ ਮੰਤਵ ਲਈ ਸਾਂ ਪਰ ਰਿਹਾ ਦੋ ਮਹੀਨੇ ਮੈਂ ਬਲਵੰਤ ਗਾਰਗੀ ਕੋਲ ਹੀ, "ਰੰਗ ਮੰਚ" ਦੇ ਕੰਮ ਲਈ ਹੀ। ਮਨਾਲੀ "ਰੰਗ ਮੰਚ" ਦੇ ਅਨੁਵਾਦ ਵਿਚ ਮਦਦ ਕਰਦਾ ਸਾਂ, ਦਿੱਲੀ ਉਹਦੇ ਛਪਣ ਵਿਚ, ਪਰੂਫ਼ ਆਦਿ ਪੜ੍ਹਨ ਵਿਚ। ਜਿਸ ਕੰਮ ਲਈ ਆਇਆ ਸਾਂ, ਉਹ ਹੋ ਹੀ ਨਹੀਂ ਸਕਿਆ ਸੀ। ਸੋ ਗਾਰਗੀ ਕੋਲ ਰਹਿ ਪਿਆ। ਡਿਪਰੈਸ਼ਨ ਮੈਨੂੰ ਅਜੇ ਵੀ ਸੀ। ਪਿੰਡੋਂ, ਦਿੱਲੀ ਆਉਣ ਨੂੰ ਮੇਰਾ ਦਿਲ ਹੀ ਨਹੀਂ ਕਰਦਾ ਸੀ। ਪਰ ਹਾਲਾਤ ਨੇ ਧੱਕ ਕੇ ਮੈਨੂੰ ਦਿੱਲੀ ਵੱਲ ਘੱਲ ਦਿੱਤਾ ਸੀ। ਜੇ ਮੈਂ ਦਿੱਲੀ ਆਉਂਦਾ ਨਾ ਤਾਂ ਮੇਰੇ ਜੀਵਨ ਤੇ ਮੇਰੇ ਸਾਹਿਤ ਦਾ ਹੋਰ ਹੀ ਇਤਿਹਾਸ ਹੁੰਦਾ। ਫੇਰ ਇਹ ਨਾਵਲ "ਨਵਾਂ ਜਨਮ" ਵੀ ਲਿਖਿਆ ਹੀ ਨਾ ਗਿਆ ਹੁੰਦਾ ਇਹ ਨਾਵਲ ਇਹਨਾਂ ਦੋ ਮਹੀਨਿਆਂ ਦੀ ਦੇਣ ਹੈ। ਇਹਨਾਂ ਦੋ ਮਹੀਨਿਆਂ ਵਿਚ ਜੀਵੇ ਗਏ ਜੀਵਨ ਦੀ ਦੇਣ। ਜੀਵਨ ਭਾਵੇਂ ਅੱਗੇ-ਪਿੱਛੇ ਦਾ ਹੋਰ ਵੀ ਆ ਜਾਂਦਾ ਹੈ, ਪਰ ਉਹ ਵੀ ਇਹਨਾਂ ਦੋ

ਮਹੀਨਿਆਂ ਕਾਰਨ ਹੀ ਆ ਸਕਿਆ ਹੈ। ਇਹਨਾਂ ਦੋ ਦੀ ਲੋੜ ਲਈ ਹੀ ਅੱਗੇ-ਪਿੱਛੇ ਦਾ ਜੀਵਨ ਆਇਆ।

ਬਹੁਤ ਉਦਾਸ ਗਿਆ ਸਾਂ ਦਿੱਲੀ। ਪਰ, ਕੁਝ ਘਟਨਾਵਾਂ ਘਟੀਆਂ ਕਿ ਜਿੰਨਾ ਮੈਂ ਉਦਾਸ ਸਾਂ, ਉਸ ਤੋਂ ਕਈ ਹਜ਼ਾਰਾਂ ਗੁਣਾਂ ਮੈਂ ਵੱਧ ਖ਼ੁਸ਼ ਹੋ ਗਿਆ ਸਾਂ। ਖ਼ੁਸ਼ੀ ਦਾ ਸਮੁੰਦਰ ਮੇਰੇ ਚਾਰ ਚੁਫੇਰੇ, ਝੱਗੋ-ਝੱਗ, ਛੱਲਾਂ ਮਾਰ ਰਿਹਾ ਸੀ। ਪਹਿਲਾਂ ਮੈਨੂੰ ਚਿੰਤਾ ਦੀ, ਉਦਾਸੀ ਦੀ, ਬੀਮਾਰੀ ਸੀ। ਫੇਰ ਮੈਨੂੰ ਖ਼ੁਸ਼ੀ ਦੀ ਬੀਮਾਰੀ ਹੋ ਗਈ ਜਾਪਦੀ ਪਹਿਲਾਂ ਠੀਕ ਹੋਣ ਲੱਗਾ, ਫੇਰ ਠੀਕ ਹੋ ਗਿਆ, ਫੇਰ ਬਹੁਤ ਠੀਕ ਹੋ ਗਿਆ। ਅਸਲ ਵਿਚ ਇਹ ਸਾਰਾ ਕੁਝ ਹੀ ਜਜ਼ਬਿਆਂ ਨਾਲ ਸੰਬੰਧਿਤ ਸੀ। ਪਹਿਲਾਂ ਕੱਖ, ਫੇਰ ਲੱਖ। ਪਹਿਲਾਂ ਜ਼ੱਰਾ, ਫੇਰ ਸੂਰਜ। ਹਿਮਾਲਾ ਮੈਨੂੰ ਆਪਣੇ ਆਪ ਤੋਂ ਬਹੁਤ ਨੀਵਾਂ ਲੱਗ ਰਿਹਾ ਸੀ। ਇਹੋ ਮਨੋਦਸ਼ਾਵਾਂ ਮੈਂ "ਨਵਾਂ ਜਨਮ" ਵਿਚ ਦਰਸਾਈਆਂ ਹਨ। ਢਹਿੰਦੀ ਕਲਾ, ਚੜ੍ਹਦੀ ਕਲਾ। ਹੀਨ ਭਾਵ, ਉਤਸ਼ਾਹਤ ਭਾਵ।

ਯਕੀਨਨ, ਮੈਂ ਉੱਚਾ ਉੱਠ, ਸਿਤਾਰੇ ਤਕ ਜਾ ਪੁੱਜਾ ਸਾਂ। ਪਰ ਫੇਰ ਸਮਾਂ ਆਇਆ ਕਿ ਮੈਂ ਸਿਤਾਰੇ ਤੋਂ ਡਿਗ ਪਿਆ ਤੇ ਧਰਤੀ ਉਤੇ ਡਿਗ ਕੇ ਮੈਂ ਚੂਰ-ਚੂਰ ਹੋ ਗਿਆ। ਚੂਰ-ਚੂਰ ਹੋਇਆ ਮੈਂ ਆਪਣਾ-ਆਪ ਸਾਂਭਿਆ ਤੇ ਕਲਮ ਫੜ ਕੇ ਬਹਿ ਗਿਆ। ਮੇਰਾ ਆਪਣਾ ਸਾਰਾ ਜੀਵਨ ਅੱਖਾਂ ਅੱਗੇ ਆ ਗਿਆ। ਮੈਂ ਕੀ ਸਾਂ ਤੇ ਕੀ ਹਾਂ! ਕੀ ਸਚਾਈ ਇਹੋ ਹੈ ਜੋ ਮੇਰੇ ਹੱਡੀਂ ਵਾਪਰੀ? ਇਹ ਤਾਂ ਬਹੁਤ ਖਰ੍ਹਵੀ ਹੈ!

ਕੀ ਇਹ ਸੋਨਾ ਨਹੀਂ ਸੀ? ਕੀ ਇਹ ਲਾਲ ਨਹੀਂ ਸੀ? ਕਹਿੰਦੇ ਹਨ ਭ੍ਰਥਰੀ ਹਰੀ ਪਾਨ ਦੀ ਗੰਦੀ ਪੀਕ ਨੂੰ ਹੀ ਲਾਲ ਸਮਝ ਬੈਠਾ ਸੀ। ਕੀ ਇਹ ਉਹੀਓ ਤਾਂ ਨਹੀਂ ਹੋਈ?

ਮੈਂ ਨਾਵਲ ਲਿਖਣ ਲੱਗ ਪਿਆ। ਜਿਥੋਂ, ਜਿਹੜੀ ਗੱਲ ਸੁੱਝਦੀ, ਉਹੀਓ ਲਿਖਣ ਲੱਗ ਪਿਆ। ਲੜੀ ਕੋਈ ਵੀ ਨਹੀਂ ਸੀ। ਕਾਗ਼ਜ਼ ਉਤੇ "ਖ਼ਾਲੀ ਹੱਥ" ਨਾਂ ਮੈਂ ਇਸਦਾ ਲਿਖ ਲਿਆ। ਇਹ ਜੀਵਨ-ਆਧਾਰਿਤ ਨਾਵਲ ਸੀ ਮੇਰਾ।

ਨਵੰਬਰ ਦੇ ਪਹਿਲੇ ਹਫ਼ਤੇ ਵਿਚ ਮੈਂ ਦਿੱਲੀ ਤੋਂ ਵਾਪਸ ਆਇਆ ਸਾਂ। ਟਰੇਨ ਵਿਚ ਬੈਠਾ ਵੀ ਮੈਂ ਨਾਵਲ ਲਿਖਦਾ ਆਉਂਦਾ ਸਾਂ। ਮੇਰੀ ਕਲਮ ਕਾਗ਼ਜ਼ਾਂ ਉਤੇ ਫਟਾਫਟ ਵਗ ਰਹੀ ਸੀ।

ਇਕ ਸਵਾਰੀ ਨੇ ਪਾਣੀਪਤ ਤੋਂ ਅੱਗੇ ਮੈਨੂੰ ਪੁੱਛ ਹੀ ਲਿਆ: "ਸਰਦਾਰ ਜੀ, ਇਹ ਕੀ ਲਿਖ ਰਹੇ ਹੋ"? ਮੈਂ ਆਖਿਆ: "ਨਾਵਲ"। ਉਸਦਾ ਲੱਖਣ ਇਹ ਸੀ ਕਿ ਮੈਂ ਖ਼ੁਫ਼ੀਆ ਪੁਲਿਸ ਦੇ ਵਿਭਾਗ ਵਿਚ ਕੋਈ ਅਫ਼ਸਰ ਹਾਂ ਤੇ ਕਾਹਲੀ-ਕਾਹਲੀ ਕੋਈ ਰਿਪੋਰਟ ਜਾਂ ਡਾਇਰੀ ਲਿਖਦਾ ਜਾਂਦਾ ਹਾਂ।

ਕੋਈ ਇਕ ਅਧਖੜ ਉਮਰ ਦੀ ਸਾਊ ਇਸਤਰੀ ਬੈਠੀ ਸੀ ਕੋਲ। ਉਹ "ਨਾਵਲ" ਲਫ਼ਜ਼ ਸੁਣ ਬੋਲੀ "ਅੱਛਾ ਅੱਛਾ, ਨਾਵਲ! ਨਾਵਲ ਤਾਂ ਬਹੁਤ ਚੰਗੀ ਚੀਜ਼ ਹੁੰਦੀ ਐ ਜੀ। ਮੈਂ ਨਾਨਕ ਸਿੰਘ ਦੇ ਪੜ੍ਹੇ ਨੇ ਨਾਵਲ। ਬਹੁਤ ਚੰਗੇ ਹੁੰਦੇ ਨੇ ਨਾਵਲ।"

ਪਿੰਡ ਆ ਕੇ ਦੋ ਕੁ ਦਿਨ ਮੈਂ ਉਸੇ ਤਰ੍ਹਾਂ ਹੀ ਲਿਖਦਾ ਰਿਹਾ। ਪਰ ਫੇਰ ਕਲਮ ਰੁਕ

ਗਈ। ਸਮਝ ਨਹੀਂ ਸੀ ਆਉਂਦੀ ਕਿ ਹੁਣ ਮੈਂ ਕੀ ਲਿਖਾਂ ਜਾਂ ਕਿਸ ਗੱਲ ਦਾ ਵਰਣਨ ਕਰਾਂ। ਉਂਜ ਪਿੰਡ ਆਕੇ ਮੈਂ ਪਹਿਲੇ ਕਾਂਡ ਤੋਂ ਸ਼ੁਰੂ ਕੀਤਾ। ਰੇਲ ਵਿਚ ਮੈਂ ਅੰਤਲਾ ਕਾਂਡ ਲਿਖਣ ਵਿਚ ਲੱਗਾ ਹੋਇਆ ਸਾਂ।

ਦੋ ਦਿਨ, ਚਾਰ ਦਿਨ, ਦਸ ਦਿਨ, ਵੀਹ ਦਿਨ। ਖਪਾਖੂਨ ਹੋਣ ਲੱਗਾ। ਮੇਰੇ ਅੰਦਰ ਅੱਗ ਦੀਆਂ ਲਾਟਾਂ ਭੜਕ ਰਹੀਆਂ ਸਨ। ਇਹਨਾਂ ਸਭਨਾਂ ਲਾਟਾਂ ਨੂੰ ਮੈਂ ਆਪਣੇ ਕਲਾ-ਕੌਸ਼ਲ ਦੇ ਕਲਾਵੇ ਵਿਚ ਸਾਂਭਣਾ ਚਾਹੁੰਦਾ ਸਾਂ। ਪਰ ਇਹ ਲਾਟਾਂ ਮੇਰੀ ਕਲਾ ਦੇ ਕਾਬੂ ਨਹੀਂ ਆ ਰਹੀਆਂ ਸਨ।

ਕਲਾ ਇਕ ਸ਼ਕਤੀ ਹੈ। ਦੁਰਗਾ, ਭਵਾਨੀ, ਚੰਡੀ, ਸਰਸਵਤੀ। ਕਹਿੰਦੇ ਹਨ ਕਿ ਕਈ ਲੋਕ ਇਹਨਾਂ ਮਹਾ ਸ਼ਕਤੀਆਂ ਨੂੰ ਵਸ ਵਿਚ ਕਰਨਾ ਚਾਹੁੰਦੇ ਤੇ ਇਹਨਾਂ ਨਾਲ ਜੂਝਦੇ ਹਨ। ਕੋਈ ਮਹਾਬਲੀ ਇਹਨਾਂ ਨੂੰ ਵਸ ਵਿਚ ਕਰ ਲੈਂਦੇ ਹਨ ਤੇ ਕੋਈ ਇਹਨਾਂ ਸ਼ਕਤੀਆਂ ਤੋਂ ਹਾਰਾਂ ਵੀ ਖਾ ਜਾਂਦੇ ਹਨ। ਕਈ ਵਾਰ ਕਹਿੰਦੇ ਹਨ ਕਿ ਦੇਵੀ ਪੁੱਠੀ ਪੈ ਗਈ, ਉਹਨੂੰ, ਜੋ ਉਸ ਦੇਵੀ ਨੂੰ ਵਸ ਵਿਚ ਕਰਨਾ ਚਾਹੁੰਦਾ ਜਾਂ ਸਿੱਧ ਕਰਨਾ ਚਾਹੁੰਦਾ ਸੀ। ਗੱਲ ਇਹੋ ਹੁੰਦੀ ਹੈ। ਕਲਾ, ਬੋਲੀ, ਸਾਹਿਤ, ਸ਼ੈਲੀ, ਇਹਨਾਂ ਨਾਲ ਬੜਾ ਘੋਰ ਸੰਗਰਾਮ ਕਰਨਾ ਪੈਂਦਾ ਹੈ। ਵਸ ਵਿਚ ਹੋ ਜਾਣ ਤਾਂ ਭਾਵੇਂ ਝੱਟ ਹੀ ਹੋ ਜਾਣ। ਨਾ ਹੋਣ ਤਾਂ ਕਲਾਕਾਰ ਨੂੰ ਇਹਨਾਂ ਨੇ ਢਾਹ ਲਿਆ ਹੁੰਦਾ ਹੈ। ਇਹ ਬੜੀ ਟੇਢੀ ਖੀਰ ਹੈ। ਇਸ ਖੀਰ ਨੂੰ ਖਾਣਾ ਕੋਈ ਸ਼ੇਖੀ ਨਹੀਂ, ਸੰਗਰਾਮ ਹੈ।

ਇਹੋ ਹਾਲ ਇਸ ਨਾਵਲ ਨੂੰ ਲਿਖਣ ਵੇਲੇ ਮੇਰਾ ਸੀ। ਸੱਠ, ਸੱਤਰ, ਸੌ ਸਫ਼ੇ ਮੈਂ ਭਾਵੇਂ ਲਿਖੇ ਹੋਏ ਸਨ, ਪਰ ਅੱਗੇ ਮੇਰੀ ਕਲਮ ਨੂੰ ਕੋਈ ਰਾਹ ਨਹੀਂ ਮਿਲ ਰਹਾ ਸੀ। ਆਖ਼ਿਰ ਹੋ ਕੀ ਗਿਆ ਸੀ ? ਉਹੀ ਅਰਜੁਨ ਦਾ ਧਨੁਸ਼ ਸੀ, ਉਹੀ ਉਸ ਦੇ ਬਾਣ, ਤੇ ਉਹੀ ਉਸ ਦੇ ਹੱਥ ਸਨ, ਪਰ ਵਾਹ ਨਹੀਂ ਸੀ ਚਲਦੀ ਪਈ। ਇਹ ਨਾਵਲ ਮੇਰੇ ਲਈ ਇਕ ਜਿੰਨ-ਰੂਪ ਬਣ ਗਿਆ ਸੀ। ਠੀਕ ਹੀ, ਮੈਂ ਇਸ ਜਿੰਨ ਨੂੰ ਵਸ ਵਿਚ ਕਰਨਾ ਚਾਹੁੰਦਾ ਸਾਂ, ਪਰ ਵਸ ਵਿਚ ਹੁੰਦਾ ਨਹੀਂ ਸੀ ਇਹ। ਆਖ਼ਿਰ ਮੈਨੂੰ ਇਸ 'ਜਿੰਨ" ਤੋਂ ਡਰ ਜਿਹਾ ਲੱਗਣ ਲੱਗ ਪਿਆ।

ਰਸ਼ੀਅਨ ਐਂਬੈਸੀ ਤੋਂ - ਸੂਚਨਾ ਵਿਭਾਗ ਤੋਂ—ਨੀਲੇ ਜਿਹੇ ਲਿਫ਼ਾਫ਼ੇ ਵਿਚ ਕੁਝ ਕਾਗਜ਼ ਆਉਂਦੇ ਹੁੰਦੇ ਸਨ ਜੋ ਇਕ ਪਾਸਿਓਂ ਲਿਖੇ ਤੇ ਇਕ ਤੋਂ ਖ਼ਾਲੀ ਹੁੰਦੇ ਸਨ। ਇਹਨਾਂ ਕਾਗਜ਼ਾਂ ਪਿੱਛੇ ਮੈਂ ਇਹ ਨਾਵਲ ਲਿਖ ਰਿਹਾ ਸਾਂ ਤੇ ਵੀਹ-ਵੀਹ, ਤੀਹ-ਤੀਹ ਸਫ਼ੇ ਇਹਨਾਂ ਲਿਫ਼ਾਫ਼ਿਆ ਵਿਚ ਹੀ ਪਾ ਕੇ ਰੱਖਦਾ ਹੁੰਦਾ ਸਾਂ। ਕਾਂਡ ਨੱਥੀ ਹੁੰਦੇ ਸਨ। ਇਉਂ ਕਈ ਲਿਫ਼ਾਫ਼ੇ ਸਨ ਜਿਹਨਾਂ ਵਿਚ ਇਹ ਨਾਵਲ ਸੀ। ਮੈਨੂੰ ਇਹਨਾਂ ਲਿਫ਼ਾਫ਼ਿਆ ਤੋਂ ਡਰ ਜਿਹਾ ਆਉਣ ਲੱਗ ਪਿਆ। ਲਿਫ਼ਾਫ਼ੇ ਮੇਜ਼ ਉਤੇ ਸਨ। ਮੈਂ ਆਖਿਆ, ਇਹ ਲਿਫ਼ਾਫ਼ੇ ਏਥੋਂ ਪਰੇ ਕਰ ਦਿੱਤੇ ਜਾਣ ਤਾ ਜੋ ਮੈਨੂੰ ਨਜ਼ਰ ਨਾ ਆਉਣ। ਘਰ ਵਾਲਿਆਂ ਇਵੇਂ ਹੀ ਕੀਤਾ। ਫੇਰ ਆਖਿਆ, ਇਹਨਾਂ ਨੂੰ ਸੰਦੂਕ ਵਿਚ ਰੱਖ ਦਿੱਤਾ ਜਾਵੇ। ਉਹ ਸੰਦੂਕ ਵਿਚ ਰੱਖੇ ਗਏ। ਫੇਰ ਆਖਿਆ, ਨਹੀਂ, ਸੰਦੂਕ ਵਿਚ ਇਹ ਲਿਫ਼ਾਫ਼ੇ ਸਭ ਤੋਂ

ਥੱਲੇ ਰੱਖੇ ਜਾਣ—ਸਭ ਸਾਮਾਨ ਦੇ ਬਿਲਕੁਲ ਥੱਲੇ। ਆਖਿਰ ਇਵੇਂ ਹੀ ਕੀਤਾ ਗਿਆ। ਮੈਨੂੰ ਕੁਝ ਰਾਹਤ ਮਿਲੀ। ਪਰ ਇਹ ਰਾਹਤ ਕਾਹਦੀ ਸੀ। ਆਖ਼ਿਰ ਮੈਨੂੰ ਅੰਮ੍ਰਿਤਸਰ, ਵੀ. ਜੇ. ਹਸਪਤਾਲ ਵਿਚ ਡਾਕਟਰ ਨੇਕੀ ਕੋਲ ਜਾਣਾ ਪਿਆ, ਫ਼ਰਵਰੀ ਕਿ ਮਾਰਚ ਵਿਚ, ਸੰਨ 1962 ਵਿਚ। ਉਥੇ ਜੋ ਕੁਝ ਹੋਇਆ, ਉਹ ਮੈਂ ਆਪਣੀ ਸਵੈ-ਜੀਵਨੀ "ਬ੍ਰਿਹਸਪਤੀ" ਵਿਚ ਲਿਖ ਚੁੱਕਾ ਹਾਂ। ਏਥੇ ਉਹ ਸਭ ਫੇਰ ਦੁਹਰਾ ਕੇ ਦੱਸਣ ਦੀ ਜ਼ਰੂਰਤ ਨਹੀਂ।

ਰਾਜ਼ੀ ਹੋ ਕੇ ਆਇਆ ਤੇ ਫੇਰ ਲਿਖਣ ਲੱਗ ਪਿਆ। ਲਿਖਦਾ ਰਿਹਾ, ਲਿਖਦਾ ਰਿਹਾ। ਪਰ ਫੇਰ ਬੀਮਾਰ ਹੋ ਗਿਆ। ਲਗ ਭਗ ਵਰ੍ਹੇ ਮਗਰੋਂ ਹੀ, 1963 ਵਿਚ, ਮੈਂ ਫੇਰ ਵੀ. ਜੇ. ਹਸਪਤਾਲ ਡਾ. ਨੇਕੀ ਕੋਲ ਪਹੁੰਚਿਆ ਤੇ ਫੇਰ ਇਲਾਜ ਸ਼ੁਰੂ ਹੋਇਆ। ਪਹਿਲੀ ਵਾਰ ਚੌਦਾਂ ਦਿਨ ਮੇਰੇ ਇਲਾਜ ਨੂੰ ਲੱਗੇ ਸਨ, ਦੂਜੀ ਵਾਰ ਹੁਣ ਇੱਕੀ ਦਿਨ। ਬੀਮਾਰੀ ਵੱਧ ਹੋਵੇ ਤਾਂ ਘੱਟ ਸਮਾਂ ਲੱਗਦਾ ਹੈ, ਘੱਟ ਹੋਵੇ ਤਾਂ ਵੱਧ ਸਮਾਂ। ਵੱਧ ਨੂੰ ਟਰੀਟਮੈਂਟ ਕੁਝ ਵੱਧ ਦੇਣਾ ਪੈਂਦਾ ਹੈ, ਘੱਟ ਨੂੰ ਕੁਝ ਘੱਟ ਹੀ। ਪਹਿਲਾਂ ਤੇਜ਼ ਅੱਗ ਉਤੇ ਚੀਜ਼ ਪਕਾਉਣੀ ਪੈਂਦੀ ਹੈ, ਫੇਰ ਅੱਗ ਪਹਿਲਾਂ ਨਾਲੋਂ ਮੱਠੀ ਰੱਖਣੀ ਪੈਂਦੀ ਹੈ। ਖ਼ੈਰ, ਰਾਜ਼ੀ ਹੋ ਗਿਆ ਤੇ ਫੇਰ ਆ ਕੇ ਲਿਖਣ ਲੱਗਾ। ਹੁਣ ਮੈਂ ਇਸਦਾ ਪੰਜ ਛੇ ਸੌ ਸਫ਼ਾ ਲਿਖ ਲਿਆ ਹੋਵੇਗਾ। ਪਰ ਦੋ ਕੁ ਵਰ੍ਹੇ ਮਗਰੋਂ ਮੈਂ ਫੇਰ ਬੀਮਾਰ ਹੋ ਗਿਆ। ਡਾ: ਨੇਕੀ ਅੰਮ੍ਰਿਤਸਰ ਤੋਂ ਰੋਹਤਕ ਬਦਲ ਚੁੱਕੇ ਸਨ। ਹੁਣ ਮੈਂ ਰੋਹਤਕ ਪਹੁੰਚਿਆ। ਇਸ ਵਾਰ ਮੈਂ ਡੇਢ-ਪੌਣੇ ਦੋ ਮਹੀਨੇ ਰੋਹਤਕ ਰਿਹਾ। ਯਨੀ ਮੇਰਾ ਏਨਾ ਸਮਾਂ ਇਸ ਵਾਰ ਇਲਾਜ ਹੋਇਆ। ਹੁਣ ਬੀਮਾਰੀ ਪਹਿਲਾਂ ਦੋਹਾਂ ਵਾਰੀਆਂ ਨਾਲੋਂ ਘੱਟ ਸੀ। ਏਥੇ ਡਾ: ਨੇਕੀ ਮੈਡੀਕਲ ਕਾਲਜ ਵਿਚ ਸਨ। ਤਰੱਕੀ ਦੇ ਕੇ ਭੇਜੇ ਸਨ ਤੇ ਹੁਣ ਉਹ ਪ੍ਰੋਫ਼ੈਸਰ ਸਨ। ਮੇਰੇ ਮਨ ਵਿਚ ਬਹਿ ਕੇ ਮੇਰਾ ਇਲਾਜ ਕਰਦੇ ਹੁੰਦੇ ਸਨ। ਡਾ. ਨੇਕੀ ਦੇ ਹੱਥਾਂ ਵਿਚ ਮੈਂ ਆਪਣੇ ਆਪ ਨੂੰ ਬੜਾ ਹੀ ਸੁਰਖਿਅਤ ਸਮਝਦਾ ਹੁੰਦਾ ਸਾਂ। ਮੇਰੇ ਇਸ ਵਿਸ਼ਵਾਸ ਨੇ ਵੀ ਮੇਰੇ ਇਲਾਜ ਵਿਚ ਹਿੱਸਾ ਪਾਇਆ। ਡਾ. ਨੇਕੀ ਉਂਜ ਵੀ ਬੜਾ ਪਹੁੰਚਿਆ ਹੋਇਆ ਡਾਕਟਰ ਸੀ। ਅੱਜ ਤਾਂ ਉਹਦੀ ਪ੍ਰਤਿਭਾ ਸਾਰੇ ਸੰਸਾਰ ਵਿਚ ਮੰਨੀ ਜਾ ਚੁੱਕੀ ਹੈ। ਪਰ ਮੈਨੂੰ ਲੇਖਕ ਹੋਣ ਕਾਰਨ ਉਹਦਾ ਇਲਾਜ ਪ੍ਰਾਪਤ ਹੋਇਆ। ਨੇਕੀ ਆਪ ਜੋ ਕਵੀ ਹੈ—ਨਹੀਂ ਤਾਂ ਕਿਥੇ ਮੈਂ ਗ਼ਰੀਬ ਤੇ ਕਿਥੇ ਡਾਕਟਰ ਨੇਕੀ ਜਿਹਾ ਪਹੁੰਚਿਆ ਹੋਇਆ ਡਾਕਟਰ। ਸ਼ਾਹਾਂ-ਬਾਦਸ਼ਾਹਾਂ ਵਾਲੀ ਬੀਮਾਰੀ ਸੀ ਇਹ ਮੈਨੂੰ ਲੱਗੀ। ਨੇਕੀ ਕੋਲ ਤਾਂ ਸ਼ਾਹਾ-ਬਾਦਸ਼ਾਹਾਂ ਦੀ ਹੀ ਪਹੁੰਚ ਸੀ। ਪਰ ਨੇਕੀ ਕਿਉਂਕਿ ਨੇਕੀ ਸੀ, ਇਸ ਲਈ ਉਸ ਕੋਲ ਮੇਰੇ ਜਿਹੇ ਵੀ ਅੱਪੜਦੇ ਤੇ ਸ਼ਫ਼ਾ ਪਾਉਂਦੇ।

ਇਸ ਵਾਰ ਮੈਂ ਨੇਕੀ ਨੂੰ ਕਿਹਾ : "ਨੇਕੀ ਜੀ, ਤੁਸੀਂ ਮੈਨੂੰ ਦੋ ਕਿ ਤਿੰਨ ਵਰ੍ਹੇ ਰਾਜ਼ੀ ਰਹਿਣ ਜੋਗਾ ਕਰ ਦਿਓ। ਲਗਾਤਾਰ ਦੋ ਕਿ ਤਿੰਨ ਵਰ੍ਹੇ ਮੈਂ ਬੀਮਾਰ ਨਾ ਹੋਵਾਂ ਤੇ ਨਾਵਲ ਪੂਰਾ ਕਰ ਲਵਾਂ। ਫੇਰ ਚਾਹੇ .."

"ਲਿਖੇਂਗਾ, ਲਿਖੇਂਗਾ, ਧੀਰ ਤੂੰ ਨਾਵਲ ਲਿਖੇਂਗਾ।" ਡਾ: ਨੇਕੀ ਨੇ ਆਖਿਆ।

ਇਹੋ ਉੱਤਰ ਡਾ: ਨੇਕੀ ਮੈਨੂੰ ਉਦੋਂ ਦੇ ਸਕਦੇ ਸਨ। ਨਹੀਂ ਤਾਂ ਗਾਰੰਟੀ ਦੇਣੀ ਬੜੀ ਹੀ ਮੁਸ਼ਕਿਲ ਹੁੰਦੀ ਹੈ। ਗਾਰੰਟੀ ਕਿਸੇ ਬੀਮਾਰੀ ਦੀ ਵੀ ਦੇਣੀ ਮੁਸ਼ਕਿਲ ਹੁੰਦੀ ਹੈ, ਅਤੇ ਇਹ ਤਾਂ ਹੈ ਹੀ ਬੜੀ ਨਾ-ਮੁਰਾਦ ਬੀਮਾਰੀ ਸੀ। ਖ਼ੈਰ, ਮੈਨੂੰ ਹੌਸਲਾ ਹੋਇਆ।

ਖ਼ੈਰ, ਮੈਂ ਫੇਰ ਜੂਝਿਆ ਤੇ ਫੇਰ ਲਿਖਣ ਲੱਗ ਪਿਆ। ਕੁਝ ਕੁ ਵਰ੍ਹੇ ਬੀਤ ਗਏ। ਨਾਵਲ ਸਿਰੇ ਲੱਗ ਗਿਆ। ਪਰ ਮੈਨੂੰ ਇਉਂ ਜਾਪਦਾ ਜਿਵੇਂ ਅਜੇ ਕੁਝ ਕਮੀ ਹੈ। ਜਿਥੇ ਅੰਤ ਹੋਇਆ ਹੈ, ਇਸਤੋਂ ਅੱਗੇ ਹੋਰ ਵੀ ਕੁਝ ਕਿਹਾ ਜਾਣ ਵਾਲਾ ਹੈ। ਅੰਤ, ਮੇਰੇ ਦਿੱਲੀ ਤੋਂ ਵਾਪਸ ਆਉਣ ਉਤੇ ਹੋਇਆ ਸੀ—ਯਾਨੀ ਮੇਰੇ ਪਾਤਰ ਦੇ; ਨਾਵਲ ਵਿਚ ਉਸਦਾ ਨਾਂ ਸਤਵੰਤ ਸਿੰਘ ਸਰੋਜ ਹੈ, ਉਹੀਓ ਮੁਖ ਪਾਤਰ ਹੈ ਤੇ ਉੱਤਮ ਪੁਰਖ "ਮੈਂ" ਵਿਚ ਕਹਾਣੀ ਆਖ ਰਿਹਾ ਹੈ—ਪਰ ਇਸ ਤੋਂ ਅੱਗੇ ਹੋਰ ਕੁਝ ਵੀ ਆਖਿਆ ਜਾਣ ਵਾਲਾ ਸੀ। ਉਹ ਕੀ ਸੀ? ਇਸ ਦੀ ਮੈਨੂੰ ਸਮਝ ਨਹੀਂ ਆ ਰਹੀ ਸੀ। ਮੈਨੂੰ ਇਉਂ ਭਾਸਦਾ ਜਿਵੇਂ ਅਜੇ ਪਹਿਲਾ ਭਾਗ ਮੈਂ ਇਸ ਨਾਵਲ ਦਾ ਲਿਖਿਆ ਹੈ ਤੇ ਦੂਜਾ ਅੱਗੇ ਲਿਖਣਾ ਹੈ ਜੋ ਏਨਾ ਵੱਡਾ ਹੀ ਹੋਵੇਗਾ। ਪਹਿਲਾਂ ਲਿਖੇ, ਫੁਲ ਸਕੇਪ ਕਾਗ਼ਜ਼ ਦੇ ਮੇਰੀ ਹੱਥ-ਲਿਖਤ ਵਿਚ 754 ਸਫ਼ੇ ਸਨ। ਇਸ ਹਿਸਾਬ ਏਨੇ ਹੀ ਸਫ਼ੇ ਅੱਗੇ ਹੋਰ ਲਿਖਣੇ ਸਨ। ਪਰ ਇਹ ਸੋਚ ਗ਼ਲਤ ਸੀ। ਸਗੋਂ ਇਹਨਾਂ ਸਫਿਆ ਵਿਚੋਂ ਵੀ ਕਾਫ਼ੀ ਸਫ਼ੇ ਝੜਨੇ ਸਨ ਤੇ ਅੱਗੇ ਸਿਰਫ਼ ਇਕ ਹੋਰ ਹੀ ਕਾਂਡ ਲਿਖਿਆ ਜਾਣਾ ਸੀ ਜੋ ਅੰਤਿਕਾ ਵਜੋਂ ਹੋਣਾ ਸੀ। ਇਹ ਨੌਵਾਂ ਕਾਂਡ ਹੋਣਾ ਸੀ। ਅੱਠ ਲਿਖੇ ਜਾ ਚੁੱਕੇ ਸਨ ਜੋ ਕਾਫ਼ੀ ਵੱਡੇ-ਵੱਡੇ ਸਨ—ਇਕ ਵਿਚ ਫੇਰ ਕਈ-ਕਈ ਹਿੱਸੇ। ਪਰ ਨੌਵਾਂ ਛੋਟਾ ਹੀ ਹੋਣਾ ਸੀ ਤੇ ਹਿੱਸੇ ਇਸ ਵਿਚ ਨਹੀਂ ਸਨ ਹੋਣੇ। ਪਰ ਇਸ ਕਾਂਡ ਨੂੰ ਲਿਖਣ ਲਈ ਉਨੱਤੀ ਵਰ੍ਹੇ ਦਾ ਸਮਾਂ ਮੈਨੂੰ ਪੂਰਾ ਦੇਖਣਾ ਪੈਣਾ ਸੀ। ਇਹ ਮੈਂ ਅੱਜ ਕਹਿ ਰਿਹਾ ਹਾਂ ਜਦੋਂ ਮੈਂ ਇਸ ਨਾਵਲ ਨੂੰ ਸਮਾਪਤ ਕਰ ਲਿਆ ਹੋਇਆ ਹੈ। ਉਦੋਂ ਤਾਂ ਉਨੱਤੀ ਵਰ੍ਹੇ ਕੋਈ ਖ਼ਾਬ-ਖ਼ਿਆਲ ਵੀ ਨਹੀਂ ਸਨ।

754 ਸਫ਼ੇ ਲਿਖਕੇ ਸਾਂਭ ਕੇ ਰੱਖ ਲਏ। ਇਹ ਸਫ਼ੇ ਠੀਕ ਨਹੀਂ ਸਨ, ਪਰ ਮੇਰਾ ਦਿਲ ਕਹਿ ਰਿਹਾ ਸੀ ਕਿ ਇਹ ਗ਼ਲਤ ਵੀ ਨਹੀਂ ਹਨ। ਇਹਨਾਂ ਵਿਚ ਬਹੁਤ ਕੁਝ ਗ਼ਲਤ ਸੀ, ਪਰ ਇਹਨਾਂ ਵਿਚ ਬਹੁਤ ਕੁਝ ਠੀਕ ਵੀ ਸੀ। ਪਰ ਕੀ ਗ਼ਲਤ ਤੇ ਠੀਕ ਸੀ? ਇਹ ਸਮਝ ਨਹੀਂ ਸੀ ਪੈਂਦੀ ਪਈ। ਇਹ ਕੁਝ ਹੀ ਸਮਝਣ ਲਈ ਉਨੱਤੀ ਵਰ੍ਹੇ ਦੀ ਲੋੜ ਸੀ। ਜਾਂ, ਉਨੱਤੀ ਵਰ੍ਹਿਆਂ ਮਗਰੋਂ ਹੀ ਮੈਨੂੰ ਇਸਦੀ ਸਮਝ ਪਈ।

754 ਸਫ਼ੇ ਮੈਂ ਇਕ ਟਰੰਕ ਵਿਚ ਰੱਖ ਲਏ। ਪਿੰਡੋਂ, ਚੰਡੀਗੜ੍ਹ ਦੇ ਲਾਗੇ, ਮੋਹਾਲੀ ਆਕੇ ਵਸ ਗਿਆ ਤੇ ਇਹ ਟਰੰਕ ਵੀ ਨਾਲ ਲੈ ਆਇਆ ਤੇ ਮੇਜ਼ ਦੇ ਹੇਠਾਂ ਰੱਖ ਲਿਆ। ਸੁੱਟ ਪਾਉਣ ਨੂੰ ਜੀਅ ਨਾ ਕਰੇ। ਕਿਉਂਕਿ ਇਸ ਵਿਚ ਸੀ ਵੀ ਕੁਝ। ਨਿਆਰ ਵਾਲੀ ਗੱਲ ਸੀ। ਮਿੱਟੀ-ਘੱਟੇ ਵਿਚ ਰਲਿਆ ਸੋਨਾ ਵੱਖ ਕਰਨ ਵਾਲੀ ਗੱਲ।

ਉਮਰ ਉਤਾਰੂ ਹੋ ਚੁੱਕੀ ਸੀ। ਸੱਠ ਅਤੇ ਸੱਤਰ ਦੇ ਵਿਚਕਾਰ ਜਿਹੇ ਆ ਚੁੱਕਾ ਸਾਂ। ਇਕ ਦਿਨ ਮੈਂ ਸੋਚਿਆ ਕਿ ਸਾਡੇ ਲੋਕ ਜਜ਼ਬਾਤੀ ਹਨ। ਜਦੋਂ ਅਸੀਂ ਜਿਊਂਦੇ ਹਾਂ ਤਾਂ ਅਸਾਂ ਆਪਣੀਆਂ ਪੁਸਤਕਾਂ ਛਪਵਾਉਣ ਲਈ ਤਰਸਦੇ ਰਹਿੰਦੇ ਹਾਂ। ਪਰ ਜਦੋਂ ਅਸੀਂ

ਮਰ ਜਾਂਦੇ ਹਾਂ ਤੇ ਸ਼ੋਕ ਸਮਾਗਮ ਹੁੰਦਾ ਹੈ ਤਾਂ ਹਰ ਕੋਈ ਆਖਣ ਲੱਗ ਜਾਂਦਾ ਹੈ ਕਿ ਅਸੀਂ ਇਸ ਲੇਖਕ ਦੀਆਂ ਰਹਿੰਦੀਆਂ ਸਾਰੀਆਂ ਪੁਸਤਕਾਂ ਛਾਪਾਂਗੇ. ਏਥੋਂ ਤਕ ਕਿ ਚਿੱਠੀਆਂ ਵੀ ਜੋ ਇਹਨੇ ਕਿਸੇ ਨੂੰ ਲਿਖੀਆਂ ਹਨ, ਉਹ ਇਕੱਤਰ ਕਰਾਂਗੇ ਤੇ ਉਹ ਵੀ ਅਸੀਂ ਛਾਪਾਂਗੇ। ਇਕ ਦਿਨ, ਮੈਂ ਸੋਚਿਆ ਕਿ ਕਿਤੇ ਇਹ ਨਾ ਹੋਵੇ ਕਿ ਮੇਰੀ ਮੌਤ ਹੋ ਜਾਵੇ ਤੇ ਪਿਛੋਂ ਕੋਈ ਇਸ ਨਾਵਲ ਨੂੰ ਇਸੇ ਤਰ੍ਹਾਂ ਹੀ ਛਾਪ ਦੇਵੇ। ਇਹ ਤਾਂ ਮਾੜਾ ਹੋਵੇਗਾ। ਇਸ ਨਾਲ ਤਾਂ ਅਜੇ ਮੈਂ ਇਕ ਹੋਰ ਲੜਾਈ ਲੜਨੀ ਹੈ; ਕਿਉਂਕਿ ਇਹ ਅਧੂਰਾ ਹੈ; ਭਾਵੇਂ ਇਕ ਥਾਂ ਉਤੇ ਇਹ ਖ਼ਤਮ ਵੀ ਹੋ ਰਿਹਾ ਹੈ। ਇਕ ਗੱਲ ਸੁਝੀ ਮੈਨੂੰ। ਮੈਂ ਨਾਵਲ ਦਾ ਸਾਰਾ ਖਰੜਾ ਮੇਜ਼ ਉਤੇ ਰੱਖ ਲਿਆ ਤੇ ਇਸਦੇ ਸਾਰੇ ਸਫ਼ਿਆਂ ਉਤੇ ਕਾਲੀ ਸਕੈੱਚ ਪੈਨਸਿਲ ਨਾਲ ਇਕ-ਇਕ ਲੀਕ ਖਿੱਚ ਦਿੱਤੀ। ਲੀਕ ਸਿੱਧੀ ਹੀ ਖਿੱਚੀ ਸੀ—ਪੰਨੇ ਦੇ ਵਿਚਕਾਰ ਸਿੱਧੀ। ਕਦੇ ਮੂਡ ਬਣ ਗਿਆ ਤਾਂ ਇਹਨੂੰ ਮੁੜ ਲਿਖ ਲਵਾਂਗਾ. ਨਹੀਂ ਤਾਂ ਕੋਈ ਇਸ ਨਾਵਲ ਨੂੰ, ਮਰਨ ਪਿਛੋਂ, ਛਾਪੇਗਾ ਨਹੀਂ। ਸੋਚੇਗਾ ਕਿ ਲੇਖਕ ਨੇ ਇਹ ਰੱਦ ਕਰ ਦਿੱਤਾ ਹੋਇਆ ਹੈ।

ਅਪਰੈਲ 1990 ਵਿਚ ਸੁਲੱਖਣੀ ਘੜੀ ਆ ਹੀ ਗਈ। ਨਾਵਲ ਨੂੰ ਮੁੜ-ਲਿਖਣ ਲਈ ਮੈਂ ਆਪਣੀ ਕਲਮ ਚੁੱਕੀ ਤੇ ਮੁੜਕੇ ਲਿਖਣ ਲੱਗ ਪਿਆ। ਸੋਨਾ, ਆਪਣੇ ਆਪ ਹੀ ਚਮਕ ਕੇ ਵੱਖ ਹੁੰਦਾ ਆ ਰਿਹਾ ਸੀ। ਬੜਾ ਕੁਝ ਝੜ ਰਿਹਾ ਸੀ। ਜੋ ਕੁਝ ਇਹ ਝੜ ਰਿਹਾ ਸੀ, ਉਹ ਮੇਰੀ ਸਵੈ-ਜੀਵਨੀ "ਬ੍ਰਿਹਸਪਤੀ" ਵਿਚ ਆ ਚੁੱਕਾ ਸੀ। "ਬ੍ਰਿਹਸਪਤੀ" ਮੈਂ ਇਸ ਤੋਂ ਪਹਿਲਾਂ ਲਿਖ ਕੇ ਰੱਖੀ ਹੋਈ ਸੀ। ਨਾਵਲ ਸ਼ੁਰੂ ਕਰਨ ਵੇਲੇ "ਬ੍ਰਿਹਸਪਤੀ" ਵਾਲਾ ਵੀ ਸਾਰਾ ਕੁਝ ਮੈਂ ਇਸ ਵਿਚ ਪਾਉਣਾ ਚਾਹੁੰਦਾ ਸਾਂ। ਪਰ ਇਹ ਸੰਭਵ ਨਹੀਂ ਸੀ। ਮੇਰੇ ਜੀਵਨ ਨੇ ਇਸੇ ਤਰ੍ਹਾਂ ਹੀ ਮੇਰੇ ਸਾਹਿਤ ਵਿਚ ਆਉਣਾ ਸੀ।

ਸਫ਼ੇ ਬਹੁਤ ਘਟ ਗਏ ਸਨ। 754 ਤੋਂ ਹੁਣ ਫੂਲ ਸਕੇਪ ਦੇ 357 ਸਫ਼ੇ ਰਹਿ ਗਏ ਸਨ। ਚਾਰ ਸੌ ਸਫ਼ੇ ਝੜ ਚੁੱਕੇ ਸਨ। ਸਗੋਂ, ਕੁਝ ਵੱਧ ਹੀ। ਅੱਠ ਸਫ਼ੇ ਦਾ ਅੰਤਲਾ ਕਾਂਡ—ਨੌਵਾਂ ਕਾਂਡ: ਅੰਤਿਕਾ—ਮੈਂ ਇਸਤੋਂ ਮਗਰੋਂ ਲਿਖਿਆ ਸੀ। ਇਸ ਹਿਸਾਬ 754 ਦੇ 349 ਸਫ਼ੇ ਰਹੇ। ਚਾਰ ਸੌ ਪੰਜ ਸਫ਼ੇ ਘਟੇ।

ਇਸ ਨਾਵਲ ਦਾ ਅੰਤਲਾ ਕਾਂਡ ਬੜਾ ਮਹੱਤਵਪੂਰਨ ਹੈ। ਉਸ ਨਾਲ ਹੀ ਸਾਰੇ ਨਾਵਲ ਨੂੰ ਕੋਈ ਅਰਥ ਮਿਲ ਰਿਹਾ ਹੈ। ਨਹੀਂ ਤਾਂ ਇਹ, ਬਹੁਤ ਕੁਝ ਹੁੰਦਾ ਹੋਇਆ ਵੀ, ਕੁਝ ਨਾ ਹੁੰਦਾ।

ਉਣੱਤੀ ਵਰ੍ਹੇ ਇਸੇ ਅਰਥ ਨੂੰ ਲੱਭਣ ਲਈ ਇਸਨੂੰ ਲੱਗੇ ਹਨ।

ਸੰਸਾਰ ਵਿਚ ਜੋ ਤਬਦੀਲੀ 1990 ਵਿਚ ਹੋਈ ਹੈ, ਉਹ ਇਸ ਕਾਂਡ ਵਿਚ ਅੰਕਿਤ ਹੈ। ਸੰਸਾਰ, 1990 ਵਿਚ, ਕੁਝ ਹੋਰ ਦਾ ਹੋਰ ਹੋ ਰਿਹਾ ਸੀ। ਖ਼ਾਸ ਕਰਕੇ ਲਾਲ ਸੰਸਾਰ।

ਇਸ ਨਾਵਲ ਦਾ ਮੁਖ ਪਾਤਰ, ਜੋ ਲਾਲ ਸੰਸਾਰ ਦਾ ਹਾਮੀ ਹੈ, ਆਪਣੇ ਉਤੇ ਆਲੋਚਨਾ ਕਰਦਾ, ਆਪਣੇ ਮਨ ਦੇ ਗਿਰੇਬਾਨ ਵਿਚ ਝਾਤੀਆਂ ਮਾਰ ਰਿਹਾ ਹੈ। ਇਹੋ ਇਸਦਾ ਹਾਸਿਲ ਹੈ।

ਇਹ ਮਨੋਵਿਗਿਆਨ ਦਾ ਨਾਵਲ ਹੈ।

## ਸਵੈ-ਜੀਵਨੀ "ਬ੍ਰਿਹਸਪਤੀ" ਬਾਰੇ

"ਬ੍ਰਿਹਸਪਤੀ" ਮੇਰੀ ਸਵੈ-ਜੀਵਨੀ ਹੈ। ਇਹ ਵੀ ਖਰੜਾ-ਰੂਪ ਵਿਚ ਹੀ ਅਜੇ ਛਪਣ ਲਈ ਪਈ ਹੈ। ਕਦੋਂ ਛਪੇ ? ਪਤਾ ਨਹੀਂ।

1976 ਵਿਚ ਮੈਂ ਲਿਖਣੀ ਸ਼ੁਰੂ ਕੀਤੀ ਸੀ ਇਹ। 1986 ਵਿਚ ਮੈਂ ਇਸਨੂੰ ਖ਼ਤਮ ਕੀਤਾ ਸੀ।

ਦਸ ਵਰ੍ਹੇ ਮੈਂ ਇਸ ਉੱਤੇ ਕੰਮ ਕਰਦਾ ਰਿਹਾ ਹਾਂ। ਦਸ ਵਰ੍ਹੇ ਪੂਰੇ ਨਹੀਂ, ਦਸ ਵਰ੍ਹੇ ਦੌਰਾਨ ਮੈਂ ਇਹ ਸਵੈ-ਜੀਵਨੀ ਲਿੱਖੀ ਹੈ। ਕਦੇ-ਕਦੇ ਹੋਰ ਕੰਮ ਵੀ ਵਿਚੋਂ ਕਰਦਾ ਰਿਹਾ ਹਾਂ।

ਅਪਰੈਲ ਦਾ ਮਹੀਨਾ ਸੀ 1976 ਦਾ ਜਦੋਂ ਇਸਨੂੰ ਲਿਖਣ ਲਈ ਮੈਂ ਆਪਣੀ ਕਲਮ ਚੁੱਕੀ ਸੀ। ਅੰਤ ਵੇਲੇ 1986 ਦਾ ਦਸੰਬਰ ਸੀ। ਇਸ ਹਿਸਾਬ ਨੌਂ ਸਾਲ, ਨੌਂ ਮਹੀਨੇ ਬਣਦੇ ਹਨ। ਚਲੋ, ਦਸ ਸਾਲ ਹੀ ਹਨ। ਦਸ ਸਾਲ ਮੈਂ ਇਸ ਬਾਰੇ ਹੀ ਬਹੁਤਾ ਸੋਚਦਾ ਰਿਹਾ ਹਾਂ। ਲਿਖਣ ਵੇਲੇ ਕਈ ਤਰ੍ਹਾਂ ਦੇ ਵਿਘਨ ਪੈਂਦੇ ਰਹੇ ਹਨ। ਸਮਾਂ ਨਸ਼ਟ ਹੁੰਦਾ ਰਿਹਾ। ਕਈ ਵਾਰ ਤਾਂ ਵਰ੍ਹਾ-ਵਰ੍ਹਾ ਵੀ ਨਸ਼ਟ ਹੁੰਦਾ ਰਿਹਾ ਹੈ। ਅਕਤੂਬਰ 1980 ਵਿਚ ਮੇਰਾ ਦਾਮਾਦ ਬਲਜੀਤ ਪੰਨੂੰ ਇਸ ਸੰਸਾਰ ਤੋਂ ਚਲਿਆ ਗਿਆ। ਐਕਸੀਡੈਂਟ ਹੋ ਗਿਆ ਸੀ ਚਹੇੜੂ ਲਾਗੇ ਕਾਰ ਦਾ ਉਹਦੀ। ਤੀਹ ਕਾਂਡ ਲਿਖ ਚੁੱਕਾ ਸਾਂ, ਇਕੱਤੀਵਾਂ ਲਿਖ ਰਿਹਾ ਸਾਂ ਜਦੋਂ ਮੈਨੂੰ ਖ਼ਬਰ ਮਿਲੀ। ਬੱਸ, ਫੇਰ ਕੀ ਹੋਣਾ ਸੀ। ਥਾਏਂ ਕਲਮ ਰੁਕ ਗਈ ਤੇ ਕਿੰਨਾ ਚਿਰ ਰੁਕੀ ਰਹੀ। ਸ਼ਾਇਦ ਸੰਨ ਤਿਰਾਸੀ ਵਿਚ ਮੈਂ ਫੇਰ ਲਿਖਣ ਲਈ ਕਲਮ ਚੁੱਕੀ। ਇਸ ਤੋਂ ਪਹਿਲਾਂ "ਮੈਨੂੰ ਇਕ ਸੁਫਨਾ ਆਇਆ" ਨਾਵਲ ਲਿਖਿਆ। ਇਹ ਬਲਜੀਤ ਬਾਰੇ ਹੈ ਤੇ 1981-82 ਇਸਦਾ ਰਚਨਾ-ਕਾਲ ਹੈ। ਇਹ ਵੀ ਜੀਵਨ-ਆਧਾਰਿਤ ਹੀ ਹੈ। ਇਸ ਵਿਚ ਤਾਂ ਨਾਂ ਤੇ ਥਾਂ ਵੀ ਸੱਚੇ ਰੱਖੇ ਗਏ ਹਨ ਸਗੋਂ। ਇਉਂ ਮੈਂ ਆਪਣੀ ਸਵੈ-ਜੀਵਨੀ ਦਸ ਵਰ੍ਹਿਆਂ ਵਿਚ ਨਹੀਂ ਲਿਖੀ, ਦਸ ਵਰ੍ਹੇ ਦੌਰਾਨ ਲਿਖੀ। ਪਰ ਦਸ ਵਰ੍ਹੇ ਹੀ ਇਸਦਾ ਰਚਨਾ-ਕਾਲ ਮੰਨਿਆ ਜਾਵੇਗਾ—ਜਾਂ ਮੰਨਿਆ ਜਾਣਾ ਚਾਹੀਦਾ ਹੈ। ਦਸ ਵਰ੍ਹੇ ਹੀ ਮੇਰੀ ਕਲਮ ਦੀ ਨੋਕ ਇਸਨੂੰ ਛੂੰਹਦੀ ਰਹੀ। ਕਲਮ ਦੀ ਨੋਕ ਨਾ ਸਹੀ, ਦਸ ਵਰ੍ਹੇ ਮੇਰੀ ਸੋਚ ਦੇ ਖੰਭ ਉਡਾਰੀਆਂ ਮਾਰਦੇ ਰਹੇ, ਮੇਰੇ ਬੀਤੇ ਜੀਵਨ ਦੀਆਂ ਧਰਤੀਆਂ-ਆਕਾਸ਼ਾਂ ਉੱਤੇ।

ਇਸਦੇ ਦੋ ਸੌ ਕਾਂਡ ਹਨ। ਕਾਂਡ ਛੋਟੇ-ਛੋਟੇ ਹਨ। ਪਹਿਲਾ ਕਾਂਡ "ਜਨਮ" ਹੈ। ਅੰਤਲਾ ਇਕ ਮੇਰੀ ਕਾਵਿ-ਟੁਕ ਦੇ ਨਾਂ ਉਤੇ ਹੈ—"ਤੀਲੀ ਬਾਲੀ ਹੈ ਮੈਂ।" ਛਿਆਹਟ ਵਰ੍ਹੇ ਦੀ ਉਮਰ ਸੀ ਮੇਰੀ 1986 ਵਿਚ। ਛਿਆਹਟ ਵਰ੍ਹੇ ਦੀ ਉਮਰ ਤਕ ਦੀ ਹੈ ਇਹ ਮੇਰੀ ਸਵੈ-ਜੀਵਨੀ। ਜੀਵਨੀ, ਸਵੈ-ਜੀਵਨੀ ਵਿਚ ਇਹੀਓ ਫ਼ਰਕ ਹੁੰਦਾ ਹੈ। ਜੀਵਨੀ, ਕੋਈ ਹੋਰ ਕਿਸੇ ਦੀ ਸਾਰੀ ਉਮਰ ਦੀ ਲਿਖਦਾ ਹੈ; ਸਵੈ-ਜੀਵਨੀ ਕੋਈ ਆਪ, ਆਪਣੀ ਉਸ ਉਮਰ ਤਕ ਲਿਖਦਾ ਹੈ ਜਦੋਂ ਉਹ ਸਮਾਪਤੀ ਉਤੇ ਪਹੁੰਚ ਚੁੱਕਾ ਹੁੰਦਾ ਹੈ – ਆਪਣੇ ਅੰਤਲੇ ਵਾਕ ਤਕ। ਉਮਰ ਦਾ ਬੰਧੇਜ ਇਸ ਵਿਚ ਕਿਸੇ ਕਿਸਮ ਦਾ ਨਹੀਂ ਹੁੰਦਾ। ਇਸੇ ਲਈ ਸਵੈ-ਜੀਵਨੀ ਵਿਚ ਉਸਨੂੰ ਲਿਖਣ ਵਾਲੇ ਦਾ ਆਪਣਾ ਸਾਰਾ ਜੀਵਨ ਨਹੀਂ ਹੁੰਦਾ। ਜੀਵਨ ਦਾ ਬਾਕੀ ਹਿੱਸਾ ਉਸ ਵਿਚ ਲਿਖਣ ਤੋਂ ਰਹਿ ਗਿਆ ਹੁੰਦਾ ਹੈ। ਤਾਂ ਵੀ, ਉਸ ਵਿਚ ਮੁਖ ਗੱਲਾਂ ਤਾਂ ਆ ਹੀ ਗਈਆਂ ਹੁੰਦੀਆਂ ਹਨ। ਇਹੀਓ ਮੁਖ ਗੱਲਾਂ ਉਸਨੂੰ ਸਵੈ-ਜੀਵਨੀ ਲਿਖਣ ਲਈ ਪ੍ਰੇਰਿਤ ਕਰਦੀਆਂ ਹੁੰਦੀਆਂ ਹਨ।

ਸਵੈ-ਜੀਵਨੀ ਲਿਖਣੀ ਕਿਸੇ ਲਈ ਸੌਖੀ ਵੀ ਹੈ ਤੇ ਔਖੀ ਵੀ। ਸੌਖੀ ਇਸ ਲਈ ਹੁੰਦੀ ਹੈ ਕਿ ਜੋ ਕੁਝ ਲਿਖਣਾ ਹੁੰਦਾ ਹੈ, ਉਹ ਆਪ ਹੰਢਾਇਆ ਹੁੰਦਾ ਹੈ ਤੇ ਉਸ ਲਈ ਕਿਸੇ ਹੋਰ ਤੋਂ ਦਰਿਆਫ਼ਤੀ ਦੀ ਲੋੜ ਨਹੀਂ ਹੁੰਦੀ। ਔਖੀ ਇਸ ਲਈ ਹੁੰਦੀ ਹੈ ਕਿ ਇਸ ਵਿਚ ਸਭ ਕੁਝ ਸੱਚੋ-ਸੱਚ ਬਿਆਨ ਕਰਨਾ ਹੁੰਦਾ ਹੈ ਤੇ ਕਈ ਵਾਰ ਇਹ ਸੱਚ ਬੜਾ ਨਾ-ਖ਼ੁਸ਼ਗਵਾਰ ਵੀ ਹੁੰਦਾ ਹੈ। ਮਨੁੱਖ ਵਿਚ ਗੁਣ ਤੇ ਦੋਸ਼ ਦੋਹਾਂ ਦਾ ਵਾਸਾ ਹੁੰਦਾ ਹੈ। ਕਿਸੇ ਦੂਜੇ ਦੇ ਦੋਸ਼ ਦੱਸਣੇ ਬੜਾ ਹੀ ਸੌਖਾ ਕਾਰਜ ਹੈ, ਪਰ ਆਪਣੇ ਦੋਸ਼ ਬਿਆਨ ਕਰਨਾ, ਇਸਤੋਂ ਉਲਟ, ਔਖਾ ਕਾਰਜ। ਇਸ ਲਈ ਆਪਣੇ ਗਿਰੇਬਾਨ ਵਿਚ ਝਾਕਣਾ ਤਾਂ ਹੁੰਦਾ ਹੀ ਹੈ, ਆਪਣੇ ਆਪ ਨੂੰ ਸਾਫ਼ ਤਰ੍ਹਾਂ ਨਾਲ ਦੋਸ਼ੀ ਵੀ ਮੰਨਣਾ ਪੈਂਦਾ ਹੈ। ਇਸ ਵਿਚ, ਬਾਬਾ ਫ਼ਰੀਦ ਵਾਂਗੂੰ, ਇਹ ਵੀ ਆਖਣਾ ਪੈਂਦਾ ਹੈ ਕਿ ਮੈਂ ਤਾਂ "ਗੁਨਹੀਂ" ਭਰਿਆ ਹਾਂ, ਭਾਵੇਂ ਮੈਨੂੰ ਲੋਕੀ 'ਦਰਵੇਸ਼' ਹੀ ਆਖ ਰਹੇ ਹਨ। ਕਿਸੇ ਵੀ ਸਵੈ-ਜੀਵਨੀ ਵਿਚ, ਇਉਂ, ਬਾਬਾ ਫ਼ਰੀਦ ਵਾਂਗੂੰ, ਇਕਬਾਲ ਵੀ ਕਰਨਾ ਪੈਂਦਾ ਹੈ। ਸੱਚੇ ਦੀ ਦਰਗਾਹ ਵਿਚ—ਲੋਕਾਂ ਦੀ ਕਚਹਿਰੀ ਵਿਚ। ਕਿਸੇ ਵੀ ਸਵੈ-ਜੀਵਨੀ ਦਾ ਇਹ ਗੁਣ ਅਤੀ ਉੱਤਮ ਹੈ। ਆਪਣੇ ਆਪ ਨੂੰ ਠੀਕ ਠਹਿਰਾਉਣਾ, ਜਿਥੇ ਠੀਕ ਉਹ ਹੋਵੇ ਨਾ, ਇਸਨੂੰ ਨੀਵਾਂ ਕਰ ਦਿੰਦਾ ਹੈ। ਇਸੇ ਤਰ੍ਹਾਂ ਸਵੈ-ਪ੍ਰਸੰਸਾ ਵੀ ਇਸ ਲਈ ਮਾਰੂ ਹੁੰਦੀ ਹੈ। ਮੱਲੋ-ਮੱਲੀ ਦੀ ਸਵੈ-ਪ੍ਰਸੰਸਾ।

ਤਰਾਜ਼ੂ, ਜਹਾਂਗੀਰ ਦਾ, ਸੰਸਾਰ ਵਿਚ ਪ੍ਰਸਿੱਧ ਹੈ। ਉਸ ਤਰਾਜ਼ੂ ਵਿਚ ਵੀ ਕੋਈ ਕੁਝ ਝੋਲ ਹੋ ਸਕਦੀ ਹੈ, ਪਰ ਜਿਹੜੀ ਕਲਮ ਸਵੈ-ਜੀਵਨੀ ਲਿਖਣ ਲਈ ਉਠ ਜਾਂਦੀ ਹੈ, ਉਸ ਵਿਚ ਤਾਂ ਨਾਂ ਨੂੰ ਵੀ ਕੋਈ ਝੋਲ ਸਹਿਣ ਹੋ ਸਕਦੀ ਨਹੀਂ। ਸਵੈ-ਜੀਵਨੀ ਲੱਖਾਂ ਧਰਮ-ਕੰਡਿਆਂ ਤੋਂ ਉਤੇ ਹੈ।

ਕੀ ਮੇਰੀ ਸਵੈ-ਜੀਵਨੀ ਬਿਲਕੁਲ ਇਹੋ ਜਿਹੀ ਹੀ ਹੈ? ਮੇਰੇ ਲਈ ਇਹ ਆਖ ਸਕਣਾ ਬੜੀ ਹੀ ਮੁਸ਼ਕਿਲ ਗੱਲ ਹੈ। ਕਿਉਂਕਿ ਇਸਦਾ ਫ਼ੈਸਲਾ ਤਾਂ ਪਾਠਕਾਂ ਨੇ ਹੀ ਦੇਣਾ ਹੈ।

ਇਕ ਗੱਲ ਜ਼ਰੂਰ ਹੈ : ਮੈਂ ਆਪਣੀ ਸਵੈ-ਜੀਵਨੀ ਬਿਲਕੁਲ ਇਕ ਬੱਚੇ ਦੀ ਸੁਹਿਰਦਤਾ ਨਾਲ ਲਿਖੀ ਹੈ। ਜਿਵੇਂ ਬੱਚੇ ਲਈ ਝੂਠ ਬੋਲਣਾ—ਇਕ ਮਾਸੂਮ ਬੱਚੇ ਲਈ—ਅਤੀ ਮੁਸ਼ਕਿਲ ਹੁੰਦਾ ਹੈ, ਇਸੇ ਤਰ੍ਹਾਂ ਮੇਰੀ ਕਲਮ ਨੇ ਸੱਚੋ ਸਚ ਹੀ ਲਿਖਿਆ ਹੈ ਤੇ ਭੋਲਾਪਣ ਵੀ ਪੂਰਾ ਹੈ। "ਪ੍ਰੀਤ ਲੜੀ" ਵਿਚ ਲੜੀਵਾਰ ਪ੍ਰਕਾਸ਼ਿਤ ਹੁੰਦੀ ਰਹੀ ਹੈ ਇਹ। ਸਾਰੀ ਨਹੀਂ, ਕੇਵਲ 107 ਕਾਂਡ ਹੀ ਛਪੇ ਹਨ, 93 ਅੱਗੋਂ ਛਪੇ ਨਹੀਂ। ਕਿਉਂ ? ਇਸਦਾ ਜ਼ਿਕਰ ਥੋੜਾ ਅੱਗੇ ਚੱਲਕੇ ਕਰਾਂਗਾ। ਪਰ ਜਿਹੜੇ ਕਾਂਡ ਇਹ ਛਪੇ ਹਨ, ਇਹਨਾਂ ਬਾਰੇ ਬੜੇ ਹੀ ਚੰਗੇ ਪ੍ਰਤਿਕਰਮ ਆਉਂਦੇ ਰਹੇ। ਬੱਚੇ ਜਿਹੀ ਮਾਸੂਮੀਅਤ ਦਾ ਉੱਪਰ ਜ਼ਿਕਰ ਕੀਤਾ ਹੈ। ਇਹ ਲਫ਼ਜ਼ "ਮਾਸੂਮੀਅਤ" ਹੀ ਇਕ ਵਿਦਵਾਨ ਨੇ ਬੋਲਿਆ ਸੀ ਜਿਨ੍ਹੀ ਦਿਨੀਂ ਇਹ "ਪ੍ਰੀਤ ਲੜੀ" ਵਿਚ ਲੜੀਵਾਰ ਛਪ ਰਹੀ ਸੀ। ਉਸ ਤਾਰੀਫ਼ ਕੀਤੀ ਸੀ। ਮੈਂ ਪੁੱਛਿਆ, ਕਿਹੜੀ ਗੱਲੋਂ ਉਹਨੂੰ ਚੰਗੀ ਲੱਗ ਰਹੀ ਹੈ ? ਉਸ ਥੋੜਾ ਰੁਕ ਕੇ ਕਿਹਾ : "ਮਾਸੂਮੀਅਤ ਬੜੀ ਹੈ।" ਅਤੇ ਇਹ ਗੱਲ ਠੀਕ ਹੈ।

ਇਹਨੂੰ ਲਿਖਣ ਲੱਗਿਆਂ ਵੀ ਮੈਂ ਬੜਾ ਖਪਾਖੂਨ ਹੋਇਆ। ਦੋ ਕਿ ਤਿੰਨ ਮਹੀਨੇ ਇਹ ਸ਼ੁਰੂ ਹੀ ਨਹੀਂ ਹੋ ਰਹੀ ਸੀ ਠੀਕ। ਤੀਹ-ਤੀਹ ਚਾਲੀ-ਚਾਲੀ, ਪੰਜਾਹ-ਪੰਜਾਹ, ਸੱਠ-ਸੱਠ ਫੁਲਸਕੇਪ ਦੇ ਸਫ਼ੇ ਲਿਖ ਕੇ ਆਖ਼ਿਰ ਰੱਦ ਕਰਦਾ ਰਿਹਾ। ਪਹਿਲਾਂ ਠੀਕ ਤੁਰਦੀ ਜਾਪਦੀ, ਪਰ ਇਕ ਮੁਕਾਮ ਆਉਂਦਾ ਕਿ ਗ਼ਲਤ ਹੋ ਗਈ ਜਾਪਦੀ। ਇਕ ਵਾਰ ਮੈਂ, ਮੇਰਾ ਖ਼ਿਆਲ ਹੈ, ਸ਼ਾਇਦ ਸੌ ਤੋਂ ਉਤੇ ਸਫ਼ੇ ਵੀ ਲਿਖਕੇ ਰੱਦ ਕੀਤੇ ਸਨ। "ਨਵਾਂ ਜਨਮ" ਵਾਂਗੂ ਹੀ ਮੈਂ ਏਥੇ ਵੀ ਘੁਲ ਰਿਹਾ ਸਾਂ। ਅਸਲ ਗੱਲ ਇਹ ਸੀ ਕਿ ਮੈਨੂੰ ਇਸਦਾ ਪਹਿਲਾ ਫ਼ਿਕਰਾ ਅਜੇ ਤਕ ਨਹੀਂ ਲੱਭਾ ਸੀ। ਪਹਿਲਾ ਫ਼ਿਕਰਾ ਮਿਲਿਆ ਤਾਂ ਉਹੀਓ ਮੇਰੀ ਸਵੈ-ਜੀਵਨੀ ਪਾਣੀ ਵਾਂਗੂ ਵਗ ਪਈ ਜੋ ਪਹਿਲਾਂ ਅੜੀਅਲ ਟੱਟੂ ਵਾਂਗੂੰ ਤੁਰ ਹੀ ਨਹੀਂ ਸੀ ਰਹੀ ਅੱਗੇ।

ਨਹੀਂ, ਇਹ ਉਹ ਟੱਟੂ ਸੀ ਜਿਸਨੂੰ ਪਤਾ ਹੁੰਦਾ ਹੈ ਕਿ ਠੀਕ ਰਸਤਾ ਕਿਹੜਾ ਹੈ, ਤੇ ਜਿਹੜਾ ਗ਼ਲਤ ਰਾਹ ਵੱਲ ਤੋਰਿਆਂ ਤੁਰਨਾ ਨਹੀਂ ਚਾਹੁੰਦਾ ਹੁੰਦਾ। ਇਸੇ ਲਈ ਉਹ ਅੜਦਾ ਹੈ ਤੇ ਚਾਬਕਾਂ ਖਾਂਦਾ ਰਹਿੰਦਾ ਹੈ। ਚਾਬਕਾਂ ਤਾ ਖਾ ਲੈਂਦਾ ਹੈ, ਪਰ ਗ਼ਲਤ ਰਾਹ ਵੱਲ ਤੁਰਦਾ ਨਹੀਂ। ਠੀਕ ਰਾਹੇ ਪਾਓ ਤਾਂ ਝੱਟ ਤੁਰਨ ਲੱਗ ਜਾਂਦਾ ਹੈ।

ਸੁਲੱਖਣੀ ਘੜੀ ਹੀ ਹੁੰਦੀ ਹੈ, ਜਦੋਂ ਲੇਖਕ ਦੀ ਕਲਮ ਅੱਗੇ, ਕਿਸੇ ਵੀ ਰਚਨਾ ਨੂੰ ਸ਼ੁਰੂ ਕਰਦਿਆਂ, ਢੁੱਕਵਾਂ ਫ਼ਿਕਰਾ ਆਉਂਦਾ ਹੈ। ਪਹਿਲਾ ਫ਼ਿਕਰਾ ਠੀਕ ਹੈ ਤਾਂ ਸਾਰਾ ਕੁਝ ਹੀ ਠੀਕ ਹੈ। ਇਹ "ਬਿਸਮਿਲੱਾਹ" ਵਾਂਗ ਹੈ। ਜੇ ਬਿਸਮਿਲੱਾਹ ਗ਼ਲਤ ਹੈ ਤਾਂ ਸਾਰਾ ਕੁਝ ਹੀ ਗ਼ਲਤ ਹੈ। ਬਿਸਮਿਲੱਾਹ, ਹਰ ਹਾਲਤ ਵਿਚ ਹੀ, ਠੀਕ ਹੋਣੀ ਚਾਹੀਦੀ ਹੈ। ਮੇਰਾ ਪਹਿਲਾ ਫ਼ਿਕਰਾ, ਮੇਰੀ ਇਸ ਸਵੈ-ਜੀਵਨੀ "ਬ੍ਰਿਹਸਪਤੀ" ਦੀ, ਬਿਸਮਿਲੱਾਹ ਹੈ।

ਪਹਿਲਾ ਫ਼ਿਕਰਾ ਕੀ ਹੈ ? ਲਓ, ਮੇਰੀ "ਬਿਸਮਿਲੱਾਹ" ਵੇਖੋ :

"2 ਦਸੰਬਰ 1920 ਦਾ ਚੰਗਾ ਜਾਂ ਬੁਰਾ ਦਿਨ ਸੀ ਜਿਸ ਦਿਨ ਮੇਰਾ ਜਨਮ ਹੋਇਆ।"

ਬੜਾ ਸਾਦਾ ਜਿਹਾ ਫ਼ਿਕਰਾ ਹੈ। ਇਸ ਵਿਚ ਕਿਹੜੀ ਗੱਲ ਹੈ ਜੋ ਮੈਨੂੰ ਹੱਥ ਲੱਗੀ ਹੈ? ਗੱਲ ਤਾਂ ਬੜੀ ਨਿੱਕੀ ਹੈ, ਪਰ ਹੈ ਇਹ ਬਹੁਤ ਵੱਡੀ ਵੀ। ਇਹ ਨਿੱਕੀ ਗੱਲ ਨਾ ਮਿਲਦੀ ਤਾਂ ਸ਼ਾਇਦ ਮੇਰੀ ਸਵੈ-ਜੀਵਨੀ ਇਹ ਸ਼ੁਰੂ ਹੀ ਨਾ ਹੋ ਸਕਦੀ ਹੁੰਦੀ। ਇਸ ਸਵੈ-ਜੀਵਨੀ ਦੇ, ਫੁਲਸਕੇਪ ਦੇ ਕਾਗ਼ਜ਼ਾਂ ਉਤੇ, ਮੇਰੀ ਹੱਥ-ਲਿਖਤ ਵਿਚ, 865 ਸਫ਼ੇ ਹਨ। ਆਮ ਵੱਡੇ ਸਾਈਜ਼ ਵਿਚ ਇਹ ਪੰਜ-ਛੇ ਸੌ ਸਫ਼ੇ ਦੇ ਵਿਚਕਾਰ ਆਕਾਰ ਲੈ ਲਵੇਗੀ ਛਪਕੇ। ਏਨੀ ਵੱਡੀ ਪੁਸਤਕ ਮੈਂ ਲਿਖ ਹੀ ਨਹੀਂ ਸੀ ਸਕਣੀ ਇਹ, ਜੇ ਇਹ ਨਿੱਕੀ ਜਾਂ ਵੱਡੀ ਗੱਲ, ਮੇਰੇ ਹੱਥ ਨਾ ਲੱਗੀ ਹੁੰਦੀ। ਇਸੇ, ਇਹ ਨਿੱਕੀ ਜਾਂ ਵੱਡੀ, ਗੱਲ ਨੇ ਮੇਰੇ ਕੋਲੋਂ ਇਹ ਪੁਸਤਕ ਲਿਖਵਾਈ।

ਕੀ ਹੈ ਅਜਿਹੀ ਇਹ ਗੱਲ? ਉੱਪਰਲੇ ਮੇਰੇ ਪਹਿਲੇ ਵਾਕ ਵਿਚ ਕੇਵਲ ਚਾਰ ਲਫ਼ਜ਼ ਹਨ ਇਹ। ਇਹ ਹਨ : "ਚੰਗਾ ਜਾਂ ਬੁਰਾ ਦਿਨ"। ਇਹਨਾਂ ਚੌਹਾਂ ਲਫ਼ਜ਼ਾਂ ਨੇ ਹੀ ਇਹ ਕ੍ਰਿਸ਼ਮਾ ਕੀਤਾ ਹੈ। ਇਹ ਦਾਰਸ਼ਨਿਕ ਵਾਕੰਸ਼ ਹੈ। ਕਿਉਂਕਿ ਜੀਵਨ ਦਿਨ ਤੇ ਰਾਤ ਦੋਹਾਂ ਦਾ ਸੁਮੇਲ ਹੈ। ਦੁੱਖ-ਸੁੱਖ, ਚੰਗ-ਮੰਦ, ਜੀਵਨ ਦੇ ਇਹ ਪਾਸੇ ਹਨ। ਜਿਸ ਦਿਨ ਮੈਂ ਜਨਮਿਆ, ਉਹ ਚੰਗਾ ਵੀ ਸੀ ਤੇ ਬੁਰਾ ਵੀ। ਮਨੁੱਖ ਵੀ ਚੰਗਾ ਤੇ ਬੁਰਾ ਹੈ। ਨਾ ਹੀ ਕੋਈ ਚੰਗਾ ਹੈ ਨਿਰਾ, ਨਾ ਹੀ ਕੋਈ ਬੁਰਾ ਹੈ ਨਿਰਾ। ਇਸ ਲਈ ਇਹ ਫ਼ਿਕਰਾ ਨਹੀਂ, ਸਗੋਂ ਇਹ ਵਾਕੰਸ਼ ਹੀ, ਮੇਰੀ ਇਸ ਸਵੈ-ਜੀਵਨੀ "ਬ੍ਰਿਹਸਪਤੀ" ਦੀ ਚੂਲ ਬਣਿਆ। ਸਿਹਰਾ ਸਾਰੇ ਵਾਕ ਨੂੰ ਹੈ, ਕਿਉਂਕਿ ਇਹ ਵਾਕੰਸ਼ ਜੋ ਇਸ ਪੂਰੇ ਵਾਕ ਵਿਚ ਆਇਆ ਹੈ। ਜੇ ਇਹ ਵਾਕ ਨਾ ਹੁੰਦਾ ਤਾਂ ਇਹ ਵਾਕੰਸ਼ ਕਿਥੇ ਹੁੰਦਾ? ਦੋਵੇਂ ਹੀ ਇਹ, ਵਾਕ ਤੇ ਵਾਕੰਸ਼, ਇਕ-ਦੂਜੇ ਦੇ ਪੂਰਕ ਹਨ। ਇਕ ਦੂਜੇ ਦੇ ਰਿਣੀ ਵੀ। ਮੈਂ ਤੇ ਮੇਰੀ ਸਵੈ-ਜੀਵਨੀ ਇਹਨਾਂ ਦੋਹਾਂ ਦੇ ਰਿਣੀ ਹਾਂ।

ਇਹ ਵਾਕ ਆਇਆ ਤੇ ਸਵੈ-ਜੀਵਨੀ ਚੱਲ ਪਈ। ਪਹਾੜ ਵਿਚੋਂ ਨਿੱਕੀ ਜਿਹੀ ਪਹਿਲਾਂ ਕੂਲ੍ਹ ਹੀ ਫੁੱਟਦੀ ਹੈ, ਫੇਰ ਉਹ ਅੱਗੇ ਵਧਦੀ ਜਾਂਦੀ ਭਰ-ਦਰਿਆ ਬਣ ਜਾਂਦੀ ਹੈ। ਠੀਕ ਹੈ, ਦਰਿਆਵਾਂ ਨੂੰ ਵੀ ਟੱਕਰਾਂ ਸਹਿਣੀਆਂ ਪੈਂਦੀਆਂ ਤੇ ਮੋੜ ਮੁੜਨੇ ਪੈ ਜਾਂਦੇ ਹਨ। ਪਰ ਇਹੋ ਹੀ ਤਾਂ ਜੀਵਨ ਹੈ। ਇਹੋ ਹੀ ਸਵੈ-ਜੀਵਨੀ। ਮੇਰੀ ਇਸ ਸਵੈ-ਜੀਵਨੀ ਨੇ, ਮੇਰੇ ਜੀਵਨ ਵਾਂਗ ਹੀ, ਟੱਕਰਾਂ ਵੀ ਸਹੀਆਂ ਤੇ ਮੋੜ-ਘੋੜ ਵੀ ਕੱਟੇ ਹਨ। ਆਖ਼ਿਰ ਇਕ ਦਰਿਆ ਵਾਂਗ ਇਹ ਸਾਗਰ ਵਿਚ ਜਾ ਮਿਲਦੀ ਹੈ—ਵਿਸ਼ਾਲ ਪੰਜਾਬੀ ਸਾਹਿਤ ਵਿਚ।

ਮੈਨੂੰ, ਰੋਕਾਂ, ਮੇਰਾ ਮਨੋਰੋਗ ਵੀ ਪਾਉਂਦਾ ਰਿਹਾ ਹੈ ਤੇ ਹੋਰ ਅਨੇਕਾਂ ਵਿਘਨ ਵੀ। ਪਰ, ਖ਼ੈਰ, ਇਹ ਸਮਾਪਤ ਹੋਈ। ਜਿਵੇਂ ਲਿਖਤ ਦਾ ਸ਼ੁਰੂ ਦਾ ਸਮਾਂ ਵੀ ਭਾਗਾਂ ਵਾਲਾ ਹੁੰਦਾ ਹੈ, ਇਸੇ ਤਰ੍ਹਾਂ ਹੀ ਲਿਖਤ ਦਾ ਸਮਾਪਤੀ ਦਾ ਸਮਾਂ ਵੀ। ਆਦਿ ਤੇ ਅੰਤ ਮਹਾਨ ਹਨ।

"ਬ੍ਰਿਹਸਪਤੀ" ਦੇ ਨਾਂ ਬਾਰੇ ਵੀ ਏਥੇ ਮੈਂ ਕੁਝ ਕਹਿ ਹੀ ਦਿਆਂ। ਵੀਰਵਾਰ ਦਾ ਜਨਮ ਹੈ ਮੇਰਾ। ਅਸੀਂ ਵੀਰਵਾਰ ਨੂੰ "ਬ੍ਰਿਹਸਪਤਵਾਰ" ਵੀ ਕਹਿੰਦੇ ਹਾਂ। ਬ੍ਰਿਹਸਪਤ

ਨੂੰ "ਬ੍ਰਿਹਸਪਤੀ"। ਇਸ ਲਈ ਮੈਂ ਇਸਦਾ ਨਾਂ "ਬ੍ਰਿਹਸਪਤੀ" ਰੱਖ ਦਿੱਤਾ ਹੈ।

ਬ੍ਰਿਹਸਪਤੀ ਨੂੰ ਦੇਵਤਿਆਂ ਦਾ ਗੁਰੂ ਵੀ ਆਖਿਆ ਜਾਂਦਾ ਹੈ। ਇਸਦਾ ਥਾਂ ਇੰਦਰ ਦੇ ਦਰਬਾਰ ਵਿਚ ਸ੍ਰੇਸ਼ਟ ਹੈ।

"ਪ੍ਰੀਤ ਲੜੀ" ਵਿਚ ਇਸਦੇ ਕੇਵਲ 107 ਕਾਂਡ ਛਪੇ। ਅਕਤੂਬਰ 1988 ਵਿਚ ਇਹ ਛਪਣੀ ਸ਼ੁਰੂ ਹੋਈ ਸੀ। ਅਕਤੂਬਰ 1990 ਵਿਚ ਇਸਦੇ ਅੰਤਲੇ ਕਾਂਡ (106, 107) ਛਪੇ ਤੇ ਫੇਰ ਬੰਦ ਕਰ ਦਿੱਤੀ ਗਈ। ਕਾਰਨ ਸੀ ਕਿ ਕੁਝ ਕਾਂਡ ਜੋ 107 ਤੋਂ ਅੱਗੇ ਸਨ, ਉਹ ਛਾਪਣਾ ਨਹੀਂ ਚਾਹੁੰਦੇ ਸਨ, ਤੇ ਚਾਹੁੰਦੇ ਸਨ ਕਿ ਇਹਨਾਂ ਨੂੰ ਛੱਡ ਕੇ ਅੱਗੇ ਛਾਪ ਦਿੱਤੀ ਜਾਵੇ। ਮੈਨੂੰ ਪਰਵਾਨ ਨਹੀਂ ਸੀ ਇਹ। ਕਿਉਂਕਿ ਇਹ ਵੀ ਕਾਂਡ ਮੇਰੇ ਜੀਵਨ ਦਾ ਹੀ ਹਿੱਸਾ ਸਨ। ਸਗੋਂ ਮਹੱਤਵਪੂਰਨ ਹਿੱਸਾ। ਇਹ ਦਿੱਲੀ ਦੇ ਉਹਨਾਂ ਦੋ ਮਹੀਨਿਆਂ ਦੇ ਮੇਰੇ ਜੀਵਨ ਬਾਰੇ ਸਨ ਜੋ ਮੇਰੇ ਨਾਵਲ "ਨਵਾਂ ਜਨਮ" ਦਾ ਵਿਸ਼ਾ-ਵਸਤੂ ਬਣੇ ਹਨ। ਅਜਿਹੇ ਮਹੱਤਵਪੂਰਨ ਕਾਂਡ ਮੈਂ ਕਿਵੇਂ ਛੱਡ ਸਕਦਾ ਸਾਂ? "ਪ੍ਰੀਤ ਲੜੀ" ਦੀ ਆਪਣੀ ਕੋਈ ਮਸਲਹਤ ਹੋ ਸਕਦੀ ਸੀ ਮੇਰੀ ਮਸਲਹਤ ਨਹੀਂ ਸੀ ਕੋਈ। ਇਸ ਲਈ ਇਹ ਸਵੈ-ਜੀਵਨੀ 107 ਕਾਂਡ ਤੋਂ ਅੱਗੇ ਛਪਣੀ ਬੰਦ ਹੋ ਗਈ ਸੀ।

ਉਹ ਕਾਂਡ ਕੀ ਸਨ? ਏਥੇ ਉਹਨਾਂ ਸਾਰਿਆਂ ਦੇ ਮੈਂ ਸਿਰਲੇਖ ਲਿਖ ਦਿੰਦਾ ਹਾਂ:

108 "ਇਕ ਪਰੀ ਦੇ ਨੇੜੇ ਹੋਣਾ", 109 "ਆਪਣੇ ਆਪ ਨੂੰ ਬਹੁਤ ਉੱਚਾ ਹੋ ਗਿਆ ਮਹਿਸੂਸ ਕਰਨਾ", 110 "ਦਿੱਲੀ ਬਾਰੇ ਕਵਿਤਾਵਾਂ ਲਿਖੀਆਂ", 111 "ਦਿੱਲੀ ਤੋਂ ਗੁਰਦਰਨ ਨੂੰ ਚਿੱਠੀਆਂ", 112 "ਭੇਤ ਦਾ ਸੰਦੂਕ ਖੁਲ੍ਹਾ", 113 "ਹੁਸਨ ਦੀ ਦਰਗਾਹ ਵੱਲ ਜਾਣਾ", 114 "ਸਿਰ ਝੁਕਾਈਂ ਵਾਪਸ ਆਉਣਾ", ਆਦਿ।

ਕੇਵਲ "ਪਰੀ" ਦਾ ਲਫ਼ਜ਼ ਹੀ ਮੈਂ ਏਥੇ ਵਰਤਿਆ ਹੋਇਆ ਸੀ, ਨਾਂ ਨਹੀਂ ਸੀ ਲਿਖਿਆ ਮੈਂ। ਕਿਉਂਕਿ ਸਵੈ-ਜੀਵਨੀ ਵਿਚ ਜੇ ਮੈਂ ਨਾਂ ਲਿਖਦਾ ਤਾਂ ਸੱਚਾ ਲਿਖਣਾ ਪੈਣਾ ਸੀ। ਇਹ ਮੈਂ ਚਾਹੁੰਦਾ ਨਹੀਂ ਸਾਂ। ਸੱਚਾ ਨਾਂ ਲਿਖ ਦੇਣ ਵਿਚ ਸੁੰਦਰਤਾ ਨਹੀਂ ਰਹਿਣੀ ਸੀ। ਉਂਜ ਵੀ ਕੋਈ ਇਸ ਗੱਲ ਨੂੰ ਗ਼ਲਤ ਵੀ ਕਹਿ ਸਕਦਾ ਸੀ। ਉਹ ਵੀ ਖ਼ੁਦ, ਜਿਸਨੂੰ ਮੈਂ "ਪਰੀ" ਆਖਿਆ ਹੋਇਆ ਸੀ ਤੇ ਕੋਈ ਤੀਜਾ ਬੰਦਾ ਵੀ। "ਪਰੀ" ਸਾਂਝਾ ਲਫ਼ਜ਼ ਸੀ ਇਹ ਕੋਈ ਵੀ ਹੋ ਸਕਦੀ ਸੀ। ਪਰ "ਪ੍ਰੀਤ ਲੜੀ" ਨੂੰ ਫੇਰ ਵੀ ਇਹ ਠੀਕ ਨਹੀਂ ਸੀ ਜਾਪਦਾ। ਹਾਲਾਂਕਿ ਕਾਨੂੰਨ ਵੀ ਏਥੇ ਹਾਇਲ ਨਹੀਂ ਹੋ ਸਕਦਾ ਸੀ। "ਪ੍ਰੀਤ ਲੜੀ" ਦਾ ਕਹਿਣਾ ਸੀ ਕਿ "ਪਰੀ" ਆਖਣ ਨਾਲ ਵੀ ਪਹਿਚਾਣ ਪੂਰੀ ਹੋ ਰਹੀ ਸੀ ਓਹਦੀ ਜਿਸਨੂੰ "ਪਰੀ" ਕਿਹਾ ਹੈ ਮੈਂ। ਮੈਂ ਆਖਿਆ ਇਹ ਪਹਿਚਾਣ ਹੁੰਦੀ ਹੈ ਤਾਂ ਹੁੰਦੀ ਰਹੇ ਇਸਦਾ ਮੈਨੂੰ ਡਰ ਨਹੀਂ। ਮੈਂ ਜੋ ਵੀ ਏਥੇ ਲਿਖਿਆ ਹੈ, ਉਹ ਠੀਕ-ਠੀਕ ਹੀ ਲਿਖਿਆ ਹੈ। ਠੀਕ ਲਿਖਦਿਆਂ ਜਿਥੇ ਮੈਨੂੰ ਡਰਨਾ ਨਹੀਂ ਚਾਹੀਦਾ, ਉਥੇ "ਪ੍ਰੀਤ ਲੜੀ" ਨੂੰ ਵੀ ਡਰਨਾ ਨਹੀਂ ਚਾਹੀਦਾ। ਪਰ "ਪ੍ਰੀਤ ਲੜੀ" ਦੀ ਸਮਝ ਵਿਚ ਇਹ ਗੱਲ ਨਹੀਂ ਆ ਰਹੀ ਸੀ। ਇਸ ਲਈ ਉਸ ਸਵੈ-ਜੀਵਨੀ ਅੱਗੋਂ ਛਾਪਣੀ ਬੰਦ ਕਰ ਦਿੱਤੀ।

ਚਲੋ, ਜਦੋਂ ਛਪੇਗੀ, ਪਾਠਕ ਉਦੋਂ ਪੜ੍ਹ ਲੈਣਗੇ। ਕਦੇ ਤਾਂ ਇਹ ਛਪੇਗੀ ਹੀ।

ਸਮਰਪਣ ਮੈਂ ਇਹ ਸਵੈ-ਜੀਵਨੀ ਤਿੰਨ ਪੁਸ਼ਤਾਂ ਨੂੰ ਕੀਤੀ ਹੈ। ਆਪਣੇ ਮਾਤਾ-ਪਿਤਾ ਨੂੰ; ਭੈਣਾਂ ਨੂੰ, ਭਰਾਵਾਂ ਨੂੰ; ਤੇ ਅੱਗੋਂ ਆਪਣੇ ਬੱਚਿਆਂ ਨੂੰ। ਮੈਨੂੰ ਇਹੋ ਸਮਰਪਣ ਇਸ ਲਈ ਅੜੀ ਢੁੱਕਵਾਂ ਜਾਪਿਆ।

## "ਜਾਗ੍ਰਤੀ" ਨਾਲ ਝਗੜਾ

"ਜਾਗ੍ਰਤੀ" ਪੰਜਾਬ ਸਰਕਾਰ ਦੇ ਲੋਕ ਸੰਪਰਕ ਵਿਭਾਗ ਦਾ ਪੰਜਾਬੀ ਮਾਸਿਕ ਪੱਤਰ ਹੈ। 1986 ਵਿਚ ਮੇਰਾ ਇਸ ਨਾਲ ਝਗੜਾ ਹੋਇਆ। ਕਿਉਂ ? ਇਸਨੇ ਮੇਰੇ ਚਾਰ ਲੇਖ—ਪਹਿਲੇ ਚਾਰ ਕਾਂਡ ਸਵੈ-ਜੀਵਨੀ "ਬ੍ਰਿਹਸਪਤੀ" ਦੇ—ਜਨਵਰੀ 1986 ਵਾਲੇ ਅੰਕ ਵਿਚ ਬਹੁਤ ਹੀ ਗ਼ਲਤ ਕਰਕੇ ਤੇ ਤੋੜ-ਮਰੋੜ ਕੇ ਛਾਪ ਦਿੱਤੇ। ਲਫ਼ਜ਼ ਹੀ ਨਹੀਂ ਬਦਲੇ ਗਏ, ਕਿਤੇ-ਕਿਤੇ ਅਰਥਾਂ ਦੇ ਅਨਰਥ ਵੀ ਕਰ ਦਿੱਤੇ ਗਏ। ਇਹ ਚਾਰ ਕਾਂਡ ਸਨ : "ਜਨਮ", "ਮਾਤਾ-ਪਿਤਾ", "ਮੇਰਾ ਦਾਦਾ", "ਮੇਰੀ ਦਾਦੀ"। ਪਰਚਾ ਛਪਕੇ ਆਇਆ ਤਾਂ ਮੈਨੂੰ ਬਹੁਤ ਗ਼ੁੱਸਾ ਆਇਆ। ਸੁਖਪਾਲਵੀਰ ਸਿੰਘ ਹਸਰਤ ਉਦੋਂ ਪਰਚੇ ਦੇ ਸੰਪਾਦਕ ਸਨ। ਉਂਜ ਤਾਂ ਮੇਰੇ ਦੋਸਤ ਹੀ ਸਨ, ਪਰ ਗੱਲ ਅਸੂਲਾਂ ਵਾਲੀ ਸੀ। ਮੈਂ ਜਦੋਂ ਗਿਲਾ ਕੀਤਾ ਤਾਂ ਉਹਨਾਂ ਕੋਈ ਪਰਵਾਹ ਨਾ ਕੀਤੀ। ਆਖਿਆ ਕਿ ਸਾਨੂੰ ਇਹ ਸਭ ਕਰਨ ਦਾ ਅਧਿਕਾਰ ਹੈ। ਮੁਆਫ਼ੀ ਵੀ ਨਹੀਂ ਮੰਗੀ ਗਈ। ਸਗੋਂ ਉਂਜੇ ਜਿਵੇਂ ਗੱਲ ਨੂੰ ਆਈ-ਗਈ ਕਰ ਦਿੱਤਾ ਗਿਆ। ਮੈਨੂੰ ਇਸਦਾ ਰੋਸ ਹੋਇਆ। "ਝਾੜੀਆਂ ਦੇ ਫੁੱਲ" ਮੈਂ ਆਪਣੀ ਡਾਇਰੀ ਲਿਖਦਾ ਹੁੰਦਾ ਸਾਂ। ਇਸ ਬਾਰੇ ਵੀ ਡਾਇਰੀ ਲਿਖੀ। ਇਹ ਵੀ ਸਭ ਲਿਖਿਆ ਕਿ ਅਸਲ ਲਿਖਤ ਕੀ ਸੀ ਤੇ ਕੱਟ ਕੇ ਕੀਤੀ ਕੀ ਗਈ। ਇਹ ਡਾਇਰੀ ਮੈਂ ਨਾਲ ਦੀ ਨਾਲ ਅਖ਼ਬਾਰਾਂ ਨੂੰ ਭੇਜਦਾ ਹੁੰਦਾ ਸਾਂ। ਡਾਇਰੀ ਛਪੀ ਤਾਂ ਦਿੱਲੀ ਤੋਂ ਗੁਰਬਚਨ ਸਿੰਘ ਭੁੱਲਰ ਦੀ ਚਿੱਠੀ ਆਈ : "ਅਨਰਥ ਕੀਤਾ ਗਿਆ ਹੈ ! ਹੁਣੇ ਤੁਹਾਨੂੰ ਸੰਪਾਦਕ ਉਤੇ ਘਟੋ ਘੱਟ ਇਕ ਲੱਖ ਦਾ ਦਾਅਵਾ ਕਰਨਾ ਚਾਹੀਦਾ ਹੈ ਤਾਂ ਜੋ ਉਹਨੂੰ ਪਤਾ ਲੱਗੇ।" ਦਾਅਵਾ ਮੈਂ ਕੀ ਕਰਨਾ ਸੀ ? ਉਹਦੇ ਏਨਾ ਲਿਖਣ ਨਾਲ ਹੀ ਮੈਨੂੰ ਕੁਝ ਸੰਤੁਸ਼ਟੀ ਹੋਈ। ਚਲੋ ਏਨਾ ਹੀ ਬੜਾ ਹੈ। ਕਿਸੇ ਨੇ ਤਾਂ ਇਸ ਗੱਲ ਨੂੰ ਏਨਾ ਮਾੜਾ ਕਿਹਾ ਹੈ। ਕੀਹਨੇ ਮੈਨੂੰ ਲੱਖ ਰੁਪਏ ਹਰਜਾਨੇ ਦੇ, ਦੇ ਦੇਣੇ ਹਨ। ਸਗੋਂ ਪਹਿਲਾਂ ਫ਼ੀਸਾਂ ਆਦਿ ਹੀ ਖ਼ਰਚੇ ਕਰਨੇ ਪੈਣੇ ਹਨ। ਕੋਰਟ ਫ਼ੀਸ ਹੀ ਪਤਾ ਨਹੀਂ ਕਿੰਨੀ ਲਾਉਣੀ ਪਵੇਗੀ। ਵਾਧੂ ਦਾ ਖਲਜਗਣ ਹੈ। ਥਾਣਿਆਂ-ਕਚਹਿਰੀਆਂ ਨਾਲ ਮੈਨੂੰ ਵਾਹ ਪਾਉਣ ਤੋਂ ਹੀ ਡਰ ਜਿਹਾ ਲਗਦਾ ਹੁੰਦਾ ਸੀ। ਸੋ ਮੈਂ ਚੁੱਪ ਹੀ ਕਰ ਰਿਹਾ।

ਇਕ ਵਕੀਲ ਮੇਰੇ ਛੋਟੇ ਭਰਾ ਰੂਪ ਦਾ ਦੋਸਤ ਸੀ ਤੇ ਮੇਰੇ ਨਾਲ ਉਹ ਬੜੇ ਹੀ ਸਤਿਕਾਰ ਨਾਲ ਪੇਸ਼ ਆਉਂਦਾ ਸੀ। ਪਹਿਲਾਂ ਟੀਚਰ ਹੁੰਦਾ ਸੀ, ਫੇਰ ਉਹ ਲਾਅ

ਕਰਕੇ ਵਕਾਲਤ ਕਰਨ ਲੱਗ ਪਿਆ ਸੀ। ਅਮਲੋਹ ਦੇ ਲਾਗੇ ਪਿੰਡ ਸੀ, ਇਸ ਲਈ ਅਮਲੋਹ ਹੀ ਉਹ ਵਕਾਲਤ ਕਰਦਾ ਹੁੰਦਾ ਸੀ। ਅਮਲੋਹ, ਮੰਡੀ ਗੋਬਿੰਦਗੜ੍ਹ ਤੋਂ ਛੇ ਮੀਲ ਹੈ ਨਾਭੇ ਵੱਲ। ਮੰਡੀ ਜਾਣ ਹੋਇਆ ਤਾਂ ਮੈਂ ਇਹ ਸਾਰੇ ਕਾਗਜ਼-ਪੱਤਰ ਆਪਣੇ ਨਾਲ ਲੈ ਗਿਆ, ਵਕੀਲ ਨੂੰ ਦਿਖਾਉਣ ਲਈ ਕਿ ਭਲਾ ਇਸ ਵਿਚ ਕੀ ਹੈ ? ਕੀ, ਕੁਝ ਹੋ ਸਕਦਾ ਹੈ ? ਕਿਉਂਕਿ ਸਾਡੇ ਮੁਲਕ ਵਿਚ ਅਜਿਹੇ ਕੇਸ ਅਦਾਲਤਾਂ ਵਿਚ ਬੜੇ ਹੀ ਘੱਟ ਹੁੰਦੇ ਹਨ। ਆਮ ਝਗੜੇ ਜ਼ਰ-ਜ਼ੋਰੋ-ਜ਼ਮੀਨ ਦੇ ਹੀ ਹੁੰਦੇ ਹਨ।

ਮੈਂ ਇਕ ਕਾਗ਼ਜ਼ ਉਤੇ ਠੀਕ ਅਤੇ ਗ਼ਲਤ ਲਿਖਤਾਂ ਦੋਵੇਂ ਹੀ ਲਿਖੀਆਂ ਹੋਈਆਂ ਸਨ। ਏਧਰ ਠੀਕ ਲਿਖਤ ਸੀ, ਸਾਹਮਣੇ ਗਲਤ ਕੀਤੀ ਹੋਈ। ਨੌਂ ਸਨ ਅਜਿਹੇ ਨੰਬਰ। ਵਕੀਲ ਨੇ ਇਹ ਪੜ੍ਹਿਆ ਤਾਂ ਝੱਟ ਉਹਨੇ ਆਖਿਆ ਕਿ ਉਹ ਇਹ ਕੇਸ ਲੜੇਗਾ। ਫ਼ੀਸ ਦਾ ਲਾਲਚ ਨਹੀਂ ਸੀ ਉਹਨੂੰ। ਫ਼ੀਸ ਤਾਂ ਉਸ ਲਈ ਹੀ ਨਹੀਂ। ਬੱਸ, ਉਹਨੂੰ ਕੇਸ ਬੜਾ ਹੀ ਵਾਜਬ ਨਜ਼ਰ ਆਇਆ ਸੀ। ਸੋ "ਜਾਗ੍ਰਤੀ" ਉਤੇ ਦੋ ਲੱਖ ਦਾ ਦਾਅਵਾ ਦਾਇਰ ਕੀਤਾ ਗਿਆ। ਮੈਂ ਤਾਂ ਲਖ ਹੀ ਕਿਹਾ ਸੀ, ਪਰ ਉਹਨੇ ਇਕ ਲੱਖ ਦੀ ਥਾਂ ਦੋ ਲੱਖ ਹੀ ਕਰਨਾ ਚਾਹਿਆ। ਇਕ ਪ੍ਰਾਰਥਨਾ ਕੀਤੀ ਗਈ: "ਮਾਲੀ ਪੱਖੋਂ ਮੇਰਾ ਸਾਇਲ ਬਹੁਤ ਹੀ ਕਮਜ਼ੋਰ ਹੈ, ਇਸ ਲਈ ਇਹ ਕੋਰਟ ਫ਼ੀਸ ਲਾ ਸਕਣ ਦੇ ਯੋਗ ਨਹੀਂ। ਜਦੋਂ ਹਰਜਾਨਾ ਦੁਆਇਆ ਜਾਵੇ, ਉਦੋਂ, ਉਸ ਰਕਮ ਵਿਚੋਂ ਕੋਰਟ ਫ਼ੀਸ ਕੱਟ ਲਈ ਜਾਵੇ।" ਅਦਾਲਤੀ ਜ਼ੁਬਾਨ ਵਿਚ ਇਸਨੂੰ "ਪਾਪਰ" (Pauper) ਕਹਿੰਦੇ ਹਨ। ਡਿਕਸ਼ਨਰੀ ਵਿਚ ਮਤਲਬ ਹੈ ਨਿਰਧਨ, ਕੰਗਾਲ, ਗ਼ਰੀਬ, ਮੁਥਾਜ। ਮਕਾਨ ਇਸ ਵਿਚ ਨਹੀਂ ਆਉਂਦਾ। ਭਾਵੇਂ ਕਿੰਨਾ ਵੱਡਾ ਹੋਵੇ। ਉਹ ਰਹਿਣ ਲਈ ਮੰਨਿਆ ਜਾਂਦਾ ਹੈ। ਸ਼੍ਰੋਮਣੀ ਕਮੇਟੀ ਨੇ ਵੀ ਇਸੇ ਤਰ੍ਹਾਂ ਦਾ ਦਾਅਵਾ ਸਰਕਾਰ ਉਤੇ ਕੀਤਾ ਸੀ—ਅਕਾਲ ਤਖ਼ਤ ਢਹਿਣ ਸਮੇਂ। "ਪਾਪਰ" ਵਜੋਂ ਕਰਟ ਫ਼ੀਸ ਉਹਨੇ ਵੀ ਨਹੀਂ ਲਾਈ ਸੀ। ਗੱਲ ਤਾਂ ਇਹ ਮੇਰੇ ਆਪਣੇ ਮਾਮਲੇ ਵਿਚ ਠੀਕ ਸੀ। ਪਰ ਇਹ ਗੱਲ ਅਦਾਲਤ ਵਲੋਂ ਮੰਨੀ ਨਹੀਂ ਗਈ ਸੀ। ਵਿਰੋਧੀਆਂ ਨੇ ਕਿਹਾ ਸੀ ਕਿ ਮੇਰੀ ਆਮਦਨ ਬਹੁਤ ਹੈ। ਮੋਹਾਲੀ ਵਿਚ ਕੋਠੀ ਹੈ, ਪਿੰਡ ਵਿਚ ਮਕਾਨ ਹੈ, ਹਜ਼ਾਰਾਂ ਰੁਪਏ ਪੁਸਤਕਾਂ ਦੀ ਰਾਇਲਟੀ ਦੇ ਮਿਲਦੇ ਹਨ ਤੇ ਰੇਡੀਓ ਤੇ ਟੈਲੀਵੀਜ਼ਨ ਦੀਆਂ ਰਾਇਲਟੀਆਂ ਵੀ ਆਉਂਦੀਆਂ ਹਨ। ਇਸਤੋਂ ਬਿਨਾਂ ਮੈਂ ਕਮਿਊਨਿਸਟ ਪਾਰਟੀ ਦਾ ਰੁਕਨ ਹਾਂ ਤੇ ਉਸ ਕੋਲੋਂ ਵੀ ਚੰਗੀ-ਚੋਖੀ ਤਨਖ਼ਾਹ ਮੈਨੂੰ ਮਿਲ ਰਹੀ ਹੈ। ਬਦੇਸ਼ ਜਾ ਕੇ ਆਇਆ ਹਾਂ। ਜੇ ਪਰੋਖੋਂ ਵਾਲਾ ਹਾਂ, ਤਦੇ ਬਦੇਸ਼ ਜਾ ਸਕਿਆ ਹਾਂ—ਹਾਲਾਂਕਿ ਬਦੇਸ਼ ਦਾ ਖ਼ਰਚਾ, ਸਾਰਾ, ਮੈਨੂੰ ਸੱਦਣ ਵਾਲੇ ਦੋਸਤਾਂ ਨੇ ਦਿੱਤਾ ਸੀ—ਇਸ ਲਈ ਇਹ ਮੇਰਾ ਦਾਅਵਾ ਖ਼ਾਰਿਜ ਹੋਣਾ ਚਾਹੀਦਾ ਹੈ। ਨਹੀਂ ਤਾਂ ਕੋਰਟ ਫ਼ੀਸ ਲਾਵੇ। ਇਹ ਕੰਗਾਲ ਨਹੀਂ ਹੈ, ਸਰਦਾ-ਪੁੱਜਦਾ ਬੰਦਾ ਹੈ। ਗੱਲ ਇਹ ਕੁਝ ਠੀਕ ਸੀ, ਪਰ ਸਾਰੀ ਠੀਕ ਨਹੀਂ ਸੀ। ਰਾਇਲਟੀ ਏਨੀ ਨਹੀਂ ਮਿਲਦੀ ਸੀ। ਕਮਿਊਨਿਸਟ ਪਾਰਟੀ ਤੋਂ ਤਨਖ਼ਾਹ ਵੀ ਨਹੀਂ ਮਿਲਦੀ ਸੀ। ਕਿਉਂਕਿ ਮੈਂ ਕੁਲਵਕਤੀ ਨਹੀਂ, ਜੁਜ਼ਵਕਤੀ ਵਰਕਰ ਸਾਂ। ਜੁਜ਼ਵਕਤੀ ਵਰਕਰਾਂ ਨੂੰ ਕਿਤੇ

ਵੀ ਤਨਖ਼ਾਹ ਨਹੀਂ ਮਿਲਦੀ । ਸਰਦਾ-ਪੁੱਜਦਾ ਵੀ ਨਹੀਂ ਸਾਂ । ਹਾਂ, ਕੰਗਾਲ ਵੀ ਨਹੀਂ ਸਾਂ । ਬੜਾ ਸੁਹਣਾ ਸੂਟ-ਬੂਟ ਮੈਂ ਪਹਿਨਿਆ ਹੋਇਆ ਹੁੰਦਾ ਸੀ । ਭਾਵੇਂ ਰੈਗ ਵਿਚੋਂ ਹੀ ਮੈਂ ਇਹ ਖ਼ਰੀਦਿਆ ਹੋਇਆ ਸੀ । ਮੇਰੇ ਗਲ ਵਿਚ ਡੱਬੀਆਂ ਵਾਲਾ ਬੜਾ ਹੀ ਸੋਹਣਾ ਕੋਟ ਸੀ ਤੇ ਉਸੇ ਤਰ੍ਹਾਂ ਦੀ ਸੁਹਣੀ ਪਤਲੂਨ ਜੋ ਖ਼ਾਕੀ ਜਿਹੇ ਰੰਗ ਦੀ ਸੀ । ਇਹ ਦੋਵੇਂ ਯੂਰਪ ਦੇ ਕੱਪੜੇ ਸਨ, ਭਾਵੇਂ ਮੈਂ ਰੈਗ ਵਿਚੋਂ ਹੀ ਇਹ ਦਿੱਲੀ ਤੋਂ ਖ਼ਰੀਦੇ ਸਨ । ਕੋਟ ਪਣਤਾਲੀ ਰੁਪਏ ਦਾ ਸੀ । ਪਤਲੂਨ ਵੀਹ ਜਾਂ ਪੱਚੀ ਦੀ । ਪਰ ਮੇਰੀ ਚੋਣ ਵਧੀਆ ਸੀ । ਰੈਗ ਵਿਚ ਘਟੀਆ-ਘਟੀਆ ਕੱਪੜੇ ਵੀ ਬਹੁਤ ਹੁੰਦੇ ਹਨ ਤੇ ਵਧੀਆ-ਵਧੀਆ ਕੱਪੜੇ ਵੀ । ਬੱਸ, ਚੋਣ ਦੀ ਗੱਲ ਹੈ । ਮੇਰੀ ਚੋਣ ਵਧੀਆ ਕਾਰਨ ਕੋਈ ਇਹਨਾਂ ਨੂੰ ਰੈਗ ਦਾ ਮਾਲ ਸਮਝਦਾ ਹੀ ਨਹੀਂ ਸੀ । ਫੇਰ ਪੈਰੀਂ ਬੂਟ ਸਨ ਤੇ ਗਲ ਵਿਚ ਨਕਟਾਈ ਸੀ । ਨਕਟਾਈ ਕੈਨੇਡਾ ਤੋਂ ਆਈ ਸੀ । ਕਦੇ ਇਹ ਗੁਰਚਰਨ ਰਾਮਪੁਰੀ ਨੇ ਮੈਨੂੰ ਦਿੱਤੀ ਸੀ । ਕੰਗਾਲ ਜੇ ਮੈਂ ਨਹੀਂ ਸਾਂ ਤਾਂ ਤੰਗਦਸਤ ਜ਼ਰੂਰ ਸਾਂ । ਘਟੋ ਘੱਟ ਮੈਂ ਦੋ ਲੱਖ ਦੀ ਕੋਰਟ ਫ਼ੀਸ ਲਾ ਸਕਣ ਦੀ ਹਾਲਤ ਵਿਚ ਨਹੀਂ ਸਾਂ । ਇਹ ਗੱਲ ਸੱਚੀ ਸੀ ।

ਪਰ ਅਦਾਲਤ ਨੂੰ ਏਨੀਆਂ ਸੱਚੀਆਂ ਗੱਲਾਂ ਨਾਲ ਸੰਬੰਧ ਨਹੀਂ । ਅਦਾਲਤ ਕੀ ਤੇ ਸੱਚ ਕੀ ? ਸੋ ਮੈਂ ਕੇਸ ਹਾਰ ਗਿਆ । ਕਿਹਾ ਗਿਆ, ਮੈਂ ਇਸ ਉਤੇ ਕੋਰਟ ਫ਼ੀਸ ਲਾਵਾਂ, ਨਹੀਂ ਤਾਂ ਦਾਅਵਾ ਖ਼ਾਰਿਜ ਸਮਝਾਂ । ਕੋਰਟ ਫ਼ੀਸ ਲਈ ਪੰਦਰਾਂ ਦਿਨਾਂ ਦਾ ਸਮਾਂ ਦਿੱਤਾ ਗਿਆ ਸੀ ।

ਕੋਰਟ ਫ਼ੀਸ ਮੇਰੇ ਦੋਸਤ ਮਿੱਤਰ ਵੀ ਲਾ ਸਕਦੇ ਸਨ ; ਵਕੀਲ ਵੀ ਲਾ ਸਕਦਾ ਸੀ; ਪਰ ਫ਼ੇਰ ਮਤਲਬ ਹੁੰਦਾ ਕਿ ਪਹਿਲਾਂ ਮੈਂ ਗ਼ਲਤ ਕਿਹਾ ਸੀ ਕਿ ਮੇਰੀ ਇਹ ਹੈਸੀਅਤ ਨਹੀਂ । ਅਸਲ ਵਿਚ ਹੈਸੀਅਤ ਸੀ । ਇਹ ਮੇਰੇ ਵਲੋਂ ਝੂਠਾ ਸਾਬਿਤ ਹੋਣ ਵਾਲੀ ਗੱਲ ਸੀ । ਫੇਰ ਵਕੀਲ ਨੇ ਆਖਿਆ ਕਿ ਦੂਜੀ ਵਾਰ ਘੱਟ ਰਕਮ ਦਾ ਦਾਅਵਾ ਦਾਇਰ ਕਰ ਦਿੰਦੇ ਹਾਂ । ਪੰਜਾਹ ਹਜ਼ਾਰ, ਪੱਚੀ ਹਜ਼ਾਰ ਜਾਂ ਕੇਵਲ ਪੰਜ ਹਜ਼ਾਰ ਦਾ ਹੀ । ਇਹ ਵੀ ਠੀਕ ਨਹੀਂ ਸੀ । ਫੇਰ ਆਖਿਆ ਜਾਣਾ ਸੀ ਕਿ ਅਸਲ ਹੈਸੀਅਤ ਏਨੀ ਹੀ ਸੀ, ਦੋ ਲੱਖ ਤਾਂ ਐਵੇਂ ਹੀ ਮੈਂ ਝੂਠ ਆਖਿਆ ਹੋਇਆ ਸੀ । ਮੈਂ ਆਖਿਆ, ਹੁਣ ਕੇਵਲ ਇਕ ਰੁਪਏ ਦਾ ਦਾਅਵਾ ਹੋਵੇ । ਕੇਵਲ ਚਿੰਨ੍ਹ ਵਜੋਂ ਹੀ । ਕਿਉਂਕਿ ਗੱਲ ਅਸੂਲੀ ਹੈ । ਸੋ ਫੇਰ ਨਵੇਂ ਸਿਰਿਓਂ ਇਕ ਰੁਪਏ ਦਾ ਦਾਅਵਾ ਕੀਤਾ ਗਿਆ । ਪੰਜਾਹ ਪੈਸੇ ਕੋਰਟ ਫ਼ੀਸ । ਲੈ ਬਈ ਅਦਾਲਤੇ ! ਤੂੰ ਕੋਰਟ ਫ਼ੀਸ ਲੈ-ਲੈ ਮੈਥੋਂ । ਇਹ ਦਾਅਵਾ ਮੈਂ ਜਿੱਤ ਗਿਆ । ਪਰ ਕਾਹਦੀ ਜਿੱਤ ਸੀ ਮੇਰੀ ਇਹ ! ਪੇਸ਼ੀਆਂ ਉਤੇ ਜਾਣ ਨਾਲ ਹੀ ਕਮਲਾ ਜਿਹਾ ਹੋ ਗਿਆ ਸਾਂ । ਕੇਵਲ ਇਕ ਅਸੂਲੀ ਪੱਖੋਂ ਮੈਨੂੰ ਲੜਨਾ ਪੈ ਗਿਆ ਸੀ ।

ਜਦੋਂ ਇਕ ਰੁਪਏ ਦਾ ਦਾਅਵਾ ਦਾਇਰ ਕਰਨ ਲਈ ਗਏ ਸਾਂ ਤਾਂ ਅਹਿਲਮਦ ਨੇ ਹਸ ਕੇ ਕਿਹਾ : "ਇਕ ਰੁਪਏ ਦਾ ਦਾਅਵਾ ?" ਹੈਰਾਨੀ ਭਰੀਆਂ ਅੱਖਾਂ ਨਾਲ ਉਹ ਸਾਡੇ ਵੱਲ ਤੱਕ ਰਿਹਾ ਸੀ । ਅਤੇ ਉਹਨੇ ਇਹ ਵੀ ਕਿਹਾ : "ਇਕ ਰੁਪਿਆ ਤਾਂ ਤੁਸੀਂ ਯਾਰ ਮੇਰੇ ਕੋਲੋਂ ਹੀ ਲੈ ਲਵੋ !" ਅਸੀਂ ਵੀ ਅਗੋਂ ਹਸਕੇ ਕਿਹਾ : "ਤੁਸੀਂ ਸਾਨੂੰ ਡਿਗਰੀ ਦਿਉ,

ਇਕ ਰੁਪਿਆ ਅਸੀਂ ਫੇਰ ਇਜਰਾਅ ਹੀ ਨਹੀਂ ਕਰਵਾਵਾਂਗੇ। ਛੱਡ ਦਿਆਂਗੇ ਅਸੀਂ ਇਹ, ਖ਼ਰਚਾ ਵੀ ਛੱਡ ਦਿਆਂਗੇ।"

ਇਹ ਹੀ ਕੀਤਾ ਗਿਆ ਸੀ। ਅਸੀਂ ਸਿਰਫ਼ ਡਿਗਰੀ ਲਈ।

24 ਜੁਲਾਈ 1986 ਅਸੀਂ ਦਾਅਵਾ ਕੀਤਾ ਦੋ ਲੱਖ ਰੁਪਏ ਵਾਲਾ। 27 ਮਈ 88 ਨੂੰ ਇਹ ਮੇਰੇ ਵਿਰੁਧ ਖ਼ਾਰਿਜ ਹੋਇਆ। ਦੂਜਾ, ਇਕ ਰੁਪਏ ਵਾਲਾ, 17 ਅਕਤੂਬਰ 88 ਨੂੰ ਕੀਤਾ, 21 ਨਵੰਬਰ 1990 ਨੂੰ ਇਸਦਾ ਫ਼ੈਸਲਾ ਦਿੱਤਾ ਗਿਆ। ਚਾਰ ਵਰ੍ਹੇ ਦਾ ਸਮਾਂ ਹੈ ਇਹ। ਚਾਰ ਮਹੀਨੇ ਉਤੇ ਹੀ। ਇਸ ਸਮੇਂ ਵਿਚ ਪਤਾ ਨਹੀਂ, ਮੈਂ ਕਿੰਨੀਆਂ ਪੇਸ਼ੀਆਂ ਭੁਗਤੀਆਂ। ਦਾਅਵਾ ਸਰਕਾਰ ਉਤੇ ਸੀ। ਲੋਕ ਸੰਪਰਕ ਵਿਭਾਗ ਦਾ ਡਾਇਰੈਕਟਰ ਤੇ ਸੈਕਟਰੀ ਵੀ ਮੁੱਦਾਲਿਆਂ ਵਿਚ ਰੱਖੇ ਸਨ। ਪੇਸ਼ੀਆ ਸੁਖਪਾਲਵੀਰ ਸਿੰਘ ਹਸਰਤ ਹੀ ਭੁਗਤਦਾ ਹੁੰਦਾ ਸੀ। ਜਦੋਂ ਉਹ ਨਾ ਆਉਂਦਾ ਤਾਂ ਹੋਰ ਕੋਈ ਆ ਜਾਂਦਾ ਸੀ—ਮਹਿਕਮੇ ਦਾ ਬੰਦਾ ਕੋਈ। ਦਾਅਵਾ ਤਦ ਵੀ ਕਰਨਾ ਪਿਆ ਕਿ ਨੋਟਿਸ ਦਾ ਜਵਾਬ ਹੀ ਕੋਈ ਦਿੱਤਾ ਨਹੀਂ ਗਿਆ ਸੀ। ਕਹਿੰਦੇ ਸਨ, ਬਥੇਰੇ ਅਜਿਹੇ ਨੋਟਿਸ ਸਰਕਾਰ ਨੂੰ ਆਉਂਦੇ ਹਨ।

ਵਕੀਲ ਜੋਗਿੰਦਰ ਸਿੰਘ ਤੂਰ ਸਨ। ਅਜ ਕਲ੍ਹ ਅਮਲੋਹ ਦੀ ਥਾਂ ਉਹ ਚੰਡੀਗੜ੍ਹ ਹੀ ਰਹਿੰਦੇ ਹਨ ਤੇ ਹਾਈ ਕੋਰਟ ਵਿਚ ਜਾਂਦੇ ਹਨ। ਅਮਲੋਹ ਵਲੋਂ ਵੀ ਹਾਈ ਕੋਰਟ ਵਿਚ ਆਉਂਦੇ-ਜਾਂਦੇ ਰਹਿੰਦੇ ਸਨ। ਬੈਣਾ ਬੁਲੰਦ ਪਿੰਡ ਹੈ, ਅਮਲੋਹ ਤੋਂ ਦੱਖਣ-ਪੱਛਮ ਵੱਲ, ਕੁਝ ਕ ਮੀਲਾਂ ਦੀ ਦੂਰੀ ਉਤੇ। ਤੇਤੀ ਸੈਕਟਰ ਚੰਡੀਗੜ੍ਹ ਵਿਚ ਉਹਨਾਂ ਦੀ ਆਪਣੀ ਕੋਠੀ ਹੈ ਜੋ ਪਿੱਛੇ ਜਿਹੇ ਹੀ ਬਣੀ ਹੈ। ਕੋਠੀ ਕਾਫ਼ੀ ਵੱਡੀ ਹੈ।

ਜੱਜ ਪਹਿਲਾਂ ਸਰਪਾਲ ਸਨ ਕੋਈ ਜਿਨ੍ਹਾਂ ਨੇ ਖ਼ਾਰਿਜ ਕੀਤਾ ਸੀ ਦਾਅਵਾ। ਫੇਰ ਹੁਕਮ ਚੰਦ ਆਏ ਸਨ ਜਿਹਨਾਂ ਨੇ ਜਿੱਤ ਦੀ ਡਿਗਰੀ ਦਿੱਤੀ।

ਪ੍ਰੋਫ਼ੈਸਰ ਤਰਸੇਮ ਬਾਹੀਆ ਤੇ ਪ੍ਰੋਫ਼ੈਸਰ ਦਰਸ਼ਨ ਸਿੰਘ ਨੇ ਮੇਰੀ ਗਵਾਹੀ ਦਿੱਤੀ ਸੀ ਕਿ ਮੇਰੀ ਵਿਗੜੀ ਰਚਨਾ ਪੜ੍ਹਕੇ ਉਹਨਾਂ ਨੂੰ ਦੁੱਖ ਹੋਇਆ ਸੀ ਤੇ ਮੇਰੀ ਇੱਜ਼ਤ ਉਹਨਾਂ ਦੇ ਦਿਲ ਵਿਚ ਪਹਿਲਾਂ ਵਾਲੀ ਨਹੀਂ ਸੀ ਰਹੀ। ਰੂਪ ਅਤੇ ਇਕ ਕੋਈ ਹੋਰ ਵੀ ਮੇਰੇ ਹੱਕ ਵਿਚ ਭੁਗਤੇ ਸਨ। ਇਹਨਾਂ ਨੇ ਮਾਲੀ ਹਾਲਤ ਪੱਖੋਂ ਮੇਰੀ ਗਵਾਹੀ ਦਿੱਤੀ ਸੀ।

ਪ੍ਰੋਫ਼ੈਸਰ ਤਰਸੇਮ ਬਾਹੀਆ ਤੇ ਪ੍ਰੋਫ਼ੈਸਰ ਦਰਸ਼ਨ ਸਿੰਘ ਖੰਨਾ ਦੇ ਰਹਿਣ ਵਾਲੇ ਹਨ। ਖੰਨਾ ਕਾਲਜ ਵਿਚ ਲੈਕਚਰਾਰ।

ਖੰਨਾ ਮੇਰਾ ਇਲਾਕਾ ਹੈ। ਖੰਨਾ, ਅਮਲੋਹ, ਸਰਹੰਦ, ਗੋਬਿੰਦਗੜ੍ਹ। ਬਾਰੂ ਤਾਂਗੇ ਵਾਲਾ ਇਸੇ ਖੰਨੇ ਦੇ ਹੋਕੇ ਮਾਰਦਾ ਹੈ "ਕੋਈ ਇਕ ਸਵਾਰ" ਵਿਚ।

# ਇਕ ਹੋਰ ਸਾਹਿਤਿਕ ਝਗੜਾ

ਪੰਜਾਬੀ ਯੂਨੀਵਰਸਿਟੀ ਨਾਲ ਵੀ ਮੈਨੂੰ ਝਗੜਾ ਕਰਨਾ ਪਿਆ। ਇਸਦਾ ਕਾਰਨ ਮੇਰੀ ਪੁਸਤਕ "ਮੇਰੀ ਪ੍ਰਤਿਨਿਧ ਰਚਨਾ" ਹੈ ਜੋ ਯੂਨੀਵਰਸਿਟੀ ਨੇ ਛਾਪੀ ਹੈ। ਝਗੜਾ ਹੋਇਆ ਪਰੂਫ਼ਾਂ ਕਾਰਨ।

ਪੰਜਾਬੀ ਯੂਨੀਵਰਸਿਟੀ ਦੇ ਪੰਜਾਬੀ ਸਾਹਿਤ ਅਧਿਐਨ ਵਿਭਾਗ ਨੇ ਮੈਨੂੰ ਚਿੱਠੀ ਲਿਖੀ ਕਿ ਯੂਨੀਵਰਸਿਟੀ "ਮੇਰੀ ਪ੍ਰਤਿਨਿਧ ਰਚਨਾ" ਛਾਪਣਾ ਚਾਹੁੰਦੀ ਹੈ ਮੇਰੀ। ਮੈਂ ਸੰਕਲਨ ਤਿਆਰ ਕਰਾਂ ਤੇ ਯੂਨੀਵਰਸਿਟੀ ਨੂੰ ਭੇਜ ਦਿਆਂ। ਪਰਵਾਨਗੀ ਮੰਗੀ ਗਈ ਸੀ। ਮੈਂ ਪ੍ਰਵਾਨਗੀ ਭੇਜ ਦਿੱਤੀ। ਮੈਨੂੰ ਬੜੀ ਖ਼ੁਸ਼ੀ ਸੀ ਕਿ ਯੂਨੀਵਰਸਿਟੀ ਮੇਰੀ ਵੀ ਕਿਤਾਬ ਪ੍ਰਕਾਸ਼ਤ ਕਰੇਗੀ। ਭਾਵੇਂ ਇਹ ਸੰਕਲਨ ਹੀ ਸੀ, ਕੋਈ ਨਵੀਂ ਰਚਨਾ ਨਹੀਂ ਸੀ, ਤਾਂ ਵੀ ਮੈਨੂੰ ਖ਼ੁਸ਼ੀ ਸੀ। ਯੂਨੀਵਰਸਿਟੀ ਵਰਗੀ ਸੰਸਥਾ ਜੇ ਕੋਈ ਪੁਸਤਕ ਛਾਪਦੀ ਹੈ ਤਾਂ ਠੁੱਕ ਜਿਹੀ ਬਣ ਜਾਂਦੀ ਹੈ। ਭਾਵੇਂ ਇਹ ਵੀ ਠੀਕ ਹੈ ਕਿ ਯੂਨੀਵਰਸਿਟੀ ਦੀ ਛਾਪੀ ਪੁਸਤਕ, ਆਮ ਕਰਕੇ, ਕੈਂਪਸ ਤੋਂ ਹੀ ਬਾਹਰ ਨਹੀਂ ਨਿੱਕਲਦੀ। ਪਰ ਯੂਨੀਵਰਸਿਟੀ ਦੀ ਮੋਹਰ ਹੀ ਕੋਈ ਛੋਟੀ ਗੱਲ ਨਹੀਂ ਹੁੰਦੀ—ਇਨਸਿਗਨੀਆ ਯੂਨੀਵਰਸਿਟੀ ਦਾ। ਇਸ ਮੋਹਰ ਦਾ ਬੜਾ ਪ੍ਰਭਾਵ ਹੁੰਦਾ ਹੈ ਆਮ ਪਾਠਕ ਉਤੇ। ਇਸ ਮੋਹਰ ਨਾਲ ਪੁਸਤਕ ਸਿੱਕੇਬੰਦ ਜਿਹੀ ਬਣ ਜਾਂਦੀ ਹੈ।

ਚਿੱਠੀ ਮੈਨੂੰ ਅੱਠ ਜੁਲਾਈ 1990 ਨੂੰ ਮਿਲੀ ਸੀ। ਛੇ ਦੀ ਲਿਖੀ ਹੋਈ ਸੀ। ਡਾ: ਅਬਨਾਸ਼ ਕੌਰ ਇਸ ਵਿਭਾਗ ਦੇ ਮੁਖੀ ਸਨ। ਚਿੱਠੀ ਉਤੇ ਉਹਨਾਂ ਨੇ ਹੀ ਦਸਖ਼ਤ ਕੀਤੇ ਹੋਏ ਸਨ। ਪ੍ਰਵਾਨਗੀ ਦੇ ਉੱਤਰ ਵਿਚ ਵੀ ਉਹਨਾਂ ਹੀ ਚਿੱਠੀ ਲਿਖੀ ਸੀ। ਉਹਨਾਂ ਨੂੰ ਖ਼ੁਸ਼ੀ ਹੋਈ ਸੀ ਕਿ ਮੈਂ ਉਹਨਾਂ ਦੀ ਪੇਸ਼ਕਸ਼ ਬਾਰੇ ਸਹਿਮਤੀ ਪ੍ਰਗਟ ਕੀਤੀ ਸੀ। ਇਹ ਰਸਮੀ ਜਿਹੀ ਚਿੱਠੀ ਹੀ ਸੀ। ਇਹ ਵੀ ਲਿਖਿਆ ਹੋਇਆ ਸੀ ਕਿ ਖਰੜਾ ਸਮੇਂ ਸਿਰ ਭੇਜ ਦੇਵਾਂ। ਖਰੜਾ ਫ਼ਰਵਰੀ 91 ਤਕ ਉਹਨਾਂ ਮੰਗਿਆ ਹੋਇਆ ਸੀ, ਉਹਨਾਂ ਦੀ ਪਹਿਲੀ ਚਿੱਠੀ ਵਿਚ।

ਇਕ ਗੱਲ ਬੜੀ ਹੀ ਚੰਗੀ ਲਿਖੀ ਹੋਈ ਸੀ ਉਹਨਾਂ ਵਲੋਂ ਉਹਨਾਂ ਦੀ ਪਹਿਲੀ ਚਿੱਠੀ ਵਿਚ। ਉਹ ਸੀ: "ਇਸ ਪੁਸਤਕ ਦੇ ਪਰੂਫ ਪੜ੍ਹਨ ਦੀ ਜ਼ਿੰਮੇਵਾਰੀ ਆਪ ਜੀ (ਲੇਖਕ) ਦੀ ਹੋਵੇਗੀ।" ਜੇ ਯੂਨੀਵਰਸਿਟੀ ਵਲੋਂ ਇਹ ਗੱਲ ਲਿਖੀ ਗਈ ਨਾ ਹੁੰਦੀ ਤਾਂ

ਮੈਂ ਆਪ ਇਸ ਲਈ ਯੂਨੀਵਰਸਿਟੀ ਨੂੰ ਬੇਨਤੀ ਕਰਨੀ ਸੀ। ਕਿਉਂਕਿ ਪਰੂਫ਼ਾਂ ਵਲੋਂ ਮੈਂ ਬੜਾ ਹੀ ਮੁਹਤਾਤ ਹਾਂ। ਇਹ ਤਾਂ ਭਲਾ ਪੁਸਤਕ ਸੀ, ਮੈਂ ਤਾਂ ਆਪਣੀਆਂ ਉਹਨਾਂ ਲਿਖਤਾਂ ਦੇ ਪਰੂਫ਼ ਵੀ ਮੰਗਦਾ ਰਹਿੰਦਾ ਹਾਂ ਜੋ ਮਾਸਕਾਂ-ਤ੍ਰੈਮਾਸਕਾਂ ਨੂੰ ਛਪਣ ਲਈ ਭੇਜੀਆਂ ਹੁੰਦੀਆਂ ਹਨ। ਅਤੇ ਮੈਨੂੰ ਉਹਨਾਂ ਵਲੋਂ ਪਰੂਫ਼ ਭੇਜੇ ਜਾਂਦੇ ਵੀ ਹਨ। "ਆਰਸੀ", "ਪ੍ਰੀਤਲੜੀ", "ਸਿਰਜਣਾ" ਇਹ ਸਾਰੇ ਮੈਨੂੰ ਪਰੂਫ਼ ਭੇਜਦੇ ਰਹਿੰਦੇ ਹਨ। ਜਦੋਂ ਨਾ ਹੀ ਭੇਜ ਸਕਣ ਤਾਂ ਮੈਨੂੰ ਯਕੀਨ ਦੁਆਉਂਦੇ ਹਨ ਕਿ ਗ਼ਲਤੀ ਨਹੀਂ ਹੋਵੇਗੀ। ਪਰ ਆਮ ਕਰਕੇ ਭੇਜਦੇ ਹਨ। ਇਕ ਵਾਰ "ਆਰਸੀ" ਨੇ ਮੈਨੂੰ ਇੰਗਲੈਂਡ ਪਰੂਫ਼ ਭੇਜੇ। ਇਕ ਮਹੀਨਾ ਲੇਟ ਛਪਣਾ ਮੈਨੂੰ ਪ੍ਰਵਾਨ ਹੁੰਦਾ ਹੈ, ਪਰ ਪਰੂਫ਼ ਗ਼ਲਤ ਹੋਣੇ ਨਹੀਂ। "ਆਰਸੀ" ਨੂੰ ਇਸੇ ਕਿਸਮ ਦੀ ਬੇਨਤੀ ਮੈਂ ਕੀਤੀ ਸੀ ਜਦੋਂ ਪਰੂਫ਼ ਇੰਗਲੈਂਡ ਭੇਜੇ।

ਮੁਖੀ ਬਦਲ ਚੁੱਕਾ ਸੀ ਪੰਜਾਬੀ ਸਾਹਿਤ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ ਦਾ। ਪਹਿਲਾਂ ਮੁਖੀ ਡਾ: ਅਬਨਾਸ਼ ਕੌਰ ਜੀ ਹੁੰਦੇ ਸਨ, ਹੁਣ ਮੁਖੀ ਡਾ: ਅਜਮੇਰ ਸਿੰਘ ਬਣ ਚੁੱਕੇ ਸਨ। ਇਹ ਪਤਾ ਉਹਨਾਂ ਦੀ ਇਕ ਚਿੱਠੀ ਤੋਂ ਹੀ ਲੱਗਾ ਸੀ ਜੋ 24-8-90 ਦੀ ਲਿਖੀ 14-9-90 ਨੂੰ ਆਈ। ਚਿੱਠੀ ਵਿਚ ਖਰੜਾ ਟਾਈਪ ਕਰਨ ਬਾਰੇ ਹੀ ਗੱਲਾਂ ਸਨ। ਪਰ ਇਕ ਫ਼ਿਕਰਾ ਅੰਤ ਵਿਚ ਉਹਨਾਂ ਇਹ ਵੀ ਲਿਖਿਆ ਸੀ: "ਅਸੀਂ ਬੜੇ ਯਤਨ ਨਾਲ ਤੁਹਾਡਾ ਨਾਂਅ ਇਸ ਸੂਚੀ ਵਿਚ ਪਵਾਇਆ ਸੀ ਅਤੇ ਸਾਨੂੰ ਤੁਹਾਡੇ ਉਤੇ ਪੂਰਾ ਮਾਨ ਹੈ।" ਮੈਨੂੰ ਇਹ ਗੱਲ ਰੜਕੀ ਕੁਝ—"ਅਸੀਂ ਬੜੇ ਯਤਨ ਨਾਲ ਤੁਹਾਡਾ ਨਾਂ ਇਸ ਸੂਚੀ ਵਿਚ ਪਵਾਇਆ ਸੀ"... —ਕੀ ਲੋੜ ਸੀ ਮੇਰਾ ਨਾਂ ਏਨੇ ਯਤਨਾਂ ਨਾਲ ਇਸ "ਸੂਚੀ" ਵਿਚ ਪਵਾਣ ਦੀ? ਕੀ ਅੱਗੇ ਯੂਨੀਵਰਸਿਟੀ ਦੀਆਂ "ਸੂਚੀਆਂ" ਵਿਚ ਪੈਣ ਨਾਲ ਹੀ ਮੇਰਾ ਏਨਾ ਕੁਝ ਛਪਿਆ ਹੈ? ਯੂਨੀਵਰਸਿਟੀ ਤਾਂ ਕਲ੍ਹ ਬਣੀ ਹੈ! ਡਾ: ਅਬਨਾਸ਼ ਕੌਰ ਨੇ ਪਹਿਲੀ ਚਿੱਠੀ ਵਿਚ ਲਿਖਿਆ ਸੀ: "ਪੰਜਾਬੀ ਯੂਨੀਵਰਸਿਟੀ ਦੀ ਸਿੰਡੀਕੇਟ ਨੇ ਆਪਣੀ ਮਿਤੀ 29-6-90 ਦੀ ਇਕੱਤਰਤਾ ਵਿਚ ਸਥਾਈ ਕਮੇਟੀ (ਪੰਜਾਬੀ ਵਿਕਾਸ) ਦੀਆਂ ਸਿਫ਼ਾਰਿਸ਼ਾਂ ਪ੍ਰਵਾਨ ਕਰਦਿਆਂ ਹੋਇਆਂ ਇਹ ਫ਼ੈਸਲਾ ਕੀਤਾ ਹੈ ਕਿ ਆਪ ਜੀ ਪਾਸੋਂ 'ਮੇਰੀ ਪ੍ਰਤਿਨਿਧ ਰਚਨਾ' ਦੇ ਰੂਪ ਵਿਚ ਸੰਕਲਨ ਤਿਆਰ ਕਰਵਾਕੇ ਪ੍ਰਕਾਸ਼ਤ ਕੀਤਾ ਜਾਏ।" ਸੰਭਵ ਹੈ, ਡਾ: ਅਜਮੇਰ ਸਿੰਘ ਨੇ ਸਿੰਡੀਕੇਟ ਜਾਂ ਸਥਾਈ ਕਮੇਟੀ ਵਿਚ ਅਜਿਹੇ ਯਤਨ ਕੀਤੇ ਹੋਣ। ਪਰ ਮੈਨੂੰ ਇਹ ਕੁਝ ਲਿਖੇ ਜਾਣ ਦੀ ਲੋੜ ਨਹੀਂ ਸੀ ਸਮਝ ਆਉਂਦੀ। ਭਾਵੇਂ ਇਸਦੇ ਪਿੱਛੇ ਪਿਆਰ-ਭਾਵਨਾ ਵੀ ਹੋ ਸਕਦੀ ਸੀ ਤੇ ਆਪਣੇਪਣ ਦੀ ਭਾਵਨਾ ਵੀ। ਪਰ ਇਹ ਕੁਝ ਕੁ ਉਵੇਂ ਹੀ ਸੀ ਜਿਵੇਂ ਇਨਾਮ ਮਿਲਣ ਉਤੇ ਕਿਸੇ ਨੂੰ ਆਖਿਆ ਜਾਵੇ ਕਿ ਇਹ ਅਸੀਂ ਤੈਨੂੰ ਬੜੇ ਹੀ ਯਤਨਾਂ ਨਾਲ ਦਵਾਇਆ ਹੈ, ਹੁਣ ਤੂੰ ਇਹਨੂੰ ਸਾਂਭ ਕੇ ਰੱਖੀਂ। ਚਲੋ, ਇਹ ਵੀ ਕੁਝ ਨਹੀਂ ਗੱਲ। ਅਸਲੀ ਗੱਲ ਵੱਲ ਆਇਆ ਜਾਵੇ।

ਖਰੜੇ ਦੀਆਂ ਦੋ ਕਾਪੀਆਂ ਯੂਨੀਵਰਸਿਟੀ ਨੂੰ ਦੇਣੀਆਂ ਸਨ ਤੇ ਫ਼ਰਵਰੀ ਤਕ ਦੇਣੀਆਂ ਸਨ। ਪਰ ਮੈਂ ਪਹਿਲੀ ਜਨਵਰੀ ਹੀ ਆਪ ਪਟਿਆਲੇ ਜਾ ਕੇ ਇਹ ਕਾਪੀਆਂ

ਦੇ ਆਇਆ ਸਾਂ। ਛਪਾਈ ਸ਼ੁਰੂ ਹੋ ਗਈ ਤੇ ਪਰੂਫ ਆਉਣ ਲੱਗ ਪਏ। ਪੁਸਤਕਾਂ ਛਪਵਾਉਣ ਦਾ ਕੰਮ ਪਬਲੀਕੇਸ਼ਨ ਬਿਓਰੋ ਦਾ ਹੈ। ਪ੍ਰੈਸ ਵਲੋਂ ਪਰੂਫ ਪਬਲੀਕੇਸ਼ਨ ਬਿਓਰੋ ਨੂੰ ਦਿੱਤੇ ਜਾਂਦੇ ਤੇ ਪਬਲੀਕੇਸ਼ਨ ਬਿਓਰੋ ਵਲੋਂ ਮੈਨੂੰ ਪਰੂਫ ਭੇਜੇ ਜਾਂਦੇ। ਇਵੇਂ ਹੀ ਮੈਂ ਕਰਦਾ ਸਾਂ। ਮੈਂ ਪਰੂਫ ਪੜ੍ਹਕੇ ਪਬਲੀਕੇਸ਼ਨ ਬਿਓਰੋ ਨੂੰ ਭੇਜਦਾ ਤੇ ਬਿਓਰੋ ਅੱਗੇ ਪ੍ਰੈਸ ਨੂੰ। ਪਰੂਫ਼ ਰਜਿਸਟਰੀ ਆਉਂਦੇ, ਰਜਿਸਟਰੀ ਹੀ ਜਾਂਦੇ ਸਨ। ਪ੍ਰੈਸ ਪਟਿਆਲੇ ਵਿਚ ਹੀ ਸੀ, ਅਰੋੜਿਆਂ ਦੀ ਗਲੀ ਵਿਚ। "ਫੈਰੀ ਪ੍ਰਿੰਟਰਜ਼" ਨਾਂ ਸੀ।

ਸਾਰਾ ਕੰਮ ਬੜੇ ਹੀ ਸਹੀ ਢੰਗ ਨਾਲ ਹੋ ਰਿਹਾ ਸੀ। ਪਰ ਅੰਤ ਉਤੇ ਜਾ ਕੇ ਲੜਾਈ ਸ਼ੁਰੂ ਹੋ ਗਈ। ਮੇਰੀ ਬੁਰੀ ਹਾਰ ਹੋਈ। ਭਾਵੇਂ ਮੈਂ ਲੜਾਈ ਲੜਨ ਵਿਚ ਕੋਈ ਕਸਰ ਨਹੀਂ ਛੱਡੀ ਸੀ। ਸੱਚ ਵੀ ਮੇਰੇ ਨਾਲ ਸੀ। ਪਰ ਮੈਂ ਫੇਰ ਵੀ ਹਾਰਿਆ। ਆਪਣੀ, ਯਨੀ ਪੰਜਾਬੀ, ਯੂਨੀਵਰਸਿਟੀ ਹੱਥੋਂ ਹਾਰਿਆ। ਪੰਜਾਬੀ ਯੂਨੀਵਰਸਿਟੀ—ਜਿਸਨੂੰ ਅਸੀਂ ਪੰਜਾਬੀ ਲੇਖਕ ਆਪਣੀ ਸਮਝਦੇ ਰਹਿੰਦੇ ਹਾਂ ਤੇ ਜਿਸਦੇ ਬਣਨ ਉਤੇ ਅਸੀਂ ਫੁੱਲੇ ਨਹੀਂ ਸਮਾਉਂਦੇ ਸਾਂ।

ਇਹ ਹੋਈ ਗੱਲ। ਡਾ: ਅਜਮੇਰ ਸਿੰਘ ਨੇ, ਮੁਖੀ ਵਜੋਂ, ਮੇਰੇ ਬਾਰੇ ਇਕ ਛੋਟਾ ਜਿਹਾ ਲੇਖ ਲਿਖਿਆ। "ਸਮਿਆਂ ਦਾ ਹਾਣੀ" ਇਸ ਲੇਖ ਦਾ ਸਿਰਲੇਖ ਸੀ। ਲੇਖ ਬਹੁਤ ਵਧੀਆ ਸੀ ਤੇ ਮੇਰੀ ਬੜੀ ਪ੍ਰਸੰਸਾ ਉਹਨਾਂ ਲੇਖ ਵਿਚ ਕੀਤੀ ਹੋਈ ਸੀ। ਲੇਖ ਦੀ ਇਕ ਟਾਈਪਡ ਕਾਪੀ ਉਹਨਾਂ ਮੈਨੂੰ ਭੇਜ ਦਿੱਤੀ ਤਾਂ ਜੋ ਮੈਂ ਵੀ ਪੜ੍ਹ ਲਵਾਂ। ਬੜੀ ਹੀ ਚੰਗੀ ਗੱਲ ਸੀ ਇਹ ਤੇ ਮੇਰੇ ਨਾਲ ਉਹਨਾਂ ਦੀ ਸੁਹਿਰਦਤਾ ਦੀ ਸੂਚਕ ਵੀ। ਕਿਉਂਕਿ ਲੇਖ ਭੇਜਣ ਦੀ ਮੈਨੂੰ ਉਹਨਾਂ ਨੂੰ ਲੋੜ ਹੀ ਨਹੀਂ ਸੀ। ਇਹ ਉਹਨਾ ਦਾ ਆਪਣਾ ਲੇਖ ਸੀ। ਜਿਹੋ ਜਿਹਾ ਮਰਜ਼ੀ, ਲਿਖਣ। ਪਰ ਜੇ ਫੇਰ ਵੀ ਭੇਜਿਆ ਸੀ ਤਾਂ ਇਹ ਇਕ ਚੰਗੀ ਗੱਲ ਹੀ ਸੀ ਤੇ ਮੇਰੇ ਨਾਲ ਇਹ ਹਿਤ ਹੀ ਸੀ। ਪਰ ਇਕ ਥਾਂ ਉਹਨਾਂ ਲਿਖਿਆ ਸੀ ਕਿ ਇਕ ਸਮੇਂ, ਜੀਵਨ ਵਿਚ, ਮੇਰਾ ਮਾਰਕਸਵਾਦ ਨਾਲ ਟਕਰਾਓ ਵੀ ਹੋ ਗਿਆ ਸੀ। ਇਹ ਗੱਲ ਸਹੀ ਨਹੀਂ ਸੀ। ਮੇਰਾ ਮਾਰਕਸਵਾਦ ਨਾਲ ਟਕਰਾਓ ਨਹੀਂ ਸੀ ਹੋਇਆ ਕਦੇ, ਮੇਰੇ ਆਪਣੇ ਅੰਦਰ ਹੀ, ਮਨੋਰੋਗ ਕਾਰਨ, ਟਕਰਾਓ ਸ਼ੁਰੂ ਹੋ ਗਿਆ ਸੀ ਤੇ ਮੇਰੇ "ਹਾਂ" ਤੇ "ਨਾਂਹ" ਵਿਚ ਘੋਰ ਯੁੱਧ ਹੋ ਰਿਹਾ ਸੀ ਤੇ ਇਉਂ ਅਸੀਂ ਇਕ ਧੀਰ ਦੇ ਦੋ ਧੀਰ ਬਣ ਚੁੱਕੇ ਸਾਂ। ਜੀਵਨ ਵਿਚ ਮੈਂ ਬੜੀ ਹੀ ਭਾਰੀ ਦੁਬਿਧਾ ਵਿਚੋਂ ਲੰਘਿਆ ਹਾਂ। ਬੜੀ ਹੀ ਨਿਰਮਾਣਤਾ ਨਾਲ ਉਹਨਾਂ ਨੂੰ ਮੈਂ ਲਿਖਿਆ ਸੀ ਕਿ ਇਹ ਨਹੀਂ ਸੀ, ਇਹ ਸੀ ਗੱਲ। ਸੰਬੰਧਿਤ ਪੈਰੇ ਅੱਗੇ ਮੈਂ ਹਾਸ਼ੀਏ ਵਿਚ ਨਿਸ਼ਾਨ ਲਾ ਕੇ ਲੇਖ ਉਹਨਾਂ ਨੂੰ ਭੇਜ ਦਿੱਤਾ। ਲਿਖਿਆ, ਜੇ ਚਾਹੁਣ ਤਾਂ ਮੁੜ-ਵਿਚਾਰ ਕਰ ਲੈਣ। ਕਿਉਂਕਿ ਤੱਥ ਇਹ ਹਨ। ਮੇਰੇ ਬਾਰੇ ਅਸਲ ਤੱਥ ਮੈਂ ਹੀ ਦੱਸ ਸਕਦਾ ਹਾਂ। ਕਿਉਂਕਿ ਮੈਂ ਜ਼ਿੰਦਾ ਹਾਂ। ਅਤੇ ਮੈਂ ਸਨਦ ਹਾਂ।

ਇਸ ਸੰਕਲਨ ਦੇ ਅੱਗੇ ਲੇਖਕ ਵਲੋਂ ਮੁਖਬੰਧ ਵੀ ਲਿਖਣ ਲਈ ਆਖਿਆ ਹੋਇਆ ਸੀ। ਮੇਰੇ ਮੁਖਬੰਧ ਦਾ ਨਾਂ "ਮੇਰੀ ਰਚਨਾ ਪ੍ਰਕਿਰਿਆ" ਸੀ। ਸਾਰੇ ਪਰੂਫ ਪੜ੍ਹਨ ਮਗਰੋਂ ਹੁਣ ਮੈਂ ਪਹਿਲੇ ਸਫ਼ਿਆਂ ਦੇ ਪਰੂਫ ਉਡੀਕ ਰਿਹਾ ਸਾਂ। ਪਰ ਪਰੂਫ਼ ਨਹੀਂ ਸਨ

ਆਉਂਦੇ ਪਏ। ਇਕ ਚਿੱਠੀ, ਦੋ ਚਿੱਠੀਆਂ, ਚਾਰ ਚਿੱਠੀਆਂ, ਦਸ ਚਿੱਠੀਆਂ। ਜਿਵੇਂ ਮੇਰੀ ਚਿੱਠੀ ਕੋਈ ਪਹੁੰਚ ਹੀ ਨਹੀਂ ਸੀ ਰਹੀ ਉਥੇ। ਪਹਿਲਾਂ ਮੈਂ ਪਬਲੀਕੇਸ਼ਨ ਬਿਊਰੋ ਨੂੰ ਲਿਖ ਰਿਹਾ ਸਾਂ—ਪਰੂਫ ਕਿਉਂਕਿ ਪਬਲੀਕੇਸ਼ਨ ਬਿਊਰੋ ਨਾਲ ਸੰਬੰਧਿਤ ਸਨ—ਫੇਰ ਪੰਜਾਬੀ ਸਾਹਿਤ ਅਧਿਐਨ ਵਿਭਾਗ ਨੂੰ ਲਿਖਣ ਲੱਗ ਪਿਆ। ਮੈਨੂੰ ਸ਼ੱਕ ਇਹ ਸੀ ਕਿ ਮੁਖੀ ਇਹ ਨਾ ਸਮਝੇ ਕਿ ਕਿਤੇ ਉਹਦੇ ਲੇਖ ਵਿਚ ਮੈਂ ਕੱਟ-ਵੱਢ ਕਰ ਦਿਆਂਗਾ। ਅੱਵਲ ਤਾਂ ਮੈਂ ਕੱਟ-ਵੱਢ ਕਰਨ ਵਾਲਾ ਨਹੀਂ ਸਾਂ, ਮੈਨੂੰ ਅਧਿਕਾਰ ਹੀ ਨਹੀਂ ਸੀ, ਜੇ ਮੈਂ ਕਰ ਵੀ ਦਿੰਦਾ ਤਾਂ ਪਰੂਫ ਤਾਂ ਮੈਂ ਫੇਰ ਵੀ ਯੂਨਾਵਰਸਿਟੀ ਨੂੰ ਹੀ ਭੇਜਣੇ ਸਨ? ਮੇਰੀ ਦਖ਼ਲ-ਅੰਦਾਜ਼ੀ ਨੂੰ ਸਹਿਜੇ ਹੀ ਰੱਦ ਕੀਤਾ ਜਾ ਸਕਦਾ ਸੀ।

ਡਾ: ਅਜਮੇਰ ਸਿੰਘ ਦਾ ਦੋ ਸਫ਼ੇ ਦਾ ਲੇਖ ਹੈ ਪੁਸਤਕ ਵਿਚ ਛਪਿਆ ਹੋਇਆ। ਹੁਣ ਉਹਨਾਂ ਉਸ ਗੱਲ ਨੂੰ ਇਉਂ ਕੀਤਾ ਹੋਇਆ ਹੈ: "... ਪਰੰਤੂ ਇਕ ਵਾਰ ਉਹਦੇ ਅੰਤਰੀਵ ਮਨ ਦੀ ਸੋਨਮੁਖੀ ਹਉਂ ਦਾ ਵਿਚਾਰਧਾਰਕ ਲਾਲ ਸੂਹੀ ਤਪਦੀ ਕੁਠਾਲੀ ਨਾਲ ਟਕਰਾਓ ਹੀ ਪੈਦਾ ਹੋਇਆ ਸੀ।"...ਪਰ ਇਹ ਵੀ ਜੇ ਨਾ ਕਰਦੇ ਤੇ ਆਪਣੇ ਪਹਿਲੇ ਲਫ਼ਜ਼ ਹੀ ਰੱਖਦੇ ਤਾਂ ਮੈਨੂੰ ਕੀ ਇਤਰਾਜ਼ ਸੀ? ਕਿਉਂਕਿ ਲੇਖ ਉਹਨਾਂ ਦਾ ਸੀ। ਮੈਨੂੰ ਤਾਂ ਪਰੂਫ ਚਾਹੀਦੇ ਸਨ, ਉਹ ਵੀ ਆਪਣੇ ਲੇਖ ਕਾਰਨ ("ਮੇਰੀ ਰਚਨਾ ਪ੍ਰਕਿਰਿਆ" ਕਾਰਨ)। ਅਤੇ ਫੇਰ ਇਹ ਲਫ਼ਜ਼ ਵੀ ਕੋਈ ਸਾਫ਼-ਸਪਸ਼ਟ ਨਹੀਂ ਹਨ। ਐਵੇਂ ਹੈ ਲੱਫਾਜ਼ੀ ਜਿਹੀ ਅਖਾਉਤੀ ਬੁੱਧੀਜੀਵੀਆਂ ਵਾਲੀ। ਮੈਂ ਇਹ ਵੀ ਲਿਖਿਆ ਕਿ ਜੇ ਸਾਰੇ ਨਹੀਂ ਤਾਂ ਕੇਵਲ "ਮੇਰੀ ਰਚਨਾ ਪ੍ਰਕਿਰਿਆ" ਵਾਲੇ ਸਫ਼ੇ ਹੀ ਮੈਨੂੰ ਭੇਜ ਦਿਓ। ਪਰ ਯੂਨੀਵਰਸਿਟੀ ਪੱਥਰ ਦੀ ਜਾਂ ਲੋਹੇ ਦੀ ਦੀਵਾਰ ਸੀ। ਮੇਰੀਆਂ ਚਿੱਠੀਆਂ ਇਸ ਦੀਵਾਰ ਨਾਲ ਸਿਰ ਪਟਕ ਕੇ ਮਰਦੀਆਂ ਰਹੀਆਂ। ਪਰ ਇਸ ਦੀਵਾਰ ਦੇ ਕੰਨਾਂ ਉਤੇ ਜੂੰ ਤਕ ਨਹੀਂ ਸੀ ਸਰਕਦੀ।

ਇਕ ਵਾਰ ਜਵਾਬ ਆਇਆ: "ਆਪਦੇ ਪੱਤਰ ਮਿਤੀ [illegible]8-9[illegible] ਦੇ ਸੰਬੰਧ ਵਿਚ ਬੇਨਤੀ ਹੈ ਕਿ ਆਪਦੀ ਪੁਸਤਕ 'ਮੇਰੀ ਪ੍ਰਤਿਨਿਧ ਰਚਨਾ' ਛਪ ਚੁੱਕੀ ਹੈ ਅਤੇ ਜਿਲਦਬੰਦੀ ਲਈ ਦਿੱਲੀ ਚਲੀ ਗਈ ਹੈ। ਇਸਦੇ ਮੁਢਲੇ ਪੰਨਿਆਂ ਦੇ ਪਰੂਫ਼ ਲੈਣ ਲਈ ਮੈਂ ਕਜ਼ਾਕ ਸਾਹਿਬ ਨੂੰ ਬੇਨਤੀ ਕੀਤੀ ਸੀ। ਉਹਨਾਂ ਨੇ ਦੱਸਿਆ ਹੈ ਕਿ ਪ੍ਰੈਸ ਵਾਲੇ ਪਰੂਫ਼ ਦੇਣ ਤੋਂ ਨਾਂਹ ਕਰਦੇ ਹਨ।" ਕਜ਼ਾਕ, ਕਿਰਪਾਲ ਕਜ਼ਾਕ ਹਨ। ਅੱਜ ਕਲ੍ਹ ਉਹ ਇਸੇ ਯੂਨੀਵਰਸਿਟੀ ਵਿਚ ਆ ਗਏ ਹਨ ਤੇ ਸ਼ਾਇਦ ਇਸੇ ਵਿਭਾਗ ਵਿਚ ਹੀ। ਮੈਂ ਜਿਹੜੀ ਚਿੱਠੀ ਭੇਜੀ ਸੀ, ਉਸ ਉੱਤੇ ਕਜ਼ਾਕ ਤੋਂ ਰਿਪੋਰਟ ਲੈ ਲਈ ਗਈ ਸੀ ਤੇ ਉਹ ਵੀ ਮੈਨੂੰ ਚਿੱਠੀ ਨਾਲ ਹੀ ਵਾਪਸ ਭੇਜੀ ਗਈ ਸੀ। ਕਜ਼ਾਕ ਦੇ ਅੱਖਰ ਇਹ ਸਨ: ਪ੍ਰੈਸ ਵਾਲੇ ਪਰੂਫ ਦੇਣ ਤੋਂ ਨਾਂਹ ਕਰਦੇ ਹਨ – ਕਜ਼ਾਕ।" ਕਜ਼ਾਕ ਨੇ ਇਹ ਅੱਖਰ ਹਰੀ ਸਿਆਹੀ ਨਾਲ ਲਿਖੇ ਹੋਏ ਸਨ। 22-10-91 ਨੂੰ ਮੈਨੂੰ ਇਹ ਚਿੱਠੀ ਮਿਲੀ ਸੀ।

ਕਿੰਨੀ ਝੂਠੀ ਗੱਲ ਸੀ ਇਹ – "ਪ੍ਰੈਸ ਵਾਲੇ ਪਰੂਫ਼ ਦੇਣ ਤੋਂ ਨਾਂਹ ਕਰਦੇ ਹਨ।" ਕਿਸਨੂੰ ਨਾਂਹ ਕਰਦੇ ਹਨ? ਇਕ ਯੂਨੀਵਰਸਿਟੀ ਨੂੰ ਉਹ ਪ੍ਰੈਸਾਂ ਵਾਲੇ ਜੋ ਇਹੋ

ਜਿਹੀਆਂ ਸੰਸਥਾਵਾਂ ਦੇ ਤਰਲੇ ਕਰਦੇ ਫਿਰਦੇ ਹਨ, ਪ੍ਰੈਸਾਂ ਲਈ ਕੰਮ ਲੈਣ ਲਈ। ਪ੍ਰੈਸਾਂ ਵਾਲੇ ਤਾਂ ਆਮ ਕਰਕੇ ਇਹੋ ਚਾਹੁੰਦੇ ਹੁੰਦੇ ਹਨ ਕਿ ਉਹਨਾਂ ਨੂੰ ਪਰੂਫ਼ ਮਾਲਿਕ ਆਪ ਪੜ੍ਹਕੇ ਦੇਣ ਤੇ ਆਪ ਪ੍ਰਿੰਟ-ਆਰਡਰ ਲਿਖਣ ਤਾਂ ਜੋ ਕਿਸੇ ਛਪੀ ਗ਼ਲਤੀ ਦੀ ਉਹਨਾਂ ਦੀ ਜ਼ਿੰਮੇਵਾਰੀ ਨਾ ਰਹੇ। ਜਿਵੇਂ ਮੈਨੂੰ ਇਸ ਕੰਮ ਦਾ ਪਤਾ ਹੀ ਕੋਈ ਨਹੀਂ ਸੀ ਜਿਸਦਾ ਕੰਮ ਸਾਰੀ ਉਮਰ ਛਪਣ-ਛਪਵਾਉਣ ਹੀ ਰਿਹਾ ਹੈ। ਹੈਰਾਨੀ ਹੈ, ਅਜਿਹਾ ਝੂਠ ਬੋਲ ਕਿਵੇਂ ਦਿੱਤਾ ਗਿਆ, ਉਹ ਵੀ ਮੇਰੇ ਜਿਹੇ ਨਾਲ, ਜਿਸ ਨੂੰ ਸਭ ਹੀ ਪਤਾ ਹੋਵੇ ? ਅਤੇ ਇਹ ਝੂਠ ਇਕ ਵਿਭਾਗ ਦਾ ਮੁਖੀ ਬੋਲ ਰਿਹਾ ਸੀ, ਪੰਜਾਬੀ ਯੂਨੀਵਰਸਿਟੀ ਦਾ ! ਹੱਦ ਸੀ ਬੇਸ਼ਰਮੀ ਦੀ !

ਆਖ਼ਿਰ ਮੈਂ ਯੂਨੀਵਰਸਿਟੀ ਦੇ ਵੀ. ਸੀ. ਸਾਹਿਬ ਨੂੰ ਚਿੱਠੀ ਲਿਖੀ। ਆਸ ਸੀ ਕਿ ਵੀ. ਸੀ. ਸਾਹਿਬ ਕੁਝ ਸਹਾਈ ਹੋਣਗੇ। ਪਰ ਇਹ ਵੀ ਮੇਰੀ ਭੁੱਲ ਸੀ। ਵੀ. ਸੀ. ਸਾਹਿਬ ਸਾਰਿਆਂ ਤੋਂ ਹੀ ਉਤੇ ਸਾਬਿਤ ਹੋਏ ਸਨ। ਮੈਨੂੰ ਉੱਤਰ ਨਹੀਂ ਦਿੱਤਾ, ਵਿਭਾਗ ਦੇ ਮੁਖੀ ਨੂੰ ਆਖਿਆ ਕਿ ਮੇਰੀ ਤਸੱਲੀ ਕਰਵਾਈ ਜਾਵੇ। ਜਿਸ ਕਿਸੇ ਵਿਅਕਤੀ ਵਿਰੁੱਧ ਮੈਂ ਸ਼ਿਕਾਇਤ ਕਰ ਰਿਹਾ ਹਾਂ, ਉਸੇ ਨੂੰ ਹੀ ਮੇਰੀ ਤਸੱਲੀ ਕਰਵਾਉਣ ਲਈ ਕਿਹਾ ਜਾ ਰਿਹਾ ਹੈ ਤੇ ਉਹ ਮੈਨੂੰ ਉਹੀਓ ਘਸੀਆਂ-ਪਿਟੀਆਂ ਗੱਲਾਂ ਲਿਖਦਾ ਹੈ—ਮੁਢਲੇ ਪੰਨਿਆਂ ਦੇ ਪਰੂਫ਼ ਨਾ ਭੇਜ ਸਕਣ ਦੀ ਮਜਬੂਰੀ ਤੇ ਇਉਂ ਮੇਰੇ ਗਿਲੇ-ਸ਼ਿਕਵੇ ਦੂਰ ਕਰਵਾਉਣਾ ਚਾਹੁੰਦਾ ਹੈ। ਸੰਭਵ ਹੈ, ਮੁਖੀ ਨੂੰ ਕੁਝ ਝਾੜ-ਝੂੜ ਵੀ ਪਈ ਹੋਵੇ। ਪਰ ਮੈਨੂੰ ਇਸ ਨਾਲ ਮਤਲਬ ਕੀ ? ਮੈਨੂੰ ਤਾਂ ਪਰੂਫ਼ ਚਾਹੀਦੇ ਸਨ। ਅੱਵਲ ਤਾਂ ਸਾਰੇ ਸਫ਼ਿਆਂ ਦੇ ਹੀ, ਨਹੀਂ ਤਾਂ ਆਪਣੇ ਮੁਖਬੰਧ "ਮੇਰੀ ਰਚਨਾ ਪ੍ਰਕਿਰਿਆ" ਦੇ ਅਵੱਸ਼ ਹੀ। ਪਰ ਨਹੀਂ, ਕੁਝ ਵੀ ਹੋਇਆ ਨਹੀਂ।

ਆਖ਼ਿਰ ਸਮਾਂ ਲੰਘ ਗਿਆ। ਹੁਣ ਮੈਂ ਆਪਣੀ ਛਪੀ ਹੋਈ ਕਿਤਾਬ ਦੀਆਂ ਕਾਪੀਆਂ ਮੰਗਣ ਲੱਗਾ, ਕੁਝ ਕੁ ਲੇਖਕ-ਕਾਪੀਆਂ, ਤਾਂ ਜੋ ਛਪੀ ਹੋਈ ਦੇਖ ਸਕਾਂ ਤੇ ਇਹ ਵੀ ਦੇਖ ਸਕਾਂ ਕਿ ਮੇਰੇ ਲੇਖ "ਮੇਰੀ ਰਚਨਾ ਪ੍ਰਕਿਰਿਆ" ਦਾ ਕੀ ਹਾਲ ਹੈ। ਰਾਜ਼ੀ-ਖ਼ੁਸ਼ੀ ਹੈ ਕਿ ਨਹੀਂ। ਪਰ ਅੱਗੇ ਉਹੀਓ ਲੋਹੇ ਦੀ ਜਾਂ ਪੱਥਰ ਦੀ ਦੀਵਾਰ ਸੀ। ਕੋਈ ਜਵਾਬ ਨਹੀਂ ਦਿੱਤਾ ਗਿਆ। ਨਾ ਹੀ ਲੇਖਕ-ਕਾਪੀਆਂ। ਇਕ ਕਾਪੀ ਕੋਈ ਖ਼ਰੀਦ ਕੇ ਯੂਨੀਵਰਸਿਟੀ ਤੋਂ ਲੈ ਕੇ ਆਇਆ। ਤਦੇ ਇਕ ਦਿਨ ਡਾਕ ਵਿਚ ਵੀ ਪੰਜ ਕਾਪੀਆਂ ਪਹੁੰਚ ਗਈਆਂ। "ਮੇਰੀ ਰਚਨਾ ਪ੍ਰਕਿਰਿਆ" ਵਿਚ ਪੂਰੀਆਂ ਚੌਵੀ ਗ਼ਲਤੀਆਂ ! ਸੱਤ ਸਫ਼ੇ ਦਾ ਲੇਖ ਹੈ ਇਹ, ਸੱਤ ਸਫ਼ੇ ਦੇ ਲੇਖ ਵਿਚ ਪੂਰੀਆਂ ਚੌਵੀ ਗ਼ਲਤੀਆਂ ! ਲੇਖ ਦੀ ਫ਼ੋਟੋ-ਕਾਪੀ ਕਰਵਾਈ, ਚੌਵੀ ਗ਼ਲਤੀਆਂ ਮਾਰਕ ਕਰਕੇ ਵੀ. ਸੀ. ਸਾਹਿਬ ਨੂੰ ਭੇਜੀਆਂ। ਹੇਠਾਂ ਲਾਲ ਪੈਨਸਿਲ ਨਾਲ ਵੀ ਲਿਖਿਆ : "ਚੌਵੀ ਗ਼ਲਤੀਆਂ।" ਪਰ ਇਹ ਚੌਵੀ ਗ਼ਲਤੀਆਂ ਵੀ ਵੀ. ਸੀ. ਸਾਹਿਬ ਨੂੰ ਨਜ਼ਰ ਨਾ ਆਈਆਂ। ਕੋਈ ਹੁੰਗਾਰਾ ਨਹੀਂ ਦਿੱਤਾ ਗਿਆ। ਮੁੜ ਤਾਂ ਕੀ ਛਪਵਾਉਣਾ ਸੀ ਫ਼ਰਮਾ, ਸ਼ਿਸ਼ਟਾਚਾਰ ਵਜੋਂ ਵੀ ਅਫ਼ਸੋਸ ਪ੍ਰਗਟ ਨਹੀਂ ਕੀਤਾ ਗਿਆ ! ਹਾਲਾਂਕਿ ਇਹ ਏਡੀ ਉੱਚੀ ਕੁਰਸੀ ਦਾ ਤਕਾਜ਼ਾ ਵੀ ਸੀ।

29 ਜੁਲਾਈ 92 ਨੂੰ ਮੈਂ ਇਹ ਚਿੱਠੀ ਭਿਜਵਾਈ ਸੀ। 20 ਮਾਰਚ '993 ਹੈ ਅੱਜ ਮਿਤੀ।

ਮੁੱਲ ਛਾਪਿਆ ਨਹੀਂ ਗਿਆ । ਅਖੇ ਫ਼ੈਸਲਾ ਨਹੀਂ ਹੋਇਆ । ਇਹ ਕਿਤਾਬ 1991 ਵਿਚ ਆਊਟ ਹੋਈ, 93 ਆ ਗਿਆ ਹੈ, ਮੁੱਲ ਦਾ ਫ਼ੈਸਲਾ ਨਹੀਂ ਹੋਇਅ। ਜਿਵੇਂ ਫ਼ੈਸਲਾ ਯੂ. ਐਨ. ਓ. ਤੋਂ ਹੋ ਕੇ ਆਉਣਾ ਹੁੰਦਾ ਹੈ। ਆਪਣੀਆਂ ਤਨਖ਼ਾਹਾਂ ਦੇ ਫ਼ੈਸਲੇ ਕਿਵੇਂ ਹੋ ਜਾਂਦੇ ਹਨ ਹਰ ਮਹੀਨੇ ?

ਮੈਨੂੰ ਰਾਇਲਟੀ ਪੰਦਰਾਂ ਫ਼ੀ ਸਦੀ ਅਨੁਸਾਰ ਦਿੱਤੀ ਜਾਵੇਗੀ। ਪਰ ਕਿਸ ਕੀਮਤ ਉਤੇ ? ਕੀ ਖ਼ਾਲੀ ਸਫ਼ੇ ਅਨੁਸਾਰ ਹੀ ਰਾਇਲਟੀ ਦਿੱਤੀ ਜਾਵੇਗੀ ?

ਜਿਹੜੀ ਕਾਪੀ ਯੂਨੀਵਰਸਿਟੀ ਤੋਂ ਕੋਈ ਖ਼ਰੀਦ ਲੈ ਆਇਆ ਸੀ, ਉਹ ਤੀਹ ਰੁਪਏ ਨੂੰ ਮਿਲੀ ਸੀ। ਤੀਹ ਵਸੂਲੇ ਗਏ ਸਨ। ਇਕ ਕਾਪੀ ਪਚਵੰਜਾ ਰੁਪਏ ਅਨੁਸਾਰ ਮੈਂ ਖ਼ਰੀਦੀ ਹੈ, ਚੰਡੀਗੜ੍ਹ ਪੁਸਤਕ-ਮੇਲੇ ਵਿਚ, ਫ਼ਰਵਰੀ 93 ਵਿਚ। ਪੰਜਾਹ ਫ਼ੀਸਦੀ ਕਮਿਸ਼ਨ ਸੀ, ਮੇਲੇ ਕਾਰਨ, ਦਿੱਤਾ ਜਾ ਰਿਹਾ। ਸਾਢੇ ਸਤਾਈ ਦਿੱਤੇ ਸਨ ਮੈਂ। ਪਰ ਮੁੱਲ ਤਾਂ ਪਚਵੰਜਾ ਹੋਇਆ ? ਭਾਵੇਂ ਮੁਫ਼ਤ ਦੇਈ ਜਾਣ।

ਜਦੋਂ ਪਤਾ ਲੱਗਾ, ਮੈਂ ਇਸ ਕਿਤਾਬ ਦਾ ਲੇਖਕ ਹਾਂ ਤੇ ਇਕ ਕਾਪੀ ਪਚਵੰਜਾ ਦੇ ਹਿਸਾਬ ਖ਼ਰੀਦ ਲੈ ਗਿਆ ਹਾਂ ਤੇ ਯੂਨੀਵਰਸਿਟੀ ਨਾਲ ਗੁਸੇ ਹਾਂ ਤਾਂ ਇਕ ਆਗੂ-ਕਰਮਚਾਰੀ, ਜੋ ਉਦੋਂ ਉਥੇ ਨਹੀਂ ਸੀ, ਨੱਸਾ-ਨੱਸਾ ਆਇਆ ਤੇ ਮੈਨੂੰ ਭਾਲ ਕੇ ਆਖਣ ਲੱਗਾ : "ਸਰ, ਸੇਲਜ਼ਮੈਨ ਕੋਲੋਂ ਗ਼ਲਤੀ ਹੋ ਗਈ ਹੈ। ਕੀਮਤ ਇਸਦੀ ਘੱਟ ਹੈ। ਲਿਸਟ ਅਜੇ ਛਪੀ ਨਹੀਂ, ਉਂਜ ਅਸੀਂ ਇਸਦਾ ਮੁੱਲ ਲਿਸਟ ਵਿਚ ਲਿਖ ਲਿਆ ਹੈ ਜੋ ਅੱਗੋਂ ਛਾਪੀ ਜਾਵੇਗੀ।" ਸਾਢੇ-ਚੌਂਤੀ ਕਿ ਸਾਢੇ-ਪੈਂਤੀ ਲਿਖਿਆ ਹੋਇਆ ਸੀ ਲਿਸਟ ਵਿਚ ਮੁੱਲ।

ਛਾਪਣ, ਨਾ ਛਾਪਣ, ਮੇਰਾ ਕੀ ਸੰਬੰਧ ਹੈ ? ਅਤੇ ਹਾਂ ਵੀ ਕੌਣ ਮੈਂ ? ਬਥੇਰੇ ਮੇਰੇ ਵਰਗੇ ਏਥੇ ਧੱਕੇ ਖਾਂਦੇ ਫਿਰਦੇ ਹਨ।

ਪੰਜਾਬੀ ਯੂਨੀਵਰਸਿਟੀ ਦਾ ਵੀ ਮੈਂ ਕਸੂਰ ਨਹੀਂ ਸਮਝਦਾ। ਜਿਥੇ ਕਿਸੇ ਪਾਸੇ ਵੀ ਕੋਈ ਕਿਸੇ ਨੂੰ ਪੁੱਛਦਾ ਨਹੀਂ ਹੈ, ਉਥੇ ਇਕ ਵਿਚਾਰੀ ਯੂਨੀਵਰਸਿਟੀ ਦਾ ਕੀ ਦੋਸ਼ ਹੈ ? ਬੱਸ, ਠੀਕ ਹੀ ਠੀਕ ਹੈ। ਇਹੋ ਆਖਣਾ ਚਾਹੀਦਾ ਹੈ।

# ਕਿਵੇਂ ਨਾ ਮੈਂ ਲੜਾਂ ?

ਪੰਜਾਬੀ ਯੂਨੀਵਰਸਿਟੀ ਤੇ "ਜਾਗ੍ਰਤੀ" ਪੰਜਾਬੀ ਨਾਲ ਮੈਨੂੰ ਲੜਨਾ ਪਿਆ ਹੈ। ਪਰ ਕਿਵੇਂ ਨਾ ਮੈਂ ਲੜਾਂ ? ਕੀ ਮੇਰਾ ਲੜਨਾ ਏਥੇ ਹੱਕ-ਬਜਾਨਬ ਨਹੀਂ ਹੈ ?

ਲਾਹੌਰ ਬੁਕ ਸ਼ਾਪ ਨਾਲ ਮੇਰੀ ਕਦੇ ਵੀ ਬਣੀ ਨਹੀਂ। ਠੀਕ, ਮੇਰੀਆਂ ਕੁਝ ਕਿਤਾਬਾਂ ਭਾਵੇਂ ਉਹਨੇ ਛਾਪੀਆਂ ਹਨ, ਪਰ ਅਸੀਂ ਤੋੜ ਨਿਭੇ ਨਹੀਂ। ਜੀਵਨ ਸਿੰਘ ਮਾਲਿਕ ਹੈ ਲਾਹੌਰ ਬੁਕ ਸ਼ਾਪ ਦਾ। ਉਹਨੂੰ ਮੈਂ, ਤੇ ਮੈਨੂੰ ਉਹ, ਚੰਗੇ ਲੱਗ ਹੀ ਸਕੇ ਨਹੀਂ। ਮੈਨੂੰ ਉਹਦਾ ਜਾਬਰ ਰੂਪ ਬਹੁਤ ਹੀ ਭੈੜਾ ਲਗਦਾ ਰਿਹਾ। ਉਹਨੂੰ ਮੇਰਾ ਗ਼ੈਰਤਮੰਦ ਤੇ ਸਵੈ-ਅਭਿਮਾਨੀ ਹੋ ਕੇ ਰਹਿਣਾ। ਅਸੀਂ ਦੋ ਤਲਵਾਰਾਂ ਸਾਂ ਜਿਨ੍ਹਾਂ ਲਈ ਇਕ ਮਿਆਨ ਵਿਚ ਰਹਿਣਾ ਬਹੁਤ ਹੀ ਮੁਸ਼ਕਿਲ ਸੀ। ਕੇਵਲ ਮੇਰੇ ਨਾਲ ਹੀ ਨਹੀਂ, ਸਭਨਾਂ ਨਾਲ ਉਹ ਇਵੇਂ ਹੀ ਸੀ। ਕਿਸੇ ਨਾਲ ਉਹ ਠੀਕ ਵੀ ਸੀ। ਸੇਖੋਂ ਅਤੇ ਕੰਵਲ ਨਾਲ ਉਹ ਕਾਫ਼ੀ ਠੀਕ ਰਹਿੰਦਾ ਸੀ। ਉਹਨਾਂ ਵਾਂਗੂੰ, ਮੇਰੇ ਨਾਲ ਉਹ ਠੀਕ ਨਹੀਂ ਸੀ ਰਹਿੰਦਾ ਹੁੰਦਾ। ਪ੍ਰੋਫੈਸਰ ਵਰਿਆਮ ਸਿੰਘ ਵੀ ਇਵੇਂ ਹੀ ਆਖਦਾ ਹੁੰਦਾ ਸੀ : "ਘੂਰਦਾ ਬਹੁਤ ਹੈ ਜੀਵਨ ਸਿੰਘ।" ਹਾਲਾਂਕਿ ਉਹ ਮੇਰੇ ਨਾਲੋਂ ਕਾਫ਼ੀ ਸੀਨੀਅਰ ਬੰਦਾ ਸੀ।

ਮੇਰੀ ਬੜੀ ਇੱਛਾ ਸੀ ਕਿ ਮੇਰੀ-ਓਹਦੀ ਬਣੀ ਰਹੇ। ਪ੍ਰਕਾਸ਼ਕ ਉਹੀਓ ਵੱਡਾ ਸੀ ਪੰਜਾਬੀ ਵਿਚ ਉਹਨੀਂ ਦਿਨੀਂ। ਲੁਧਿਆਣੇ ਹੋਣ ਕਾਰਨ ਨੇੜੇ ਵੀ ਸੀ ਬਹੁਤ ਉਹ, ਜਲੰਧਰ-ਅੰਮ੍ਰਿਤਸਰ ਦੀ ਥਾਂ। ਪਰ ਨਹੀਂ, ਸਾਡੀ ਬਣੀ ਨਹੀਂ। ਸਤਿਕਾਰ ਦੀ ਕੀਮਤ ਦੇ ਕੇ ਮੈਂ ਬਣਾਉਣਾ ਨਹੀਂ ਚਾਹੁੰਦਾ ਸਾਂ। ਸਤਿਕਾਰ ਉਹ ਕਰਦਾ ਨਹੀਂ ਸੀ। ਸਗੋਂ, ਸੱਚ ਪੁਛੋ ਤਾਂ ਤ੍ਰਿਸਕਾਰ ਕਰਨ ਤਕ ਜਾਂਦਾ ਸੀ। ਸੋ ਮੈਂ ਹੌਲੀ ਹੌਲੀ ਉਸ ਕੋਲ ਜਾਣਾ ਛਡਦਾ ਜਾਂਦਾ ਰਿਹਾ। ਆਖ਼ਿਰ ਹੁਣ ਮੈਂ ਉੱਕਾ ਉਸਨੂੰ ਭੁੱਲ-ਵਿਸਾਰ ਬੈਠਾ ਹਾਂ। ਅਸੀਂ ਉੱਕਾ ਇਕ-ਦੂਜੇ ਦੀ ਦੁਨੀਆਂ ਵਿਚ ਹੁਣ ਨਹੀਂ ਰਹੇ। ਇਕ ਵਾਰ ਉਸ ਮੇਰਾ ਖਰੜਾ ਬਾਹਰ ਵਗਾਹ ਕੇ ਮਾਰਿਆ ਸੀ। ਸੇਖੋਂ ਕੋਲ ਖਲੋਤਾ ਸੀ। ਸੇਖੋਂ ਨੇ ਬੱਸ ਏਨਾ ਕਿਹਾ : "ਯਾਰ, ਤੂੰ ਆਥਰ ਨਾਲ ਲੜਿਆ ਨਾ ਕਰ ਏਕਣ।" ਗੱਲ ਕੁਝ ਵੀ ਨਹੀਂ ਸੀ ਹੋਈ। ਆਪੋ ਵਿਚ ਬੜੀ ਹੀ ਹੌਲੀ ਗੱਲ-ਬਾਤ ਹੋ ਰਹੀ ਸੀ। ਖਰੜਾ ਇਉਂ ਸੁੱਟਿਆ ਸੀ ਜਿਵੇਂ ਮੇਰੇ ਮੂੰਹ ਉਤੇ ਮਾਰਕੇ ਬਾਹਰ ਸੁੱਟਣਾ ਹੋਵੇ। ਘੰਟਾ ਘਰ ਦੇ ਸਾਹਮਣੇ ਸੀ ਉਦੋਂ ਉਹਦੀ ਲਾਹੌਰ ਬੁਕ ਸ਼ਾਪ। ਵੱਡਾ ਸਾਰਾ ਬੂਹਾ ਵੜਕੇ ਸੱਜੇ ਹੱਥ ਵੱਲ ਪੌੜੀਆਂ ਚੜ੍ਹਕੇ।

ਬਾਹਰ, ਹੇਠਾਂ, ਬੂਹੇ ਲਾਗੇ, ਇਕ ਬੈਂਚ ਜਿਹਾ ਡਿਹਾ ਹੁੰਦਾ ਸੀ। ਆਪਣਾ ਖਰੜਾ ਚੁੱਕ ਕੇ ਮੈਂ ਉਸ ਬੈਂਚ ਉਤੇ ਬਹਿ ਗਿਆ ਸਾਂ । ਮੇਰਾ ਮਨ ਡਿਗ ਗਿਆ ਸੀ । ਹਲਕਾ ਜਿਹਾ ਮਾਨਸਿਕ ਡਿਪਰੈਸ਼ਨ ਵੀ ਹੋ ਗਿਆ ਸੀ; ਪਰ ਮੈਂ ਉਦੋ ਡਿਪਰੈਸ਼ਨ ਵਿਚੋਂ ਝੱਟ ਹੀ ਬਾਹਰ ਆ ਗਿਆ ਸਾਂ । ਜੀਵਨ ਵਿਚ ਇਹ ਪਹਿਲੀ ਵਾਰ ਮੈਨੂੰ ਡਿਪਰੈਸ਼ਨ ਹੋਇਆ ਸੀ । ਸ਼ੁਕਰ ਹੈ, ਮੈਂ ਨਿਕਲ ਗਿਆ । ਨਹੀਂ ਤਾਂ ਮੈਨੂੰ ਉਦੋਂ ਤੋਂ ਹੀ ਇਹ ਡਿਪਰੈਸ਼ਨ ਹੋਇਆਂ ਹੁੰਦਾ—ਤੀਹ ਕੁ ਵਰ੍ਹੇ ਦੀ ਉਮਰ ਤੋਂ ਹੀ । ਹੁਣ ਇਹ ਮੈਨੂੰ ਉਣਤਾਲੀ ਵਰ੍ਹੇ ਦੀ ਉਮਰ ਵਿਚ ਆ ਕੇ ਹੋਇਆ ਹੈ । ਬਿਲਕਲ ਇਹੀਓ ਨੇਚਰ ਸੀ । ਚੰਗਾ ਹੋਇਆ, ਨੌਂ ਵਰ੍ਹੇ ਹੀ ਪਹਿਲਾਂ ਇਹ ਨਰਕ ਨਹੀਂ ਭੋਗਣ ਲੱਗਾ ।

ਕਾਫ਼ੀ ਸਮਾਂ ਲੰਘ ਗਿਆ । ਮੈਂ ਮੋਹਾਲੀ ਆ ਗਿਆ ਸਾਂ । ਬਿਆਸੀ ਕਿ ਤਿਰਾਸੀ ਵਿਚ ਲਾਹੌਰ ਬੁਕ ਸ਼ਾਪ ਵਲੋਂ ਮੈਨੂੰ ਕੁਝ ਕਾਗ਼ਜ਼ ਮਿਲੇ ਜੋ ਕਿਸੇ ਆਉਂਦੇ-ਜਾਂਦੇ ਹੱਥੀਂ ਜੀਵਨ ਸਿੰਘ ਨੇ ਭੇਜੇ ਸਨ । ਇਕ ਸੌ ਚਾਲੀ ਕਿ ਚੁਤਾਲੀ ਰੁਪਏ ਦਾ ਚੈੱਕ ਕਿ ਡਰਾਫ਼ਟ ਵੀ ਭੇਜਿਆ ਹੋਇਆ ਸੀ ਨਾਲ, ਮੇਰੀ ਕੋਈ ਬਣਦੀ ਰਾਇਲਟੀ ਦਾ । ਮੈਨੂੰ ਕੁਝ ਹੈਰਾਨੀ ਹੋਈ । ਕਿਉਂਕਿ ਇਉਂ ਆਪਣੇ ਆਪ ਹੀ ਰਾਇਲਟੀ ਦਾ ਭੇਜਿਆ ਜਾਣਾ ਛੋਟੀ ਗੱਲ ਨਹੀਂ ਸੀ । ਇਹ ਅਨੋਖੀ ਗੱਲ ਹੀ ਸੀ । ਕਾਗ਼ਜ਼ ਸਨ, ਸਟੇਟਮੈਂਟ ਬਣਦੀ ਰਾਇਲਟੀ ਦੱਸਣ ਲਈ । ਸ਼ਾਇਦ ਕੁਝ ਸਰਕਾਰ ਵਲੋਂ ਹੀ ਆਖਿਆ-ਸੁਣਿਆ ਗਿਆ ਹੋਵੇ, ਹਿਸਾਬ ਆਡਿਟ ਹੋਇਆ ਹੋਵੇ ਕਿ ਲੇਖਕਾਂ ਦੀ ਜੋ-ਜੋ ਰਾਇਲਟੀ ਬਣਦੀ ਹੈ, ਭਿਜਵਾਈ ਜਾਵੇ । ਸਮਝ ਨਹੀਂ ਪੈ ਸਕੀ ਸੀ ਕੁਝ । "ਸਵੇਰ ਹੋਣ ਤਕ" ਕਹਾਣੀ ਸੰਗ੍ਰਹਿ ਉਹਨਾਂ ਹੀ ਛਾਪਿਆ ਹੋਇਆ ਸੀ । ਸਟੇਟਮੈਂਟ ਵਿਚ ਮੁੜ ਛਾਪਣ ਦਾ ਜ਼ਿਕਰ ਕੀਤਾ ਹੋਇਆ ਸੀ । ਮੈਂ ਆਖਿਆ, ਕਾਪੀ ਭੇਜੋ ਤਾਂ ਜੋ ਮੈਂ ਦੇਖ ਸਕਾਂ ਕਿ ਕਿਹੋ ਜਿਹੀ ਛਾਪੀ ਹੈ, ਇਸ ਕਿਤਾਬ ਦੀ ਇਹ ਐਡੀਸ਼ਨ। ਇਹ ਵੀ ਨਾਲ ਲਿਖਿਆ ਸੀ ਕਿ ਮੈਨੂੰ ਦੱਸੇ ਬਿਨਾਂ ਐਡੀਸ਼ਨ ਛਾਪਣੀ ਨਹੀਂ ਸੀ ਚਾਹੀਦੀ । ਮੈਨੂੰ ਪੁੱਛਣਾ ਚਾਹੀਦਾ ਸੀ--ਇਸ ਕਿਤਾਬ ਦੇ ਲੇਖਕ ਨੂੰ । ਦੋ ਕਾਪੀਆਂ ਭੇਜੀਆਂ ਗਈਆਂ । ਐਡੀਸ਼ਨ ਏਨੀ ਭੈੜੀ ਸੀ ਕਿ ਦੇਖਕੇ ਬੜਾ ਹੀ ਦੁੱਖ ਹੋਇਆ । ਆਖ਼ਿਰ ਮੈਂ ਲਿਖ ਭੇਜਿਆ ਕਿ ਅਗੋਂ ਲਈ ਕੋਈ ਕਿਤਾਬ ਵੀ ਤੁਸੀਂ ਮੇਰੀ ਨਹੀਂ ਛਾਪਣੀ । ਜਿੰਨੀਆਂ-ਜਿੰਨੀਆਂ ਸਭ ਕਿਤਾਬਾਂ ਤੁਹਾਡੇ ਕੋਲ ਹੁਣ ਪਈਆਂ ਹਨ, ਉਹਨਾਂ ਦੇ ਮੁੱਕਣ ਮਗਰੋਂ ਮੇਰੀ ਕੋਈ ਕਿਤਾਬ ਨਾ ਛਾਪੀ ਜਾਵੇ—ਭਾਵ ਕੋਈ ਨਵੀਂ ਐਡੀਸ਼ਨ । ਇਹਨਾਂ ਦੀ ਬਣਦੀ ਰਾਇਲਟੀ ਜੇ ਦੇਣੀ ਹੈ ਤਾਂ ਦੇ ਦੇਣਾ, ਨਹੀਂ ਦੇਣੀ ਤਾਂ ਨਾ ਸਹੀ। ਪਰ ਛਾਪਣਾ ਅੱਗੋਂ ਕੁਝ ਨਹੀਂ ਮੇਰਾ । ਵਕੀਲ ਰਾਹੀਂ ਵੀ ਇਸ ਭਾਵ ਦਾ ਇਕ ਨੋਟਿਸ ਦੇ ਦਿਤਾ ਸੀ । ਹੋ ਕੀ ਰਿਹਾ ਹੈ, ਪਤਾ ਨਹੀਂ । ਤਕੜਾ ਸਾਡੇ ਸਭ ਕੁਝ ਹੈ, ਮਾੜਾ ਏਥੇ ਕੁਝ ਵੀ ਨਹੀਂ ।

ਇਕ ਵਾਰ ਜ਼ਰੂਰ ਇਕ ਕ੍ਰਿਸ਼ਮਾ ਜਿਹਾ ਵਾਪਰ ਗਿਆ । ਘਰੋਂ ਮੈਂ ਨਾਰਾਜ਼ ਹੋਕੇ ਬਾਹਰ ਵੱਲ ਨੂੰ ਚੱਲ ਪਿਆ ਤੇ ਤੁਰਦਾ-ਤੁਰਦਾ ਰੇਲਵੇ ਸਟੇਸ਼ਨ ਉਤੇ ਪੁੱਜ ਗਿਆ । ਲੁਧਿਆਣੇ ਨੂੰ ਜਾਣ ਵਾਲੀ ਗੱਡੀ ਆਉਣ ਵਾਲੀ ਸੀ । ਮੈਂ ਲੁਧਿਆਣੇ ਪੁੱਜ ਗਿਆ ।

ਸੋਚਿਆ ਕਿ ਇਕ-ਅੱਧ ਦਿਨ ਦੋਸਤਾਂ ਕੋਲ ਰਹਾਂਗਾ। ਲਾਹੌਰ ਬੁਕ ਸ਼ਾਪ ਪੁੱਜਾ। ਜੀਵਨ ਸਿੰਘ, ਆਮ ਤੋਂ ਉਲਟ, ਮੈਨੂੰ ਦੇਖਕੇ ਬੋਲਿਆ: "ਆ ਬਈ ਧੀਰ! ਅੱਜ ਤਾਂ ਮੈਂ ਧੀਰ ਤੈਨੂੰ ਸੌ ਰੁਪਿਆ ਦੇਣਾ ਹੈ!" ਮੈਨੂੰ ਕੁਝ ਹੈਰਾਨੀ ਹੋਈ। ਪਰ ਝੱਟ ਉਹਨੇ ਦਸ-ਦਸ ਦੇ ਦਸ ਨੋਟ ਕੱਢੇ ਤੇ ਮੇਰੇ ਹੱਥ ਫੜਾ ਦਿਤੇ। ਉਸੇ ਜੀਵਨ ਸਿੰਘ ਨੇ ਜੋ ਦਸ ਰੁਪਏ ਦੇਣ ਲੱਗਾ ਵੀ ਸੌ ਤਕਰਾਰਾਂ ਕਰਦਾ ਸੀ। ਉਹਨੀਂ ਦਿਨੀ ਸੌ ਰੁਪਏ ਦੀ ਬੜੀ ਹੀ ਕੀਮਤ ਹੁੰਦੀ ਸੀ। ਅੱਜ ਦੇ ਹਜ਼ਾਰਾਂ ਜਿੰਨੀ। ਠੀਕ, ਇਹ ਕ੍ਰਿਸ਼ਮੇ ਨਾਲੋਂ ਕਿਵੇਂ ਵੀ ਘੱਟ ਨਹੀਂ ਸੀ। ਅਜਿਹਾ ਜੀਵਨ ਸਿੰਘ ਮੈਨੂੰ ਬੜਾ ਹੀ ਠੀਕ ਬੈਠਦਾ। ਅਜਿਹੇ ਜੀਵਨ ਸਿੰਘ ਨਾਲ ਮੈਂ ਸਦਾ-ਸਦਾ ਹੀ ਨਿਭਦਾ ਰਹਿੰਦਾ। ਉਸ ਦਿਨ ਮੈਂ ਜੀਵਨ ਸਿੰਘ ਨੂੰ ਬੜਾ ਹੀ ਖ਼ੁਸ਼ ਦੇਖਿਆ। ਪਰ ਕੇਵਲ ਉਸੇ ਇਕ ਦਿਨ। ਫੇਰ ਕਦੇ ਉਹੋ ਜਿਹਾ ਦਿਨ ਨਹੀਂ ਆ ਸਕਿਆ ਸੀ।

ਅਸਲ ਵਿਚ ਸਾਡੇ ਲੋਕ ਨਾ-ਮਾਅਕੂਲ ਵੀ ਬੜੇ ਹਨ। "ਜਾਗ੍ਰਤੀ" ਪੰਜਾਬੀ ਨੇ ਹੀ ਮੇਰੀ ਸਵੈ-ਜੀਵਨੀ ਦਾ ਨਾਸ ਨਹੀਂ ਸੀ ਮਾਰਿਆ, ਇਸ ਤੋਂ ਪਹਿਲਾਂ "ਪੰਜਾਬੀ ਟ੍ਰਿਬਿਊਨ" ਰੋਜ਼ਾਨਾ ਨੇ ਵੀ ਇਵੇਂ ਹੀ ਕੀਤਾ। "ਜਨਮ" ਅਤੇ "ਮਾਤਾ ਪਿਤਾ" ਦੋ ਕਾਂਡ "ਪੰਜਾਬੀ ਟ੍ਰਿਬਿਊਨ" ਨੂੰ ਮੈਂ ਭੇਜੇ ਸਨ, ਇਕ-ਇਕ ਕਰਕੇ ਜਾਂ ਦੋਵੇਂ ਇਕੋ ਵਾਰੀ ਹੀ, ਜਿਵੇਂ ਮਰਜ਼ੀ, ਛਾਪ ਲਵੋ। ਪਰ ਉਹਨੇ ਇਹਨਾਂ ਦੋਹਾਂ ਕਾਂਡਾਂ ਦਾ ਇਕੋ ਕਾਂਡ ਬਣਾ ਲਿਆ ਤੇ ਨਾਂ, ਮੇਰੇ ਕਾਂਡਾਂ ਦੀ ਥਾਂ, ਆਪਣਾ ਨਵਾਂ ਰੱਖ ਲਿਆ। ਉਹ ਨਾਂ ਸੀ: "ਮੇਰੇ ਮਾਪੇ"। ਮੇਰਾ ਸਭ ਤੋਂ ਪਹਿਲਾ ਪੈਰਾ ਉਕਾ ਛੱਡ ਦਿਤਾ ਗਿਆ ਤੇ ਕਿਸੇ ਹੋਰ ਹੀ ਪੈਰੇ ਤੋਂ ਇਹ ਕਾਂਡ ਸ਼ੁਰੂ ਕਰ ਲਿਆ ਤੇ ਵਿਚੋਂ-ਵਿਚੋਂ ਵੀ, ਜੋ ਜੀ ਚਾਹਿਆ, ਉਹਨੂੰ ਛੱਡ ਦਿੱਤਾ ਗਿਆ ਤੇ ਆਪਣੇ ਵਲੋਂ ਆਪ ਹੀ ਇਕ ਨਵਾਂ ਲੇਖ ਬਣਾ ਲਿਆ। ਜਦੋਂ ਪਰਚਾ ਆਇਆ, ਮੈਂ ਸਿਰ ਪਿੱਟ ਕੇ ਰਹਿ ਗਿਆ। ਇਹ "ਲੇਖ" ਤਿੰਨ ਫ਼ਰਵਰੀ 1985 ਐਤਵਾਰ ਅੰਕ ਵਿਚ ਛਪਿਆ ਸੀ, ਸਫ਼ਾ ਸੱਤ ਉਤੇ। ਐਡੀਟਰ, ਮੇਰਾ ਖਿਆਲ ਹੈ, ਗੁਲਜ਼ਾਰ ਸਿੰਘ ਸੰਧੂ ਸੀ, ਬਰਜਿੰਦਰ ਸਿੰਘ ਜਾ ਚੁੱਕਾ ਸੀ। ਚਲੋ, ਭਾਵੇਂ ਕੋਈ ਵੀ ਸੀ, ਪਰ ਕਿਉਂਕਿ ਉਹ ਐਡੀਟਰੀ ਦੀ ਕੁਰਸੀ ਉਤੇ ਬੈਠਾ ਸੀ, ਇਸ ਲਈ ਉਹਨੂੰ "ਹੱਕ" ਸੀ ਕਿ ਜੋ ਵੀ ਉਸਦਾ ਜੀਅ ਚਾਹੇ, ਉਹ ਮੇਰੀ ਲਿਖਤ ਨਾਲ ਕਰ ਸਕੇ, ਭਾਵੇਂ ਕਲਮਕਾਰੀ ਵਿਚ ਉਹ ਮੈਥੋਂ ਕਿੰਨਾ ਹੀ ਜੂਨੀਅਰ ਹੋਵੇ ਤੇ ਸਾਹਿਤ ਵਿਚ ਉਸਦੀ ਥਾਂ ਮੈਥੋਂ ਕਿੰਨੀ ਪਿੱਛੇ ਹੋਵੇ। ਮੈਨੂੰ ਬਹੁਤ ਗੁੱਸਾ ਆਇਆ। ਪਰ ਉੱਤਰ ਉਹੀਓ ਸੰਪਾਦਕੀ ਦੀ "ਉੱਚੀ" ਕੁਰਸੀ ਵਾਲਾ ਹੀ ਸੀ ਜੋ ਹਉਮੇ ਨਾਲ ਭਰਪੂਰ ਸੀ। "ਇਹ ਸਾਨੂੰ ਅਧਿਕਾਰ ਹੈ! ਅਸੀਂ ਜਿਵੇਂ ਚਾਹੀਏ, ਕਰੀਏ।"

ਨਹੀਂ, ਇਹ ਅਧਿਕਾਰ ਉਹਨਾਂ ਨੂੰ ਕਿਸੇ ਨੇ ਨਹੀਂ ਦਿੱਤਾ ਸੀ। ਸ਼ਰਾਫ਼ਤ ਨੇ ਤਾਂ ਉੱਕਾ ਹੀ ਨਹੀਂ। ਇਹ ਉਹਨਾਂ ਦੀ ਵਧੀਕੀ ਸੀ। ਇਹ ਅਧਿਕਾਰ ਦੇਣ ਵਾਲਾ ਜੇ ਕੋਈ ਸੀ ਤਾਂ ਮੈਂ ਸਾਂ। ਹਾਂ, ਉਹਨਾਂ ਨੂੰ ਨਾ-ਛਾਪਣ ਦਾ ਪੂਰਾ-ਪੂਰਾ ਅਧਿਕਾਰ ਸੀ, ਤੋੜ-ਮਰੋੜ ਕੇ ਛਾਪਣ ਦਾ ਨਹੀਂ। ਅਜਿਹਾ ਕੁਝ ਵੀ ਕਰਨ ਤੋਂ ਪਹਿਲਾਂ ਅਵੱਸ਼ ਉਹਨਾਂ ਨੂੰ ਮੇਰੇ ਕੋਲੋਂ ਆਗਿਆ ਲੈਣੀ ਚਾਹੀਦੀ ਸੀ। ਇਹ ਸੱਭਯ ਢੰਗ ਹੋਣਾ ਸੀ। ਪਰ ਜੋ ਕੁਝ ਹੁਣ

ਕਰ ਦਿੱਤਾ ਸੀ, ਇਹ ਨਿਰੀ ਅਸੱਭਿਅਕ ਗੱਲ ਹੀ ਸੀ। ਨਿਰੀ ਨਾ-ਮਾਅਕੂਲ ਗੱਲ।

"ਜਾਗ੍ਰਤੀ" ਪੰਜਾਬੀ ਨੇ ਤਾਂ ਬਹੁਤ ਹੀ ਬੁਰਾ ਕੀਤਾ ਸੀ ਹਾਲ, ਮੇਰੀ ਇਸ ਸਵੈ-ਜੀਵਨੀ ਦਾ —ਪਹਿਲੇ ਚਾਰ ਕਾਂਡਾਂ ਦਾ ! ਇਹਨਾਂ ਨੇ ਤਾਂ ਕੇਵਲ ਪੈਰੇ ਜਾਂ ਫ਼ਿਕਰੇ ਛੱਡੇ ਹੋਏ ਸਨ, ਤਬਦੀਲੀ ਨਹੀਂ ਸੀ ਕੀਤੀ ਕੋਈ, ਪਰ ਉਹਨੇ ਤਾਂ ਤਬਦੀਲੀਆਂ ਵੀ ਬਹੁਤ ਕੀਤੀਆਂ ਹੋਈਆਂ ਸਨ ਤੇ ਕਈ ਥਾਂ ਤਾਂ ਅਰਥਾਂ ਦੇ ਅਨਰਥ ਹੀ ਕੀਤੇ ਹੋਏ ਸਨ। ਉਸਦਾ ਵੀ ਮੈਂ ਏਥੇ ਹੇਠਾਂ ਵੇਰਵਾ ਦੇ ਹੀ ਦਿੰਦਾ ਹਾਂ। ਇਹ ਵੇਰਵਾ ਵਾਚਣਾ ਦਿਲਚਸਪ ਗੱਲ ਹੀ ਹੋਵੇਗੀ।

"ਮਾਤਾ-ਪਿਤਾ" ਕਾਂਡ ਦਾ ਸਤਾਰ੍ਹਵਾਂ ਪੈਰਾ ਇਉਂ ਸੀ : "ਮੇਰੇ ਪਿਤਾ ਦੇ ਕਹੇ-ਕਹਾਏ ਮੇਰੀ ਮਾਂ ਨੇ ਆਪਣੇ ਗਲ ਕਿਰਪਾਨ ਵੀ ਪਹਿਨ ਲਈ ਸੀ। ਪਰ ਉਸਦਾ ਫ਼ਾਇਦਾ ਨਹੀਂ ਸੀ। ਇਹ ਕਿਰਪਾਨ ਛੇਤੀ ਹੀ ਫਿਰ ਉਸਨੇ ਲਾਹ ਵੀ ਦਿੱਤੀ ਸੀ।" ਕੀਤਾ ਗਿਆ : "ਪਰ ਉਸਦਾ ਫ਼ਾਇਦਾ ਬਹੁਤ ਸੀ। ਇਹ ਕਿਰਪਾਨ ਉਹਨੇ ਕਾਫ਼ੀ ਸਮਾਂ ਅੰਗ ਸੰਗ ਰੱਖੀ ਸੀ।"

ਇਸ ਤੋਂ ਅਗਲੇ ਅਠਾਰਵੇਂ ਪੈਰੇ ਦੀ ਪਹਿਲੀ ਸਤਰ ਇਹ ਸੀ : "ਅਸਲ ਵਿਚ ਇਹ ਮੇਰੇ ਪਿਤਾ ਦੀ ਐਵੇਂ ਵਾਧੂ ਹਿੰਡ ਹੀ ਸੀ।" ਕੀਤਾ ਗਿਆ : "ਅਸਲ ਵਿਚ ਇਹ ਮੇਰੇ ਪਿਤਾ ਦੀ ਖ਼ੁਸ਼ੀ ਹੀ ਸੀ।"

"ਹਿੰਡ" ਦਾ ਮਤਲਬ "ਜ਼ਿੱਦ" ਹੈ। "ਜ਼ਿੱਦ" ਨੂੰ "ਖ਼ੁਸ਼ੀ" ਕਰ ਦਿੱਤਾ ਗਿਆ।

ਤੀਜੇ ਲੇਖ "ਮੇਰਾ ਦਾਦਾ" ਵਿਚ ਆਪਣੇ ਬਾਪ ਤੇ ਦਾਦੇ ਦੀ ਲੜਾਈ ਬਾਰੇ ਲਿਖਿਆ ਸੀ : "ਉਹਨਾਂ ਦੇ ਹੱਥਾਂ ਵਿਚ ਇਕ ਦੂਜੇ ਦੀਆਂ ਦਾੜ੍ਹੀਆਂ ਅਤੇ ਕੇਸ ਹੁੰਦੇ। ਇਕ ਦੇ ਹੱਥ ਵਿਚ ਕਾਲੀ ਦਾੜ੍ਹੀ ਤੇ ਕਾਲੇ ਕੇਸ ਹੁੰਦੇ ਸਨ, ਇਸੇ ਤਰ੍ਹਾਂ ਦੂਜੇ ਹੱਥੀਂ ਧੌਲੀ ਦਾੜ੍ਹੀ ਤੇ ਧੌਲੇ ਕੇਸ।" ਕੀਤਾ ਗਿਆ : "ਉਹਨਾਂ ਦੇ ਹੱਥਾਂ ਵਿਚ ਸੋਟੇ ਹੁੰਦੇ ਜਾਂ ਇਕ ਦੂਜੇ ਦੀਆਂ ਸਿਰੀਆਂ। ਇਹ ਇਕ ਕੋਝਾ ਦ੍ਰਿਸ਼ ਹੁੰਦਾ।"

ਪੰਜਵੇਂ ਪੈਰੇ ਵਿਚ ਗੁਰੂ ਨਾਨਕ ਤੇ ਉਹਨਾਂ ਦੇ ਪਿਤਾ ਦੀ ਇਕ ਮਿਸਾਲ ਜਿਹੀ ਦਿੰਦੇ ਹੋਏ ਅੰਤ ਵਿਚ ਲਿਖਿਆ ਹੋਇਆ ਸੀ : "ਗੁਰੂ ਨਾਨਕ ਤੇ ਉਹਨਾਂ ਦੇ ਪਿਤਾ ਯਕੀਨਨ ਮਹਾਂ ਪੁਰਸ਼ ਸਨ। ਪਰ ਮੇਰਾ ਬਾਪ ਤੇ ਮੇਰਾ ਦਾਦਾ ..." ਏਥੇ "ਦਾਦਾ" ਤੋਂ ਮਗਰੋਂ ਬਿੰਦੀਆਂ (...) ਲਾਈਆਂ ਹੋਈਆਂ ਸਨ ਜਿਨ੍ਹਾਂ ਦਾ ਪ੍ਰਭਾਵ ਹੈ ਕਿ ਉਹ ਮਾਮੂਲੀ ਬੰਦੇ ਸਨ, ਉਹਨਾਂ ਦੇ ਮੁਕਾਬਲੇ ਵਿਚ। ਪਰ ਬਿੰਦੀਆਂ ਦੀ ਥਾਂ ਇਹ ਲਫ਼ਜ਼ ਪਾ ਦਿੱਤੇ ਗਏ : "ਸਾਧਾਰਨ ਮਨੁੱਖ"। ਇਸ ਤੋਂ ਅੱਗੇ, ਆਪਣੇ ਕੋਲੋਂ, ਇਕ ਬਰੈਕਟ ਵਿਚ ਲਿਖੀਆ ਗਿਆ : "ਅਸੀਂ ਸਾਰੇ ਪੰਜਾਬੀ ਗੁਰੂ ਨਾਨਕ ਦੇ ਵਰੋਸਾਏ ਹੋਏ ਹਾਂ। ਉਹਨਾਂ ਦੇ ਮਹਾਂ-ਤੇਜਸੱਵੀ ਆਕਾਰ ਦੇ ਕਿਣਕੇ।"

"ਮੇਰੀ ਦਾਦੀ" ਲੇਖ ਵਿਚ ਪੰਜਵੇਂ ਪੈਰੇ ਦੇ ਅੰਤ ਉਤੇ ਮੇਰੀ ਲਿਖਤ ਇਹ ਸੀ : "ਉਸਨੂੰ ਉਸਦੇ ਧਰਮ ਨੇ ਕੋਈ ਚੰਗੀ ਦ੍ਰਿਸ਼ਟੀ ਨਹੀਂ ਸੀ ਦਿੱਤੀ।" ਇਸਦੀ ਥਾਂ ਕੀਤਾ ਗਿਆ : "ਉਸਨੂੰ ਉਸਦੇ ਧਰਮ ਨੇ ਕੋਈ ਚੰਗਾ ਸਿੱਟਾ ਨਹੀਂ ਸੀ ਦਿੱਤਾ।"

ਇਸੇ ਲੇਖ ਦੇ ਸੱਤਵੇਂ ਪੈਰੇ ਵਿਚ ਇਕ ਲਫ਼ਜ਼ "ਦੋੱਲਾ" ਹੈ। ਭਾਵ "ਦੋੜਾ"— ਮੋਟੇ ਸੂਤ ਦਾ ਬੁਣਿਆ ਕੱਪੜਾ ਜਿਸ ਨਾਲ ਕਿਸਾਨ ਆਮ ਕਰਕੇ ਤੂੜੀ ਦੀਆਂ ਪੰਡਾਂ ਬੰਨ੍ਹਦੇ ਹਨ। ਇਸ ਲਫ਼ਜ਼ "ਦੋੱਲਾ" ਨੂੰ "ਗਦੈਲਾ" ਕਰ ਦਿੱਤਾ ਗਿਆ।

"ਮੇਰਾ ਦਾਦਾ" ਕਾਂਡ, ਤੇਰਵਾਂ ਪੈਰਾ, ਪਹਿਲੀ ਸਤਰ ਇਸ ਤਰ੍ਹਾਂ ਸੀ : "ਉਂਜ ਮੇਰੇ ਦਾਦੇ ਦਾ ਸੁਭਾ ਗਰਮ ਵੀ ਬਹੁਤ ਸੀ।" ਏਥੇ "ਗਰਮ" ਦੀ ਥਾਂ ਲਫ਼ਜ਼ "ਨਰਮ" ਕਰ ਦਿੱਤਾ ਗਿਆ।

ਇਸੇ ਸੰਬੰਧ ਵਿਚ ਲਿਖਿਆ ਸੀ ਕਿ ਜਦ ਉਹ ਕਦੇ ਲੜਦਾ ਸੀ ਤਾਂ ਬਬਰ ਸ਼ੇਰ ਵਾਂਗੂ ਉਹ "ਬੋਹੜਾਂ" ਮਾਰਨ ਲੱਗ ਜਾਂਦਾ ਸੀ। ਪਰ ਇਸ ਲੇਖ ਦੇ ਪੰਦਰਵੇਂ ਪੈਰੇ ਵਿਚ "ਬੋਹੜ" ਨੂੰ "ਬੜ੍ਹਕ" ਕਰ ਦਿੱਤਾ ਗਿਆ। "ਬੜ੍ਹਕ" ਸ਼ੇਰ ਨਹੀਂ, ਬਲਦ ਜਾਂ ਢੱਠਾ ਮਾਰਦਾ ਹੈ।

ਪਹਿਲੇ ਕਾਂਡ "ਜਨਮ" ਵਿਚ ਲਫ਼ਜ਼ "ਟਾਟੇ ਅਤੇ ਬਿਰਲੇ" ਸੀ। ਏਥੇ "ਟਾਟੇ ਅਤੇ ਬਿਰਲੇ" ਨੂੰ "ਵੱਡੇ ਵੱਡੇ ਲੋਕ" ਕੀਤਾ ਗਿਆ।

ਇਹ ਤਬਦੀਲੀਆਂ, ਮੇਰਾ ਖ਼ਿਆਲ ਹੈ, ਕੋਈ ਵੀ ਸਹਿਣ ਕਰ ਸਕਦਾ ਨਹੀਂ।

ਦੱਸੋ, ਹੁਣ ਮੈਂ ਲੜਾਂ ਕਿ ਨਾ? ਨਹੀਂ, ਮੈਨੂੰ ਮੱਲੋ-ਮੱਲੀ ਲੜਨ ਦਾ ਉੱਕਾ ਸ਼ੌਕ ਨਹੀਂ।

# ਇਕ ਮਹੱਤਵਪੂਰਨ ਚਿੱਠੀ

ਗੁਰਮੇਲ ਸਿੰਘ ਜਾਂ ਗੁਰੂਮੇਲ, ਗੁਰਮੇਲ ਸਿੰਘ ਰਾਹੀ ਜਾਂ ਜੀ. ਐਸ. ਸਿੱਧੂ, ਇਹ ਸਾਰੇ ਨਾਂ ਇਕ ਵਿਅਕਤੀ, ਮੇਰੇ ਇਕ ਦੋਸਤ, ਦੇ ਹਨ ਜਿਸਦਾ ਜ਼ਿਕਰ ਪਿੱਛੇ ਵੀ ਇਕ ਕਾਂਡ ਵਿਚ ਮੈਂ ਕੀਤਾ ਹੈ - "ਭੇਤ ਵਾਲੀ ਗੱਲ" ਤੇ "ਮੰਗੋ" ਵਾਲੇ ਕਾਂਡ ਵਿਚ। ਛੇਵੇਂ ਦਹਾਕੇ ਦੇ ਅੰਤ ਵਿਚ ਇਹ ਮੇਰਾ ਦੋਸਤ ਬਣਿਆ ਸੀ। ਨਹੀਂ, ਸਗੋਂ ਕੁਝ ਪਹਿਲਾਂ ਹੀ। ਉਦੋਂ ਮੈਨੂੰ ਮਨੋਰੋਗ ਸ਼ੁਰੂ ਨਹੀਂ ਸੀ ਹੋਇਆ ਅਜੇ। ਪੰਜਾਬ ਵਿਚ ਖ਼ੁਸ਼-ਹੈਸੀਅਤੀ ਟੈਕਸ ਵਿਰੁੱਧ ਲਹਿਰ ਚੱਲੀ। ਮੈਨੂੰ ਯਾਦ ਆ ਰਿਹਾ ਹੈ, ਗੁਰਮੇਲ ਉਸ ਤੋਂ ਪਹਿਲਾਂ ਮੇਰਾ ਦੋਸਤ ਬਣ ਚੁੱਕਾ ਹੋਇਆ ਸੀ। ਠੀਕ ਸੰਨ ਯਾਦ ਨਹੀਂ। 56, 57, 58 ਦੇ ਹੀ ਦਿਨ ਸਨ। ਉਦੋਂ ਉਹ ਲੁਧਿਆਣੇ ਯੂਨੀਵਰਸਿਟੀ ਦਾ ਵਿਦਿਆਰਥੀ ਸੀ ਤੇ ਫੁੱਲਾਂ, ਬਿਰਛਾਂ, ਬੂਟਿਆਂ ਦੀ ਵਿੱਦਿਆ ਗ੍ਰਹਿਣ ਕਰ ਰਿਹਾ ਸੀ—ਬਨਸਪਤ ਵਿਗਿਆਨ (Botany) ਦੀ। ਸ਼੍ਰੇਣੀ ਐਫ. ਐਸ. ਸੀ. ਸੀ। ਲਾਹੌਰ ਬੁਕ ਸ਼ਾਪ ਉਤੇ ਘੁੰਮਣ-ਫਿਰਨ ਆਇਆ ਤੇ ਉਥੇ ਮੈਨੂੰ ਮਿਲ ਪਿਆ। ਪਹਿਲਾਂ ਉਹ ਮੱਦਾਹ ਸੀ ਮੇਰਾ, ਫੇਰ ਦੋਸਤ ਬਣ ਗਿਆ। ਜਦੋਂ ਪਹਿਲਾਂ ਮਿਲਿਆ ਤਾਂ ਪਹਿਲੀ ਮਿਲਣੀ ਵਿਚ ਹੀ ਉਸ ਮੇਰੇ ਨੇੜੇ ਹੋਣਾ ਚਾਹਿਆ। ਉਸ ਦਿਨ ਮੈਂ ਪਿੰਡ ਆਇਆ ਤਾਂ ਮੇਰੇ ਨਾਲ ਹੀ ਆ ਗਿਆ। ਬਹੁਤ ਘੱਟ ਲੋਕਾਂ ਦੇ ਮੈਂ ਇਉਂ ਨੇੜੇ ਹੋ ਸਕਦਾ ਹਾਂ। ਪਰ ਉਹ ਇਉਂ ਸਹਿਜ ਨਾਲ ਹੀ ਮੇਰੇ ਨਾਲ ਇਉਂ ਤੁਰ ਪਿਆ ਜਿਵੇਂ ਉਹ ਮੇਰੇ ਨਾਲ ਹੀ ਸੀ ਤੇ ਮੇਰਾ ਚਿਰਾਂ ਦਾ ਵਾਕਿਫ਼ ਸੀ ਤੇ ਸਾਡੇ ਵਿਚ ਤਕੱਲੁਫ਼ ਵਾਲੀ ਕੋਈ ਵੀ ਗੱਲ ਨਹੀਂ ਸੀ। ਪਹਿਲਾਂ ਮੈਨੂੰ ਥੋੜਾ ਜਿਹਾ ਬਾਜ਼ਾਰ ਜਾਣ ਦੀ ਲੋੜ ਪਈ। ਸ਼ਾਇਦ ਕੁਝ ਖ਼ਰੀਦਣਾ ਸੀ। ਲਾਹੌਰ ਬੁਕ ਸ਼ਾਪ ਤੋਂ ਉਹ ਮੇਰੇ ਨਾਲ ਹੀ ਤੁਰ ਪਿਆ। ਬਾਜ਼ਾਰੋਂ ਫ਼ਾਰਿਗ ਹੋ ਕੇ ਮੈਂ ਪਿੰਡ ਜਾਣ ਲਈ ਰੇਲਵੇ ਸਟੇਸ਼ਨ ਵੱਲ ਨੂੰ ਤੁਰ ਪਿਆ ਤੇ ਉਹ ਵੀ ਨਾਲ ਹੀ ਤੁਰ ਪਿਆ। ਮੈਂ ਸਮਝਿਆ, ਸ਼ਾਇਦ ਮੈਨੂੰ ਰੇਲਵੇ ਸਟੇਸ਼ਨ ਤੀਕਰ ਛੱਡਣ ਲਈ ਜਾ ਰਿਹਾ ਹੈ। ਪਰ ਨਹੀਂ, ਉਹ ਤਾਂ ਮੇਰੇ ਨਾਲ ਹੀ ਮੇਰੇ ਪਿੰਡ ਜਾ ਰਿਹਾ ਸੀ। ਸ਼ਾਇਦ ਇਹ ਦੇਖਣ ਲਈ ਕਿ ਜਿਸਦੀਆਂ ਕਹਾਣੀਆਂ-ਕਵਿਤਾਵਾਂ ਉਹਨੇ ਪੜ੍ਹੀਆਂ ਹਨ, ਉਹ ਕਿਸ ਪਿੰਡ ਤੇ ਕਿਹੋ ਜਿਹੇ ਘਰ ਵਿਚ ਰਹਿ ਰਿਹਾ ਹੈ ਤੇ ਕੀ ਹੈ ਉਹਦਾ ਆਲਾ-ਦੁਆਲਾ। ਅਸੀਂ ਪਿੰਡ ਪਹੁੰਚ ਗਏ। ਅਗਲੇ ਦਿਨ ਉਹ ਲੁਧਿਆਣੇ ਇਕੱਲਾ ਵਾਪਸ ਆ ਗਿਆ ਸੀ ਇਸੇ ਯੂਨੀਵਰਸਿਟੀ ਤੋਂ ਉਸ ਐਮ. ਐਸ. ਸੀ. ਪਾਸ ਕੀਤੀ। ਫੇਰ ਇਸੇ ਯੂਨੀਵਰਸਿਟੀ ਵਿਚ ਲੈਕਚਰਾਰ ਲੱਗ ਗਿਆ।

ਪਹਿਲਾਂ ਜਦੋਂ ਉਹ ਮਿਲਿਆ ਸੀ, ਚਿਹਰੇ ਉਤੇ ਹਲਕੀ-ਹਲਕੀ ਲੂੰਈ ਹੀ ਦਿਸ ਰਹੀ ਸੀ। ਹੁਣ ਉਹ ਕਾਫ਼ੀ ਵੱਡਾ ਸੀ ਤੇ ਲੈਕਚਰਾਰ ਬਣ ਚੁੱਕਾ ਸੀ। ਸਾਫ਼ ਹੈ, ਇਸ ਦੌਰਾਨ ਵਰ੍ਹੇ ਵੀ ਕਾਫ਼ੀ ਲੰਘ ਚੁੱਕੇ ਸਨ।

ਪਹਿਲਾਂ ਉਹ ਮੈਨੂੰ "ਤੁਸੀਂ" ਕਹਿੰਦਾ। ਫੇਰ ਕਦੇ "ਤੁਸੀਂ" ਤੇ ਕਦੇ "ਤੂੰ" ਆਖਣ ਲੱਗਾ। ਹੁਣ ਉਹ ਮੈਨੂੰ "ਤੂੰ" ਹੀ ਕਹਿੰਦਾ। ਪਰ ਜਦੋਂ ਉਹ "ਤੁਸੀਂ" ਵੀ ਕਹਿੰਦਾ ਸੀ, ਭਾਵਨਾ ਉਦੋਂ ਵੀ ਉਸਦੇ ਮਨ ਵਿਚ "ਤੂੰ" ਵਾਲੀ ਹੀ ਹੁੰਦੀ ਸੀ। ਅਤੇ ਇਹ "ਤੂੰ" ਬੜੀ ਹੀ ਅਪੱਣਤ ਨਾਲ ਭਰੀ ਹੁੰਦੀ ਸੀ। ਇਕ ਗੱਲ ਹੋਰ ਵੀ ਸੀ, ਇਸ "ਤੂੰ" ਵਿਚ "ਤੁਸੀਂ" ਵਾਲਾ ਸਤਿਕਾਰ ਵੀ ਪੂਰਾ ਹੁੰਦਾ ਸੀ। ਉਹ ਦਿਲੋਂ ਮੇਰੀ ਇੱਜ਼ਤ ਕਰਦਾ। ਲੁਧਿਆਣੇ ਮੈਂ ਇਸ ਕੋਲ ਹੀ ਜਾਕੇ ਬਹੁਤਾ ਰਹਿੰਦਾ ਹੁੰਦਾ। ਜਾਂ ਆਪਣੇ ਪੁਰਾਣੇ ਮਿੱਤਰ ਅਜਾਇਬ ਚਿੱਤਰਕਾਰ ਕੋਲ। ਇਕ ਵਾਰ ਮੈਂ ਪਾਣੀਪਤ ਵੀ ਉਸ ਕੋਲ ਜਾ ਕੇ ਰਿਹਾ ਸਾਂ। ਉਥੇ ਉਹ ਮੁਲਾਜ਼ਮ ਸੀ। ਮਹਿਕਮਾ ਮੈਨੂੰ ਚੇਤੇ ਨਹੀਂ। ਇਹਨੀਂ ਦਿਨੀਂ, ਮੇਰੇ ਨਾਲ, ਦਿੱਲੀ ਨਾਲ ਸੰਬੰਧਿਤ, ਉਹ ਘਟਨਾਵਾ ਵਾਪਰ ਚੁੱਕੀਆਂ ਸਨ ਜੋ "ਨਵਾਂ ਜਨਮ" ਨਾਵਲ ਵਿਚ ਹਨ ਤੇ ਉਹਨਾਂ ਤੋਂ ਕੁਝ ਅੱਗੇ ਮੇਰੀ ਸਵੈ-ਜੀਵਨੀ ("ਬ੍ਰਹਿਸਪਤੀ") ਵਿਚ ਵੀ। "ਨਵਾਂ-ਜਨਮ" ਦਾ ਨਾਂ ਉਦੋਂ "ਖ਼ਾਲੀ ਹੱਥ" ਹੀ ਹੁੰਦਾ ਸੀ— "ਚਪੇੜ" ਪਿਛੋਂ ਰਖਿਆ ਸੀ—ਪਾਣੀਪਤ ਮੈਂ ਇਸ ਨਾਵਲ ਨੂੰ ਲਿਖਣ ਲਈ ਵੀ ਗਿਆ ਸਾਂ, ਤੇ ਕੁਝ ਕੁ ਦਿਨ ਐਵੇਂ ਉਸ ਕੋਲ ਘੁੰਮਣ-ਫਿਰਨ ਲਈ ਵੀ। ਪਰ ਦੋਹਾਂ ਵਿਚੋਂ ਕੋਈ ਵੀ ਕੰਮ ਠੀਕ ਨਹੀਂ ਹੋ ਰਿਹਾ ਸੀ। ਭਾਵੇਂ ਉਹ ਮੈਨੂੰ ਹਰ ਤਰ੍ਹਾਂ ਨਾਲ ਸੁਖ-ਅਰਾਮ ਦੇਣਾ ਚਾਹੁੰਦਾ।

ਲੁਧਿਆਣੇ ਉਹ ਲੈਕਚਰਾਰ ਪਾਣੀਪਤ ਤੋਂ ਪਹਿਲਾਂ ਸੀ ਜਾਂ ਪਿਛੋਂ ਆ ਕੇ ਲੱਗਾ ਸੀ? ਪੂਰਾ-ਪੂਰਾ ਯਾਦ ਨਹੀਂ। ਪਰ ਜਾਪਦਾ ਹੈ, ਪਾਣੀਪਤ ਤੋਂ ਬਾਅਦ ਹੀ ਆ ਕ ਲੱਗਾ ਸੀ। ਰਿਹਾਇਸ਼ ਮਿਲੀ ਹੋਈ ਸੀ ਯੂਨੀਵਰਸ਼ਿਟੀ ਕੈਂਪਸ ਵਿਚ। "ਭੇਤ ਵਾਲੀ ਗੱਲ" ਵਰਗੀ ਕੋਈ ਯੂਰਪੀਨ ਕਹਾਣੀ ਜਰਮਨ ਜਾਂ ਫ਼ਰਾਸੀਸੀ—ਇਹਨੀਂ ਦਿਨੀਂ ਹੀ ਉਹਨੇ ਮੈਨੂੰ ਪੰਜਾਬੀ ਵਿਚ ਉਲਥਾਈ ਕਿਸੇ ਕਿਤਾਬ ਵਿਚ ਦਿਖਾਈ ਸੀ ਜੋ ਮੇਰੇ ਵਰਗੀ ਨਹੀਂ ਸੀ, ਮੇਰੇ ਨਾਲੋਂ ਹੇਠ ਹੀ ਸੀ। ਫੇਰ ਗੁਰਮੇਲ ਕੈਨੇਡਾ ਤੇ ਫੇਰ ਅਮਰੀਕਾ ਚਲਾ ਗਿਆ। ਅੱਜ ਕਲ੍ਹ ਅਮਰੀਕਾ ਹੈ ਸ਼ਾਇਦ। ਜਦੋਂ ਕੈਨੇਡਾ ਹੁੰਦਾ ਸੀ, ਉਦੋਂ ਸਾਡਾ ਮਾੜਾ-ਮੋਟਾ ਚਿੱਠੀ-ਪੱਤਰ ਰਿਹਾ ਸੀ। ਇਕ ਵਾਰ ਉਸ ਮੈਨੂੰ ਕਾਫ਼ੀ ਮਾਲੀ ਮਦਦ ਵੀ ਭੇਜੀ ਸੀ—ਉਹਨੇ ਅਤੇ ਗੁਰਚਰਨ ਰਾਮਪੁਰੀ ਦੋਹਾਂ ਹੀ ਭਿਜਵਾਈ ਸੀ। ਕੈਨੇਡਾ ਵਿਚ ਉਹ ਕਿਸੇ ਯੂਨੀਵਰਸਿਟੀ ਵਿਚ ਪ੍ਰੋਫ਼ੈਸਰ ਸੀ। ਅਮਰੀਕਾ ਵਿਚ ਵੀ, ਸੁਣਿਆ ਹੈ, ਕਿਸੇ ਯੂਨੀਵਰਸਿਟੀ ਵਿਚ ਪ੍ਰੋਫ਼ੈਸਰ ਲੱਗਾ ਹੋਇਆ ਹੈ ਤੇ ਕਾਫ਼ੀ ਬੁੱਧੀਮਾਨ ਹੈ ਪੀ.ਐਚ ਡੀ. ਉਸ ਕਾਫ਼ੀ ਸਮਾਂ ਪਹਿਲਾਂ ਕਰ ਲਈ ਹੋਈ ਹੈ ਤੇ ਹੋਰ ਵੀ ਕਾਫ਼ੀ ਕੁਝ ਹੈ। ਬੜੀ ਦੇਰ ਤੋਂ ਹੁਣ ਕਦੇ ਕੋਈ ਚਿੱਠੀ-ਪੱਤਰ ਆਇਆ ਨਹੀਂ। ਪਿਛੋਂ ਪਿੰਡ ਪਾਸਲਾ ਹੈ ਜੋ ਰੁੜਕਾ ਕਲਾਂ ਦੇ ਨਾਲ ਹੀ ਹੈ, ਜੰਡਿਆਲਾ ਨੇੜੇ, ਜ਼ਿਲਾ ਜਲੰਧਰ। ਇਕ ਆਮ ਸਾਦੇ ਜਿਹੇ ਕਿਸਾਨ-ਘਰ

ਵਿਚ ਜਨਮ ਹੋਇਆ। ਪਿਤਾ ਨੇ ਪੜ੍ਹਾਇਆ ਤੇ ਆਪਣੀ ਹੋਣਹਾਰੀ ਨਾਲ ਉਡਾਰੀਆਂ ਮਾਰਨ ਲੱਗ ਪਿਆ। ਪਿਤਾ ਯੂ. ਕੇ. ਵਿਚ ਸੀ ਪਹਿਲਾਂ। ਉਥੋਂ ਉਹ ਮਜ਼ਦੂਰੀ ਕਰਕੇ ਪੈਸੇ ਭੇਜਦਾ ਹੁੰਦਾ ਸੀ। ਪਿਤਾ ਦਾ ਭੇਜਿਆ ਸਾਰਾ ਖ਼ਰਚਾ ਉਹਨੇ ਬੜਾ ਹੀ ਅਰਥ ਲਾਇਆ। ਆਪ ਹੁਣ ਉਹ ਜੋ ਕੁਝ ਹੈ, ਆਪਣੇ ਪਿਤਾ ਦੀ ਭੇਜੀ ਪੂੰਜੀ ਦੀ ਸਾਰਥਕ ਜਾਇਦਾਦ ਹੈ। ਉਹਨੇ ਇਹ ਪੂੰਜੀ ਲੇਖੇ ਲਾਈ। ਕੱਦ ਲੰਮਾ-ਲੰਝਾ ਹੈ। ਫੁਟਬਾਲ ਦਾ ਖਿਡਾਰੀ ਸੀ। ਦੋ ਮਾਤਾਵਾਂ ਦਾ ਲਾਡਲਾ ਪੁੱਤਰ।

ਏਨਾ ਕੁਝ ਮੈਂ ਕਿਉਂ ਲਿਖਿਆ ? ਇਸਦੇ ਪਿੱਛੇ ਉਸਦੀ ਇਕ ਮਹੱਤਪੂਰਨ ਚਿੱਠੀ ਹੈ ਜੋ ਉਸਨੇ ਮੈਨੂੰ ਬਾਰਾਂ ਮਈ 1964 ਨੂੰ ਲਿਖੀ ਸੀ ਤੇ ਲਿਖੀ ਲੁਧਿਆਣਾ ਤੋਂ ਸੀ। ਤੇਰਾਂ ਨੂੰ ਇਹ ਪੋਸਟ ਹੋਈ ਤੇ ਚੌਦਾਂ ਨੂੰ ਮੈਨੂੰ ਮਿਲੀ ਸੀ। ਆਪਣਾ ਪਤਾ ਵਿਸਤਾਰਪੂਰਵਕ ਉਹਨੇ ਨਹੀਂ ਲਿਖਿਆ ਸੀ, ਸਿਰਫ਼ "ਲੁਧਿਆਣਾ" ਹੀ ਲਿਖਣਾ ਕਾਫ਼ੀ ਸਮਝਿਆ ਹੋਇਆ ਸੀ। ਸ਼ਾਇਦ ਉਹ ਉਦੋਂ ਖੇਤੀ ਬਾੜੀ ਯੂਨੀਵਰਸਿਟੀ ਵਿਚ ਹੀ ਹੋਵੇ।

ਪਾਣੀਪਤ ਮੈਂ ਉਸ ਕੋਲ ਸੰਨ 62-63 ਵਿਚ ਗਿਆ ਸਾਂ, ਸ਼ਾਇਦ। "ਚਪੇੜ" ਨਾਵਲ ਲਿਖਣ ਵਿਚ—ਜੋ ਹੁਣ "ਨਵਾਂ ਜਨਮ" ਹੈ—ਮੈਂ ਉਦੋਂ ਵੀ ਉਲਝਿਆ ਹੋਇਆ ਸਾਂ ਤੇ ਹੁਣ ਵੀ ਉਲਝਿਆ ਹੋਇਆ ਸਾਂ। ਮੇਰੇ ਇਸ ਨਾਵਲ ਬਾਰੇ ਸਾਰੇ ਪੰਜਾਬੀ ਸਾਹਿਤ-ਜਗਤ ਵਿਚ ਬਹੁਤ ਗੱਲਾਂ ਹੋ ਰਹੀਆਂ ਸਨ। ਨਾਵਲ ਬਾਰੇ ਤਾਂ ਘੱਟ ਸਨ ਗੱਲਾਂ, ਨਾਵਲ ਵਿਚ ਮੈਂ ਆਪਣਾ ਜਿਹੜਾ ਜੀਵਨ ਪੇਸ਼ ਕਰਨਾ ਸੀ, ਉਸ ਬਾਰੇ ਇਹ ਵੱਧ ਸਨ। ਲੋਕਾਂ ਨੂੰ ਉਸ ਜੀਵਨ ਕਾਰਨ ਹੀ, ਮੇਰੇ ਨਾਲ ਵਾਪਰੀਆਂ ਉਹਨਾਂ ਘਟਨਾਵਾਂ ਕਾਰਨ ਹੀ, ਇਸ ਨਾਵਲ ਵਿਚ ਦਿਲਚਸਪੀ ਸੀ। ਉਹ ਚਾਹੁੰਦੇ ਸਨ ਕਿ ਦੇਖੀਏ, ਇਸ ਨਾਵਲ ਵਿਚ ਕੀ ਹੋਵੇਗਾ। ਕਿਉਂਕਿ ਉਹਨਾਂ ਨੂੰ ਪਤਾ ਸੀ ਕਿ ਨਾਵਲ ਮੇਰਾ ਸਵੈ-ਜੀਵਨੀ-ਆਧਾਰਿਤ ਲਿਖਿਆ ਜਾ ਰਿਹਾ ਹੈ। ਕਈ ਤਾਂ ਮੈਨੂੰ ਪੁੱਛਦੇ ਵੀ : "ਕਦੋਂ ਕੁ ਖ਼ਤਮ ਹੋ ਜਾਵੇਗਾ ?" ਮੇਰੇ ਕੋਲ ਇਸ ਸਵਾਲ ਦਾ ਕੋਈ ਵੀ ਉੱਤਰ ਨਹੀਂ ਸੀ ਹੁੰਦ। ਕੀ ਉੱਤਰ ਹੋ ਸਕਦਾ ਸੀ ? ਕਲਾ-ਕ੍ਰਮ ਦੇ ਬਾਰੇ ਕਿਸੇ ਨੂੰ ਕੁਝ ਵੀ ਪਤਾ ਨਹੀਂ ਹੁੰਦਾ। ਮੇਰੀ ਇਹ ਸਾਹਿਤਿਕ ਸਵੈ-ਜੀਵਨੀ, ਜਿਹੜੀ ਇਹ ਲਿਖ ਰਿਹਾਂ ਹਾਂ ਮੈਂ, ਅੰਤ ਦੇ ਨੇੜੇ ਪੁੱਜ ਚੁੱਕੀ ਹੈ, ਏਨਾ ਮੈਨੂੰ ਪਤਾ ਹੈ, ਪਰ ਮੈਨੂੰ ਇਹ ਪਤਾ ਨਹੀਂ ਕਿ ਇਸਦਾ ਅੰਤਲਾ ਫ਼ਿਕਰਾ ਜਾਂ ਕਾਂਡ ਕਿਹੜਾ ਹੋਵੇਗਾ। ਇਸਦਾ ਪਤਾ ਤਾਂ ਅੰਤ ਉਤੇ ਪੁੱਜਕੇ ਹੀ ਲੱਗ ਸਕਦਾ ਹੈ, ਭਾਵੇਂ ਮਾੜੀ-ਮੋਟੀ ਝਲਕ ਪੈ ਹੀ ਕਿਉਂ ਨਾ ਰਹੀ ਹੋਵੇ। ਇਕ ਨੂੰ ਮੈਂ ਇਸ ਕਿਸਮ ਦਾ ਉੱਤਰ ਕਦੇ ਦਿੱਤਾ ਵੀ ਸੀ। ਉਹਨੇ ਮੈਨੂੰ ਥੋੜਾ ਜਿਹਾ ਚੋੜ ਜਿਹੇ ਨਾਲ ਪੁੱਛਿਆ ਸੀ : "ਕਦੋਂ ਕੁ ਖ਼ਤਮ ਹੋ ਜਾਵੇਗਾ ਨਾਵਲ—ਪੜ੍ਹੀਏ ਯਾਰ ?" ਮੇਰਾ ਉੱਤਰ ਇਹ ਸੀ : "ਜਦੋਂ ਤਕ ਇਸਦਾ ਅੰਤਲਾ ਫ਼ਿਕਰਾ ਨਹੀਂ ਲਿਖਿਆ ਜਾਂਦਾ।"

ਜਦੋਂ ਹੋਲੀ ਹੁੰਦੀ ਹੈ ਤਾਂ ਕੁਝ ਲੋਕ ਸਾਵੇ, ਪੀਲੇ, ਲਾਲ ਗੁਲਾਲ ਉਡਾਉਂਦੇ ਹਨ। ਪਰ ਕੁਝ ਅਜਿਹੇ ਵੀ ਹੁੰਦੇ ਹਨ ਜੋ ਚਿੱਕੜ ਅਤੇ ਗੰਦ-ਮੰਦ ਹੀ ਡੋਲ੍ਹਣਾ ਠੀਕ ਸਮਝਦੇ

ਹਨ। ਜਦੋਂ ਇਹ ਚਰਚਾ ਸ਼ੁਰੂ ਸੀ ਕਿ ਮੈਂ ਨਾਵਲ ਲਿਖ ਰਿਹਾ ਹਾਂ ਤਾਂ ਜਿਥੇ ਕਿਧਰੇ ਵੰਨ-ਸੁਵੰਨੇ ਲਾਲ ਗੁਲਾਲ ਉਡ ਰਹੇ ਸਨ, ਉਥੇ ਚਿੱਕੜ ਤੇ ਗੰਦ-ਮੰਦ ਵੀ ਬੜਾ ਹੀ ਜ਼ੋਰਾਂ ਉਤੇ ਸੀ ਤੇ ਸਗੋਂ ਬੋਲ-ਬਾਲਾ ਹੀ ਬਹੁਤਾ ਗੰਦ-ਮੰਦ ਤੇ ਚਿੱਕੜ ਦਾ ਸੀ। ਜਿਵੇਂ ਕੋਈ ਤਮਾਸ਼ਾ ਜਿਹਾ ਹੱਥ ਲੱਗ ਗਿਆ ਹੁੰਦਾ ਹੈ। ਖ਼ੈਰ ਇਹ ਸੰਸਾਰ ਹੈ। ਇਸਦਾ ਕੋਈ ਇਲਾਜ ਨਹੀਂ। ਪਰ ਜਿਸ ਮਹੱਤਵਪੂਰਨ ਚਿੱਠੀ ਦੀ ਏਥੇ ਮੈਂ ਗੱਲ ਕਰ ਰਿਹਾ ਹਾਂ, ਇਹ ਗੰਦ-ਮੰਦ ਤੇ ਚਿੱਕੜ ਦੀ ਥਾਂ ਉਹ ਸੁੰਦਰ ਲਾਲ ਗੁਲਾਲ ਸੀ ਜਿਹੜਾ ਮੇਰੇ ਜਾਮੇ ਉਤੇ, ਬੜੇ ਹੀ ਸੁੰਦਰ, ਰੰਗ-ਬਰੰਗੇ ਬੇਲ-ਬੂਟੇ ਪਾ ਰਿਹਾ ਸੀ। ਫੁੱਲਾਂ ਦੇ ਜਿੰਨੇ ਰੰਗ ਹਨ, ਸਾਡੀ ਸਗਲ ਬਨਸਪਤ ਵਿਚ, ਉਹ, ਸਾਰੇ ਦੇ ਸਾਰੇ ਹੀ, ਮਰੇ ਮਿੱਤਰ, ਇਸਦੇ ਲੇਖਕ, ਬਨਸਪਤੀ ਵਿਗਿਆਨੀ ਨੇ, ਇਸ ਚਿੱਠੀ ਵਿਚ ਪਾ ਦਿੱਤੇ ਸਨ। ਜਦੋਂ ਇਹ ਆਈ ਹੋਵੇਗੀ, ਯਕੀਨਨ, ਇਹਨੇ ਬਹੁਤ ਹੌਸਲਾ ਮੈਨੂੰ ਦਿੱਤਾ ਹੋਵੇਗਾ; ਅਤੇ ਫੇਰ ਮੈਂ ਵੀ ਇਹਨੂੰ ਸਾਂਭ ਲਿਆ ਹੋਵੇਗਾ। ਇਕ "ਜ਼ਰੂਰੀ ਚਿੱਠੀਆਂ" ਦੀ ਵੀ ਫ਼ਾਈਲ ਮੈਂ ਲਾਈ ਹੋਈ ਹੈ। ਜ਼ਰੂਰ, ਉਸ ਫ਼ਾਈਲ ਵਿਚ ਮੈਂ ਉਹਨੂੰ ਰੱਖ ਲਿਆ ਹੋਵੇਗਾ। ਪਰ "ਜ਼ਰੂਰੀ" ਫ਼ਾਈਲਾਂ ਵੀ ਤੇ "ਅਤੀ ਜ਼ਰੂਰੀ" ਫ਼ਾਈਲਾਂ ਵੀ ਕਦੇ ਗ਼ੈਰ-ਜ਼ਰੂਰੀ ਹੋ ਜਾਂਦੀਆਂ ਹਨ ਤੇ ਵੱਡੇ-ਵੱਡੇ ਦਫ਼ਤਰ, ਅਦਾਲਤਾਂ, ਸਰਕਾਰਾਂ ਇਹਨਾਂ ਦੀ ਹੋਲੀ ਬਾਲ ਦਿੰਦੀਆਂ ਹਨ। ਮੈਂ ਵੀ ਆਪਣੀਆਂ ਬੜੀਆਂ ਚਿੱਠੀਆਂ ਨਸ਼ਟ ਕਰ ਦਿੱਤੀਆਂ ਹੋਈਆਂ ਹਨ ਜੋ ਕਦੇ "ਅਤੀ ਜ਼ਰੂਰੀ" ਸਨ, ਪਰ ਫੇਰ "ਜ਼ਰੂਰੀ" ਵੀ ਨਹੀਂ ਰਹੀਆਂ। ਅੱਜ ਤੇਈ ਮਾਰਚ ਹੈ 1993 ਦਾ। ਉਨੀ ਕਿ ਵੀਹ ਮਾਰਚ ਨੂੰ, ਯਨੀ ਪੰਜ-ਚਾਰ ਦਿਨ ਪਹਿਲਾਂ, ਪਾਸੇ ਪਏ ਇਕ ਰੈਕ ਵਿਚੋਂ ਕੋਈ ਫ਼ਾਇਲ ਚੁੱਕਣ ਲੱਗਾ ਕਿ ਇਕ ਹੋਰ ਫ਼ਾਈਲ ਵਿਚੋਂ, ਜੋ ਰੁਲੀ-ਖੁਲੀ ਜਿਹੀ ਪਈ ਸੀ, ਕੁਝ ਕਾਗ਼ਜ਼ ਡਿਗ ਪਏ ਜੋ ਮੈਨੂੰ ਬੜੇ ਹੀ ਫ਼ਾਲਤੂ ਲੱਗੇ। ਅੱਗੇ ਵੀ ਇਹ ਕਾਗ਼ਜ਼ ਇਉਂ ਹੀ ਕਦੇ-ਕਦੇ ਡਿਗ ਪੈਂਦੇ ਸਨ। ਅੱਜ ਡਿਗੇ ਤਾਂ ਗੁੱਸਾ ਆਇਆ। ਇਹਨਾਂ ਵਿਚ ਇਹ ਚਿੱਠੀ ਸੀ। ਪਹਿਲਾਂ ਇਹਨਾਂ ਸਭਨਾਂ ਨੂੰ ਹੀ ਪਾੜਕੇ ਸੁੱਟਣ ਲੱਗਾ ਸਾਂ। ਪਰ ਫੇਰ ਉਂਜੇ ਰੁਕ ਗਿਆ ਤੇ ਇਸ ਚਿੱਠੀ ਵੱਲ ਦੇਖਣ ਲੱਗਾ। ਇਕ ਪਾਸੇ ਮੇਰਾ ਪਤਾ, ਦੂਜੇ ਪਾਸੇ ਮੈਂ ਆਪਣੇ ਹੱਥੀਂ "ਗੁਰਮੇਲ ਰਾਹੀ" ਲਿਖਿਆ ਹੋਇਆ। ਲਿਫ਼ਾਫ਼ਾ ਅੰਤਰਦੇਸ਼ਯ ਸੀ। ਉਦੋਂ ਦਸ ਪੈਸੇ ਦਾ ਸੀ, ਅੱਜ ਪਚੱਤਰ ਪੈਸੇ ਦਾ ਹੈ। ਉਦੋਂ ਰੰਗ ਹਰਾ ਸੀ ਹੁੰਦਾ, ਅੱਜ ਰੰਗ ਨੀਲਾ ਹੈ। ਫੇਰ ਮੈਂ ਉਂਜੇ ਤਹਿਆਂ ਖੋਲ੍ਹਕੇ ਚਿੱਠੀ ਪੜ੍ਹਨ ਲੱਗ ਪਿਆ। ਪੜ੍ਹੀ ਤਾਂ ਮੈਨੂੰ ਇਹ ਇਤਿਹਾਸਕ ਦਸਤਾਵੇਜ਼ ਜਾਪੀ। ਇਹ "ਇਤਿਹਾਸਕ ਦਸਤਾਵੇਜ਼" ਮੈਂ ਏਥੇ ਨਕਲ ਕਰ ਰਿਹਾ ਹਾਂ :

"ਪਿਆਰੇ ਧੀਰ,

"ਤੇਰਾ ਖ਼ਤ ਮਿਲਿਆ।

"ਤੂੰ ਫੇਰ ਬੀਮਾਰ ਹੋ ਗਿਆ ਸੀ ? ਆਉਂਦਾ-ਜਾਂਦਾ ਮੇਰੇ ਪਾਸ ਵੀ ਨਹੀਂ ਆਇਆ

"ਧੀਰ, ਤੇਰਾ ਦਰਦ ਹੀ ਤੇਰੀ ਦਵਾ ਬਣੇਗਾ, ਇਸ ਬਾਰੇ ਮੈਨੂੰ ਇਸ ਕਰਕੇ ਸ਼ੱਕ ਨਹੀਂ ਕਿਉਂਕਿ ਤੇਰੇ ਵਰਗਿਆਂ ਦੇ ਦਰਦ ਨੂੰ ਹੀ ਮੈਂ ਦਵਾ ਬਣਦਾ ਪੜ੍ਹਿਆ ਹੈ। ਗਸਟੇਵ ਫਲਾਬੇਅਰ ਫਰਾਂਸ ਦੀ ਤਕਦੀਰ ਬਦਲ ਦੇਣ ਵਾਲਾ ਨਾਵਲਕਾਰ ਵੀ ਕੁਝ ਤੇਰੀ ਬੀਮਾਰੀ ਵਰਗੀ ਬੀਮਾਰੀ ਦਾ ਸ਼ਿਕਾਰ ਰਿਹਾ। ਇਕ ਹੋਰ ਫ਼ਰਾਂਸੀਸੀ ਨਾਵਲਕਾਰ ਬਾਲਜ਼ਾਕ ਨੂੰ ਕਿੰਗ ਜੇਮਜ਼ ਦੇ ਉੱਤਰਾਧਿਕਾਰੀ ਦੀ ਧੀ ਨਾਲ ਇਸ਼ਕ ਫ਼ਰਮਾਉਣ ਦਾ ਮੌਕਾ ਮਿਲਿਆ ਸੀ (ਇਹ ਕੋਈ ਮਾਮੂਲੀ ਗੱਲ ਨਹੀਂ, ਬਾਲਜ਼ਾਕ ਐਨਾ ਕਰੂਪ ਸੀ ਕਿ ਬੱਸ ਅਬਰਾਹਮ ਦਾ ਛੋਟਾ-ਬੜਾ ਹੀ ਸੀ)। ਫੇਰ ਵੀ ਧੀਰ, ਦੇਖ ਉਸਨੂੰ ਕਿਹੜੀ ਟੀਸੀ 'ਤੇ ਚੜ੍ਹਾਇਆ ਇਸ ਇਸ਼ਕ ਨੇ। ਟਾਲਸਟਾਏ ਦਾ ਵੀ ਇਕ ਸਮੇਂ ਇਹੋ ਹਾਲ ਸੀ ਜਦ ਉਸਨੇ ਇਕ ਖ਼ੂਬਸੂਰਤ ਜ਼ਨਾਨੀ ਨਾਲ ਵਿਆਹ ਕਰਵਾਉਣ ਲਈ ਟਿੱਲ ਲਾਇਆ ਸੀ। ਇਹਨਾਂ ਸਾਰਿਆਂ ਨੂੰ ਵੀ Depression ਆਇਆ ਸੀ। ਇਹਨਾਂ ਨੇ ਸ਼ਾਇਦ ਪੰਦਰਾਂ-ਪੰਦਰਾਂ ਸਾਲ ਕੁਝ ਨਹੀਂ ਸੀ ਲਿਖਿਆ। ਇਹ ਉਹਨਾਂ ਬੰਦਿਆਂ ਦੀ ਮੈਂ ਗੱਲ ਕਰ ਰਿਹਾਂ ਜਿਨ੍ਹਾਂ ਨੂੰ ਸਾਮਰਸਟ ਮਾਮ ਨੇ ਦੁਨੀਆਂ ਦੇ ਸਿਰਫ਼ ਦਸ ਨਾਵਲਕਾਰਾਂ ਵਿਚ ਗਿਣਿਆ ਹੈ। ਇਹ ਤਿੰਨੋਂ ਬੰਦੇ Genius ਸਨ।

ਤੈਨੂੰ ਪਤਾ, ਇਹਨਾਂ ਨੇ ਕਿਹੜੀ ਦਵਾ ਖਾਧੀ ਸੀ ? ਨਹੀਂ। ਮੈਂ ਦੱਸਾਂ ਨੁਸਖ਼ਾ ਬਹੁਤ ਹੀ ਮਾਮੂਲੀ ਹੈ। ਤੇਰੇ ਪਾਸ ਇਹ ਨੁਸਖ਼ਾ ਕਿਸੇ ਵੀ ਵੈਦ ਧਨੰਤਰ ਦੇ ਨੁਸਖ਼ਿਆਂ ਨਾਲੋਂ ਘੱਟ ਨਹੀਂ। ਫੇਰ ਤੂੰ ਵਰਤਦਾ ਕਿਉਂ ਨਹੀਂ ? ਕੋਈ ਨੜਾ ਨੇਕੀ ਜਾਂ ਗੜਾ ਗੁਰਮੇਲ ਤੇਰਾ ਇਲਾਜ ਨਹੀਂ ਕਰ ਸਕਦਾ, ਇਸ ਸਿੱਟੇ ਤੇ ਮੈਂ ਅੱਜ ਪੁੱਜਾ ਹਾਂ ਵੀਰ। ਤੇਰ ਇਲਾਜ ਤੇਰੇ ਵਿਚਲਾ ਧੀਰ ਹੈ ਸੰਤੋਖ ਸਿਹਾਂ ! ਤੈਨੂੰ ਪਤਾ ਗਸਟੇਵ ਫਲਾਬੇਅਰ ਨੇ ਇਸ Depression ਵਿਚੋਂ ਨਿਕਲਣ ਲਈ ਕੀ ਕੀਤਾ ਸੀ ? "ਮੈਡਮ ਬੋਵਾਰੀ" ਲਿਖਿਆ ਸੀ। ਬਾਲਜ਼ਾਕ ਨੇ ਆਪਣਾ ਦਾਰੂ ਪਤਾ ਕਿੰਝ ਕੀਤਾ ਸੀ ? "ਓਲਡਮੈਨ ਗੋਰੀਓ ( Oldman Goriot )" ਲਿਖਿਆ ਸੀ। ਟਾਲਸਟਾਏ ਬਾਰੇ ਤੂੰ ਭੁਲਿਆ ਹੋਇਆ ਨਹੀਂ। ਉਸ ਨੇ "ਐਨਾ ਕੈਰਿਨੀਨਾ" ਲਿਖਿਆ ਸੀ। ਫੇਰ ਤੈਨੂੰ ਤੇਰੀ "ਚਪੇੜ" ਨੇ ਹੀ ਰਾਜ਼ੀ ਕਰਨਾ ਹੈ. ਤੇ ਬੱਸ। ਤੇਰਾ ਇਲਾਜ ਇਸ ਮਨੁੱਖ ਕੋਲ ਨਹੀਂ, ਤੇਰੀ ਆਤਮ ਵ੍ਰਿਤੀ ਕੋਲ ਹੈ। ਤੇਰੀ ਕਲਮ ਕੋਲ ਹੈ। ਤੇਰੀ ਕਲਮ ਵਿਚ ਐਟਮੀ ਸ਼ਕਤੀ ਹੈ। ਤੇ ਫੇਰ ਇਸ ਵਿਗਿਆਨੀ ਯੁੱਗ ਵਿਚ ਐਟਮੀ ਸ਼ਕਤੀ ਦੀ ਲੋੜ ਵੀ ਹੈ। ਤੂੰ ਇਹ ਸ਼ਕਤੀ ਇਸ ਯੁੱਗ ਨੂੰ ਦੇਹ। ਗੁਰਮੇਲ।"

ਫੇਰ ਕੰਨੀ ਉਤੇ ਲਿਖਿਆ ਹੈ : "ਤੇਰਾ ਗੁਰਮੇਲ ਸਿੰਘ।" ਕਿਉਂਕਿ "ਗੁਰਮੇਲ" ਲਿਖਣ ਵੇਲੇ ਥਾਂ ਬੜੀ ਹੀ ਘੱਟ ਸੀ ਬਚੀ।

ਦੋਵੇਂ ਪਾਸੇ ਭਰ ਗਏ ਸਨ। ਮੁੜ ਉੱਤੇ, ਮੋੜਨ ਵਾਲੀ ਥਾਂ ਉੱਤੇ, ਇਹ ਲਿਖਿਆ ਹੈ :

> "ਇਸ ਵੇਲੇ ਤੇਰੀ ਬੀਮਾਰੀ ਦੇ ਵਿਰੋਧ ਵਿਚ ਮੇਰੇ ਪਾਸ ਐਨੀਆਂ ਦਲੀਲਾਂ ਹਨ ਕਿ ਮੈਂ "ਸ਼ਰਾਬੀ" ਜੇਡਾ ਨਾਵਲ ਲਿਖ ਸਕਦਾ ਹਾਂ। ਪਰ ਤੇਰਾ "ਸ਼ਰਾਬੀ" ਤੇਰਾ ਹੀ ਹੈ।"

ਇਕ ਪਾਸੇ ਫੇਰ ਇਕ ਸਤਰ ਲਿਖੀ ਹੋਈ ਹੈ : "ਗੁਰਚਰਨ ਤੈਨੂੰ ਮਿਲਣ ਆਇਆ ਕਿ ਨਹੀਂ ? ਕਹਿੰਦਾ ਸੀ, ਜਾਣਾ ਹੈ।"

ਉਦੋਂ ਮੈਂ ਪਿੰਡ ਰਹਿੰਦਾ ਸਾਂ। ਚਿੱਠੀ ਉਤੇ "ਮੰਡੀ ਗੋਬਿੰਦਗੜ੍ਹ" ਪਤਾ ਲਿਖਿਆ ਹੋਇਆ ਸੀ।

ਇਹ ਚਿੱਠੀ ਉਣੱਤੀ ਵਰ੍ਹੇ ਪਹਿਲਾਂ ਦੀ ਲਿਖੀ ਹੋਈ ਹੈ (ਇਕ ਮਹੀਨਾ, ਉਨੀ ਦਿਨ ਘੱਟ)। ਪਰ ਅੱਜ ਵੀ ਕਿੰਨੀ ਸਾਰਥਕ ਹੈ। ਕੇਵਲ ਮੇਰੇ ਲਈ ਹੀ ਨਹੀਂ, ਮੇਰੇ ਵਰਗੇ ਸਭਨਾ ਲਈ।

# ਮੁਸ਼ਕਿਲਾਂ

ਚਾਹੀਦਾ ਤਾਂ ਨਹੀਂ ਸੀ, ਪਰ ਏਥੇ ਕੁਝ ਮੈਂ ਮੁਸ਼ਕਿਲਾਂ ਵੀ ਆਪਣੀਆਂ ਦੱਸ ਦਿੰਦਾ ਹਾਂ। ਇਹ ਮੇਰੀਆਂ ਨਹੀਂ, ਸਾਰੇ ਪੰਜਾਬੀ ਲੇਖਕਾਂ ਦੀਆਂ ਮੁਸ਼ਕਿਲਾਂ ਹਨ – ਸਾਰੇ ਹੀ ਪੰਜਾਬੀ ਸਾਹਿਤ-ਜਗਤ ਦੀਆਂ ਮੁਸ਼ਕਿਲਾਂ।

ਪਹਿਲਾਂ ਪੁਸਤਕ ਛਪਦੀ ਨਹੀਂ; ਛਪ ਜਾਵੇ ਤਾਂ ਵਿਕਦੀ ਨਹੀਂ; ਵਿਕ ਜਾਵੇ ਤਾਂ ਰਾਇਲਟੀ ਨਹੀਂ। ਇਹ ਸਾਰੀਆਂ ਦਿਲ ਨੂੰ ਤੋੜਨ ਵਾਲੀਆਂ ਹੀ ਹਾਲਤਾਂ ਹਨ। ਬਥੇਰੇ ਹਨ ਜੋ ਇਸ ਪਾਸੇ ਵੱਲ ਕਲਮ ਲੈਕੇ ਆਉਂਦੇ ਹਨ, ਪਰ ਫੇਰ ਵਿਚ-ਵਿਚਾਲਿਓਂ ਹੀ ਛੱਡ ਕੇ ਚਲੇ ਜਾਂਦੇ ਹਨ ਤੇ ਹੋਰ ਪਾਸੇ ਲੱਗ ਜਾਂਦੇ ਹਨ। ਮੇਰੇ ਜਿਹਾ ਢੀਠ ਹੀ ਕੋਈ ਇਸ ਪਾਸੇ ਰਹਿ ਸਕਦਾ ਹੈ। ਇਹ ਢੀਠਾਂ ਦਾ ਹੀ ਕੰਮ ਹੈ, ਹਰ ਕਿਸੇ ਦਾ ਕੰਮ ਨਹੀਂ। ਕਿਉਂਕਿ ਸਾਰਾ ਜੀਵਨ ਹੀ ਇਸ ਪਾਸੇ ਲਾਉਣਾ ਪੈਂਦਾ ਹੈ। ਸਮਰਪਣ ਹੈ ਇਹ ਆਪੇ ਦਾ। ਸਮਰਪਣ ਉਂਜ ਹੀ ਨਹੀਂ ਹੁੰਦਾ ਇਸ ਲਈ ਸਿਰੜ ਚਾਹੀਦਾ ਹੈ।

ਛਪਣ ਦੀਆਂ ਮੁਸ਼ਕਿਲਾਂ ਤਾਂ ਦੇਸ਼ ਦੀ ਆਜ਼ਾਦੀ ਤੋਂ ਮਗਰੋਂ ਬਹੁਤੀਆਂ ਹੀ ਵਧ ਗਈਆਂ ਹਨ। ਪਹਿਲਾਂ ਹਾਲਤ ਚੰਗੀ ਸੀ ਅਜੇ। ਆਜ਼ਾਦੀ ਆਉਣ ਤੋਂ ਮਗਰੋਂ ਵੀ, ਕੁਝ ਕੁ ਵਰ੍ਹੇ ਤਕ, ਚੰਗੀ ਰਹੀ। ਫੇਰ ਹਾਲਤ ਦਿਨੋ-ਦਿਨ ਹੀ ਮਾੜੀ ਹੋਣ ਲੱਗ ਪਈ। ਹੁਣ ਤਾਂ ਹਾਲਤ ਬੜੀ ਹੀ ਕਰੂਰ ਅਤੇ ਜ਼ਾਲਿਮ ਹੈ ਸੰਤਾਲੀ ਵਰ੍ਹੇ ਹੋ ਚੁੱਕੇ ਹਨ ਦੇਸ਼ ਨੂੰ ਆਜ਼ਾਦ ਹੋਇਆਂ; ਅੱਧੀ ਸਦੀ ਹੈ ਲਗਭਗ ਇਹ; ਆਜ਼ਾਦੀ ਚੰਗੀ ਚੀਜ਼ ਹੈ; ਕਈਆਂ ਹੋਰਾਂ ਪਾਸਿਆਂ ਵੱਲ ਫ਼ਾਇਦਾ ਵੀ ਬੜਾ ਹੋਇਆ ਹੈ; ਪਰ ਜੇ ਸਾਡੀ ਬੋਲੀ ਤੇ ਸਾਡੇ ਸਾਹਿਤ ਵੱਲ ਦੇਖਿਆ ਜਾਵੇ ਤਾਂ ਬੜੀ ਹੀ ਦਿਲ-ਸ਼ਿਕਨੀ ਵਾਲੀ ਹਾਲਤ ਹੀ ਮਿਲ ਸਕੇਗੀ। ਨਿਰਾਸ਼ ਕਰਨ ਵਾਲੀ ਹਾਲਤ।

ਪੰਜਾਬ ਵਿਚ ਹਰਾ ਇਨਕਲਾਬ ਬਹੁਤ ਵਾਪਰਿਆ; ਕਣਕਾਂ ਬਹੁਤ ਝੂਮੀਆਂ; ਪਰ ਪੰਜਾਬੀ ਬੋਲੀ ਲਈ ਉਜਾੜ ਹੀ ਉਜਾੜ ਵਧੀ। ਆਪਣੀ ਪਹਿਲੀ ਪੁਸਤਕ ਤਾਂ ਮੈਂ ਆਪਣੀ ਪਤਨੀ ਦਾ ਸਿਰ ਦਾ ਸੋਨੇ ਦਾ ਗਹਿਣਾ ਵੇਚ ਕੇ ਛਾਪੀ ਸੀ ਆਪ; ਪਰ ਦੂਜੀ ਹੋਰ ਤਰੀਕੇ ਕੁਝ ਸੌਖਿਆਂ ਛਪ ਗਈ ਸੀ। ਤੀਜੀ, ਮੇਰੀ ਕਹਾਣੀ ਪੁਸਤਕ, "ਸਿੱਟਿਆਂ ਦੀ ਛਾਂ", ਲਾਹੌਰ ਬੁਕ ਸ਼ਾਪ ਵਲੋਂ ਛਾਪੀ ਗਈ। ਪਹਿਲੀਆਂ ਦੋ ਪੁਸਤਕਾਂ ਆਜ਼ਾਦੀ ਤੋਂ ਪਹਿਲਾਂ ਛਪੀਆਂ ਸਨ ਦੂਜੀ ਥੋੜਾ ਏਧਰ-ਉਧਰ, ਲਗਭਗ ਉਹਨਾਂ ਹੀ ਦਿਨਾਂ ਵਿਚ— ਪਰ

ਤੀਜੀ ਆਜ਼ਾਦੀ ਮਗਰੋਂ ਛਪੀ, 1950 ਵਿਚ। ਪਹਿਲੀਆਂ ਵੀ ਤੇ ਮਗਰਲੀ ਵੀ, ਜਦੋਂ ਛਪਦੀਆਂ ਹੁੰਦੀਆਂ ਸਨ ਤਾਂ ਗਿਆਰਾਂ ਸੌ ਤਾਂ ਘਟੋ ਘੱਟ ਛਪਦੀਆਂ ਹੀ ਹੁੰਦੀਆਂ ਸਨ। ਪਹਿਲੀ ਐਡੀਸ਼ਨ ਗਿਆਰਾਂ ਸੌ। ਕਿਸੇ-ਕਿਸੇ ਦੀਆਂ ਬਾਈ ਸੌ ਵੀ ਮੈਂ ਛਪਦੀਆਂ ਵੇਖਦਾ ਹੁੰਦਾ ਸਾਂ—ਪਹਿਲੀ ਐਡੀਸ਼ਨ ਬਾਈ ਸੌ। ਪਰ ਹੁਣ ਹਾਲਤ ਕੀ ਹੈ ? ਕੋਈ ਹੀ ਕਿਤਾਬ ਹੋਵੇਗੀ ਜਿਸਦੀ ਪਹਿਲੀ ਐਡੀਸ਼ਨ ਗਿਆਰਾਂ ਸੌ ਛਪਦੀ ਹੋਵੇਗੀ। ਨਹੀਂ ਤਾਂ ਪ੍ਰਕਾਸ਼ਕ ਕਦੇ ਸੱਤ ਸੌ ਆਖਣ ਲੱਗ ਜਾਂਦਾ ਹੈ, ਕਦੇ ਪੰਜ ਤੇ ਤਿੰਨ ਸੌ ਵੀ, ਤੇ ਕਦੇ ਕੇਵਲ ਢਾਈ ਸੌ ਹੀ। ਕੀ ਪੰਜ ਸੌ, ਤਿੰਨ ਸੌ ਜਾਂ ਢਾਈ ਸੌ, ਪੁਸਤਕ ਦਾ ਛਪਣਾ ਹੈ ? ਇਹ ਤਾਂ ਖਰੜਾ ਸਾਂਭਣਾ ਹੈ। ਹੁਣ ਪੰਜਾਬੀ ਬੋਲੀ ਵਿਚ ਪੁਸਤਕਾਂ ਛਪਦੀਆਂ ਨਹੀਂ ਹਨ, ਖਰੜੇ ਸਾਂਭੇ ਜਾਂਦੇ ਹਨ। ਉਹਨਾਂ ਲਈ ਵੀ ਬਹੁਤੇ ਲੇਖਕ ਆਪ ਪੈਸੇ ਦਿੰਦੇ ਹਨ। ਇਹ ਖਰੜੇ, ਪ੍ਰਕਾਸ਼ਕ, ਲੇਖਕ ਤੋਂ ਪੈਸੇ ਲੈ ਕੇ ਸਾਂਭਦੇ ਹਨ। ਇਹ ਦਸ਼ਾ ਹੈ ਜਾਂ ਦੁਰਦਸ਼ਾ ? ਜੋ ਵੀ ਮਰਜ਼ੀ, ਆਖ ਲਵੋ। ਕਿਤਾਬ ਵਿਕਦੀ ਨਹੀਂ ਹੈ। ਇਹ ਨਹੀਂ ਕਿ ਲੋਕਾਂ ਕੋਲ ਪੈਸਿਆਂ ਦੀ ਘਾਟ ਹੈ। ਪੰਜਾਬ, ਸਾਰੇ ਸੂਬਿਆਂ ਨਾਲੋਂ ਵੱਧ ਖੁਸ਼ਹਾਲ ਸੂਬਾ ਹੈ। ਬੱਸ, ਕਿਤਾਬ ਦਾ ਸ਼ੌਕ ਨਹੀਂ। ਸ਼ਰਾਬ ਦਾ ਸ਼ੌਕ ਬਥੇਰਾ ਹੈ। ਕਿਤਾਬਾਂ ਬਾਰੇ ਆਖਣਗੇ, ਕਿਤਾਬਾਂ ਮਹਿੰਗੀਆਂ ਬਹੁਤ ਹਨ। ਪਰ ਸ਼ਰਾਬ ਨੂੰ ਕਦੇ ਵੀ ਕੋਈ ਮਹਿੰਗੀ ਨਹੀਂ ਆਖਦਾ। ਭਾਵੇਂ ਕਿੰਨੀ ਵੀ ਮਹਿੰਗੀ ਹੋ ਜਾਵੇ। ਸਗੋਂ ਇਸਨੂੰ ਉੱਚੀ ਸ਼ਾਨ ਨਾਲ ਹੀ ਜੋੜਿਆ ਜਾਂਦਾ ਹੈ।

ਕਈਆਂ ਹੋਰਾਂ ਗੱਲਾਂ ਕਾਰਨ, ਪੰਜਾਬ ਨੂੰ ਕਾਫ਼ੀ ਅੱਗੇ ਵਧਿਆ ਸੂਬਾ ਆਖਿਆ ਜਾਂਦਾ ਹੈ। ਪਰ ਇਸ ਗੱਲੋਂ ਇਹ ਸਭਨਾਂ ਨਾਲੋਂ ਪਛੜਿਆ ਹੋਇਆ ਸੂਬਾ ਹੈ। ਵੱਡੇ-ਵੱਡੇ ਫ਼ਾਰਮਾਂ ਦੇ ਮਾਲਿਕ ਸਿੱਖ-ਸਰਦਾਰ ਹਨ। ਫ਼ਾਰਮਾਂ ਵਿਚ ਵੱਡੀਆਂ-ਵੱਡੀਆਂ ਮਹਿਲਾਂ ਵਰਗੀਆਂ ਕੋਠੀਆਂ। ਚਾਰ-ਚਾਰ ਕਾਰਾਂ, ਚਾਰ-ਚਾਰ ਕੁੱਤੇ, ਛੇ-ਛੇ ਨੌਕਰ ਹੁੰਦੇ ਹਨ। ਸ਼ਰਾਬਾਂ ਦੀਆਂ ਪੇਟੀਆਂ। ਪਰ ਕਿਤਾਬ, ਪੰਜਾਬੀ ਦੀ, ਕੋਈ ਇਕ ਵੀ ਨਹੀਂ ਹੋਵੇਗੀ। ਚੱਜ ਦਾ ਰਿਸਾਲਾ ਵੀ ਕੋਈ ਆਉਣ ਨਹੀਂ ਦਿੱਤਾ ਜਾਵੇਗਾ। ਰਿਸਾਲੇ, ਜੇ ਮੰਗਵਾਉਣਗੇ, ਅੰਗਰੇਜ਼ੀ ਦੇ ਮੰਗਵਾਉਣਗੇ। ਇਸੇ ਤਰ੍ਹਾਂ ਪੁਸਤਕਾਂ ਵੀ। ਭਾਵੇਂ ਅੰਗਰੇਜ਼ੀ ਆਉਂਦੀ ਨਾ ਹੋਵੇ। ਛੁਟਿੱਤਣ ਦਾ ਇਹਸਾਸ ਵੀ ਹੈ ਸਾਡੇ ਇਹਨਾਂ ਲੋਕਾਂ ਵਿਚ, ਮਾਤ-ਭਾਸ਼ਾ ਪੰਜਾਬੀ ਬਾਰੇ। ਆਪਣੀ ਮਾਤ-ਭਾਸ਼ਾ ਨੂੰ ਇਹ ਆਪ ਹੀ ਛੋਟਾ ਗਿਣਦੇ ਹਨ। ਹਿੰਦੂ-ਸਿੱਖ ਦੀ ਗੱਲ ਨਹੀਂ, ਪੰਜਾਬੀਆਂ ਦੀ ਗੱਲ ਹੈ। ਇਸ ਗੱਲੋਂ, ਪੰਜਾਬੀ, ਸਭ ਤੋਂ ਪਛੜੇ ਅਤੇ ਜਾਹਿਲ ਹਨ। ਪੰਜਾਬ ਦੀਆਂ ਸਰਕਾਰਾਂ ਵੀ ਇਸ ਜ਼ੁਮਰੇ ਵਿਚ ਆ ਜਾਂਦੀਆਂ ਹਨ, ਜੋ ਵੀ ਹੁਣ ਤਕ ਬਣੀਆਂ ਹਨ। ਕਾਂਗਰਸ-ਅਕਾਲੀ ਹੋਣ ਦਾ ਇਸ ਵਿਚ ਕੋਈ ਵੀ ਫ਼ਰਕ ਨਹੀਂ। ਖਾਂਦੀ-ਪੀਂਦੀ ਧਨੀ ਕਿਸਾਨੀ, ਪੰਜਾਬ ਦੀ, ਦੀ ਇਸ ਪਾਸਿਓਂ ਬਿਲਕੁਲ ਇਕੋ ਸੋਚ ਹੈ। ਹਿੰਦੂ, ਉਂਜ, ਇਸਨੂੰ ਆਪਣੀ ਮਾਤ-ਭਾਸ਼ਾ ਨਹੀਂ ਸਮਝਦੇ—ਫ਼ਿਰਕੂਆਂ ਦੇ ਕਹੇ-ਕਹਾਏ। ਭਾਵੇਂ ਹੁਣ ਕੁਝ ਫ਼ਰਕ ਹੈ।

ਜੇ ਕਿਤਾਬ ਵਿਕਦੀ ਨਹੀਂ, ਪੰਜਾਬੀ ਦੀ, ਤਾਂ ਛਪੇ ਕਿਵੇਂ ? ਇਸ ਵਿਚ ਸਰਕਾਰ

ਬਹੁਤ ਮਦਦਗਾਰ ਹੋ ਸਕਦੀ ਹੈ, ਪਰ ਸਰਕਾਰ, ਕੋਈ ਵੀ, ਇਸ ਪਾਸੇ ਵੱਲ ਨੂੰ ਆਉਂਦੀ ਹੀ ਨਹੀਂ। ਕੇਂਦਰੀ ਪੰਜਾਬੀ ਲੇਖਕ ਸਭਾ ਦਾ ਮੈਂ ਰੁਕਨ ਹਾਂ। 1956 ਵਿਚ ਇਹ ਸਭਾ ਸਾਜੀ ਗਈ ਸੀ। ਉਦੋਂ ਤੋਂ ਮੈਂ ਇਸ ਨਾਲ ਸੰਬੰਧਿਤ ਚਲਿਆ ਆਉਂਦਾ ਹਾਂ ਤੇ ਉਦੋਂ ਤੋਂ ਹੀ ਇਸ ਰਾਹੀਂ, ਪੰਜਾਬੀ ਬੋਲੀ ਦੀ ਉੱਨਤੀ ਲਈ, ਸੰਗਰਾਮ ਕਰਦਾ ਆਉਂਦਾ ਹਾਂ। ਪਰ ਜੋ ਹੋਣਾ ਚਾਹੀਦਾ ਸੀ, ਅਜੇ ਤਕ ਵੀ ਹੋਇਆ ਨਹੀਂ। ਸਾਡੇ ਤਾਂ ਜੋ ਵਸ ਹੈ, ਅਸੀਂ ਤਾਂ ਕਰਦੇ ਰਹਿੰਦੇ ਹਾਂ, ਪਰ ਜੋ ਸਰਕਾਰ ਨੇ ਕਰਨਾ ਹੈ, ਉਹ ਕੁਝ ਨਹੀਂ ਹੁੰਦਾ ਪਿਆ। ਮਿਸਾਲ ਵਜੋਂ, ਲਾਇਬਰੇਰੀਆਂ ਖੋਲ੍ਹਣ ਦਾ ਸਵਾਲ ਹੈ। ਇਹ ਸਰਕਾਰ ਦਾ ਕੰਮ ਹੈ। ਪੰਜਾਬ ਵਿਚ ਬਾਰਾਂ ਹਜ਼ਾਰ ਤੋਂ ਉਤੇ ਪਿੰਡਾ ਦੀ ਗਿਣਤੀ ਹੈ। ਜੇ ਸਰਕਾਰ ਦਸ ਹਜ਼ਾਰ ਲਾਇਬਰੇਰੀਆਂ ਖੋਲ੍ਹ ਦੇਵੇ, ਅੱਠ ਹਜ਼ਾਰ ਖੋਲ੍ਹ ਦੇਵੇ, ਪੰਜ ਹਜ਼ਾਰ ਖੋਲ੍ਹ ਦੇਵੇ, ਪੰਜਾਬੀ ਕਿਤਾਬ ਦੀ ਛਪਣ-ਗਿਣਤੀ ਇਕ ਦਮ ਹੀ ਵਧ ਜਾਵੇ। ਉਂਜ ਵੀ ਬੜਾ ਫ਼ਾਇਦਾ ਹੋਵੇ। ਚੰਗਾ ਸਾਹਿਤ ਪੰਜਾਬੀ ਮਨ ਨੂੰ ਚੰਗੇ ਪਾਸੇ ਲਾ ਸਕੇਗਾ। ਨਹੀਂ ਤਾਂ ਪੰਜਾਬੀ-ਮਨ ਦੀ ਜੋ ਹਾਲਤ ਬਣ ਚੁੱਕੀ ਹੈ, ਉਹ ਬੜੀ ਹੀ ਤਰਸਯੋਗ ਹੈ। ਪੰਜਾਬੀ-ਮਨ, ਪੰਜਾਬੀ ਨਹੀਂ, ਹਿੰਦੂ ਹੈ ਜਾਂ ਸਿੱਖ ਹੈ। ਇਹ ਬੜੀ ਹੀ ਮਾੜੀ ਦਸ਼ਾ ਹੈ। ਪਰ ਇਸ ਦਸ਼ਾ ਨੂੰ ਬਦਲਣ ਲਈ ਜੋ ਕੀਤਾ ਜਾਣਾ ਚਾਹੀਦਾ ਹੈ, ਉਹ ਉੱਕਾ ਨਹੀਂ ਹੋ ਰਿਹਾ। ਬੱਸ, ਗਿੱਧੇ-ਭੰਗੜਿਆਂ ਵੱਲ ਹੀ ਸਾਰਾ ਜ਼ੋਰ ਲੱਗ ਰਿਹਾ ਹੈ ਤੇ ਇਸ ਲਈ ਧਨ ਵੀ ਖੁੱਲ੍ਹਾ ਹੈ। ਬੁਨਿਆਦੀ ਕੰਮ ਲਈ ਧਨ ਨਹੀਂ। ਪੁਸਤਕ, ਕਿਸੇ ਵੀ ਬੋਲੀ ਜਾਂ ਸਭਿਆਚਾਰ ਦੀ ਬੁਨਿਆਦ ਹੈ। ਇਸ ਨੂੰ ਲੋਕਾਂ ਤਕ ਪਹੁੰਚਾਉਣਾ ਮੁਖ, ਬੁਨਿਆਦੀ, ਕੰਮ ਹੈ।

ਅਜ ਕਲ੍ਹ ਪੰਜਾਬ ਦੇ ਮੁਖ ਮੰਤਰੀ ਬੇਅੰਤ ਸਿੰਘ ਹਨ। ਕਾਫ਼ੀ ਚੰਗੇ ਬੰਦੇ ਹਨ। ਪਰ ਇਸ ਪਾਸੇ ਉਹਨਾਂ ਦਾ ਵੀ ਕੋਈ ਧਿਆਨ ਜਾਂਦਾ ਨਹੀਂ। ਠੀਕ ਹੈ, ਅਮਨ-ਕਾਨੂੰਨ ਦਾ ਮਸਲਾ ਬਹੁਤ ਅਹਿਮ ਹੈ, ਪਰ ਇਹ ਵੀ ਥੋੜਾ ਅਹਿਮ ਨਹੀਂ। ਸਗੋਂ ਇਹ ਪੱਕਾ ਮਸਲਾ ਹੈ। ਇਸ ਅੱਗੇ ਅਮਨ-ਕਾਨੂੰਨ ਦਾ ਮਸਲਾ ਵਕਤੀ ਮਸਲਾ ਹੈ। ਉਹਨਾਂ ਨੂੰ ਇਸ ਮਸਲੇ ਵੱਲ ਧਿਆਨ ਦੇਣਾ ਚਾਹੀਦਾ ਹੈ। ਪਰ ਧਿਆਨ ਦਿੰਦੇ ਨਹੀਂ। ਦੋ ਜੂਨ 92 ਨੂੰ ਲੋਕ ਸੰਪਰਕ ਵਿਭਾਗ ਵਲੋਂ ਇਕ ਮੀਟਿੰਗ ਸੱਦੀ ਗਈ—ਪੰਜਾਬੀ ਭਾਸ਼ਾ ਤੇ ਸਭਿਆਚਾਰ ਦੀ ਉੱਨਤੀ ਬਾਰੇ ਵਿਚਾਰਾਂ ਲਈ। ਮੈਂ ਵੀ ਭਾਸ਼ਨ ਕੀਤਾ ਸੀ। ਮੈਂ ਸੁਝਾ ਦਿੱਤਾ ਕਿ ਪਿੰਡਾਂ ਵਿਚ ਲਾਇਬਰੇਰੀਆਂ ਖੋਲ੍ਹੀਆਂ ਜਾਣੀਆਂ ਚਾਹੀਦੀਆਂ ਹਨ। ਮੁਖ ਮੰਤਰੀ ਹਾਜ਼ਰ ਸਨ। ਉਹਨਾਂ ਆਪਣੇ ਭਾਸ਼ਨ ਵਿਚ ਇਹ ਗੱਲ ਤਾਂ ਆਖੀ ਕਿ ਲਾਇਬਰੇਰੀਆਂ ਬਾਰੇ ਸੁਝਾਅ ਦਿੱਤਾ ਗਿਆ ਹੈ। ਪਰ ਅੱਗੇ ਕੁਝ ਨਹੀਂ ਆਖਿਆ ਕਿ ਖੋਲ੍ਹਣਗੇ ਜਾ ਨਹੀਂ। ਇਸਨੂੰ ਛੱਡ ਹੀ ਦਿੱਤਾ ਗਿਆ। ਹਾਲਾਂ ਕਿ ਇਹ ਅੱਜ ਪੰਜਾਬ ਦਾ ਬੜਾ ਹੀ ਅਹਿਮ ਮਸਲਾ ਹੈ। ਇਹ ਪਾਣੀ ਜਿੰਨਾ ਹੀ ਅਹਿਮ ਹੈ। ਕਿਉਂਕਿ ਇਹ ਪੰਜਾਬੀ-ਮਨ ਦੀ ਫ਼ਸਲ ਨਾਲ ਸੰਬੰਧਿਤ ਹੈ।

1967 ਵਿਚ ਰਾਜ-ਭਾਸ਼ਾ ਐਕਟ ਬਣਿਆ। ਐਕਟ ਅਨੁਸਾਰ, ਪੰਜਾਬ ਦੀ ਸਰਕਾਰੀ ਬੋਲੀ ਪੰਜਾਬੀ ਹੈ, ਅਤੇ ਇਹ ਸਹੀ ਗੱਲ ਹੈ। ਪਰ ਸਹੀ ਗੱਲ ਕੇਵਲ ਗੱਲਾ

ਬਾਤਾਂ ਨਾਲ ਹੀ ਸਹੀ ਨਹੀਂ, ਅਮਲ ਨਾਲ ਸਹੀ ਹੁੰਦੀ ਹੈ। ਪਰ ਅਮਲ ਹੁੰਦਾ ਨਹੀਂ ਹੈ। ਦਫਤਰਾਂ ਵਿਚ ਅੱਜ ਵੀ ਅੰਗਰੇਜ਼ੀ ਵਰਤੀ ਜਾਂਦੀ ਹੈ ਪੰਜਾਬੀ ਜੇ ਵਰਤੀ ਜਾਂਦੀ ਹੈ ਤਾਂ ਕਿਤੇ-ਕਿਤੇ ਤੇ ਬਹੁਤ ਘੱਟ। ਐਕਟ ਬਣ ਤਾਂ ਗਿਆ ਹੈ, ਪਰ ਇਹ ਵੀ ਬੜਾ ਅਧੂਰਾ ਹੈ। ਪੰਜਾਬੀ ਦੀ ਵਰਤੋਂ ਨਾ ਕਰਨ ਵਾਲੇ ਲਈ ਸਜ਼ਾ ਨਹੀਂ ਕੋਈ ਰੱਖੀ ਗਈ। ਬਿਨਾਂ ਸਜ਼ਾ ਕੋਈ ਕਾਨੂੰਨ ਜਾਂ ਐਕਟ ਲਾਗੂ ਨਹੀਂ ਹੁੰਦਾ।

ਇਹ ਨਿੱਕੀ ਜਿਹੀ ਮੰਗ ਹੈ, ਸਜ਼ਾ ਦੀ ਧਾਰਾ ਜੋੜਨੀ। ਪਿਛਲੇ ਕਾਫ਼ੀ ਸਮੇਂ ਤੋਂ ਅਸੀਂ ਇਹ ਮੰਗ ਕਰਦੇ ਆ ਰਹੇ ਹਾਂ ਕਿ ਵਰਤੋਂ ਨਾ ਕਰਨ ਵਾਲੇ ਲਈ ਸਜ਼ਾ ਦੀ ਧਾਰਾ ਜੋੜੀ ਜਾਵੇ ਤੇ ਐਕਟ ਮੁਕੰਮਲ ਕੀਤਾ ਜਾਵੇ। ਪਰ ਇਹ ਨਿੱਕੀ ਜਿਹੀ ਮੰਗ ਵੀ ਸਾਡੀ ਮੰਨੀ ਹੀ ਜਾ ਨਹੀਂ ਰਹੀ। ਇਹ ਕੇਵਲ ਸਾਡੀ ਮੰਗ ਨਹੀਂ, ਕੇਵਲ ਪੰਜਾਬੀ ਲੇਖਕਾਂ ਦੀ, ਇਹ ਪੂਰੇ ਪੰਜਾਬ ਦੀ ਮੰਗ ਹੈ, ਪੰਜਾਬੀਆਂ ਦੀ ਮੰਗ ਹੈ। ਇਹ ਅਜਿਹੀ ਮੰਗ ਹੈ ਕਿ ਇਸ ਨਾਲ ਖ਼ਜ਼ਾਨੇ ਉਤੇ ਕੋਈ ਭਾਰ ਨਹੀਂ ਪੈ ਰਿਹਾ। ਪਰ ਫੇਰ ਵੀ ਮੰਨੀ ਨਹੀਂ ਜਾ ਰਹੀ। ਮੁਖ ਮੰਤਰੀ ਬਾਦਲ ਹੋਵੇ, ਭਾਵੇਂ ਹੋਵੇ ਦਰਬਾਰਾ ਸਿੰਘ, ਸੁਰਜੀਤ ਸਿੰਘ ਬਰਨਾਲਾ ਹੋਵੇ, ਭਾਵੇਂ ਹੋਣ ਗਵਰਨਰੀ ਰਾਜ, ਤੇ ਭਾਵੇਂ ਹੋਣ ਵਰਤਮਾਨ ਮੁਖ ਮੰਤਰੀ ਬੇਅੰਤ ਸਿੰਘ, ਸਜ਼ਾ ਦੀ ਧਾਰਾ ਜੋੜਨ ਦੀ ਮੰਗ ਤੋਂ ਸਾਰੇ ਕੰਨੀ ਖਿਸਕਾਉਂਦੇ ਹਨ। ਪਤਾ ਨਹੀਂ ਕੀ ਕਾਰਨ ਹੈ। ਕਾਰਨ ਹੈ ਮਾਤ-ਭਾਸ਼ਾ ਪੰਜਾਬੀ ਵਲੋਂ ਬੇਰੁਖ਼ੀ। ਹੋਰ ਕੋਈ ਵੀ ਕਾਰਨ ਨਹੀਂ। ਛੁਟਿੱਤਣ ਦਾ ਇਹਸਾਸ ਹੈ। ਮਾਤ-ਭਾਸ਼ਾ ਪੰਜਾਬੀ ਬਾਰੇ ਮਾਣ ਨਹੀਂ, ਗਰਬ ਨਹੀਂ। ਅਸੀਂ ਲੇਖਕ ਲੋਕ ਹਾਂ। ਸਾਡਾ ਕੰਮ ਮੌਲਿਕ ਸਾਹਿਤ ਦੀ ਰਚਨਾ ਨਾਲ ਸੰਬੰਧਿਤ ਹੈ। ਪਰ ਅਸੀਂ ਇਸ ਤੋਂ ਬਾਹਰ ਜਾਕੇ, ਮਾਤ-ਭਾਸ਼ਾ ਪੰਜਾਬੀ ਨੂੰ ਦਫ਼ਤਰਾਂ, ਕਚਹਿਰੀਆਂ ਤੇ ਵਿਦਿਅਕ ਸੰਸਥਾਵਾਂ ਵਿਚ ਲਾਗੂ ਹੋਈ ਦੇਖਣ ਲਈ ਧਰਨਿਆਂ ਉਤੇ ਵੀ ਬਹਿੰਦੇ ਹਾਂ ਤੇ ਆਪਣੇ ਆਪ ਨੂੰ ਗ੍ਰਿਫ਼ਤਾਰੀਆਂ ਲਈ ਵੀ ਪੇਸ਼ ਕਰਦੇ ਹਾਂ। ਜਲਸਿਆਂ-ਜਲੂਸਾਂ ਦਾ ਤਾਂ ਕੋਈ ਹਿਸਾਬ ਹੀ ਨਹੀਂ ਰਿਹਾ। ਪਰ ਪਰਨਾਲਾ ਹਿੱਲਦਾ ਨਹੀਂ। ਇਹ ਉਥੇ ਦਾ ਉਥੇ ਹੀ ਰਹਿੰਦਾ ਹੈ। ਹੁਣ ਅਸੀਂ ਸਾਰੀ ਪੰਜਾਬੀ ਕੌਮੀਅਤ ਨੂੰ ਨਾਲ ਲਵਾਂਗੇ। ਕਿਉਂਕਿ ਇਹ ਇਕੱਲਾ ਸਾਡੇ ਵਸ ਦਾ ਰੋਗ ਨਹੀਂ ਹੈ। ਸਾਰੀ ਪੰਜਾਬੀ ਕੌਮੀਅਤ ਇਸ ਵਿਚ ਸ਼ਾਮਿਲ ਹੋਣੀ ਚਾਹੀਦੀ ਹੈ। ਇਹ ਘੋਲ ਪੰਜਾਬੀਆਂ ਦਾ ਘੋਲ ਬਣਨਾ ਚਾਹੀਦਾ ਹੈ।

ਅਸਲ ਵਿਚ ਕੌਮੀਅਤ ਨੂੰ ਹੀ ਸਾਡੀ ਨੂੰ ਇਹਸਾਸ ਨਹੀਂ। ਚੰਗੇ-ਚੰਗੇ ਪੜ੍ਹੇ-ਲਿਖੇ ਬੜੇ ਮਾਣ ਨਾਲ ਕਹਿੰਦੇ ਹਨ : "ਸਾਨੂੰ ਪੰਜਾਬੀ ਆਂਦੀ ਨਹੀਂ !" ਪਿੱਛੇ ਜਿਹੇ ਅਸੀਂ ਪੰਜਾਬ ਦੇ ਮੁਖ ਸਕੱਤਰ ਨੂੰ ਮਿਲੇ ਸਾਂ। ਚੰਗੇ ਸਿੱਖ-ਸਰਦਾਰ ਸਨ। ਪੰਜਾਬੀ ਤਾਂ ਉਹ ਸਨ ਹੀ ਭਲਾ। ਪਹਿਲਾਂ ਤਾਂ ਉਹ ਸਾਡੀ ਮੰਗ ਨੂੰ ਟਾਲਣ ਵਿਚ ਹੀ ਲੱਗੇ ਰਹੇ। ਆਖ਼ਿਰ ਉਹਨਾਂ ਆਖਿਆ : "ਕੀ ਕਰੀਏ, ਅਜੇ ਪੰਜਾਬੀ ਕਿਸੇ ਨੂੰ ਆਉਂਦੀ ਵੀ ਨਹੀਂ ਬਹੁਤੀ। ਹੱਤਾਕਿ ਮੈਨੂੰ ਵੀ ਨਹੀਂ ਆਉਂਦੀ। ਮੈਨੂੰ ਵੀ ਮੁਸ਼ਕਿਲ ਆਉਂਦੀ ਹੈ ਬੜੀ ਜਦੋਂ ਪੰਜਾਬੀ ਲਿਖਦਾ ਹਾਂ।" ਕਿੰਨੀ ਨੀਵੀਂ ਗੱਲ ਸੀ ਇਹ ! ਇਹ ਮਾਣ ਵਾਲੀ ਗੱਲ ਨਹੀਂ ਕਿ ਕੋਈ ਪੰਜਾਬੀ ਆਖੇ ਕਿ ਉਹਨੂੰ ਪੰਜਾਬੀ ਆਉਂਦੀ ਨਹੀਂ ! ਇਹ ਸ਼ਰਮ ਵਾਲੀ ਗੱਲ

ਹੈ ! ਭਾਵੇਂ ਮਤਲਬ ਇਹੀ ਹੋਵੇ ਕਿ ਉਹਨੂੰ ਗੁਰਮੁਖੀ ਨਹੀਂ ਆਉਂਦੀ, ਭਾਵ ਲਿਪੀ ਨਹੀਂ ਆਉਂਦੀ । ਪਰ ਇਹ ਵੀ ਮਾੜੀ ਗੱਲ ਹੈ । ਦੁਨੀਆਂ ਦੀਆਂ ਲਿਪੀਆਂ ਵਿਚੋਂ ਜਿੰਨੀ ਗੁਰਮੁਖੀ ਸੌਖੀ ਹੈ, ਏਨੀ ਹੋਰ ਕੋਈ ਲਿਪੀ ਨਹੀਂ । ਇਹ ਮਹਿਜ਼ ਬਹਾਨਾ ਹੈ । ਮੈਂ ਗੁਰਮੁਖੀ ਸੁਆਹ ਉਤੇ ਹੀ ੳ, ਅ, ੲ, ਸ, ਅੱਖਰ ਵਾਹ-ਵਾਹ ਸਿੱਖੀ ਸੀ ਤੇ ਛੋਟੀ ਜਿਹੀ ਉਮਰ ਵਿਚ ਹੀ ਘਰ ਵਿਚ ਹੀ ਸਿੱਖ ਲਈ ਸੀ । ਸਿਖਾਈ ਵੀ ਸੀ ਗੁਰਮੁਖੀ ਮੈਨੂੰ ਮੇਰੀ ਅਨਪੜ੍ਹ ਦਾਦੀ ਨੇ ਜਿਸਨੂੰ ਕੇਵਲ ਪੈਂਤੀ-ਅੱਖਰੀ ਵੀ ਪੂਰੀ ਨਹੀਂ ਸੀ ਆਉਂਦੀ ਹੁੰਦੀ । ਕਿਸੇ ਸਕੂਲ-ਕਾਲਜ ਨੂੰ ਤਕਲੀਫ਼ ਨਹੀਂ ਸੀ ਕਰਨੀ ਪਈ । ਸਾਰਾ ਕੁਝ ਆ ਜਾਂਦਾ ਹੈ, ਨੀਯਤ ਸਿੱਧੀ ਚਾਹੀਦੀ ਹੈ ਸਾਡੀ ਨੀਯਤ ਸਿੱਧੀ ਨਹੀਂ । ਨਾ ਸਾਡੀ ਸਰਕਾਰ ਦੀ ਤੇ ਨਾ ਹੀ ਸਾਡੇ ਲੋਕਾਂ ਦੀ । ਸਭ ਕਸੂਰਵਾਰ ਹਾਂ ਅਸੀਂ । ਕੇਵਲ ਇਕ ਸਰਕਾਰ ਹੀ ਨਹੀਂ । ਸਰਕਾਰਾਂ ਵੀ ਤਾਂ ਅਸੀਂ ਆਪ ਹੀ ਚੁਣਦੇ ਅਤੇ ਬਣਾਉਂਦੇ ਹਾਂ । ਅਜਿਹੀ ਮੰਦੀ ਹਾਲਤ ਵਿਚ ਰਾਇਲਟੀ ਮਿਲਣ ਜਾਂ ਨਾ ਮਿਲਣ ਦਾ ਕੀ ਸਵਾਲ ਰਹਿ ਜਾਂਦਾ ਹੈ ? ਕਲਚਰ ਤਾਂ ਸ਼ਰਾਬ ਦੀ ਹੈ । ਕਿਤਾਬ ਦੀ ਕਲਚਰ ਬਣੇ ਤਾਂ ਰਾਇਲਟੀ ਵੀ ਸਾਨੂੰ ਮਿਲੇ । ਸੁਕਪਕੇ ਵਿਚ ਕੌਣ ਸਾਨੂੰ ਰਾਇਲਟੀਆਂ ਦੇ ਦੇਵੇਗਾ ? ਭਾਵੇਂ ਠੀਕ ਪ੍ਰਕਾਸ਼ਕ ਏਥੇ ਪੂਰੀ ਤਰ੍ਹਾਂ ਨਾਲ ਬਰੀ ਨਹੀਂ ਹੁੰਦੇ । ਉਹਨਾਂ ਨੂੰ ਵੀ ਪੈਸੇ ਲੈ ਕੇ ਛਾਪਣ ਦੀ ਗੇੜ ਪੈ ਚੁੱਕੀ ਹੈ । ਭਾਵੇਂ ਇਸ "ਗੇੜ ਪੈ ਜਾਣ" ਵਿਚ ਲੇਖਕਾਂ ਦਾ ਵੀ ਹੱਥ ਹੈ ਜਿਹੜੇ ਪੈਸੇ ਦੇ ਸਕਦੇ ਹਨ ਤੇ ਖੁਲ੍ਹੇ ਪੈਸੇ ਦੇ ਸਕਦੇ ਹਨ । ਅਜਿਹੇ ਵਿਚ ਚੰਗਾ ਸਾਹਿਤ ਤਰਸਦਾ ਰਹਿ ਜਾਂਦਾ ਹੈ ਤੇ ਭੈੜਾ ਸਾਹਿਤ ਬੜੀ ਭਾਰੀ ਮਿਕਦਾਰ ਵਿਚ ਆ ਜਾਂਦਾ ਹੈ । ਪੈਸੇ ਦੇ ਕੇ ਛਪਵਾਉਣ ਵਾਲਾ ਹਰ ਲੇਖਕ, ਜ਼ਰੂਰੀ ਨਹੀਂ, ਉਚੇ ਦਰਜੇ ਦਾ ਲੇਖਕ ਹੋਵੇ ।

ਠੀਕ ਹੈ, ਪ੍ਰਕਾਸ਼ਕਾਂ ਨਾਲ, ਲੇਖਕਾਂ ਦਾ ਰਾਇਲਟੀਆਂ ਲਈ ਝਗੜਾ ਹੁੰਦਾ ਹੀ ਰਹਿੰਦਾ ਹੈ ਤੇ ਦੁਨੀਆਂ ਭਰ ਵਿਚ ਹੁੰਦਾ ਹੈ ਤੇ ਪੂੰਜੀਵਾਦੀ ਸਿਸਟਮ ਵਿਚ ਤਾਂ ਹੁੰਦਾ ਰਹਿਣਾ ਲਾਜ਼ਮੀ ਹੈ; ਲਾਭ ਜੋ ਟਕਰਾਉਂਦੇ ਹਨ । ਪਰ ਸੰਸਥਾਵਾਂ ਨਾਲ ਅਜਿਹਾ ਹੋਣਾ ਨਹੀਂ ਚਾਹੀਦਾ । ਸੰਸਥਾਵਾਂ, ਵਿਅਕਤੀਗਤ ਪ੍ਰਕਾਸ਼ਕਾਂ ਨਾਲੋਂ ਵੱਖ ਹਨ । ਸੰਸਥਾਵਾਂ ਵਿਚ ਕਿਸੇ ਦਾ ਨਿੱਜੀ ਹਾਣ ਜਾਂ ਲਾਭ ਨਹੀਂ ਹੁੰਦਾ । ਪਰ ਜੇ ਸੰਸਥਾਵਾਂ ਨਾਲ ਵੀ ਕਿਤੇ ਅਜਿਹਾ ਹੁੰਦਾ ਹੈ ਤਾਂ ਇਹ ਮਾੜੀ ਗੱਲ ਹੈ ।

ਆਪਣੀ ਇਹ ਸਵੈ-ਜੀਵਨੀ—ਸਾਹਿਤਿਕ ਸਵੈ-ਜੀਵਨੀ—ਮੈਂ ਆਪ ਹੀ ਲਿਖਣ ਲੱਗ ਪਿਆ ਸਾਂ; ਇਹ ਸੋਚ ਕਿ ਪੂਰੀ ਤਾਂ "ਬ੍ਰਿਹਸਪਤੀ" ਲਿਖ ਲਈ ਹੈ, ਇਹ ਸਾਹਿਤਿਕ ਵੀ ਲਿਖ ਹੀ ਦਿਆਂ । ਭਾਵੇਂ ਲਗਭਗ ਇਹਨਾਂ ਸਭਨਾਂ ਗੱਲਾਂ ਦਾ ਵੀ ਮੇਰੀ ਉਸ ਸਵੈ-ਜੀਵਨੀ ਵਿਚ ਜ਼ਿਕਰ ਆ ਹੀ ਚੁੱਕਾ ਹੈ, ਪਰ ਕਈ ਗੱਲਾਂ ਏਥੇ ਵੱਧ ਵਿਸਤਾਰ ਨਾਲ ਦੱਸੀਆਂ ਗਈਆਂ ਹਨ ਜੋ ਉਥੇ ਨਹੀਂ ਸਨ ਦੱਸੀਆਂ ਗਈਆਂ । ਜਿਵੇਂ ਇਥੇ ਮੇਰਾ ਜੀਵਨ ਉਸ ਵਿਸਤਾਰ ਨਾਲ ਨਹੀਂ ਹੈ, ਜਿਵੇਂ ਉਸ ਵਿਚ ਲਿਖਿਆ ਹੈ । ਉਹ ਮੇਰੀ ਪੂਰੀ ਸਵੈ-ਜੀਵਨੀ ਹੈ, ਇਹ ਕੇਵਲ ਸਾਹਿਤਿਕ ਸਵੈ-ਜੀਵਨੀ । ਇਸ ਵਿਚ ਮੈਂ ਸਾਹਿਤਿਕ ਗੱਲਾਂ ਹੀ ਕੁਝ ਵਿਸਤਾਰ ਨਾਲ ਲਿਖੀਆਂ ਹਨ । ਏਥੇ, ਫ਼ੋਕਸ, ਕੇਵਲ ਮੇਰੇ ਸਾਹਿਤਿਕ ਜੀਵਨ

ਉਤੇ ਹੀ ਹੈ, ਉਥੇ ਪੂਰੇ ਜੀਵਨ ਉਤੇ ।

ਇਕ ਖ਼ਿਆਲ ਇਹ ਵੀ ਸੀ ਕਿ ਕਈ ਯੂਨੀਵਰਸਿਟੀਆਂ ਵੀ ਲੇਖਕਾਂ ਦੀਆਂ ਸਾਹਿਤਿਕ ਸਵੈ-ਜੀਵਨੀਆਂ ਛਾਪ ਰਹੀਆਂ ਹਨ—ਜਿਵੇਂ ਪੰਜਾਬੀ ਯੂਨੀਵਰਸਿਟੀ। ਜੇ ਉਹਨਾਂ ਮੰਗ ਲਈ ਤਾਂ ਉਹਨਾਂ ਨੂੰ ਦੇ ਦਿਆਂਗਾ। ਦਸ ਕੁ ਕਾਂਡ ਲਿਖੇ ਸਨ, ਪੰਜਾਬੀ ਯੂਨੀਵਰਸਿਟੀ ਵਲੋਂ ਸੱਚਮੁੱਚ ਚਿੱਠੀ ਆ ਹੀ ਗਈ ਤੇ ਮੈਂ ਪਰਵਾਨਗੀ ਭੇਜ ਦਿੱਤੀ। ਹਾਲਾਂਕਿ ਪਹਿਲੀ ਪੁਸਤਕ ਸਮੇਂ—"ਮੇਰੀ ਪ੍ਰਤਿਨਿਧ ਰਚਨਾ" ਸਮੇਂ – ਪਰੂਫ਼ ਨਾ ਭੇਜੇ ਜਾਣ ਕਾਰਨ, ਮੇਰਾ ਅਨੁਭਵ ਕੌੜਾ ਸੀ, ਪਰ ਉਹ ਵੱਖਰੀ ਗੱਲ ਸੀ ਤੇ ਇਹਨੂੰ ਉਸ ਗੱਲ ਨਾਲ ਮੈਂ ਜੋੜਨਾ ਨਹੀਂ ਚਾਹਿਆ ਸੀ। ਉਂਜ ਵੀ ਇਹ ਸਾਰੇ ਫ਼ੈਸਲੇ ਸਿੰਡੀਕੇਟ ਦੇ ਹੁੰਦੇ ਸਨ, ਕਿਸੇ ਇਕ ਵਿਭਾਗ ਦੇ ਨਹੀਂ। ਭਾਵੇਂ ਪਰੂਫ਼ ਨਾ ਭੇਜਣ ਬਾਰੇ ਸਿੰਡੀਕੇਟ ਦਾ ਦਖ਼ਲ ਨਹੀਂ, ਕਿਸੇ ਇਕ ਵਿਭਾਗ ਦਾ ਸੀ ਜਿਸ ਮੈਨੂੰ ਪੱਤਰ ਭੇਜਿਆ ਸੀ। ਹੁਣ ਵੀ ਇਸੇ ਵਿਭਾਗ ਵਲੋਂ ਮੈਨੂੰ ਪੱਤਰ ਅ ਇਆ ਸੀ—ਪੰਜਾਬੀ ਸਾਹਿਤ ਅਧਿਐਨ ਵਿਭਾਗ ਵਲੋਂ। ਪੱਤਰ ਨਾਲ ਸ਼ਰਤਾਂ ਵੱਖ ਨੱਥੀ ਕੀਤੀਆਂ ਹੋਈਆਂ ਸਨ। ਪਰ ਕੁਝ ਕੁ ਦਿਨਾਂ ਮਗਰੋਂ ਮੈਂ ਸ਼ਰਤ ਨੰਬਰ ਚਾਰ ਪੜ੍ਹੀ ਤਾਂ ਮੈਨੂੰ ਸ਼ੱਕ ਹੋਈ ਕਿ ਯੂਨੀਵਰਸਿਟੀ ਕੁਝ ਕੁ ਪੈਸੇ ਇਕੋ ਵਾਰ ਅਦਾ ਕਰਕੇ ਸਦਾ ਲਈ ਹੱਕ ਲੈ ਰਹੀ ਹੈ। ਇਹ ਤਾਂ ਮਾੜੀ ਗੱਲ ਹੈ। ਪਹਿਲੀ ਪੁਸਤਕ ਜੋ ਛਾਪੀ ਸੀ, ਉਸਦੀ ਰਾਇਲਟੀ ਪੰਦਰਾਂ ਫ਼ੀ ਸਦੀ ਛਪੀ ਕੀਮਤ ਉਤੇ ਸੀ, ਉਹਨਾਂ ਦੀ ਆਈ ਚਿੱਠੀ ਅਨੁਸਾਰ। ਪਰ ਇਸ ਕਿਤਾਬ ਲਈ ਸੱਠ ਰੁਪਏ ਫ਼ੀ ਹਜ਼ਾਰ ਲਫ਼ਜ਼ ਹੀ ਸਨ। ਹੱਕ ਯੂਨੀਵਰਸਿਟੀ ਦੇ। ਮੈਂ ਇਸ ਸ਼ਰਤ ਦੇ ਸਪਸ਼ਟੀਕਰਣ ਬਾਰੇ ਲਿਖਿਆ। ਉੱਤਰ ਆਇਆ ਕਿ ਇਵੇਂ ਹੀ ਹੈ—ਸੱਠ ਰੁਪਏ ਫ਼ੀ ਹਜ਼ਾਰ ਲਫ਼ਜ਼ਾਂ ਦੀ ਅਦਾਇਗੀ ਤੇ ਹੱਕ ਯੂਨੀਵਰਸਿਟੀ ਦੇ, ਹਮੇਸ਼ਾ ਲਈ ਹੱਕ। ਪੁਸਤਕ ਡੇਢ ਕੁ ਸੌ ਸਫ਼ੇ ਆਕਾਰ ਦੀ ਮੰਗੀ ਗਈ ਸੀ ਤੇ ਹਰ ਸਫ਼ੇ ਦੇ ਔਸਤ ਤਿੰਨ ਸੌ ਸ਼ਬਦ ਮਿਥੇ ਗਏ ਸਨ। ਮੈਂ ਹਿਸਾਬ ਲਾਇਆ ਕਿ ਇਹ ਮੁਆਵਜ਼ਾ ਕੇਵਲ ਢਾਈ-ਤਿੰਨ ਹਜ਼ਾਰ ਹੀ ਬਣਦਾ ਹੈ। ਕੇਵਲ ਏਨੀ ਰਕਮ ਵਿਚ ਹੀ, ਸਦਾ-ਸਦਾ ਲਈ ਹੱਕ ਲੈ ਲੈਣੇ, ਮੈਨੂੰ ਨਾ-ਵਾਜਬ ਜਾਪਿਆ। ਫੇਰ ਜਦੋਂ ਇਕ ਕਿਤਾਬ ਦੀ ਪੰਦਰਾਂ ਫ਼ੀ ਸਦੀ ਰਾਇਲਟੀ ਹੈ ਤਾਂ ਦੂਜੀ ਨਾਲ ਇਹ ਵਿਤਕਰਾ ਕਿਉਂ? ਉਹ ਵੀ ਉਸੇ ਲੇਖਕ ਨਾਲ, ਉਸੇ ਹੀ ਵਿਭਾਗ ਤੇ ਉਸੇ ਯੂਨੀਵਰਸਿਟੀ ਵਲੋਂ। ਮੈਂ ਜਵਾਬ ਲਿਖ ਭੇਜਿਆ ਕਿ ਮੈਨੂੰ ਇਹ ਪ੍ਰਵਾਨ ਨਹੀਂ ਤੇ ਮੇਰੇ ਵਲੋਂ ਭੇਜੀ ਗਈ ਪ੍ਰਵਾਨਗੀ ਰੱਦ ਸਮਝੀ ਜਾਵੇ। ਇਹ ਲੇਖਕਾਂ ਨਾਲ ਅ-ਨਿਆਂ ਹੈ; ਸਰਾਸਰ ਧੱਕਾ; ਉਹ ਵੀ ਕਿਸੇ ਸੰਸਥਾ ਵਲੋਂ; ਪੰਜਾਬੀ ਯੂਨੀਵਰਸਿਟੀ ਵਰਗੀ ਗੌਰਵਮਈ ਸੰਸਥਾ ਵਲੋਂ। ਖ਼ਿਆਲ ਸੀ ਕਿ ਯੂਨੀਵਰਸਿਟੀ, ਸ਼ਾਇਦ, ਮੁੜ-ਵਿਚਾਰ ਕਰੇ ਤੇ ਮੈਨੂੰ ਠੀਕ ਸਮਝਦੀ ਹੋਈ ਮੇਰਾ ਧੰਨਵਾਦ ਵੀ ਕਰੇ। ਪਰ ਨਹੀਂ, ਇਹ ਨਹੀਂ ਕੀਤਾ ਗਿਆ। ਜਿਵੇਂ ਮੈਂ ਲਿਖ ਭੇਜਿਆ ਸੀ, ਉਸ ਅਨੁਸਾਰ ਹੀ, ਇਹ ਇਕਰਾਰਨਾਮਾ ਮਨਸੂਖ਼ ਕਰ ਦਿੱਤਾ ਗਿਆ। "...ਆਪ ਜੀ ਵਲੋਂ ਲਿਖਿਆ ਗਿਆ ਹੈ ਕਿ ਤੁਸੀਂ 'ਮੇਰੀ ਸਾਹਿਤਿਕ ਸਵੈ-ਜੀਵਨੀ' ਪੁਸਤਕ ਨੂੰ ਯੂਨੀਵਰਸਿਟੀ ਦੀਆਂ ਸ਼ਰਤਾਂ ਅਨੁਸਾਰ ਤਿਆਰ ਕਰਨ ਤੋਂ

ਅਸਮਰਥ ਹੋ। ਬੜੇ ਦੁੱਖ ਨਾਲ ਪ੍ਰੋ-ਵਾਈਸ ਚਾਂਸਲਰ ਨੇ ਆਪ ਜੀ ਨੂੰ ਸੌਂਪੇ ਪ੍ਰਾਜੈਕਟ 'ਮੇਰੀ ਸਾਹਿਤਿਕ ਸਵੈ-ਜੀਵਨੀ' ਨੂੰ ਮਨਸੂਖ਼ ਕਰਨ ਦੇ ਆਦੇਸ਼ ਦਿੱਤੇ ਹਨ।" ਹੇਠਾਂ ਮੁਖੀ ਦੇ ਦਸਖ਼ਤ ਸਨ। ਇਹ ਚਿੱਠੀ 25-2-93 ਨੂੰ ਲਿਖੀ ਗਈ। ਨੰਬਰ ਇਸਦਾ ਅ. ਸ. ਪੱਤਰ 211 ਹੈ। ਚਿੱਠੀ ਵਿਭਾਗ ਵਲੋਂ ਹੈ—ਪੰਜਾਬੀ ਸਾਹਿਤ ਅਧਿਐਨ ਵਿਭਾਗ ਵਲੋਂ।

ਇਹ ਹਨ ਪੰਜਾਬੀ ਬੋਲੀ ਤੇ ਸਾਹਿਤ ਦੀਆਂ ਮੁਸ਼ਕਿਲਾਂ। ਇਹੀਓ ਮੇਰੀਆਂ ਮੁਸ਼ਕਿਲਾਂ ਹਨ।

ਸੱਠ ਰੁਪਏ ਹਜ਼ਾਰ ਲਫ਼ਜ਼ ਅਨੁਵਾਦ ਦਾ ਵੀ ਰੇਟ ਨਹੀਂ। ਉਹ ਵੀ ਵਧ ਗਿਆ ਹੋਵੇਗਾ। ਇਹ ਤਾਂ ਮੌਲਿਕ ਕੰਮ ਹੈ ਭਲਾ!

ਪਤਾ ਨਹੀਂ, ਬਾਕੀ ਲੇਖਕ ਕਿਵੇਂ ਇਹ ਮੰਨ ਰਹੇ ਹਨ? ਮੇਰਾ ਮਨ ਨਹੀਂ ਮੰਨਿਆ ਇਉਂ।

ਇਕ ਵਾਰੀ ਮੈਂ ਦੋ ਪੁਸਤਕਾਂ, ਭੁੱਖ ਦੇ ਹੱਥੋਂ ਤੰਗ ਆਏ ਨੇ, ਕੇਵਲ ਸੌ-ਸੌ ਰੁਪਏ ਵਿਚ ਪ੍ਰਕਾਸ਼ਕ ਨੂੰ ਦੇ ਦਿੱਤੀਆਂ ਸਨ, ਸੰਨ 54-55 ਵਿਚ। ਪਰ ਉਹ ਨਿੱਜੀ ਪ੍ਰਕਾਸ਼ਕ ਸੀ। ਯੂਨੀਵਰਸਿਟੀ ਕਿਉਂ ਕਰੇ ਇਉਂ? ਅਤੇ, ਫੇਰ ਉਹ ਪੁਸਤਕਾਂ ਵੀ ਨਿਰੇ ਸੰਕਲਨ ਜਿਹੇ ਹੀ ਸਨ, ਸੰਪਾਦਿ ਕੀਤੇ ਹੋਏ ਹੀ। ਇਹ ਤਾਂ ਮੌਲਿਕ ਰਚਨਾ ਹੈ! ਇਸ ਨਾਲ ਅਜਿਹਾ ਵਿਵਹਾਰ ਉੱਕਾ ਅਣ-ਮਨੁੱਖੀ ਹੈ।

ਪ੍ਰੋ-ਵਾਈਸ ਚਾਂਸਲਰ ਨੂੰ ਇਸ ਪ੍ਰਾਜੈਕਟ ਨੂੰ ਮਨਸੂਖ਼ ਕਰਨ ਦਾ ਦੁੱਖ ਹੈ। ਕਾਸ਼! ਉਹਨੂੰ ਸਦਾ-ਸਦਾ ਲਈ ਹੱਕ ਲੈ ਲੈਣ ਦਾ ਦੁੱਖ ਵੀ ਹੁੰਦਾ, ਉਹ ਵੀ ਏਨੇ ਸਸਤੇ ਭਾਅ। ਇਹ ਤਾਂ ਕੱਪੜੇ ਲਾਹੁਣ ਵਾਲੀ ਹੀ ਗੱਲ ਹੈ ਦੂਜੇ ਲਫ਼ਜ਼ਾਂ ਵਿਚ।

# ਕੁਲਵਕਤੀ ਲੇਖਕ

ਮੈਂ ਕੁਲਵਕਤੀ ਲੇਖਕ ਹਾਂ, ਤੇ ਕੁਲਵਕਤੀ ਲੇਖਕ ਹੀ ਮੈਂ ਸਾਰਾ ਜੀਵਨ ਰਿਹਾ ਹਾਂ। ਕਦੇ-ਕਦੇ ਕੋਈ ਹੋਰ ਕੰਮ ਵੀ ਭਾਵੇਂ ਕਰਦਾ ਰਿਹਾ ਹਾਂ, ਪਰ ਆਖ਼ਿਰ ਨੂੰ ਮੈਂ ਸੋਚਿਆ ਕਿ ਮੈਨੂੰ ਇਸ ਪਾਸੇ ਦਾ ਹੀ ਹੋ ਕੇ ਰਹਿਣਾ ਚਾਹੀਦਾ ਹੈ। ਕਿਉਂਕਿ ਕੋਈ ਇਕੋ ਕੰਮ ਹੀ ਜੀਵਨ ਵਿਚ ਹੋ ਸਕਦਾ ਹੈ। ਇਹ ਘੱਟ ਹੀ ਸੰਭਵ ਹੈ ਕਿ ਤੁਸੀਂ ਇਕ ਲੋਹਾਰ ਵੀ ਹੋਵੋਂ ਤੇ ਇਕ ਚੰਗੇ ਸੁਨਿਆਰ ਵੀ। ਤੁਸੀਂ ਕਲਾਕਾਰ ਵੀ ਹੋਵੋ ਤੇ ਇਕ ਸਫਲ ਵਿਉਪਾਰੀ ਵੀ। ਜੇ ਇਹ ਹੈ ਤਾਂ ਇਕ ਪਾਸੇ ਘਾਟ ਜ਼ਰੂਰ ਹੀ ਆਉਂਦੀ ਹੈ। ਜਾਂ ਵਿਉਪਾਰ ਡਿਗਦਾ ਹੈ ਜਾਂ ਕਲਾਕਾਰ ਮਰ ਜਾਂਦਾ ਹੈ। ਕਿਉਂਕਿ ਮਨ ਤਾਂ ਇਕੋ ਹੈ। ਇਕੋ ਮਨ ਦੀ ਮਾਨਸਿਕਤਾ ਵੀ ਇਕੋ ਹੀ ਹੋ ਸਕਦੀ ਹੈ। ਜਾਂ ਉਹ, ਨਹੀਂ ਤਾਂ ਉਹ। ਚੋਪੜੀਆਂ, ਤੇ ਨਾਲੇ ਦੋ, ਕਿਸੇ ਨੂੰ ਘੱਟ ਹੀ ਮਿਲਦੀਆਂ ਹਨ। ਜੀਵਨ-ਤੱਤ ਵੀ ਇਹੋ ਹੈ ਤੇ ਮੇਰਾ ਆਪਣਾ ਅਨੁਭਵ ਵੀ। ਮੈਂ ਤਾਂ ਆਖ਼ਿਰ ਕਲਮ ਦਾ ਹੀ ਕਾਮਾ ਹੋ ਕੇ ਰਹਿ ਗਿਆ ਸਾਂ—ਸਾਹਿਤਕਾਰ ਦੀ ਕਲਮ ਦਾ ਕਾਮਾ। ਜੀਵਨ ਵਿਚ, ਕਦੇ-ਕਦੇ, ਮੈਂ ਜਿਹੜੇ ਹੋਰ ਕੋਈ ਕੰਮ ਕੀਤੇ, "ਬ੍ਰਿਹਸਪਤੀ" ਵਿਚ ਉਹਨਾਂ ਬਾਰੇ ਮੈਂ ਸਭ ਕੁਝ ਆਖ ਚੁੱਕਾ ਹਾਂ। ਏਥੇ ਉਹਨਾਂ ਨੂੰ ਮੁੜ ਦੁਹਰਾਉਣ ਦਾ ਹੁਣ ਕੋਈ ਮਤਲਬ ਨਹੀਂ ਹੈ।

ਪੰਜਾਬੀ ਵਿਚ ਕੁਲਵਕਤੀ ਲੇਖਕ ਹੋਣਾ ਬਹੁਤ ਔਖਾ ਹੈ। ਥੋੜਾ ਨਹੀਂ, ਬਹੁਤ ਔਖਾ। ਕਿਉਂਕਿ ਘੇਰਾ ਛੋਟਾ ਹੈ। ਇਸ ਤੋਂ ਬਿਨਾਂ ਪੰਜਾਬੀ ਬੋਲੀ ਨਾਲ ਬੁਰੀ ਵੀ ਬਹੁਤ ਹੋਈ ਹੈ ਤੇ ਹੁਣ ਤਕ ਹੋ ਰਹੀ ਹੈ। ਕਰੋੜਾਂ ਬੋਲਣ ਵਾਲੇ ਸਨ ਇਸ ਪੰਜਾਬੀ ਬੋਲੀ ਨੂੰ। ਅੱਜ ਵੀ ਕਰੋੜਾਂ ਹਨ। ਪਰ ਇਹ ਕਰੋੜਾਂ ਟੁਕੜਿਆਂ ਵਿਚ ਵੰਡਕੇ ਸੁੱਟੇ ਹੋਏ ਹਨ। ਕੁਝ ਹਿੰਦੋਸਤਾਨ ਵਿਚ, ਕੁਝ ਪਾਕਿਸਤਾਨ ਵਿਚ। ਇਹ ਤਾਂ ਮੁਖ ਵੰਡਾਂ ਹਨ। ਫੇਰ ਦੋਹਾਂ ਮੁਲਕਾਂ ਵਿਚ ਵੀ ਅੱਗੇ ਵੰਡਾਂ ਪੈ ਰਹੀਆਂ ਹਨ। ਵਰਤਮਾਨ ਪੰਜਾਬ ਸਾਡਾ—ਸਾਡਾ, ਭਾਰਤ ਪਾਸੇ ਵਾਲਾ—ਬਹੁਤ ਛੋਟਾ ਕਰ ਦਿੱਤਾ ਗਿਆ। ਕੁਝ ਤਾ ਇਹ ਹੈ ਹੀ ਜਿਸ ਵਿਚ ਅਸੀਂ ਬੈਠੇ ਹਾਂ, ਕੁਝ ਹਰਿਆਣਾ ਵਿਚ ਹੈ, ਕੁਝ ਰਾਜਸਥਾਨ ਵਿਚ ਤੇ ਕੁਝ ਹਿਮਾਚਲ ਵਿਚ ਹੈ। ਚੰਡੀਗੜ੍ਹ ਪੰਜਾਬ ਦਾ ਹੈ, ਪਰ ਇਹ ਪੰਜਾਬ ਤੋਂ ਬਾਹਰ ਹੈ ਤੇ ਦਿੱਤਾ ਜਾ ਹੀ ਨਹੀਂ ਰਿਹਾ। ਅਸਲ ਵਿਚ ਪੰਜਾਬੀ ਬੋਲੀ ਕਾਲੀਆਂ ਸਿਆਸਤਾਂ ਦੇ ਧੱਕੇ ਚੜ੍ਹੀ ਹੋਈ ਹੈ। ਜੇ ਜ਼ਿੰਦਾ ਹੈ ਤਾਂ ਇਸ ਲਈ ਕਿ ਇਹ ਫ਼ਰੀਦ ਦੀ ਬੋਲੀ ਹੈ। ਇਹ ਗੁਰੂ ਨਾਨਕ, ਗੁਰੂ ਅਰਜਨ, ਸ਼ਾਹ ਹੁਸੈਨ, ਬੁਲ੍ਹੇ ਸ਼ਾਹ ਤੇ ਵਾਰਿਸਸ਼ਾਹ ਦੀ ਬੋਲੀ ਹੈ।

ਨਹੀਂ ਤਾਂ ਇਸਨੂੰ ਮਾਰ ਦੇਣ ਦੀ ਕਸਰ ਕੋਈ ਛੱਡੀ ਨਹੀਂ ਗਈ। ਇਹਨੂੰ ਉਹ ਵੀ ਮਾਰਦੇ ਹਨ ਜੋ ਪੰਜਾਬੀ ਹੁੰਦੇ ਹੋਏ ਇਸ ਨੂੰ ਆਪਣੀ ਮਾਤ-ਭਾਸ਼ਾ ਮੰਨਣ ਤੋਂ ਇਨਕਾਰੀ ਹਨ; ਤੇ ਇਹਨੂੰ ਉਹ ਵੀ ਮਾਰਦੇ ਹਨ ਜੋ ਇਸਨੂੰ ਸਭਿਆਚਾਰ ਨਹੀ; ਧਰਮ ਨਾਲ ਜੋੜੀ ਬੈਠੇ ਹਨ। ਬੋਲੀ ਖਿੱਤੇ ਦੀ ਹੁੰਦੀ ਹੈ, ਇਹ ਕੋਈ ਵੀ ਮੰਨਦਾ ਨਹੀਂ ਹੈ।

ਅੰਗਰੇਜ਼ੀ ਸਾਮਰਾਜ ਨੇ ਬੰਗਾਲ ਨੂੰ ਵੀ ਵੰਡਿਆ ਸੀ। ਪਰ, ਬੰਗਾਲੀ ਨਹੀਂ ਵੰਡੀ ਗਈ। ਅੱਜ ਦੋ ਬੰਗਾਲ ਹਨ। ਇਕ ਭਾਰਤ ਵਿਚ ਹੈ ਤੇ ਦੂਜਾ ਪਾਕਿਸਤਾਨ ਵਿਚ ਸੀ, ਜੋ ਬੰਗਲਾਦੇਸ਼ ਬਣ ਚੁੱਕਾ ਹੈ। ਪਰ ਬੋਲੀ ਦੋਹਾਂ ਦੀ ਬੰਗਲਾ ਹੈ। ਦੋਵੇਂ, ਆਪਣੀ ਬੋਲੀ ਪਿੱਛੇ, ਆਪਣੀ ਜਾਨ ਦੇ ਰਹੇ ਹਨ। ਗੁਰੂਦੇਵ ਟੈਗੋਰ ਜਿੰਨਾ ਭਾਰਤੀ ਬੰਗਾਲ ਦਾ ਹੈ, ਉਨਾ ਹੀ ਬੰਗਲਾਦੇਸ਼ੀਆਂ ਦਾ। ਇਸੇ ਤਰ੍ਹਾਂ ਕਾਜ਼ੀ ਨਜ਼ਰੁਲਸਲਾਮ ਦੋਹਾਂ ਬੰਗਾਲਾਂ ਦਾ ਹੈ। ਦੋਵੇਂ, ਇਹਨਾਂ ਦੋਹਾਂ ਨੂੰ, ਆਪਣੇ ਸੀਨੇ ਨਾਲ ਲਾਈਂ ਬੈਠੇ ਹਨ। ਬੰਗਲਾਦੇਸ਼, ਪਾਕਿਸਤਾਨ ਤੋਂ ਇਸ ਲਈ ਵੱਖ ਹੋਇਆ ਸੀ ਕਿ ਪਾਕਿਸਤਾਨ ਉਹਨਾਂ ਦੀ ਭਾਸ਼ਾ ਬੰਗਲਾ ਨੂੰ ਕੁਚਲ ਰਿਹਾ ਸੀ। ਠੀਕ ਹੈ, ਦੋਵੇਂ ਬੰਗਾਲ ਹਿੰਦੂ-ਮੁਸਲਮਾਨ ਤਾਂ ਹਨ, ਪਰ ਫੇਰ ਵੀ ਦੋਵੇਂ ਬੰਗਾਲੀ ਹਨ। ਪਰ ਅਸੀਂ ਪੰਜਾਬੀ ਨਹੀਂ ਹਾਂ, ਕੇਵਲ ਹਿੰਦੂ-ਸਿੱਖ ਹੀ ਹਾਂ। ਇਹ ਸ਼ਰਮ ਵਾਲੀ ਗੱਲ ਹੈ! ਸ਼ਰਮ ਵਾਲੀ!! ਸ਼ਰਮ ਵਾਲੀ!!! ਇਸ ਬੋਲੀ ਦਾ ਲੇਖਕ ਹਾਂ ਮੈਂ—ਇਸਦਾ ਕੁਲਵਕਤੀ ਲੇਖਕ! ਕੁਲਵਕਤੀ ਲੇਖਕ ਹੋਣਾ ਤਾਂ ਕਿਸੇ ਵੀ ਬੋਲੀ ਵਿਚ ਔਖਾ ਹੈ, ਪਰ ਮੇਰੀ ਬੋਲੀ ਵਿਚ ਬਹੁਤ ਔਖਾ, ਮੇਰੀ ਬਦਕਿਸਮਤ ਬੋਲੀ ਵਿਚ।

1950 ਵਿਚ ਨਵਤੇਜ ਸਿੰਘ ਨੇ ਕਿਹਾ ਸੀ : "ਧੀਰ, ਘਬਰਾ ਨਾ, ਹੁਣ ਤੋਂ ਪੰਜਾਂ ਸਾਲਾਂ ਤਕ ਇਨਕਲਾਬ ਆ ਜਾਵੇਗਾ; ਫੇਰ ਆਪਣੀਆਂ ਪੁਸਤਕਾਂ ਦੇ ਪੱਚੀ-ਪੱਚੀ ਹਜ਼ਾਰ ਦੇ ਐਡੀਸ਼ਨ ਛਪਿਆ ਕਰਨਗੇ।" ਨਵਤੇਜ ਸਿੰਘ ਦੇ ਕਹਿਣ ਅਨੁਸਾਰ 1955 ਵਿਚ ਇਹ ਹਾਲਤ ਹੋ ਜਾਣੀ ਚਾਹੀਦੀ ਸੀ। ਪਰ, ਅੱਜ, 1993 ਜਾ ਰਿਹਾ ਹੈ। ਪੰਜਾਬੀ ਵਿਚ ਅੱਜ "ਵਿਸ਼ਵ" ਕਾਨਫ਼ਰੰਸਾਂ ਤਾਂ ਹੋ ਰਹੀਆਂ ਹਨ, ਪਰ ਕਿਤਾਬ ਹਜ਼ਾਰ ਦੀ ਥਾਂ ਸੱਤ ਸੌ, ਪੰਜ ਸੌ, ਤਿੰਨ ਸੌ ਛਪਣ ਲੱਗ ਪਈ ਹੈ। ਉਹ ਵੀ ਜਿਵੇਂ ਛਪਦੀ ਹੈ, ਉਸਦਾ ਸਭ ਨੂੰ ਪਤਾ ਹੈ—ਪੰਜਾਬੀ ਵਿਚ ਲਿਖਣ ਵਾਲਿਆਂ ਨੂੰ। ਦਸ ਕੁ ਵਰ੍ਹੇ ਪਹਿਲਾਂ ਵੀ ਮੈਂ ਇਹ ਗੱਲ ਕਿਤੇ ਲਿਖੀ ਸੀ। ਅੱਜ ਵੀ ਹਾਲਤ ਉਹੀ ਹੈ। ਸਗੋਂ ਹਾਲਤ ਪਹਿਲਾਂ ਨਾਲੋਂ ਹੋਰ ਵੀ ਹੇਠਾਂ ਗਈ ਹੈ।

ਕੁਝ ਕੁ ਵਰ੍ਹੇ ਪਹਿਲਾਂ ਮੈਂ ਯੂਰਪ ਬਾਰੇ ਪੜ੍ਹਿਆ ਸੀ। ਕਿਸੇ ਨਵੇਂ ਲੇਖਕ ਨੇ ਕੁਝ ਕਵਿਤਾਵਾਂ ਲਿਖੀਆਂ ਤੇ ਕਿਸੇ ਪੱਤਰ ਨੂੰ ਭੇਜੀਆਂ। ਉਹ ਕਵਿਤਾਵਾਂ ਛਪੀਆਂ ਤਾਂ ਪਾਠਕਾਂ ਵਲੋਂ ਵੀਹ ਹਜ਼ਾਰ ਚਿੱਠੀਆਂ ਉਸਨੂੰ ਭੇਜੀਆਂ ਗਈਆਂ। ਇਹ ਪ੍ਰਸੰਸਾ-ਪੱਤਰ ਸਨ ਤੇ ਨਾਲ ਤੁਹਫ਼ੇ ਵੀ ਭੇਜੇ ਸਨ। ਹਾਲਾਂਕਿ ਯੂਰਪ ਦੇ ਮੁਲਕ ਵੱਡੇ ਵੀ ਬਹੁਤੇ ਨਹੀਂ ਹਨ। ਪਰ ਸਾਡੇ ਵਾਂਗੂ ਉਹਨਾਂ ਦੀਆਂ ਬੋਲੀਆਂ ਬਦਕਿਸਮਤ ਨਹੀਂ।

ਰਣਜੀਤ ਸਿੰਘ ਦੇ ਰਾਜ ਨੂੰ ਕੋਈ ਸਿੱਖ ਰਾਜ ਕਹਿੰਦਾ ਹੈ, ਕੋਈ ਪੰਜਾਬੀ ਰਾਜ

ਵੀ। ਪਰ ਉਦੋਂ ਵੀ ਪੰਜਾਬੀ ਬੋਲੀ ਦਫਤਰੀ ਬੋਲੀ ਨਹੀਂ ਸੀ ਬਣੀ (ਫ਼ਾਰਸੀ ਹੀ ਸੀ ਦਫ਼ਤਰੀ ਬੋਲੀ)। ਰਾਜੇ ਨੇ ਰਾਜ ਕਰਨਾ ਸੀ, ਲੋੜ ਕੀ ਸੀ ਪਈ ਉਹਨੂੰ ਪੰਜਾਬੀ ਦਾ ਹਿਤ ਪਾਲਣ ਦੀ ? ਦਫ਼ਤਰੀ ਕੰਮ ਜਿਸ ਬੋਲੀ ਵਿਚ ਹੁੰਦਾ ਸੀ ਪਹਿਲਾ, ਉਹ ਜਾਰੀ ਰਿਹਾ। ਹਾਂ, ਗੁਰੂ ਨਾਨਕ ਨੂੰ ਜ਼ਰੂਰ ਸਿਰ ਝੁਕਾਉਂਦਾ ਸੀ। ਸਵੇਰੇ ਉੱਠ ਗੁਰੂ ਗਰੰਥ ਸਾਹਿਬ ਨੂੰ ਮੱਥਾ ਟੇਕਿਆ ਤੇ ਗੱਦੀ ਉਤੇ ਬਹਿ ਗਿਆ। ਬਾਕੀ ਸਭ ਕੁਝ ਉਵੇਂ ਹੀ ਸੀ ਜਿਵੇਂ ਹੁੰਦਾ ਹੀ ਆਇਆ ਸੀ। ਹਾਂ-ਪੱਖੀ ਗੱਲਾਂ ਵੀ ਜ਼ਰੂਰ ਸਨ ਉਸ ਰਾਜ ਦੀਆਂ, ਪਰ ਮੈਂ ਤਾਂ ਏਥੇ ਗੱਲ ਪੰਜਾਬੀ ਬੋਲੀ ਦੀ ਕਰ ਰਿਹਾ ਹਾਂ। ਉਹ ਉਦੋਂ ਵੀ ਨਹੀਂ ਸੀ ਕਿਤੇ।

ਮਹਾਰਾਜਾ ਭੂਪਿੰਦਰ ਸਿੰਘ ਪਟਿਆਲਾ ਨੇ ਜ਼ਰੂਰ ਪੰਜਾਬੀ ਲਾਗੂ ਕੀਤੀ ਹੋਈ ਸੀ, ਆਪਣੀ ਰਿਆਸਤ ਪਟਿਆਲਾ ਵਿਚ, ਪ੍ਰਾਇਮਰੀ ਸਕੂਲਾ ਵਿਚ—ਜੇ ਮੈਂ ਭੁੱਲਦਾ ਨਹੀਂ ਹਾਂ। ਮੇਰੇ ਨਾਨਕੇ ਮੁਸਲਮਾਨੀ ਸ਼ਹਿਰ ਬਸੀ ਪਠਾਣਾਂ ਹਨ। ਬਸੀ, ਪਟਿਆਲਾ ਵਿਚ ਸੀ। ਬਸੀ ਦੇ ਸਕੂਲਾਂ ਵਿਚ ਮੁਸਲਮਾਨ ਬੱਚੇ ਵੀ ਪੰਜਾਬੀ ਪੜ੍ਹਦੇ ਹੁੰਦੇ ਸਨ, ਗੁਰਮੁਖੀ, ਬਾਲ ਉਪਦੇਸ਼ ਉੱਤੇ। ਪਰ ਫੇਰ ਪੰਜਾਬੀ ਪਤਾ ਨਹੀਂ ਕਦ ਛਾਈਂ ਮਾਈਂ ਕਰ ਦਿੱਤੀ ਗਈ। ਰਜਵਾੜਾਸ਼ਾਹੀ ਦੇ ਨਾਲ ਹੀ ਪੰਜਾਬੀ ਵੀ ਖ਼ਤਮ ਕਰ ਦਿੱਤੀ ਗਈ। ਰਜਵਾੜਾਸ਼ਾਹੀ ਖ਼ਤਮ ਕਰੋ, ਪੰਜਾਬੀ ਨੂੰ ਤਾ ਰੱਖੋ। ਪਰ ਨਹੀਂ, ਇਹ ਨਹੀਂ ਕੀਤਾ ਗਿਆ। ਕਣਕ ਨਾਲ ਘਿਨ ਵੀ ਵਿਚਾਰਾ ਪੀਸ ਦਿੱਤਾ ਗਿਆ।

ਸਵਾਲ ਪੈਦਾ ਹੁੰਦਾ ਹੈ ਮੈਂ ਰੋਟੀ ਕਿਵੇਂ ਖਾਂਦਾ ਹਾਂ, ਜਾਂ ਕਿਵੇਂ ਖਾਂਦਾ ਰਿਹਾ ਹਾਂ? ਰੋਟੀ ਵਾਲੀ ਗੱਲ ਨਾ ਪੁੱਛੋ। ਰੋਟੀ ਤਾਂ, ਜੇ ਸੱਚ ਪੁੱਛੋ, ਤਾਂ ਮੈਂ ਖਾਧੀ ਹੀ ਨਹੀਂ ਹੈ। ਇਹ ਵੀ ਕੋਈ ਰੋਟੀ ਹੈ ਜੋ ਮੈਂ ਖਾਂਦਾ ਰਿਹਾ ਹਾਂ ? ਮੈਂ ਕੰਗਾਲੀ ਦਾ ਜੀਵਨ ਬਤੀਤ ਕਰਦਾ ਰਿਹਾ ਹਾਂ, ਪਰ ਟੌਰ ਫਿਰ ਵੀ ਛੱਡੀ ਨਹੀਂ। ਮਟਕ, ਹਰ ਕੀਮਤ ਉੱਤੇ, ਮੈਂ ਆਪਣੀ ਕਾਇਮ ਰੱਖੀ ਹੈ। ਇਹ ਮੇਰੀ ਜੀਵਨ-ਜਾਚ ਹੈ। ਅਜਿਹੀ ਜੀਵਨ-ਜਾਚ ਮੈਨੂੰ ਮੇਰੀ, ਬੜੀ ਹੀ ਸਿਹਤਮੰਦ, ਵਿਚਾਰਧਾਰਾ ਤੋਂ ਮਿਲੀ ਹੈ। ਵਿਚਾਰਧਾਰਾ ਇਹ ਉਹੀਓ ਹੈ ਜਿਸਦੀ ਤਹਿ ਦੇ ਥੱਲੇ ਗੁਰੂ ਨਾਨਕ ਅਤੇ ਕਬੀਰ ਹਨ। ਰਵੀਦਾਸ, ਚੰਡੀਦਾਸ, ਤੁਕਾ ਰਾਮ, ਨਾਮਦੇਵ। ਮੈਂ ਮਾਰਕਸਵਾਦੀ ਵਿਚਾਰਧਾਰਾ ਦਾ ਧਾਰਨੀ ਹਾਂ। ਪਰ ਮੇਰੀ ਇਹ ਵਿਚਾਰਧਾਰਾ ਭਗਤੀ ਲਹਿਰ ਦੇ ਸਾਰੇ ਸੰਤਾਂ, ਭਗਤਾਂ ਅਤੇ ਗੁਰੂਆਂ ਨੂੰ ਪਰਨਾਮ ਕਰਕੇ ਤੁਰਦੀ ਹੈ। ਮੈਂ ਸਦਾ ਹੀ ਆਪਣੇ ਸਭਿਆਚਾਰ ਨੂੰ ਆਪਣੇ ਨਾਲ ਰਖਿਆ ਹੈ; ਮੇਰਾ ਸਭਿਆਚਾਰ ਬੜਾ ਤਕੜਾ ਅਤੇ ਨਰੋਆ ਹੈ।

ਮੈਂ ਕਾਠ ਦੀ ਰੋਟੀ ਖਾਧੀ ਹੈ, ਉਹੀਓ, ਜਿਹੜੀ ਮਹਾਨ ਬਾਬਾ ਫ਼ਰੀਦ ਜੀ ਨੇ ਖਾਧੀ ਸੀ। ਮਿੱਠੇ-ਮਿੱਠੇ ਦੁੱਧ ਵਾਲੀ ਕੋਧਰੇ ਦੀ ਰੋਟੀ। ਛੱਤੀ ਪਰਕਾਰ ਦੇ ਭੋਜਨ ਨਾ ਮਿਲੇ ਹਨ, ਨਾ ਖਾਧੇ ਹਨ। ਦੁਨੀਆਂ ਵਿਚ ਕੋਧਰੇ ਦੀ ਰੋਟੀ ਜਿਹੀ ਕੋਈ ਰੋਟੀ ਨਹੀਂ। ਭਾਵੇਂ ਇਹ "ਕਾਠ" ਦੀ ਕਿਉਂ ਨਾ ਹੋਵੇ—ਰੁੱਖੀ ਅਤੇ ਮਿੱਸੀ ਰੋਟੀ।

ਮੇਰੇ ਕੁਝ ਮਿੱਤਰ ਮੇਰੀ ਹਿਫ਼ਾਜ਼ਿਤ ਕਰਦੇ ਰਹੇ ਹਨ। ਗੁਰਚਰਨ ਰਾਮਪੁਰੀ ਨੇ ਵੀ ਮੇਰੀ ਮਦਦ ਕੀਤੀ ਹੈ ਤੇ ਕਈ ਹੋਰਾਂ ਦੋਸਤਾਂ ਵੀ। ਰੂਪ, ਮੇਰਾ ਭਰਾ, ਮੇਰੀ ਕਾਫ਼ੀ ਮਦਦ

ਕੇਰੋਦਾ ਰਿਹਾ। ਕਈ ਵਰ੍ਹੇ ਉਹ ਸੌ ਰੁਪਿਆ ਮਹੀਨਾ ਮੈਨੂੰ ਦਿੰਦਾ ਰਿਹਾ। ਫੇਰ ਉਸਦੇ ਆਪਣੇ ਵੀ ਖ਼ਰਚੇ ਵਧਦੇ ਚਲੇ ਗਏ।

ਭਾਸ਼ਾ ਵਿਭਾਗ ਦੀ ਪੈਨਸ਼ਨ ਮੈਨੂੰ ਬੜੀ ਮੁਸ਼ਕਿਲ ਲੱਗੀ ਸੀ। ਵਿਸ਼ਵਾ ਨਾਥ ਤਿਵਾੜੀ ਨੇ ਇਹ ਆਖਕੇ ਲਗਵਾਈ ਸੀ। ਉਮਰ ਮੇਰੀ ਅਠਵੰਜਾ ਵਰ੍ਹੇ ਤੋਂ ਕਾਫ਼ੀ ਉਤੇ ਹੋ ਚੁੱਕੀ ਸੀ। ਪਰ ਅਧਿਕਾਰੀ ਕਹਿੰਦੇ ਸਨ ਕਿ ਉਹਨਾਂ ਨੂੰ ਮੈਂ ਅਜੇ ਵੀ ਪੈਂਤੀ ਵਰ੍ਹੇ ਦਾ ਹੀ ਲੱਗ ਰਿਹਾ ਹਾਂ। ਮੇਰੀ ਟੋਰ, ਮੇਰੀ ਸ਼ਖ਼ਸੀਅਤ, ਮੇਰੇ ਵਿਰੁੱਧ ਜਾ ਰਹੀ ਸੀ। ਚਾਹੀਦਾ ਤਾਂ ਇਹ ਸੀ ਕਿ ਮੈਨੂੰ ਇਸ ਗੱਲ ਦੀ ਵੀ ਸਗੋਂ ਪੈਨਸ਼ਨ ਲਾਈ ਜਾਂਦੀ – ਦੂਹਰੀ ਪੈਨਸ਼ਨ ਦਿੱਤੀ ਜਾਂਦੀ। ਪਰ, ਅਜਿਹਾ ਕਿਥੇ ਹੈ? ਇੱਕ ਹੀ ਮੁਸ਼ਕਿਲ ਲੱਗੀ ਸੀ। ਅਤੇ, ਜਿਹੜੀ ਇਹ ਲੱਗੀ ਹੈ, ਇਹ ਵੀ ਠੀਕ ਮਿਲਦੀ ਨਹੀਂ।

ਪਹਿਲਾਂ ਚਾਰ ਸੌ ਹੁੰਦੀ ਸੀ ਤੇ ਹਰ ਤਿੰਨ ਮਹੀਨੇ ਮਗਰੋਂ ਭੇਜ ਦਿੱਤੀ ਜਾਂਦੀ ਸੀ। ਫੇਰ ਕਿਸੇ ਹਿਤੈਸ਼ੀ ਵਲੋਂ ਇਹ ਥੋੜੀ ਵੱਧ ਕਰਵਾਈ ਗਈ ਤੇ ਚਾਰ ਸੌ ਦੀ ਥਾਂ ਇਹ ਸਵਾ ਪੰਜ ਸੌ ਕਰ ਦਿੱਤੀ ਗਈ। ਪਰ ਇਹ ਹੋਈ ਇਸ ਤਰ੍ਹਾਂ ਕਿ ਦੋ ਹਿੱਸੇ ਕੇਂਦਰੀ ਸਰਕਾਰ ਦੇਣ ਲੱਗ ਪਈ ਤੇ ਇਕ ਹਿੱਸਾ ਰਾਜ ਸਰਕਾਰ ਆਪਣੇ ਵਲੋਂ ਪਾਉਂਦੀ ਸੀ। ਸਾਢੇ ਤਿੰਨ ਸੌ ਕੇਂਦਰ ਵਲੋਂ ਤੇ ਇਕ ਸੌ ਪਝੱਤਰ ਰਾਜ ਵਲੋਂ—ਇਉਂ ਦੋ ਸੌ ਪੱਚੀ ਰੁਪਏ ਰਾਜ ਨੂੰ ਬਚਣ ਲੱਗ ਪਏ ਸਗੋਂ—ਪਰ ਜਦੋਂ ਤੋਂ ਇਹ "ਵਧੀ" ਹੈ, ਉਦੋਂ ਤੋਂ ਇਹ ਮਿਲਦੀ ਹੀ ਨਹੀਂ। ਮਿਲਦੀ ਹੈ ਤਾਂ ਵਰ੍ਹਾ-ਵਰ੍ਹਾ, ਡੇਢ-ਡੇਢ ਵਰ੍ਹਾ ਲੰਘੇ ਤੋਂ। ਏਦੋਂ ਤਾਂ ਇਹ ਵਧਦੀ ਹੀ ਨਾ। ਪਹਿਲਾਂ ਮਿਲਦੀ ਤਾਂ ਰਹਿੰਦੀ ਸੀ। ਹੁਣ ਹਾਲਤ ਇਹ ਹੈ ਕਿ ਦੋ ਵਰ੍ਹੇ ਤੋਂ ਮਿਲੀ ਹੀ ਨਹੀਂ! 1991-92 ਦੀ ਤੇ 92 ਅਤੇ 93 ਦੀ। ਉਂਜ ਵੱਧ ਕੇ, ਸਵਾ ਪੰਜ ਤੋਂ ਇਕ ਹਜ਼ਾਰ ਹੋ ਚੁੱਕੀ ਹੈ—92-93 ਲਈ ਛੇ ਸੌ ਸੱਤਰ ਕੇਂਦਰ ਤੇ ਤਿੰਨ ਸੌ ਤੀਹ ਰਾਜ ਵਲੋਂ, ਇਉਂ ਇਕ ਹਜ਼ਾਰ ਹਨ। ਪਰ ਜੇ ਮਿਲਣ ਤਦ ਹਨ, ਐਵੇਂ ਹੀ ਤਾਂ ਨਹੀਂ ਹਨ। ਮੇਰਾ ਅਠਾਰਾਂ ਹਜ਼ਾਰ ਰੁਪਿਆ ਇਸ ਪੈਨਸ਼ਨ ਦਾ ਪਿਆ ਹੈ, ਪੰਜਾਬ ਰਾਜ ਸਰਕਾਰ ਵੱਲ—ਤਰੇਹਟ ਸੌ 91-92 ਦਾ ਤੇ ਬਾਰਾਂ ਹਜ਼ਾਰ 92-93 ਦਾ—ਪਰ ਦਿੱਤਾ ਨਹੀਂ ਜਾ ਰਿਹਾ। ਇਕੱਤੀ ਮਾਰਚ 93 ਨੂੰ ਦੋ ਵਰ੍ਹੇ ਹੋ ਜਾਣੇ ਹਨ ਪੂਰੇ। ਅੱਜ ਚੌਵੀ ਮਾਰਚ ਹੈ ਜਦੋਂ ਮੈਂ ਇਹ ਲਿਖ ਰਿਹਾ ਹਾਂ। ਇਕ ਹਫਤਾ ਰਹਿੰਦਾ ਹੈ ਬੱਸ। ਕਲ੍ਹ ਨੂੰ ਜੇ ਆ ਜਾਣ ਤਾਂ ਵੀ ਦੋ ਵਰ੍ਹੇ ਹੀ ਹਨ। ਅੱਵਲ ਤਾਂ ਕੋਈ ਆਸ ਨਹੀਂ। ਕੇਂਦਰ ਵਲੋਂ ਆਪਣੀ ਬਣਦੀ ਰਕਮ ਸਾਰੀ ਆ ਚੁੱਕੀ ਹੈ—ਇਹਨਾਂ ਦੋਹਾਂ ਵਰ੍ਹਿਆਂ ਦੀ ਹੀ। ਪਰ ਰਾਜ ਸਰਕਾਰ ਆਪਣਾ ਹਿੱਸਾ ਪਾਉਣ ਵਿਚ ਨਹੀਂ ਆ ਰਹੀ। ਕਈ ਵਾਰ ਲਿਖ ਚੁੱਕਾ ਹਾਂ। ਇਕੋ ਉੱਤਰ ਆਉਂਦਾ ਹੈ: "ਅਜੇ ਮਨਜ਼ੂਰੀ ਨਹੀਂ ਆਈ।" ਕਿਸ ਤੋਂ ਨਹੀਂ ਆਈ ਮਨਜ਼ੂਰੀ? ਇਹ ਵੇਰਵਾ ਹੁੰਦਾ ਨਹੀਂ। ਸਾਫ਼ ਹੈ, ਪੰਜਾਬ ਦੀ ਸਰਕਾਰ ਤੋਂ ਹੀ ਨਹੀਂ ਆਈ। ਕੇਂਦਰ ਤਾਂ ਦੇ ਚੁੱਕਾ ਹੈ। ਪੰਜਾਬ ਦੀ ਸਰਕਾਰ ਤੋਂ ਮਨਜ਼ੂਰੀ ਕਿਸਨੇ ਲੈਣੀ ਹੈ? ਪੰਜਾਬ ਦੇ ਭਾਸ਼ਾ ਵਿਭਾਗ ਨੇ ਹੀ। ਫੇਰ ਉਹ ਲੈਂਦਾ ਕਿਉਂ ਨਹੀਂ? ਇਸਦਾ ਉੱਤਰ ਕੁਝ ਵੀ ਨਹੀਂ।

ਠੀਕ ਹੈ, ਪੰਜਾਬ ਦਾ ਖ਼ਜ਼ਾਨਾ ਬਹੁਤ ਕਮਜ਼ੋਰ ਹੈ। ਪਰ ਇਹ ਗਿੱਧੇ-ਭੰਗੜੇ ਤੇ ਤੂੰਬੀ ਵਾਲਿਆਂ ਲਈ ਨਹੀਂ। ਉਹਨਾਂ ਲਈ ਪੈਸੇ ਬਹੁਤ ਹਨ। ਲੱਖਾਂ ਰੁਪਏ ਇਕ-ਇਕ ਰਾਤ ਦੇ ਉਹਨਾਂ ਨੂੰ ਦਿੱਤੇ ਜਾਂਦੇ ਹਨ—ਜੋ ਸਭਿਆਚਾਰ ਦੇ ਨਾਂ ਉਤੇ, ਸਭਿਆਚਾਰ ਦੀ ਚੰਗੀ ਤਰ੍ਹਾਂ ਮਿੱਟੀ ਪਲੀਤ ਕਰ ਰਹੇ ਹਨ। ਅਸੀਂ ਬਹੁਤੇ ਹਾਂ ਵੀ ਨਹੀਂ ਜੋ ਦਿੱਲੀ ਨਾਲ ਜੁੜੇ ਹੋਏ ਹਾਂ। ਕੇਵਲ ਅੱਠ ਬੰਦੇ ਹਾਂ। ਉਹਨਾਂ ਵਿਚੋਂ ਐਸ.ਐਸ. ਅਮੋਲ ਜੀ ਉਂਜ ਵੀ ਰਹੇ ਨਹੀਂ। ਬਾਕੀਆਂ ਨੂੰ ਵੀ, ਸੁਣਿਆ ਹੈ, ਕਿ ਸਾਡੇ ਵਾਂਗ ਹੀ ਮਿਲ ਨਹੀਂ ਰਹੀ ਜਿਨ੍ਹਾਂ ਨੂੰ ਚਾਰ ਸੌ ਮਿਲਦੀ ਹੈ ਇਹ ਹਾਲ ਹੈ ਸਾਡਾ ਅੱਜ।

ਇਕ ਪੈਨਸ਼ਨ, ਦੋ ਸੌ ਰੁਪਏ ਦੀ, ਮੈਨੂੰ ਹੋਰ ਮਿਲਦੀ ਹੈ। ਇਹ ਸੀਨੀਅਰ ਲੇਖਕ ਸਹਾਇਤਾ ਟਰੱਸਟ, ਪਟਿਆਲਾ ਵਲੋਂ ਮਿਲਦੀ ਹੈ। ਜੂਨ 1988 ਵਿਚ ਇਹ ਜਾਰੀ ਕੀਤੀ ਗਈ ਸੀ। ਉਦੋਂ ਤੋਂ ਅੱਜ ਤੱਕ ਬਾਕਾਇਦਾ ਦਿੱਤੀ ਜਾ ਰਹੀ ਹੈ। ਸਗੋਂ ਮਹੀਨਾ ਚੜ੍ਹਦੀ ਸਾਰ ਹੀ ਮਨੀਆਰਡਰ ਆ ਜਾਂਦਾ ਹੈ। ਪ੍ਰੋਫੈਸਰ ਵਿਮਲ ਭਨੋਟ ਇਹ ਮਨੀਆਰਡਰ ਭੇਜਦੇ ਹਨ। ਪਹਿਲਾਂ ਪਟਿਆਲਾ ਤੋਂ ਭੇਜਦੇ ਸਨ, ਹੁਣ ਉਹ ਰੁੜਕੀ ਤੋਂ ਭੇਜਦੇ ਹਨ। ਪਟਿਆਲਾ ਇੰਜਨੀਅਰਿੰਗ ਕਾਲਜ ਵਿਚ ਸਨ। ਰੁੜਕੀ, ਸ਼ਾਇਦ, ਡਾਕਟਰੇਟ ਕਰਨ ਲਈ ਗਏ ਹੋਏ ਹਨ, ਰੁੜਕੀ ਯੂਨਵਰਸਿਟੀ ਵਿਚ। ਇਹ ਟਰੱਸਟ ਪ੍ਰੋਫੈਸਰ ਐਮ. ਸੀ. ਭਾਰਦਵਾਜ ਹੋਰਾਂ ਨੇ ਚਾਲੂ ਕੀਤਾ ਹੋਇਆ ਹੈ। ਸਭ ਤੋਂ ਪਹਿਲਾਂ ਮੈਨੂੰ ਹੀ ਇਹ ਪੈਨਸ਼ਨ ਜਾਰੀ ਕੀਤੀ ਗਈ। ਕਿਸੇ ਹੋਰ ਲੇਖਕ ਨੂੰ ਵੀ ਮਿਲਦੀ ਹੋਵੇ ਤਾਂ ਪਤਾ ਨਹੀਂ। ਤਾ-ਜ਼ਿੰਦਗੀ ਪੈਨਸ਼ਨ ਹੈ। ਇਹ ਵੀ ਫ਼ੈਸਲਾ ਲਿਆ ਹੈ ਕਿ ਮੈਥੋਂ ਮਗਰੋਂ ਅੱਗੋਂ ਇਹ ਮੇਰੀ ਪਤਨੀ ਨੂੰ ਦਿੱਤੀ ਜਾਵੇਗੀ। ਸਰਕਾਰ ਦੀ ਪੈਨਸ਼ਨ ਇਸਦੇ ਅੱਗੇ ਤੁੱਛ ਹੋ ਕੇ ਰਹਿ ਜਾਂਦੀ ਹੈ।

ਜੂਨ 1988 ਵਿਚ ਆਪ ਭਾਰਦਵਾਜ ਹੋਰੀ ਮੇਰੇ ਘਰ ਚੱਲਕੇ ਆਏ ਸਨ, ਇਹ ਪੈਨਸ਼ਨ ਜਾਰੀ ਕਰਨ ਲਈ। ਕਈ ਇਕ ਹੋਰ ਵੀ ਸੱਜਣ ਸਨ ਨਾਲ। ਵਿਮਲ ਭਨੋਟ ਤੇ ਉਹਨਾਂ ਦੀ ਪਤਨੀ ਬੀਬੀ ਸੁਲੇਖਾ ਵੀ ਨਾਲ ਸਨ ਤੇ ਸ਼ਾਮ ਸਿੰਘ "ਅੰਗ ਸੰਗ" ਵੀ। ਬਾਕੀ ਬਹੁਤਾ ਯਾਦ ਨਹੀਂ।

ਅਜ ਕਲ੍ਹ ਕਈ ਬੀਮਾਰੀਆਂ ਨੇ ਮੈਨੂੰ ਘੇਰਿਆ ਹੋਇਆ ਹੈ। ਮਨੋਰੋਗ ਤਾਂ ਸੀ ਹੀ ਪਹਿਲਾਂ, ਹੁਣ ਚੱਕਰ ਆਉਣ ਲੱਗ ਪਏ ਹਨ, ਕੰਨਾਂ ਵਿਚ ਕੁਝ ਨੁਕਸ ਕਾਰਨ। ਇਹਨਾਂ ਦੋ ਸੌ ਰੁਪਿਆਂ ਨਾਲ ਦਵਾਈ-ਬੂਟੀ ਆ ਜਾਂਦੀ ਹੈ।

ਮੇਰੇ ਹੱਥ ਵਿਚ ਕਵੀ ਜਾਂ ਲੇਖਕ ਦੀ ਉੱਚੀ ਤੇ ਸੁੱਚੀ ਕਲਮ ਹੈ। ਕਵਿਤਾ ਲਿਖਾਂ, ਕਹਾਣੀ ਲਿਖਾਂ, ਮੈਨੂੰ ਆਪਣਾ ਆਪ ਹੁੰਗਾਰਾ ਭਰਦਾ ਕਹਿੰਦਾ ਹੈ ਕਿ ਮੈਂ ਕਿਸੇ ਮਹੱਤਵਪੂਰਨ ਕੰਮ ਵਿਚ ਲੱਗਾ ਹੋਇਆ ਹਾਂ। ਜਿਹੜੀ ਕਲਮ ਕਦੇ ਰਿਸ਼ੀ ਵਾਲਮੀਕ ਨੇ ਚੁੱਕੀ ਸੀ, ਰਿਸ਼ੀ ਵੇਦ ਵਿਆਸ ਨੇ, ਉਹੀਓ ਕਲਮ ਅੱਜ ਮੈਂ ਆਪਣੇ ਹੱਥ ਵਿਚ ਥੰਮੀ ਹੋਈ ਹੈ। ਉਹਨਾਂ ਨੇ ਆਪਣੇ ਯੁੱਗ ਅਨੁਸਾਰ ਰਾਮ ਤੇ ਕ੍ਰਿਸ਼ਨ ਦੇ ਚਿੱਤਰ ਵਾਹੇ। ਮੈਂ ਵੀ ਆਪਣੇ ਅੱਜ ਦੇ ਰਾਮ ਤੇ ਕ੍ਰਿਸ਼ਨ ਦੇ ਚਿੱਤਰ ਵਾਹੁਣੇ ਹਨ। ਮੇਰੇ ਰਾਮ ਤੇ ਕ੍ਰਿਸ਼ਨ ਅੱਜ ਖੇਤਾਂ ਅਤੇ ਮਿੱਲਾਂ ਵਿਚ ਮਜ਼ਦੂਰੀਆਂ ਕਰ ਰਹੇ ਹਨ।

"ਕੋਈ ਇਕ ਸਵਾਰ" ਵਿਚ ਬਾਰੂ ਤਾਂਗੇ ਵਾਲਾ ਮੇਰਾ ਅੱਜ ਦੇ ਯੁੱਗ ਦਾ ਅਰਜੁਨ ਹੈ। ਜਿਵੇਂ ਅਰਜੁਨ ਨਵੇਂ ਬਲ ਨਾਲ ਗਾਂਡੀਵ ਉੱਚਾ ਚੁੱਕਦਾ ਹੈ, ਮੇਰਾ ਬਾਰੂ ਤਾਂਗੇ ਵਾਲਾ ਉਸੇ ਤਰ੍ਹਾਂ ਹੀ ਅੱਡੇ ਵਿਚ ਪਰੈਣੀ ਉੱਚੀ ਚੁੱਕਦਾ ਤੇ ਨਵੇਂ ਸਿਰਿਓਂ ਬਲ ਧਾਰ ਕੇ ਖੰਨੇ ਦਾ ਹੋਕਾ ਦਿੰਦਾ ਹੈ। ਉਹ ਹਾਰਕੇ ਵੀ ਹਾਰਦਾ ਨਹੀਂ।

ਮੇਰੇ ਨੇੜੇ ਲੇਖਕ ਹੋਣਾ ਯੋਧਾ ਹੋਣ ਦੇ ਤੁੱਲ ਹੀ ਹੈ। ਕਲਮ ਇਕ ਹਥਿਆਰ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ, ਕਹਿੰਦੇ ਹਨ, ਕਿ ਜ਼ਫ਼ਰਨਾਮਾ ਤੀਰ ਦੀ ਨੋਕ ਨਾਲ ਲਿਖਿਆ ਸੀ। ਲਿਖਿਆ ਤਾਂ ਉਂਜ ਜ਼ਫ਼ਰਨਾਮਾ ਕਲਮ ਨਾਲ ਹੀ ਗਿਆ ਸੀ, ਪਰ ਉਹ ਕਲਮ, ਤੀਰ ਵਾਂਗ, ਹਥਿਆਰ ਹੀ ਬਣੀ ਹੋਈ ਸੀ। ਇਸੇ ਲਈ ਤਾਂ ਜ਼ਫ਼ਰਨਾਮਾ, ਖ਼ੰਜਰ ਵਾਂਗੂ, ਔਰੰਗਜ਼ੇਬ ਦੇ ਦਿਲ ਵਿਚ ਜਾ ਕੇ ਵੱਜਾ ਸੀ। ਇਸੇ ਭਾਵਨਾ ਨਾਲ ਹੀ ਮੈਂ ਆਪਣੇ ਹੱਥ ਵਿਚ ਕਵੀ ਜਾਂ ਲੇਖਕ ਦੀ ਕਲਮ ਫੜੀ ਹੋਈ ਹੈ। ਸਿਪਾਹੀ, ਆਪਣੇ ਮੋਰਚੇ ਉਤੇ, ਬੰਦੂਕ ਫੜ ਕੇ ਬਹਿੰਦਾ ਹੈ। ਮੈਂ, ਆਪਣੇ ਮੋਰਚੇ ਉਤੇ, ਕਲਮ ਫੜੀਂ ਬੈਠਾ ਹਾਂ।

# ਮੇਰੇ ਉੱਤੇ ਪਏ ਪ੍ਰਭਾਵ

ਹਰ ਲੇਖਕ ਉੱਤੇ ਕਿਸੇ ਨਾ ਕਿਸੇ ਲੇਖਕ ਦਾ ਕੁਝ ਪ੍ਰਭਾਵ ਪੈਂਦਾ ਹੈ। ਥੋੜਾ ਪਵੇ, ਬਹੁਤਾ ਪਵੇ। ਇਹ ਅਣਹੋਣੀ ਗੱਲ ਨਹੀਂ। ਸਗੋਂ ਇਹ ਸਹਿਜ ਅਤੇ ਬੜੀ ਹੀ ਕੁਦਰਤੀ ਗੱਲ ਹੈ. ਇਸ ਗੱਲ ਨੂੰ ਸਭ ਨੂੰ ਪਰਵਾਨ ਕਰਨਾ ਚਾਹੀਦਾ ਹੈ।

ਸਾਫ਼ ਹੈ, ਇਹ ਪ੍ਰਭਾਵ ਮੇਰੇ ਉਤੇ ਵੀ ਪਏ ਹਨ। ਇਹਨਾਂ ਦੀ ਹੀ ਕਿਰਪਾ ਨਾਲ ਅੱਜ ਮੈਂ ਆਪਣਾ ਵੱਖ ਰੰਗ ਤੇ ਵੱਖ ਰੂਪ ਲੈ ਸਕਿਆ ਹਾਂ। ਮੇਰੀ ਇਕ ਬੋਲੀ ਤੇ ਮੇਰੀ ਇਕ ਸ਼ੈਲੀ ਹੈ। ਪਰ ਮੇਰੀ ਬੋਲੀ ਤੇ ਸ਼ੈਲੀ ਪਿੱਛੇ ਕਈਆ ਮਹਾਂ ਪੁਰਖਾਂ ਦੀਆਂ ਬੋਲੀਆਂ ਅਤੇ ਸ਼ੈਲੀਆਂ ਹਨ। ਸ਼ਹਿਦ ਕਿਸੇ ਇਕ ਫੁੱਲ ਦੇ ਰਸ ਨਾਲ ਹੀ ਨਹੀਂ ਬਣਦਾ, ਸ਼ਹਿਦ ਵਿਚ ਵੰਨ-ਸੁਵੰਨੇ ਫੁੱਲਾਂ ਦਾ ਰਸ ਹੁੰਦਾ ਹੈ ਇਸ ਗੱਲੋਂ ਸ਼ਹਿਦ-ਮੱਖੀ ਅੰਤਾਂ ਦੀ ਸਿਆਣੀ ਹੈ. ਸਭਨਾਂ ਫੁੱਲਾਂ ਕੋਲੋਂ ਹੀ ਉਹ ਰਸ ਗ੍ਰਹਿਣ ਕਰਦੀ ਹੈ।

ਮੌਲਿਕ ਕੁਝ ਵੀ ਨਹੀਂ ਹੈ ਨਿਰਾ ਮੌਲਿਕ ਕੁਝ ਵੀ ਨਹੀਂ। ਮੌਲਿਕਤਾ ਦੇ ਪਿੱਛੇ ਬਹੁਤ ਪ੍ਰੇਰਨਾਵਾਂ ਹੁੰਦੀਆਂ ਹਨ। ਪਰ ਫੇਰ ਵੀ ਉਹ ਮੌਲਿਕਤਾ ਹੈ। ਕਿਉਂਕਿ ਉਹ ਕਿਸੇ ਹੋਰ ਵਰਗੀ ਨਹੀਂ ਹੁੰਦੀ ਉਹ ਆਪਣੇ ਵਰਗੀ ਆਪ ਹੈ।

ਸੂਰਜ, ਹਵਾ, ਆਕਾਸ਼, ਬਨਸਪਤ, ਇਹ ਸਾਰੇ ਮੌਲਿਕ ਨਹੀਂ ਹਨ। ਕਿਉਂਕਿ ਇਹਨਾਂ ਦੇ ਪਿੱਛੇ ਹੋਰ ਸਾਮੱਗਰੀਆਂ ਵੀ ਹੁੰਦੀਆਂ ਹਨ। ਪਰ ਫੇਰ ਵੀ ਇਹ ਮੌਲਿਕ ਹਨ। ਕਿਉਂਕਿ ਇਹ ਉੱਕਾ ਕਿਸੇ ਹੋਰ ਵਰਗੇ ਨਹੀਂ ਹਨ। ਦਿਨ ਮੌਲਿਕ ਨਹੀਂ ਹੈ। ਪਰ ਹਰ ਨਵਾਂ ਦਿਨ ਮੌਲਿਕ ਹੈ। ਨਵਾਂ ਮਹੀਨਾ, ਨਵਾਂ ਵਰ੍ਹਾ, ਨਵੀਂ ਸਦੀ, ਨਵਾਂ ਯੁੱਗ। ਮਨੁੱਖ ਮੌਲਿਕ ਨਹੀਂ ਹੈ, ਪਰ ਹਰ ਮਨੁੱਖ ਮੌਲਿਕ ਹੈ। ਹਰ ਮਨੁੱਖ ਦੇ ਅੰਦਰ ਇਕ ਆਪਣੀ ਦੁਨੀਆਂ ਹੁੰਦੀ ਹੈ। ਹਰ ਮਨੁੱਖ ਦੀ ਚਾਲ-ਢਾਲ ਤੇ ਇਸੇ ਤਰ੍ਹਾਂ ਹਰ ਮਨੁੱਖ ਦੇ ਨੈਣ-ਨਕਸ਼ ਵੱਖਰੇ ਹਨ। ਉਹ ਮੌਲਿਕ ਹੈ ਤੇ ਨਹੀਂ ਵੀ। ਇਸ ਲਈ ਉਹ ਮੌਲਿਕ ਨਹੀਂ। ਮੌਲਿਕ ਹੁੰਦਾ ਹੋਇਆ ਵੀ, ਉਹ ਨਿਰਾ-ਪੂਰਾ ਮੌਲਿਕ ਨਹੀਂ।

ਪਰ, ਇਹ ਔਗਣ ਨਹੀਂ। ਔਗਣ ਹੈ ਨਕਲਚੂ ਹੋਣਾ। ਸਾਹਿਤ ਅਤੇ ਕਲਾ ਵਿਚ ਨਕਲਚੂ ਲਈ ਕੋਈ ਥਾਂ ਨਹੀਂ! ਪਲਾਸਟਿਕ ਦੇ ਫੁੱਲਾਂ ਨੂੰ ਕੋਈ ਫੁੱਲ ਕਿਵੇਂ ਕਹਿ ਸਕੇਗਾ? ਗੰਧ ਕਿਥੋਂ ਆਵੇਗੀ? ਗੰਧ – ਜਿਹੜੀ ਸਾਰੇ ਵਾਤਾਵਰਣ ਨੇ ਬਖ਼ਸ਼ੀ ਹੁੰਦੀ ਹੈ?

ਮੇਰੇ ਉੱਤੇ ਮੇਰੇ ਵਾਤਾਵਰਣ ਦਾ ਪ੍ਰਭਾਵ ਪਿਆ ਸਾਰੇ ਵਾਤਾਵਰਣ ਦਾ। ਮੇਰਾ ਪਿਤਾ,

ਮੇਰੀ ਮਾਤਾ, ਮੇਰਾ ਦਾਦਾ, ਮੇਰੀ ਦਾਦੀ। ਇਸੇ ਤਰ੍ਹਾਂ ਉਹਨਾਂ ਦੇ ਵੀ ਦਾਦੇ ਅਤੇ ਦਾਦੀਆਂ। ਮੇਰਾ ਪਿੰਡ, ਮੇਰੇ ਪਿੰਡ ਦੇ ਆਲੇ-ਦੁਆਲੇ ਦੇ ਹੋਰ ਪਿੰਡ। ਮੇਰੇ ਨਾਨਕੇ, ਮੇਰੇ ਦਾਦਕੇ। ਮੇਰਾ ਜ਼ਿਲਾ, ਮੇਰਾ ਪੰਜਾਬ, ਮੇਰਾ ਭਾਰਤ, ਮੇਰੀ ਦੁਨੀਆਂ।

ਭਾਈ ਵੀਰ ਸਿੰਘ ਦਾ ਵੀ ਮੇਰੇ ਉੱਤੇ ਪ੍ਰਭਾਵ ਪਿਆ, ਭਾਈ ਕਾਨ੍ਹ ਸਿੰਘ ਨਾਭਾ ਦਾ ਵੀ। ਭਾਈ ਮੋਹਨ ਸਿੰਘ ਵੈਦ ਦਾ ਵੀ ਮੇਰੇ ਉੱਤੇ ਪ੍ਰਭਾਵ ਪਿਆ, ਧਨੀ ਰਾਮ ਚਾਤ੍ਰਿਕ ਦਾ ਵੀ। ਮੋਹਨ ਸਿੰਘ, ਸੁਜਾਨ ਸਿੰਘ, ਸੇਖੋਂ, ਗੁਰਬਖ਼ਸ਼ ਸਿੰਘ, ਸਾਰੇ ਮੇਰੇ ਮਨ ਦੀ ਘਾੜਤ ਘੜਨ ਵਿਚ ਲੱਗੇ ਹੋਏ ਸਨ। ਮੇਰੇ ਪਿਤਾ ਭਾਵੇਂ ਬਹੁਤ ਵੱਡੇ ਕਵੀ ਨਹੀਂ ਹੋਏ, ਪਰ ਮੇਰੇ ਉੱਤੇ ਉਹਨਾਂ ਦੀਆਂ ਕਵਿਤਾਵਾਂ ਦਾ ਵੀ ਪ੍ਰਭਾਵ ਪਿਆ ਤੇ ਮੇਰੇ ਪਿਤਾ ਦੇ ਮਿੱਤਰ ਬਲਵੰਤ ਸਿੰਘ ਗਜਰਾਜ ਦਾ ਵੀ। ਹੀਰਾ ਸਿੰਘ ਦਰਦ ਅਤੇ ਬਾਵਾ ਬੁੱਧ ਸਿੰਘ ਜੀ ਵੀ ਮੈਨੂੰ ਸਿਰਜ ਰਹੇ ਹਨ ਤੇ ਇਹਨਾਂ ਸਭਨਾਂ ਵਾਂਗ ਹੀ ਮਹਾਨ ਪੂਰਨ ਸਿੰਘ ਵੀ। ਇਹ ਸਾਰੇ ਆਧੁਨਿਕ ਪੰਜਾਬੀ ਸਾਹਿਤ ਦੇ ਰਿਸ਼ੀ ਅਤੇ ਮੁਨੀ ਹਨ—ਸਾਡੇ ਸਾਹਿਤ ਦੀ ਪਰੰਪਰਾ : ਆਧੁਨਿਕ ਸਾਹਿਤ ਦੀ ਪਰੰਪਰਾ।

ਪਰ ਮੇਰੀ ਸਾਹਿਤਿਕ ਸਿਰਜਣਾ ਕੇਵਲ ਏਨੇ ਨਾਲ ਹੀ ਨਹੀਂ ਹੋਈ। ਮਹਾਨ ਬਾਬਾ ਫ਼ਰੀਦ ਨੇ ਵੀ ਮੈਨੂੰ ਵਰੋਸਾਇਆ ਹੈ, ਮਹਾਨ ਗੁਰੂ ਨਾਨਕ ਤੇ ਹੋਰ ਗੁਰੂ ਸਾਹਿਬਾਨ ਨੇ ਵੀ। ਗੁਰੂ ਨਾਨਕ ਦੀ "ਜਪੁਜੀ" ਤੇ ਗੁਰੂ ਅਰਜਨ ਦੇ "ਸ਼ਬਦ ਹਜ਼ਾਰੇ" ਮੇਰੀ ਜਾਨ ਕੱਢ ਲੈਂਦੇ ਹਨ। ਹਾਏ ਸਾਡੀ 'ਸੁਖਮਨੀ" !

ਸ਼ਾਹ ਹੁਸੈਨ, ਬੁਲ੍ਹੇ ਸ਼ਾਹ, ਵਾਰਿਸਸ਼ਾਹ, ਹਾਸ਼ਿਮ ਸ਼ਾਹ, ਸਭਨਾਂ ਦੀ ਦਰਗਾਹ ਵਿਚ ਮੈਂ ਆਪਣਾ ਸਿਰ ਝੁਕਾਇਆ ਹੈ ਤੇ ਸਭਨਾਂ ਨੇ ਹੀ ਮੇਰੇ ਸਿਰ 'ਤੇ ਆਪਣਾ ਹੱਥ ਰਖਿਆ ਹੈ। ਮੈਂ ਇਹਨਾਂ ਦਾ ਸਭ ਦਾ ਰਿਣੀ ਹਾਂ।

ਮੇਰੀ ਬੋਲੀ ਮਲਵਈ ਹੈ। ਗਾਰਗੀ, ਗੁਰਦਿਆਲ ਸਿੰਘ ਜਾਂ ਕੰਵਲ ਜਿਹੀ ਮਲਵਈ ਨਹੀਂ, ਇਹਨਾਂ ਤੋਂ ਸਭ ਤੋਂ ਵੱਖ ਹੈ ਮੇਰਾ ਪਿੰਡ ਉਂਜ ਤਾਂ ਜ਼ਿਲਾ ਲੁਧਿਆਣਾ ਵਿਚ ਹੈ, ਪਰ ਹੈ ਏਧਰ ਖੰਨਾ ਤੋਂ ਅੱਗੇ ਗੋਬਿੰਦਗੜ੍ਹ ਦੀ ਮੰਡੀ ਨਾਲ, ਲੁਧਿਆਣਾ ਦਾ ਆਖ਼ਰੀ ਪਿੰਡ (ਹੁਣ ਮੇਰਾ ਪਿੰਡ ਫ਼ਤਿਗੜ੍ਹ ਸਾਹਿਬ ਵਿਚ ਆ ਗਿਆ ਹੈ)। ਇਉਂ ਮੇਰਾ ਪਿੰਡ ਪੁਆਧ ਦੀ ਹੱਦ ਨੂੰ ਜਾ ਛੂਹੰਦਾ ਹੈ ਤੇ ਮੇਰੀ ਬੋਲੀ ਪੁਆਧੀ ਬੋਲੀ ਦੀ ਮਿੱਸ-ਮਿਲੀ ਮਲਵਈ ਹੈ। ਪਰ ਹੈ ਇਹ ਮਲਵਈ ਹੀ। ਮੇਰੀ ਇਸ ਮਲਵਈ ਵਿਚ ਪੁਆਧੀ ਲਫ਼ਜ਼ ਇਵੇਂ ਹੀ ਹਨ ਜਿਵੇਂ ਅੰਬ ਦੇ ਰਿਰਛ ਵਿਚ ਪੀਲੇ ਅਤੇ ਸੰਧੂਰੀ ਅੰਬ।

ਮੇਰੀ ਬੋਲੀ ਮੇਰੇ ਆਪਣੇ ਪਿੰਡ ਡਡਹੇੜੀ ਦੀ ਬੋਲੀ ਹੈ। ਬਸੀ, ਅੰਬਾਂ ਦਾ ਘਰ ਸੀ। ਸਾਡੇ ਪਿੰਡ, ਅੰਬ ਬਸੀ ਪਠਾਣਾਂ ਤੋਂ ਹੀ ਆਉਂਦੇ ਸਨ। ਜਦੋਂ ਅੰਬ ਆਉਂਦੇ ਸਨ ਤਾਂ ਅੰਬਾਂ ਨਾਲ ਬਸੀ ਪਠਾਣਾਂ ਦੇ ਲਫ਼ਜ਼ ਵੀ ਆ ਜਾਂਦੇ ਸਨ।

ਸਾਡੇ ਲਈ ਪੁਆਧ ਬਸੀ ਪਠਾਣਾਂ ਤੋਂ ਸ਼ੁਰੂ ਹੋ ਜਾਂਦੀ ਸੀ।

ਵਾਂਦਾ ਵਾਸਲਿਊਕਾ ਦਾ ਰੂਸੀ ਨਾਵਲ 'ਸਤਰੰਗੀ ਪੀਂਘ" ਮੈਨੂੰ ਬੜਾ ਹੀ ਚੰਗਾ

ਲੱਗਾ ਹੈ । ਆਧੁਨਿਕ ਰੂਸੀ ਸਾਹਿਤ ਦਾ ਗੋਰਕੀ ਦੇ "ਮਾਂ" ਨੂੰ ਸ਼ਾਹਕਾਰ ਮੰਨਿਆ ਜਾਂਦਾ ਹੈ । ਪਰ ਮੇਰੇ ਉੱਤੇ ਜਿੰਨਾ ਪ੍ਰਭਾਵ "ਸਤਰੰਗੀ ਪੀਂਘ" ਦਾ ਪਿਆ ਹੈ, ਗੋਰਕੀ ਦੇ "ਮਾਂ" ਦਾ ਨਹੀਂ । ਇਹ ਨਾਵਲ ਰੂਸੀਆਂ ਦੀ ਬਹਾਦੁਰੀ ਦੀ ਗਾਥਾ ਹੈ । ਜਿਵੇਂ ਸਿੱਖ-ਅਰਦਾਸ ਵਿਚ ਆਉਂਦਾ ਹੈ ਕਿ ਜਿਨ੍ਹਾਂ ਖੋਪਰੀਆਂ ਲੁਹਾਈਆਂ, ਆਰਿਆਂ ਨਾਲ ਸੀਸ ਚਿਰਾਏ, ਸਵਾ-ਸਵਾ ਮਣ ਪੀਸਣੇ ਪੀਸੇ ਤੇ ਬੱਚਿਆਂ ਦੇ ਟੋਟੇ ਕਰਵਾ ਕੇ ਮਾਵਾਂ ਨੇ ਗਲਾਂ ਵਿਚ ਹਾਰ ਪਵਾਏ, ਇਸੇ ਤਰ੍ਹਾਂ ਰੂਸੀਆਂ ਨੇ ਹਿਟਲਰ ਦੇ ਕਬਜ਼ੇ ਵਾਲੇ ਖੇਤਰਾਂ ਵਿਚ, ਹਿਟਲਰ ਦੇ ਫੌਜੀਆਂ ਹੱਥੋਂ ਜੋ ਤਸੀਹੇ ਜਰੇ ਹਨ, ਇਹ ਨਾਵਲ ਉਹਨਾਂ ਸਭ ਤਸੀਹਿਆਂ ਦਾ ਬਿਆਨ ਹੈ । ਇਕ ਰੂਸੀ ਪਿੰਡ ਹੈ ਬਰਫ਼ ਨਾਲ ਢਕਿਆ ਹੋਇਆ । ਇਸ ਪਿੰਡ ਉਤੇ ਜਬਰ ਢਾਹਿਆ ਜਾ ਰਿਹਾ ਹੈ । ਰੂਸੀਆਂ ਨੇ ਸਭ ਅਨਾਜ ਬਰਫ਼ ਹੇਠ ਦੱਬ ਦਿੱਤਾ ਹੈ । ਜਰਮਨਾਂ ਨੂੰ ਨਾ ਤਾਂ ਉਹ ਅਨਾਜ ਦਾ ਪਤਾ ਦਿੰਦੇ ਹਨ, ਨਾ ਹੀ ਲਾਲ ਫ਼ੌਜੀਆਂ ਦਾ । ਕਪਤਾਨ ਕੁਰਟ ਇਸ ਪਿੰਡ ਨੂੰ ਸਬਕ ਸਿਖਾਉਣਾ ਚਾਹੁੰਦਾ ਹੈ ਇਕ ਨੌਜਵਾਨ ਦੀ ਲਾਸ਼ ਬਿਰਛ ਨਾਲ ਟੰਗੀ ਹੋਈ ਹੈ ਪੁੱਠੀ, ਪਿੰਡੋਂ ਥੋੜਾ ਬਾਹਰਵਾਰ । ਲਾਸ਼ ਸੁੱਕ ਕੇ ਲੱਕੜ ਵਾਂਗੂ ਕਾਲੀ ਹੋਈ ਪਈ ਹੈ ਤੇ ਬੇਪਛਾਣ ਹੋ ਚੁੱਕੀ ਹੈ । ਹਨੇਰੇ-ਸਵੇਰੇ ਉਸਦੀ ਮਾਂ ਜਦੋਂ ਬਾਹਰ ਆਉਂਦੀ ਹੈ ਤਾਂ ਚੋਰੀ-ਛਿਪੇ ਆਪਣੇ ਪੁੱਤ ਦੇ ਹੱਥਾਂ ਨੂੰ ਚੁੰਮ ਲੈਂਦੀ ਹੈ ਤੇ ਨਾਲੇ ਹੌਲੀ ਬੋਲਦੀ ਹੈ : "ਪੁੱਤ ਵੇ ! ਲਾਲ ਵੇ !" ਇਹ ਲਫ਼ਜ਼ ਸ਼ੁਰੂ ਵਿਚ ਹੀ ਨਾਵਲ ਦੇ ਆ ਜਾਂਦੇ ਹਨ । ਪਰ ਇਹੋ ਲਫ਼ਜ਼ ਮੇਰੀ ਕਹਾਣੀ "ਮੰਗੋ" ਦੇ ਅੰਤ ਉਤੇ ਆਏ । "ਮੰਗੋ" ਆਪਣੀ ਸੌਕਣ "ਸੋਮਾ" ਨਾਲ ਬਹੁਤ ਈਰਖਾ ਕਰਦੀ ਹੈ ਤੇ ਉਸਦੇ ਨਵ-ਜਨਮੇ ਵੱਛੇ ਨੂੰ ਮਾਰਨ ਤਕ ਵੀ ਜਾਂਦੀ ਹੈ । ਪਰ ਜਦੋਂ "ਸੋਮਾ" ਮਰ ਜਾਂਦੀ ਹੈ ਤਾਂ ਪਸ਼ਚਾਤਾਪ ਦੀ ਮਾਰੀ "ਮੰਗੋ" "ਸੋਮਾ" ਦੇ ਉਸ ਵੱਛੇ ਕੋਲੋਂ ਮੁਆਫ਼ੀਆਂ ਮੰਗ ਰਹੀ ਹੈ : "ਪੁੱਤ ਵੇ ! ਮੈਥੋਂ ਭੁੱਲ ਹੋ ਗਈ। ਲਾਲ ਵੇ ! ਮੈਨੂੰ ਮਾਫ਼ ਕਰ ।" ਮਤਲਬ ਮੇਰਾ ਇਹ ਹੈ ਕਿ ਜੇ ਪ੍ਰਭਾਵ ਮੈਂ ਲਏ ਹਨ ਤਾਂ ਇਸ ਤਰੀਕੇ ਲਏ ਹਨ ! ਹਾਲਾਂਕਿ ਕਹਾਣੀਆਂ ਦਾ ਆਪਸ ਵਿਚ ਸੰਬੰਧ ਨਹੀ ਬੋਲੀਆਂ, ਜ਼ਿੰਦਗੀਆਂ, ਮੁਲਕ, ਸਭ ਵੱਖ ਹਨ । ਸਮੇਂ ਵੀ ਵੱਖ-ਵੱਖ ਹਨ । ਇਸ ਤੋਂ ਬਿਨਾਂ ਮੈਂ ਪ੍ਰਭਾਵ ਰੂਸੀ ਨਾਵਲ ਦਾ ਨਹੀਂ ਲਿਆ, ਪੰਜਾਬੀ ਅਨੁਵਾਦ ਦਾ ਲਿਆ ਹੈ । ਇਹ ਅਨੁਵਾਦ ਨਵਤੇਜ ਅਤੇ ਜਗਜੀਤ ਸਿੰਘ ਅਨੰਦ ਦਾ ਹੈ । ਰੂਸੀ ਵਿਚ ਇਹ ਲਫ਼ਜ਼ ਪਤਾ ਨਹੀਂ ਕਿਵੇਂ ਹੋਣਗੇ ।

"ਕੁਆਰੀ ਪ੍ਰੀਤ" ਕਹਾਣੀ ਉਤੇ—ਮੇਰੀ ਪਹਿਲੀ ਕਹਾਣੀ ਉਤੇ—ਗੁਰਬਖ਼ਸ਼ ਸਿੰਘ ਦਾ ਅਸਰ ਹੈ । ਲਫ਼ਜ਼ "ਪ੍ਰੀਤ" ਕਾਰਨ ਹੀ ਨਹੀਂ, ਕਹਾਣੀ ਦੇ ਅੰਤ ਕਾਰਨ ਵੀ । ਗੁਰਬਖ਼ਸ਼ ਸਿੰਘ ਦੀ "ਭਾਬੀ ਮੈਨਾ" ਇਹ ਅਸਰ ਪਾ ਰਹੀ ਹੈ । ਕਿਸੇ ਕਾਰਨ ਇਹ ਕਹਾਣੀ ਮੈਨੂੰ ਕਲ੍ਹ (25-3-93 ਨੂੰ) ਪੜ੍ਹਨੀ ਪਈ ਗੁਰਬਖ਼ਸ਼ ਸਿੰਘ ਦੀ "ਭਾਬੀ ਮੈਨਾ" ਤੇ ਮੇਰੀ "ਕੁਆਰੀ-ਪ੍ਰੀਤ" ਦੀ "ਰਾਜੋ" ਦੋਵੇਂ ਸਾਡੀਆਂ ਕਹਾਣੀਆਂ ਦੇ ਅੰਤਾਂ ਉਤੇ ਮਰ ਜਾਂਦੀਆਂ ਹਨ । ਮਰਨ ਲਈ ਸਮਾਜ ਹੀ ਮਜਬੂਰ ਕਰਦਾ ਹੈ ਦੋਹਾਂ ਨੂੰ । ਫ਼ਰਕ ਥੋੜਾ ਜਿਹਾ ਹੈ । "ਭਾਬੀ-

ਮੈਨਾ" ਦਾ ਆਤਮਘਾਤ ਸਭ ਨੂੰ ਨਜ਼ਰ ਆਉਂਦਾ ਹੈ, "ਰਾਜੋ" ਦਾ ਕੁਝ ਗੁੱਝਾ ਹੈ। ਜ਼ਰੂਰ, "ਭਾਬੀ ਮੈਨਾ" ਮੈਂ ਪੜ੍ਹੀ ਹੋਈ ਹੋਵੇਗੀ "ਕੁਆਰੀ ਪ੍ਰੀਤ" ਲਿਖਣ ਤੋਂ ਪਹਿਲਾਂ। ਮੇਰੇ ਮਨ ਨੇ ਕੁਝ ਪ੍ਰਭਾਵ ਗ੍ਰਹਿਣ ਕਰ ਲਏ ਹੋਣੇ ਹਨ।

ਇਕ ਫ਼ਰਕ ਜ਼ਰੂਰ ਹੈ ਵੱਡਾ। ਜਿਥੇ "ਭਾਬੀ ਮੈਨਾ" ਸਹਿਜ ਪ੍ਰੀਤ ਦੀ ਕਹਾਣੀ ਹੈ, ਉਥੇ ਮੇਰੀ 'ਕੁਆਰੀ ਪ੍ਰੀਤ" ਪ੍ਰੀਤ ਦੀ ਕਹਾਣੀ ਹੈ। ਕਿਉਂਕਿ ਮੈਂ, ਮੈਂ ਸਾਂ। ਗੁਰਬਖ਼ਸ਼ ਸਿੰਘ. ਗੁਰਬਖ਼ਸ਼ ਸਿੰਘ।

# ਕਚਘਰੜ ਨੁਕਤਾਚੀਨੀ

ਨੁਕਤਾਚੀਨੀ ਉਸਾਰੂ ਵੀ ਹੁੰਦੀ ਹੈ, ਢਾਹੂ ਵੀ. ਪਰ ਇਕ ਨੁਕਤਾਚੀਨੀ ਕਚਘਰੜ ਜਿਹੀ ਵੀ ਹੁੰਦੀ ਹੈ। ਏਥੇ ਕੁਝ ਅਜਿਹੀ ਬਾਰੇ ਹੀ ਗੱਲਾਂ ਕਰਨੀਆ ਚਾਹੁੰਦਾ ਹਾਂ।

ਜਦੋਂ ਕਿਸੇ ਸੱਜਣ ਨੇ "ਮੰਗੋ" ਉਤੇ ਨੁਕਤਾਚੀਨੀ ਕਰਦਿਆਂ ਇਹ ਕਿਹਾ ਸੀ ਕਿ ਜੇ ਇਨਸਾਨੀਅਤ ਦੱਸਣੀ ਸੀ ਤਾਂ ਡੰਗਰਾਂ ਰਾਹੀਂ ਹੀ ਦੱਸਣੀ ਸੀ, ਇਨਸਾਨਾਂ ਰਾਹੀਂ ਦੱਸਣੀ ਸੀ ਤਾਂ ਇਹ ਇਸੇ ਕਿਸਮ ਦੀ ਕਚਘਰੜ ਨੁਕਤਾਚੀਨੀ ਹੀ ਸੀ। ਬੰਦਾ ਪੜ੍ਹਿਆ-ਲਿਖਿਆ ਸੀ—ਸਾਹਿਤ ਸਭਾਵਾਂ ਦੀਆ ਮੀਟਿੰਗਾਂ ਵਿਚ ਪੜ੍ਹੇ-ਲਿਖ ਹੀ ਆਉਂਦੇ ਹਨ, ਬੁੱਧੀਮਾਨ, ਦਾਨਿਸ਼ਵਰ—ਪਰ ਗੱਲ ਸੀ ਅਤੀ ਜਾਹਿਲਾਂ ਵਾਲੀ। ਪਰ ਚਲੋ, ਕੀ ਕਰ ਸਕਦੇ ਹਾਂ ? ਸਿਆਣਪ ਦਾ ਅਕਾਦਮਿਕ ਵਿਦਿਆਵਾਂ ਨਾਲ ਸੰਬੰਧ ਨਹੀਂ। ਜਿਵੇਂ ਸਾਹਿਤ ਜਾਂ ਕਲਾ ਆਦਿ ਦਾ ਜੀਨੀਅਸ ਨਾਲ ਸੰਬੰਧ ਹੈ. ਇਸੇ ਤਰ੍ਹਾਂ ਹੀ ਨੁਕਤਾਚੀਨੀ, ਆਲੋਚਨਾ, ਸਮੀਖਿਆ ਦਾ ਵੀ ਜੀਨੀਅਸ ਨਾਲ ਸੰਬੰਧ ਹੈ ਤੇ ਇਸ ਲਈ ਬੜੀ ਉੱਚੀ ਅਤੇ ਬਾਰੀਕ ਬੁੱਧੀ ਦੀ ਲੋੜ ਹੈ। ਇਹ ਲਿਖਣ ਜਿੰਨੀ ਹੀ ਔਖੀ ਹੈ ਤੇ ਸਿਰਜਣਾਤਮਕ ਕੰਮ ਹੀ ਹੈ।

ਇਹ ਤਾਂ ਚਲੋ 1957-58 ਦੀ ਗੱਲ ਹੈ, ਕਈ ਦਹਾਕੇ ਪਹਿਲਾਂ ਦੀ, ਅੱਜ ਵੀ ਅਜਿਹੀ ਨੁਕਤਾਚੀਨੀ ਦੀ ਕੋਈ ਘਾਟ ਨਹੀਂ। ਜਿਵੇਂ ਏਨੇ ਸਮੇਂ ਵਿਚ ਸਾਹਿਤ ਅੱਗੇ ਵਧਿਆ ਹੈ, ਸਾਡੀ ਨੁਕਤਾਚੀਨੀ ਤੋਂ ਵੀ ਆਸ ਕੀਤੀ ਜਾ ਸਕਦੀ ਹੈ ਕਿ ਉਹ ਵੀ ਅੱਗੇ ਵਧੀ ਹੋਵੇ. ਪਰ ਨੁਕਤਾਚੀਨੀ ਤੋਂ ਆਸ ਹੈ ਇਹ, ਕਚਘਰੜ ਨੁਕਤਾਚੀਨੀ ਤੋਂ ਨਹੀਂ। ਕਚਘਰੜ ਤਾਂ ਹਰ ਯੁੱਗ ਵਿਚ ਹੀ ਕਾਇਮ-ਦਾਇਮ ਰਹਿੰਦੀ ਹੈ। ਸ਼ਾਇਦ ਨੁਕਤਾਚੀਨੀ ਨੂੰ ਇਹ ਨਜ਼ਰ ਤੋਂ ਬਚਾਉਂਦੀ ਹੈ।

ਗੁਰਚਰਨ ਰਾਮਪੁਰੀ ਮੇਰਾ ਬੜਾ ਪੁਰਾਣਾ ਦੋਸਤ ਹੈ। ਸਿਆਣਾ ਵੀ ਉਹ ਬੜਾ ਹੈ। ਪਰ ਕਦੇ-ਕਦੇ ਉਸਦਾ ਵੀ ਅਜਿਹੀ ਨੁਕਤਾਚੀਨੀ ਕਰਨ ਲਈ ਦਿਲ ਜਿਹਾ ਕਰ ਆਉਂਦਾ ਹੈ. ਅੱਜ ਕਲ੍ਹ ਉਹ ਮੇਰੇ ਬਾਰੇ ਖ਼ਤਾਂ ਵਿਚ ਵੀ ਕਹਿੰਦਾ ਹੈ ਤੇ ਆਮ ਪ੍ਰੈਸ ਰਾਹੀਂ ਵੀ ਕਿ ਮੇਰੀ ਵਾਰਤਕ ਪਹਿਲਾਂ ਨਾਲੋਂ ਕਾਫ਼ੀ ਵਿਗੜ ਚੁੱਕੀ ਹੈ. ਪਹਿਲਾਂ ਚੰਗੀ ਹੁੰਦੀ ਸੀ, ਹੁਣ ਖ਼ਰਾਬ ਹੋ ਗਈ। ਸੰਖੇਪਤਾ ਵੀ ਰਹੀ ਨਹੀਂ ਤੇ ਵਾਕ-ਬਣਤਰ ਵੀ ਪਹਿਲਾਂ ਨਾਲੋਂ ਮੇਰੀ ਗ਼ਲਤ ਹੋ ਗਈ ਹੈ ਤੇ ਉਹਨੂੰ ਇਸਦੀ ਚਿੰਤਾ ਹੈ। ਸ਼ਾਇਦ ਇਸੇ ਲਈ ਉਹ ਪ੍ਰੈਸ

ਰਾਹੀਂ ਵੀ ਕਹਿੰਦਾ ਹੈ ਕਿ ਕੇਵਲ ਉਸਦੇ ਆਖਿਆਂ ਤਾਂ ਅਮਲ ਮੈਂ ਕਰ ਰਿਹਾ ਨਹੀਂ, ਕੋਈ ਤਾਂ ਸਮਝਾਵੇ ਮੈਨੂੰ। ਉਹਨੂੰ, ਮੇਰੇ ਦੋਸਤ ਨੂੰ, ਮੇਰੀ ਵਾਰਤਕ ਦੀ ਚਿੰਤਾ ਹੈ, ਇਸ ਲਈ ਮੈਂ ਆਪਣੇ ਦੋਸਤ ਦਾ ਬਹੁਤ ਹੀ ਧੰਨਵਾਦੀ ਹਾਂ। ਪਰ ਮੈਂ ਬਹੁਤ ਦੇਖਿਆ ਹੈ, ਉਸਦੀਆਂ ਬਹੁਤੀਆਂ ਗੱਲਾਂ ਨਾਲ ਮੈਂ ਸਹਿਮਤ ਹੋ ਹੀ ਸਕਿਆ ਨਹੀਂ। ਜਿਵੇਂ :

"ਪ੍ਰੀਤ ਲੜੀ" ਵਿਚ ਮੇਰੀ ਸਵੈ-ਜੀਵਨੀ "ਬ੍ਰਿਹਸਪਤੀ" ਛਪਣੀ ਸ਼ੁਰੂ ਹੋਈ। ਅਕਤੂਬਰ 1988 ਵਿਚ ਪਹਿਲੇ ਦੋ ਕਾਂਡ ਛਪੇ—"ਜਨਮ" ਅਤੇ "ਮਾਤਾ-ਪਿਤਾ"। ਪਹਿਲਾ ਕਾਂਡ ("ਜਨਮ") ਕੇਵਲ ਇਕੋ ਸਫ਼ੇ ਉਤੇ ਛਪਿਆ ਸੀ। ਪਰ ਉਹ ਲਿਖ ਰਿਹਾ ਸੀ ਕਿ ਇਸ ਵਿਚ ਸੰਖੇਪਤਾ ਨਹੀਂ, ਬਹੁਤ ਹੀ ਦੁਹਰਾਓ ਹੈ ਤੇ ਵਾਕ-ਬਣਤਰ ਵੀ ਠੀਕ ਨਹੀਂ। ਫ਼ੋਟੋ-ਕਾਪੀ ਉਤੇ ਉਸ ਨਿਸ਼ਾਨ ਲਾ ਕੇ ਭੇਜੇ ਤਾਂ ਮੈਨੂੰ ਕਾਫ਼ੀ ਗੱਲਾਂ ਨਾਲ ਅਸਹਿਮਤ ਹੋਣਾ ਪੈ ਗਿਆ। ਜਿਵੇਂ, ਪਹਿਲਾਂ ਫ਼ਿਕਰਾ ਹੀ ਉਹ ਮੇਰਾ ਗ਼ਲਤ ਕਰ ਰਿਹਾ ਸੀ ਜਿਸਦੀ ਲੱਭਤ ਨਾਲ ਹੀ ਇਹ ਲਿਖਤ ਅੱਗੇ ਚਲ ਸਕੀ ਸੀ।

ਮੇਰਾ ਪਹਿਲਾ ਫ਼ਿਕਰਾ ਹੈ : "2 ਦਸੰਬਰ 1920 ਦਾ ਚੰਗਾ ਜਾਂ ਬੁਰਾ ਦਿਨ ਸੀ ਜਿਸ ਦਿਨ ਮੇਰਾ ਜਨਮ ਹੋਇਆ।" ਗੁਰਚਰਨ ਇਸ ਫ਼ਿਕਰੇ ਨੂੰ ਇਉਂ ਲਿਖਣ ਲਈ ਕਹਿੰਦਾ ਸੀ : "2 ਦਸੰਬਰ 1920 ਦਾ ਚੰਗਾ ਦਿਨ ਸੀ ਜਾਂ ਬੁਰਾ ਜਿਸ ਦਿਨ ਮੇਰਾ ਜਨਮ ਹੋਇਆ।" ਮਤਲਬ ਹੈ, ਉਹ "ਚੰਗਾ ਜਾਂ ਬੁਰਾ ਦਿਨ ਸੀ" ਨੂੰ ਮੇਰੇ ਕੋਲੋਂ "ਚੰਗਾ ਦਿਨ ਸੀ ਜਾਂ ਬੁਰਾ" ਕਰਵਾਉਣਾ ਚਾਹੁੰਦਾ ਸੀ; ਪਰ ਮੇਰੀ ਉਸਦੀ ਇਸ "ਸੋਧ" ਨਾਲ ਸਹਿਮਤੀ ਹੋ ਹੀ ਸਕੀ ਨਹੀਂ। ਕਿਉਂਕਿ ਇਹ ਮੇਰੇ ਸੁਹਜ ਅਤੇ ਰਵਾਨੀ ਨੂੰ ਵਿਗਾੜਦੀ ਸੀ। ਮੇਰਾ ਫ਼ਿਕਰਾ ਠੀਕ ਹੈ ਉਸਦੀ "ਸੋਧ" ਦਰੁਸਤ ਨਹੀਂ ਭਾਵੇਂ ਇਸਦੇ ਪਿੱਛੇ ਉਸਦੀ ਕਿੰਨੀ ਵੀ ਨੇਕ-ਨੀਅਤੀ ਅਤੇ ਕਿੰਨੀ ਹੀ ਵਿਦਵਤਾ ਕਿਉਂ ਨਾ ਹੋਵੇ।

ਗੁਰਚਰਨ ਨੇ ਵਾਰਤਕ ਲਿਖੀ ਨਹੀਂ। ਜੇ ਲਿਖੀ ਹੈ ਤਾਂ ਬਹੁਤ ਘੱਟ ਐਵੇਂ ਕਦ-ਕਦਾਈਂ ਹੀ। ਮੈਂ ਲਗਭਗ ਮੁੱਢੋਂ ਹੀ, ਆਪਣੀ ਕਵਿਤਾ ਦੇ ਨਾਲੋ ਨਾਲ, ਵਾਰਤਕ ਲਿਖਦਾ ਆਉਂਦਾ ਹਾਂ ਤੇ ਮੇਰੇ ਕਾਵਿ ਸੰਗ੍ਰਹਿਆਂ ਨਾਲੋਂ ਮੇਰੀਆਂ ਵਾਰਤਕ-ਪੁਸਤਕਾਂ ਦੀ ਗਿਣਤੀ ਵੱਧ ਹੀ ਹੋਵੇਗੀ। ਪਰ ਇਸ ਦਾ ਮਤਲਬ ਇਹ ਨਹੀਂ ਕਿ ਮੇਰੇ ਨਾਲੋਂ ਉਹ ਨੂੰ ਚੰਗੀ ਵਾਰਤਕ ਬਾਰੇ ਪਤਾ ਹੀ ਨਹੀਂ, ਜਾਂ ਮੈਨੂੰ ਵੱਧ ਪਤਾ ਹੈ। ਯਕੀਨਨ, ਉਹ ਮੇਰੇ ਨਾਲੋਂ ਵੱਧ ਮਾਹਿਰ ਹੋ ਸਕਦਾ ਹੈ। ਪਰ ਜੋ "ਮੁਹਾਰਤ" ਇਸ ਵਾਕ ਵਿਚ ਉਹਨੇ ਦੱਸਣੀ ਚਾਹੀ ਹੈ, ਉਹ ਮੇਰੇ ਮਨ ਨੂੰ ਜਚੀ ਨਹੀਂ। ਇਉਂ ਤਾਂ ਕੋਈ ਬੱਚਾ ਵੀ ਨਾ ਬਦਲਦਾ ਇਹਨਾਂ ਲਫ਼ਜ਼ਾਂ ਨੂੰ "ਚੰਗਾ ਜਾਂ ਬੁਰਾ ਦਿਨ ਸੀ" ਨੂੰ "ਚੰਗਾ ਦਿਨ ਸੀ ਜਾਂ ਬੁਰਾ" ਵਿਚ। ਅਜਿਹੀ ਨੁਕਤਾਚੀਨੀ ਨੂੰ ਮੈਂ ਕੇਹੀ ਨੁਕਤਾਚੀਨੀ ਕਹਾਂ ? ਕਚਘਰੜ ਕਹਾਂ ਜਾਂ ਢਾਹੂ, ਜਾਂ ਨੁਕਤਾਚੀਨੀ ਲਈ ਨੁਕਤਾਚੀਨੀ ? ਭਾਵੇਂ ਮੇਰੀ ਵਾਰਤਕ ਕਿੰਨੀ ਵੀ ਨੁਕਸਾਂ ਭਰੀ ਕਿਉਂ ਨਾ ਹੋਵੇ ? ਅਤੇ ਮੇਰਾ ਇਹ ਦਾਅਵਾ ਵੀ ਨਹੀਂ ਕਿ ਮੇਰੀ ਵਾਰਤਕ ਵਧੀਆ ਜਾਂ ਨੁਕਸਾਂ ਤੋਂ ਵਿਹੂਣੀ ਹੈ। ਚਲੋ, ਮੈਂ ਕੁਝ ਵੀ ਕਹਿੰਦਾ ਨਹੀਂ। ਇਸਦਾ ਨਿਰਣਾ ਪਾਠਕਾਂ ਉਤੇ ਹੀ ਛਡਿਆ ਜਾਣ ਚਾਹੀਦਾ ਹੈ। ਅਜਿਹੀਆਂ ਗੱਲਾਂ ਵਿਚ ਕੋਈ ਇਕੱਲਾ ਕਚੇ ਵੀ ਅਧਿਕਾਰੀ (Authority) ਨਹੀਂ।

ਇਹ ਕਾਂਡ ਕੇਵਲ ਇਕ ਸਫ਼ੇ ਉਤੇ ਛਪਿਆ ਹੈ; ਰਿਸਾਲਾ ਸਾਈਜ਼ ਸਫ਼ੇ ਉਤੇ (ਅਜ-ਕਲ੍ਹ "ਪ੍ਰੀਤ ਲੜੀ" ਦੇ ਸਫ਼ੇ ਤਿੰਨ-ਕਾਲਮੇ ਹਨ ਤੇ ਪਹਿਲਾਂ ਨਾਲੋਂ ਵੱਡੇ ਹਨ; ਉਦੋਂ ਸਫ਼ੇ ਛੋਟੇ ਤੇ ਦੋ-ਕਾਲਮੇ ਹੁੰਦੇ ਸਨ); ਪਰ ਇਸ ਇਕ ਸਫ਼ੇ ਉਤੇ ਹੀ ਬਾਣੀ ਥਾਂ ਉਸ ਲਾਲ ਨਿਸ਼ਾਨ ਨਾਲ ਕੱਟ-ਵੱਢ ਕੀਤੀ ਹੋਈ ਸੀ ਤੇ ਇਕ ਪੈਰਾ, ਸਾਰਾ ਹੀ, ਉਸ ਕੱਟ ਦਿੱਤਾ ਹੋਇਆ ਸੀ ਜੋ ਦੋ-ਕਾਲਮੇ ਇਸ ਸਫ਼ੇ ਦੀਆਂ ਪੂਰੀਆਂ ਅੱਠ ਸਤਰਾਂ ਸਨ। ਗੁਰਚਰਨ ਦੇ ਸਾਰੇ ਦੱਸੇ ਨੁਕਸ ਮੈਂ ਪਰਵਾਨ ਕਰਾਂ ਤਾਂ ਇਸ ਇਕ ਸਫ਼ੇ ਦਾ ਆਕਾਰ ਤਾਂ ਅੱਧਾ ਰਹਿ ਜਾਵੇਗਾ ਹੀ—ਇਸ ਪਹਿਲੇ ਪੂਰੇ ਕਾਂਡ ਦਾ—ਪਰ ਇਸਦੀ ਬੋਲੀ ਤੇ ਸ਼ੈਲੀ ਵੀ ਫੇਰ ਮੇਰੀ ਨਹੀਂ ਰਹਿ ਜਾਵੇਗੀ, ਇਹ ਗੁਰਚਰਨ ਰਾਮਪੁਰੀ ਦੀ ਬੋਲੀ ਤੇ ਸ਼ੈਲੀ ਹੋਵੇਗੀ। ਗੁਰਚਰਨ ਰਾਮਪੁਰੀ ਨੂੰ ਵਧੀਆ ਵਾਰਤਕ ਲਿਖਣੀ ਆਉਂਦੀ ਹੈ, ਪਰ ਉਹ ਲਿਖਦਾ ਨਹੀਂ ਹੈ, ਇਹ ਪੰਜਾਬੀ ਸਾਹਿਤ ਨਾਲ ਅੰਤਾਂ ਦੀ ਵਧੀਕੀ ਹੈ। ਉਹਨੂੰ, ਅਵੱਸ਼, ਪੰਜਾਬੀ ਸਾਹਿਤ ਨੂੰ, ਆਪਣੀ ਵਧੀਆ ਵਾਰਤਕ ਨਾਲ, ਅਮੀਰ ਬਣਾਉਣਾ ਚਾਹੀਦਾ ਹੈ। ਠੀਕ ਹੈ, ਮੈਨੂੰ ਵੀ ਉਸਤੋਂ ਸਿੱਖਿਆ ਲੈਣੀ ਚਾਹੀਦੀ ਹੈ, ਪਰ ਮੈਂ ਹੁਣ ਕੀ ਸਿੱਖ ਸਕਦਾ ਹਾਂ? ਮੈਂ ਤਾਂ ਬੁੱਢਾ ਤੋਤਾ ਹਾਂ। ਭਾਵੇਂ ਬੁੱਢੇ ਤੋਤਿਆਂ ਨੂੰ ਵੀ ਹਰ ਸਮੇਂ ਹੀ ਸਿੱਖਿਆ ਲੈਣ ਦੇ ਯਤਨ ਕਰਨੇ ਚਾਹੀਦੇ ਹਨ।

ਮੈਂ ਸਹੀ ਆਲੋਚਨਾ ਦਾ ਸਦਾ ਸੁਆਗਤ ਕਰਦਾ ਹਾਂ। ਇਸ ਬਾਰੇ ਦੋ ਗੱਲਾਂ ਇਸੇ ਸਵੈ-ਜੀਵਨੀ ("ਬ੍ਰਿਹਸਪਤੀ") ਬਾਰੇ ਮੈਨੂੰ ਯਾਦ ਆ ਰਹੀਆਂ ਹਨ। ਡਾ: ਕਰਨੈਲ ਸਿੰਘ ਸੋਮਲ ਇਕ ਮੇਰੇ ਮਿੱਤਰ ਹਨ ਜੋ ਏਥੇ ਹੀ, ਮੋਹਾਲੀ ਵਿਚ, ਪੰਜਾਬ ਸਕੂਲ ਸਿੱਖਿਆ ਬੋਰਡ ਵਿਚ ਵਿਸ਼ਾ-ਮਾਹਿਰ ਹਨ ਲੱਗੇ ਹੋਏ। ਸਵੈ-ਜੀਵਨੀ ਲਿਖੀ ਤਾਂ ਖਰੜਾ ਉਹਨਾਂ ਨੂੰ ਦਿੱਤਾ ਗਿਆ ਕਿ ਉਹ ਵੀ ਨਜ਼ਰ ਮਾਰ ਲੈਣ। ਉਹਨਾਂ ਤੋਂ ਬਿਨਾਂ ਮੈਂ ਇਕ-ਦੋ ਹੋਰਾਂ ਦੋਸਤਾਂ ਨੂੰ ਵੀ ਪੜ੍ਹਵਾਇਆ ਸੀ। ਉਹਨਾਂ ਨੂੰ ਇਕ-ਦੋ ਗੱਲਾਂ ਕਿਤੇ ਠੀਕ ਨਹੀਂ ਸਨ ਜਾਪੀਆਂ। ਉਹਨਾਂ ਜਦੋਂ ਦੱਸਿਆਂ ਤਾਂ ਮੈਨੂੰ ਬੜੀ ਹੀ ਖ਼ੁਸ਼ੀ ਹੋਈ। ਉਹਨਾਂ ਦੇ ਬੈਠੇ-ਬੈਠੇ ਹੀ ਮੈਂ ਉਹਨਾਂ ਉਤੇ ਕਲਮ ਫੇਰੀ। ਉਹ ਵੀ ਕਲਮ ਫੇਰ ਦਿੰਦੇ ਤਾਂ ਮੈਨੂੰ ਇਤਰਾਜ਼ ਨਹੀਂ ਹੋਣਾ ਸੀ। ਪਰ ਉਹਨਾਂ ਇਹ ਗੱਲ ਕੀਤੀ ਨਹੀਂ। "ਨਹੀਂ ਧੀਰ ਜੀ, ਨਹੀਂ। ਤੁਹਾਡੀ ਲਿਖਤ ਉਤੇ ਮੈਂ ਕਲਮ ਫੇਰਨ ਦੇ ਯੋਗ ਨਹੀਂ। ਤੁਸੀਂ ਆਪ ਹੀ ਕੱਟੋ ਇਹ।" ਯਕੀਨਨ ਡਾ: ਸੋਮਲ ਦੀ ਉਸਾਰੂ ਨੁਕਤਾਚੀਨੀ ਸੀ। ਇਹ ਕੇਵਲ ਨੁਕਤਾਚੀਨੀ ਲਈ ਹੀ ਨੁਕਤਾਚੀਨੀ ਨਹੀਂ ਸੀ।

ਇਕ ਮੈਡਮ ਕਾਨਾ ਸਿੰਘ ਮੋਹਾਲੀ ਵਿਚ ਰਹਿ ਰਹੇ ਹਨ। ਸਵੈ-ਜੀਵਨੀ "ਪ੍ਰੀਤ ਲੜੀ" ਵਿਚ ਛਪਣੀ ਸ਼ੁਰੂ ਹੋ ਚੁੱਕੀ ਸੀ। ਸੱਤਾਸੀਵਾਂ ਕਾਂਡ "ਗਾਂਧੀ ਜੀ ਦਾ ਕਤਲ" ਛਪਕੇ ਆਇਆ ਤਾਂ ਉਹਨਾਂ ਨੂੰ ਇਸ ਕਾਂਡ ਵਿਚ ਇਕ ਗੱਲ ਕੁਝ ਫ਼ਾਲਤੂ ਜਿਹੀ ਨਜ਼ਰ ਆਈ। ਉਹਨਾਂ ਬੜੇ ਟੇਢੇ ਢੰਗ ਨਾਲ ਸੈਨਤ ਜਿਹੀ ਸੁੱਟੀ ਤਾਂ ਮੈਨੂੰ ਵੀ ਇਉਂ ਜਾਪਿਆ ਕਿ ਗੱਲ ਕੁਝ ਇਹ ਠੀਕ ਹੀ ਹੈ। ਗਾਂਧੀ ਜੀ ਦੇ ਕਤਲ ਦੇ ਦਿਨੀਂ ਮੈਂ ਪਟਿਆਲੇ ਰਹਿੰਦਾ ਸਾਂ। ਇਕ ਸੋਕ ਸਮਾਗਮ ਵਿਚ ਮੈਂ ਵੀ ਪਹੁੰਚਿਆ ਹੋਇਆ ਸਾਂ ਤੇ

ਮੈਂ ਵੀ ਉਸ ਵਿਚ ਬੋਲਿਆ ਸਾਂ। ਉਸ ਸਮੇਂ ਦਾ ਜ਼ਿਕਰ ਕਰਦੇ ਮੈਂ ਇਹ ਲਿਖਿਆ ਹੋਇਆ ਸੀ ਕਿ ਮੇਰੇ ਤੇੜ ਪਜਾਮਾ ਸੀ ਤੇ ਅਚਕਣ ਪਹਿਨੀ ਹੋਈ ਸੀ ਤੇ ਪੱਗ ਸਫ਼ੇਦ ਬੰਨ੍ਹੀ ਸੀ। ਕਾਨਾ ਸਿੰਘ ਨੇ ਕਿਹਾ ਸੀ : "ਧੀਰ ਜੀ, ਕੀ ਇਹ ਜ਼ਰੂਰੀ ਹੈ ਕਿ ਤੁਸੀਂ ਇਹ ਵੀ ਦੱਸੋ ਕਿ ਉਦੋਂ ਤੁਸੀਂ ਕਿਹੋ ਜਿਹੇ ਕੱਪੜੇ ਪਹਿਨੇ ਹੋਏ ਸਨ ?" ਬੜੀ ਦਰੁਸਤ ਗੱਲ ਸੀ। ਮੈਂ ਘਰ ਆ ਕੇ ਸਭ ਤੋਂ ਪਹਿਲਾਂ ਉਹੀਓ ਡੇਢ ਸਤਰ ਕੱਟੀ ਆਪਣੇ ਸਾਂਭੇ ਕਟਿੰਗਾਂ ਵਿਚ, ਜਿਹਨਾਂ ਤੋਂ ਅੱਗੇ ਪੁਸਤਕ-ਰੂਪ ਵਿਚ ਇਹ ਸਵੈ-ਜੀਵਨੀ ਛਪਣੀ ਸੀ। ਕਿਉਂਕਿ ਬੜੀ ਉਸਾਰੂ ਸੀ ਇਹ ਨੁਕਤਾਚੀਨੀ ਕੀਤੀ ਹੋਈ। ਜੇ ਸਾਰੇ ਕਾਂਡ ਉਤੇ ਹੀ ਮੈਡਮ ਕਾਟਾ ਫੇਰ ਦਿੰਦੀ, ਫੇਰ ਮੈਂ ਇਹ ਡੇਢ ਸਤਰ ਵੀ ਉੱਕਾ ਨਹੀਂ ਕੱਟਣੀ ਸੀ, ਕਿਉਂਕਿ ਉਸਦੀ ਨੁਕਤਾਚੀਨੀ ਉਸਾਰੂ ਨਹੀਂ ਰਹਿਣੀ ਸੀ, ਢਾਹੂ, ਕਚਘਰੜ ਜਾਂ ਨੁਕਤਾਚੀਨੀ ਲਈ ਨੁਕਤਾਚੀਨੀ ਹੀ ਕੇਵਲ ਹੋ ਕੇ ਰਹਿ ਜਾਣੀ ਸੀ। ਅਤੇ ਇਹਨੇ ਲਾਭ ਦੀ ਥਾਂ ਨੁਕਸਾਨ ਹੀ ਸਾਡਾ ਕਰਨਾ ਸੀ। ਕਾਨਾ ਸਿੰਘ ਪੰਜਾਬੀ ਵਿਚ ਕਵਿਤਾਵਾਂ-ਕਹਾਣੀਆਂ ਲਿਖਦੇ ਹਨ। ਪਹਿਲਾਂ ਬੰਬਈ ਰਹਿੰਦੇ ਸਨ। ਹੁਣ ਕਾਫ਼ੀ ਵਰ੍ਹਿਆਂ ਤੋਂ ਮੋਹਾਲੀ ਹੀ ਰਹਿ ਰਹੇ ਹਨ।

ਇਕ ਹੋਰ ਮਿਸਾਲ ਦੇਣੀ ਏਥੇ ਠੀਕ ਹੀ ਰਹੇਗੀ, ਕਚਘਰੜ ਨੁਕਤਾਚੀਨੀ ਦੀ। ਇਹ ਵੀ ਇਕ ਕਾਫ਼ੀ ਬੁੱਧੀਮਾਨ ਦੀ ਮਿਸਾਲ ਹੈ ਜੋ ਕਵੀ ਹੈ, ਟੀਚਰ ਹੈ, ਪ੍ਰਗਤੀਸ਼ੀਲ ਤੇ ਮਾਰਕਸਵਾਦੀ ਵਿਚਾਰਧਾਰਾ ਦਾ ਧਾਰਨੀ ਹੈ ਤੇ ਮੇਰਾ ਕੁਝ ਸ਼ਰਧਾਲੂ ਵੀ। ਮੇਰੇ ਇਕ ਸਨਮਾਨ ਸਮੇਂ ਮੇਰੇ ਬਾਰੇ ਉਸ ਬੜੀ ਹੀ ਵਧੀਆ ਕਵਿਤਾ ਵੀ ਇਕ ਲਿਖੀ ਸੀ ਜੋ ਮੇਰੇ ਬਾਰੇ ਪੁਸਤਕ ਵਿਚ ਪ੍ਰਕਾਸ਼ਿਤ ਵੀ ਕੀਤੀ ਗਈ ਸੀ। ਪਰ ਖ਼ੈਰ, ਸੋਚ ਹੁੰਦੀ ਹੈ। ਸੰਨ 1992 ਵਿਚ, ਅਗਸਤ ਮਹੀਨੇ ਦੀ "ਆਰਸੀ" ਵਿਚ, ਮੇਰੀ ਇਕ ਕਹਾਣੀ ਛਪੀ : "ਖੁਲ੍ਹੀ ਦਾੜ੍ਹੀ, ਪੀਲਾ ਪਟਕਾ।" ਕਹਾਣੀ ਵਿਚ ਨਾਗਪੁਰ ਦੇ ਸੰਗਤਰਿਆਂ ਦਾ ਜ਼ਿਕਰ ਹੈ। ਕਹਾਣੀ ਉੱਤਮ ਪੁਰਖ ਵਿਚ "ਮੈਂ" ਨਾਲ ਲਿਖੀ ਹੋਈ ਹੈ ਅਤੇ ਇਹ "ਮੈਂ" ਮੈਂ ਹੀ ਹਾਂ – ਇਕ ਪੰਜਾਬੀ ਲੇਖਕ ਵੀ। "ਮੈਂ" "ਤਾਮਿਲਨਾਡੂ" ਵਿਚ ਨਾਗਪੁਰ ਤੋਂ ਚੜ੍ਹਦਾ ਹੈ, ਪਰ ਸੀਟ ਬੁਕਡ ਨਹੀਂ ਹੈ। ਨਾਗਪੁਰ ਦੇ ਸੰਗਤਰਿਆਂ ਦੀ ਭਾਰੂ ਟੋਕਰੀ ਕੋਲ ਹੈ ਤੇ ਨਾਲ ਹੋਰ ਸਾਮਾਨ ਵੀ। ਉਮਰ ਉਤਾਰੂ ਹੋ ਚੁੱਕੀ ਹੈ। "ਮੈਂ" ਰੇਲ ਦੇ ਡੱਬੇ ਵਿਚ ਮੁਸ਼ਕਿਲ ਨਾਲ ਹੋਰ ਸਾਮਾਨ ਘਸੀਟਦਾ ਅੱਗੇ ਤੁਰਦਾ ਜਾਂਦਾ ਹੈ ਕਿ ਸ਼ਾਇਦ ਕਿਸੇ ਪਾਸੇ ਕੋਈ ਮਾੜੀ-ਮੋਟੀ ਸੀਟ ਜਾਂ ਨੁੱਕਰ ਜਿਹੀ ਹੀ ਮਿਲ ਸਕੇ। ਖ਼ੈਰ, ਅੱਗੇ ਗਿਆ ਤਾਂ ਕੁਝ ਪੰਜਾਬੀ ਬੋਲ ਸੁਣੇ। ਦੂਜੇ ਪਾਸੇ ਦੇਖਿਆ ਤਾਂ ਇਕ ਬੜਾ ਤਕੜਾ ਬੰਦਾ ਸੀਟ ਉਤੇ ਬੈਠਾ ਸੀ ਜਿਸਦੀ ਦਾੜ੍ਹੀ ਖੁਲ੍ਹੀ ਤੇ ਪੀਲਾ ਪਟਕਾ ਬੱਧਾ ਸੀ। ਖ਼ੈਰ, ਉਸ ਨਾਲ ਵਾਕਫ਼ੀ ਹੋਈ। ਜਦੋਂ ਉਹਨੂੰ ਇਹ ਪਤਾ ਲੱਗਾ ਕਿ "ਮੈਂ" ਪੰਜਾਬੀ ਲੇਖਕ ਹੈ ਤਾਂ ਉਹਨੂੰ ਬਹੁਤ ਖ਼ੁਸ਼ੀ ਹੋਈ। ਉਹ ਪੁਲਿਸ ਦਾ ਮੁਲਾਜ਼ਮ ਸੀ ਤੇ ਕਿਸੇ ਟੀਮ ਦਾ ਕੋਚ ਸੀ। ਉਸਦੀ ਟੀਮ ਵੀ ਨਾਲ ਸੀ। ਮਦਰਾਸ ਤੋਂ ਪਰੇ ਕਿਸੇ ਥਾਂ ਉਹ ਮੈਚ ਖੇਡ ਕੇ ਆਏ ਸਨ। ਕੋਚ ਨੂੰ ਪੰਜਾਬੀ ਸਾਹਿਤ ਪੜ੍ਹਨ ਦਾ ਬਹੁਤ ਸ਼ੌਕ ਸੀ ਤੇ ਲਗਭਗ ਸਭ ਪੰਜਾਬੀ ਲੇਖਕ ਉਹਨੇ ਪੜ੍ਹੇ ਹੋਏ

ਸਨ । ਮੋਹਨ ਸਿੰਘ, ਗੁਰਬਖ਼ਸ਼ ਸਿੰਘ, ਆਦਿ । ਇਸ ਕਾਰਨ ਉਹ "ਮੈਂ" ਦੀ ਬਹੁਤੀ ਇੱਜ਼ਤ ਹੀ ਨਹੀਂ ਕਰਦਾ, ਸਗੋਂ ਸੀਟ ਵੀ ਉਸਨੂੰ ਦਿੰਦਾ ਹੈ ਤੇ ਰਾਤੀਂ ਸੌਣ ਲਈ ਬਰਥ ਵੀ ਕਿਸੇ ਪਲੇਅਰ ਦੀ ਦੇ ਦਿੰਦਾ ਹੈ ਤੇ ਸੇਵਾ ਵੀ ਬੜੀ ਕਰਦਾ ਹੈ ਤੇ ਸੰਗਤਰਿਆਂ ਦੀ ਟੋਕਰੀ ਤੇ ਹੋਰ ਸਾਮਾਨ ਵੀ ਲਾਹੁਣ ਵੇਲੇ ਆਪ ਹੀ ਚੁੱਕ ਕੇ ਲਾਹੁੰਦਾ ਹੈ । ਸੰਗਤਰਿਆਂ ਦੀ ਟੋਕਰੀ ਦਾ ਕਾਫ਼ੀ ਜ਼ਿਕਰ ਆਉਂਦਾ ਹੈ ਤੇ "ਮੈਂ" ਇਹ ਵੀ ਕਹਿੰਦਾ ਹੈ ਕਿ ਕੀ ਲੋੜ ਸੀ ਚੁੱਕਣ ਦੀ । ਪੰਜਾਬ ਵਿਚ ਬਥੇਰੇ ਸੰਗਤਰੇ ਚੰਗੇ-ਚੰਗੇ ਮਿਲ ਜਾਂਦੇ ਹਨ । ਐਵੇਂ ਨਾਂ ਹੀ ਨਾਂ ਹੈ ਨਾਗਪੁਰ ਦੇ ਸੰਗਤਰੇ ।

ਇਹ ਕਹਾਣੀ ਪੜ੍ਹਕੇ ਇਸ ਮੇਰੇ "ਸਾਥੀ" ਨੇ ਚਿੱਠੀ ਲਿਖੀ :

"ਪਿਆਰੇ ਸੰਤੋਖ ਸਿੰਘ ਧੀਰ ਜੀ,

"ਆਰਸੀ' ਵਿਚ ਆਪਦੀ ਕਹਾਣੀ "ਖੁਲ੍ਹੀ ਦਾੜ੍ਹੀ, ਪੀਲਾ ਪਟਕਾ" ਪੜ੍ਹੀ । ਬੜੀ ਵਧੀਆ ਕਹਾਣੀ ਹੈ । ਖੁਲ੍ਹੀ ਦਾੜ੍ਹੀ ਤੇ ਪੀਲੇ ਪਟਕੇ ਵਾਲੇ ਇਨਸਾਨ ਦਾ ਵਧੀਆ ਕਿਰਦਾਰ ਚਿੱਤਰਿਆ ਹੈ । ਉਸਦੇ ਖਿਲਾੜੀ ਸਾਥੀ ਵੀ ਕਿੰਨੇ ਚੰਗੇ ਨੇ । ਸਾਰਿਆਂ ਨੇ ਲੇਖਕ ਦਾ ਬਹੁਤ ਸਤਿਕਾਰ ਕੀਤਾ ।

"ਪਰ ਬਦਲੇ ਵਿਚ ਲੇਖਕ (ਭਾਵੇਂ ਤੁਸੀਂ ਆਪ ਹੋ ਜਾਂ ਕੋਈ ਹੋਰ) ਦਾ ਉਹਨਾਂ ਪ੍ਰਤੀ ਵਿਹਾਰ ਬੜਾ ਕੰਜੂਸੀ ਵਾਲਾ ਤੇ ਤੰਗ ਦਿਲੀ ਵਾਲਾ ਹੈ । ਜੇ ਲੇਖਕ ਦੇ ਸੁਭਾ ਵਿਚ ਜ਼ਰਾ ਜਿੰਨੀ ਵੀ ਖੁਲ੍ਹ ਦਿਲੀ ਤੇ ਸਲੀਕੇਦਾਰੀ ਹੁੰਦੀ ਤਾਂ ਉਹ ਆਪਣੇ ਨਾਗਪੁਰੀ ਸੰਗਤਰਿਆਂ ਦਾ ਸੁਆਦ ਚੱਖਣ ਲਈ ਉਹਨਾਂ ਨੂੰ ਸੱਦਾ ਦੇਣ ਦਾ ਹੌਸਲਾ ਕਰ ਸਕਦਾ । ਉਹਨਾਂ ਨੇ ਸੰਗਤਰੇ ਮੁਕਾ ਥੋੜਾ ਦੇਣੇ ਸੀ !

"ਵੰਡ ਛਕਣ ਨਾਲ ਹੀ ਪਿਆਰ ਤੇ ਸਦਭਾਵਨਾ ਵਧਦੀ ਫੁਲਦੀ ਹੈ । ਏਹੀਓ ਕੁਝ ਮਾਰਕਸਵਾਦ ਲੈਨਿਨਵਾਦ ਹੈ, ਤੇ ਏਹੀਓ ਕੁਝ ਗੁਰਸਿੱਖੀ ।"

ਇਸ ਚਿੱਠੀ ਨੂੰ ਪੜ੍ਹਕੇ ਮੈਂ ਹੱਸਿਆ ਵੀ ਤੇ ਰੋਇਆ ਵੀ । ਹੱਸਿਆ ਤਾਂ ਮੈਂ ਇਸ ਲਈ ਕਿ ਗੱਲ ਹੀ ਹਸਣ ਵਾਲੀ ਸੀ । ਰੋਇਆ ਮੈਂ ਇਸ ਲਈ ਕਿ ਰੋਂਦਾ ਨਾ ਤਾਂ ਕਰਦਾ ਕੀ ।

ਅਜਿਹੀ ਨੁਕਤਾਚੀਨੀ ਨੂੰ "ਕਚਘਰੜ" ਨਾ ਆਖਿਆ ਜਾਵੇ ਤਾਂ ਕੀ ਆਖਿਆ ਜਾਵੇ ਹੋਰ ?

# ਵਿਚਾਰਧਾਰਕ ਫ਼ਰਕ

ਮੈਂ ਮਾਰਕਸਵਾਦੀ ਵਿਚਾਰਧਾਰਾ ਦਾ ਧਾਰਨੀ ਹਾਂ। ਪੂੰਜੀਵਾਦ ਦੇ ਵਿਰੁਧ ਹਾਂ, ਸਮਾਜਵਾਦ ਚਾਹੁੰਦਾ ਹਾਂ। ਸਮਾਜਵਾਦੀ ਸ਼ਕਤੀਆਂ ਦੇ ਨਾਲ ਖਲੋਤਾ ਹੋਇਆ ਹਾਂ।

ਮੇਰਾ ਇਹੋ ਵਿਸ਼ਵਾਸ ਹੈ ਕਿ ਮਾਰਕਸਵਾਦ ਹੀ ਅੱਜ ਦਾ ਕਲਿਆਣਕਾਰੀ ਵਾਦ ਹੈ। ਲੈਨਿਨਵਾਦ, ਮਾਰਕਸਵਾਦ ਵਿਚ ਹੋਰ ਵਾਧੇ ਕਰ ਦਿੰਦਾ ਹੈ। ਇਸੇ ਲਈ ਸਿਆਣਿਆਂ ਨੇ ਮਾਰਕਸਵਾਦ ਤੇ ਲੈਨਿਨਵਾਦ ਨੂੰ ਇਕ-ਜੁੱਟ ਕਰ ਦਿੱਤਾ ਹੈ ਤੇ ਅੱਜ ਕੋਈ ਵੀ ਮਾਰਕਸਵਾਦੀ ਨਾਲ ਹੀ ਲੈਨਿਨਵਾਦੀ ਵੀ ਹੈ। ਬੜੇ ਮਹਾਨ ਮਨੁੱਖ ਹੋਏ ਹਨ ਮਾਰਕਸ ਅਤੇ ਲੈਨਿਨ ਦੋਵੇਂ।

ਕਈ ਲੋਕ ਮਨੁੱਖਵਾਦ ਨੂੰ ਬਹੁਤ ਚੰਗਾ ਕਹਿੰਦੇ ਹਨ। ਠੀਕ ਹੈ ਮਨੁੱਖਵਾਦ। ਪਰ ਮਾਰਕਸਵਾਦ ਤੇ ਲੈਨਿਨਵਾਦ, ਮਨੁੱਖਵਾਦ ਨੂੰ, ਸੋਨੇ ਵਾਂਗੂ, ਰੇਤ ਤੋਂ ਵੱਖ ਕਰਦੇ ਹਨ ਤੇ ਉਹਨੂੰ ਸੱਚੇ ਰੂਪ ਵਿਚ ਮਨੁੱਖਵਾਦ ਬਣਾਉਂਦੇ ਹਨ। ਮਨੁੱਖਵਾਦ ਧੁੰਦਲਾ ਹੈ, ਜੇ ਮਲਿਕ ਭਾਗੋ ਤੇ ਭਾਈ ਲਾਲੋ ਨੂੰ ਵੱਖ-ਵੱਖ ਨਾ ਕੀਤਾ ਜਾਵੇ। ਭਾਈ ਲਾਲੋ ਮਨੁੱਖ ਹੈ, ਮਲਿਕ ਭਾਗੋ ਮਨੁੱਖ-ਦੋਖੀ। ਮਨੁੱਖਵਾਦ ਜੇ ਅੰਨ੍ਹਾ ਹੈ ਤਾਂ ਬਹੁਤ ਵਾਰ ਇਹ ਭਾਗੋਆਂ ਦੇ ਹੱਕ ਵਿਚ ਜਾ ਡਿਗਦਾ ਹੈ। ਮਾਰਕਸਵਾਦ ਤੇ ਲੈਨਿਨਵਾਦ, ਮਨੁੱਖਵਾਦ ਨੂੰ ਚਾਨਣ-ਭਰੀਆਂ ਅੱਖਾਂ ਦੇਣ ਵਾਲੇ ਹਨ—ਵਿਗਿਆਨਕ ਦ੍ਰਿਸ਼ਟੀਕੋਣ ਦੀਆਂ ਅੱਖਾਂ। ਮਾਰਕਸਵਾਦ ਤੇ ਲੈਨਿਨਵਾਦ, ਦੋ ਵਿਰੋਧੀ ਸ਼੍ਰੇਣੀਆਂ ਵਿਚ ਸਾਫ਼ ਲੀਕ ਖਿੱਚ ਰਹੇ ਹਨ—ਲੋਟੂ ਅਤੇ ਲੁੱਟੀਆਂ ਜਾਣ ਵਾਲੀਆਂ ਸ਼੍ਰੇਣੀਆਂ ਵਿਚ। ਇਹਨਾਂ ਵਿਚ ਟਕਰਾਓ ਵੇਲੇ ਇਹ ਲੁੱਟੇ ਜਾਣ ਵਾਲਿਆਂ ਦੀ ਪਿੱਠ ਪਿੱਛੇ ਵੀ ਹੁੰਦੇ ਹਨ ਤੇ ਕ੍ਰਿਸ਼ਨ ਵਾਂਗ, ਯੁੱਧ ਵਿਚ, ਇਹਨਾਂ ਦੇ ਰਥ ਦੇ ਸਾਰਥੀ ਵੀ। ਮਨੁੱਖਵਾਦ, ਨਿਰਾ-ਪੁਰਾ, ਜੋ ਇਹਨਾਂ ਤੋਂ ਬਿਨਾਂ ਹੁੰਦਾ ਹੈ, ਉਹ ਬਹੁਤ ਵਾਰ, ਅਜਿਹੇ ਵੇਲੇ, ਬੇਵਸ ਜਿਹਾ ਹੋ ਜਾਂਦਾ ਹੈ। ਉਹਨੂੰ, ਭੀਸ਼ਮ ਪਿਤਾਮਾ ਵਾਂਗ ਹੀ, ਸਿਰ ਝੁਕਾ ਕੇ ਸਾਰੀ ਹੋਣੀ ਪ੍ਰਵਾਨ ਕਰਨੀ ਪੈਂਦੀ ਹੈ। ਮੈਂ ਜੇ ਮਾਰਕਸਵਾਦੀ ਹਾਂ ਤਾਂ ਲੈਨਿਨਵਾਦੀ ਵੀ ਨਾਲ ਹੀ ਹਾਂ, ਅਤੇ ਮਨੁੱਖਵਾਦੀ ਵੀ। ਠੀਕ, ਮੈਂ ਕਲਾਵਾ ਸਾਰੀ ਦੁਨੀਆਂ ਨੂੰ ਭਰ ਰਿਹਾ ਹਾਂ, ਪਰ ਇਸ ਵਿਚ ਮੈਂ ਲੋਟੂਆਂ ਨੂੰ ਉਹ ਥਾਂ ਨਹੀਂ ਦੇ ਰਿਹਾ, ਜੋ ਕਿਰਤੀਆਂ ਨੂੰ ਦਿੰਦਾ ਹਾਂ। ਜਾਬਰ, ਲੁਟੇਰੇ, ਵਹਿਸ਼ੀ, ਦਰਿੰਦੇ ਮੇਰੀਆਂ ਬਾਹਵਾਂ ਵਿਚੋਂ ਵੀ ਬਾਹਰ ਹਨ ਤੇ ਮੇਰੀ ਦ੍ਰਿਸ਼ਟੀ ਵਿਚੋਂ ਵੀ। ਉਹਨਾਂ ਲਈ ਮੈਂ ਸ਼ੱਤਰੂ ਤੇ ਅਤਿ ਦਾ ਕਹਿਰਵਾਨ ਹੀ ਹਾਂ। ਮੇਰੀ ਕਲਮ ਉਹਨਾਂ ਦੇ ਖਿਲਾਫ਼ ਹੀ ਵਗਦੀ ਜਾਵੇਗੀ।

ਸਾਰੇ ਲੋਕ ਮੇਰੇ ਵਾਲੀ ਵਿਚਾਰਧਾਰਾ ਦੇ ਧਾਰਨੀ ਨਹੀਂ, ਮੈਥੋਂ ਉਲਟ ਵੀ ਬਹੁਤ ਹਨ। ਪਹਿਲਾਂ, ਜਦੋਂ ਰੂਸ-ਚੀਨ ਤੇ ਭਾਰਤ ਵਿਚ ਕਮਿਊਨਿਸਟਾਂ ਵਿਚ ਫੁੱਟ ਨਹੀਂ ਸੀ ਪਈ ਅਜੇ ਸਾਡੀ ਟੱਕਰ ਫ਼ਿਰਕਾਪ੍ਰਸਤਾਂ ਜਾਂ ਪੂੰਜੀਵਾਦੀ ਸੋਚ ਦੇ ਹਿਮਾਇਤੀਆਂ ਨਾਲ ਹੀ ਹੁੰਦੀ ਸੀ। ਜਦੋਂ ਫੁੱਟ ਪਈ ਤਾਂ ਆਪਸ ਵਿਚ ਵੀ ਹੋਣ ਲੱਗੀ। ਪਹਿਲਾਂ ਸੀ. ਪੀ. ਆਈ. ਹੀ ਸੀ ਤੇ ਮੈਂ ਵੀ ਸੀ. ਪੀ. ਆਈ ਹੀ ਸਾਂ। ਫੇਰ ਕੋਈ ਮਾਰਕਸਵਾਦੀ ਪਾਰਟੀ ਵੱਲ ਚਲਾ ਗਿਆ ਤੇ ਫੇਰ ਕੋਈ ਅਗੋਂ ਬਣੀ ਨਕਸਲਾਈਟ ਪਾਰਟੀ ਵੱਲ। ਕਮਿਊਨਿਸਟ ਵੰਡੇ ਗਏ। ਚਲੋ, ਇਤਿਹਾਸ ਦੇ ਦੌਰ ਹਨ। ਪਰ ਇਕ ਗੱਲ ਮਾੜੀ ਹੋਈ। ਪੂੰਜੀਵਾਦੀ ਪਾਰਟੀਆਂ ਜਾਂ ਪੂੰਜੀਵਾਦ ਨਾਲ ਲੜਨ ਦੀ ਥਾਂ ਸਾਰੇ ਆਪਸ ਵਿਚ ਹੀ ਲੜਾਈ ਲੜਨ ਲੱਗ ਪਏ। ਕੋਈ ਆਖੇ, ਉਹ ਗ਼ੱਦਾਰ; ਦੂਜਾ ਆਖੇ, ਉਹ ਗ਼ੱਦਾਰ; ਤੀਜਾ ਆਖੇ, ਸਭ ਗ਼ੱਦਾਰ! ਪਰ ਹੁੰਦਾ ਕੀ ਸੀ ਦੂਜੇ ਪਾਸੇ? ਭਾਰਤ ਦੇ ਅਸਲੀ ਗ਼ੱਦਾਰ ਬਘਿਆੜਾਂ ਵਾਂਗੂੰ ਖਿੜਖਿੜਾ ਕੇ ਚਾਂਗਰਾਂ ਮਾਰ ਰਹੇ ਸਨ। ਅੱਜ ਜੋ ਇਹ ਦੇਸ਼ ਵਿਚ ਅਤਿਵਾਦ ਤੇ ਵੱਖਵਾਦ ਹਰ ਪਾਸੇ ਦਿਸ ਰਿਹਾ ਹੈ, ਇਹ ਬਹੁਤਾ ਇਸੇ ਕਰਕੇ ਹੈ ਕਿ ਅਸੀਂ, ਕਮਿਊਨਿਸਟ, ਸਮਝਦਾਰ ਸਾਬਿਤ ਨਹੀਂ ਹੋਏ। ਅਸੀਂ ਇਕ-ਦੂਜੇ ਨੂੰ ਗ਼ੱਦਾਰ ਆਖਣ ਵਿਚ ਲੱਗੇ ਰਹੇ।

ਇਹ ਪ੍ਰਭਾਵ ਸਾਹਿਤ ਉੱਤੇ ਵੀ ਨਾਲ ਦੀ ਨਾਲ ਪੈਣ ਲੱਗੇ। ਪਹਿਲਾਂ ਸਾਰੇ ਦੇਸ਼ ਦੇ ਲੇਖਕ, ਮਾਰਕਸਵਾਦੀ-ਲੈਨਿਨਵਾਦੀ ਵਿਚਾਰਧਾਰਾ ਦੇ ਧਾਰਨੀ ਲੇਖਕ, ਇਕੋ ਲੜੀ ਵਿਚ ਹੁੰਦੇ ਸਨ ਤੇ ਗੁਰੂਦੇਵ ਟੈਗੋਰ ਅਤੇ ਪ੍ਰੇਮ ਚੰਦ ਦਾ ਝੰਡਾ ਚੁੱਕ ਕੇ ਅੱਗੇ ਵੱਲ ਵੱਧ ਰਹੇ ਸਨ। ਪਰ ਫੇਰ ਇਹ ਵੀ ਇਸੇ ਮਾਰੂ ਫੁੱਟ ਵਿਚ ਗ੍ਰਸੇ ਗਏ। ਕੋਈ ਕਿਤੇ, ਕੋਈ ਕਿਤੇ। ਮੈਂ ਤਾਂ ਪਹਿਲੀ ਮੌਲਿਕ ਪਾਰਟੀ ਸੀ. ਪੀ. ਆਈ. ਵੱਲ ਹੀ ਰਿਹਾ, ਪਰ ਕੋਈ ਦੋਸਤ ਮਾਰਕਸੀ ਤੇ ਕੋਈ ਨਕਸਲੀ ਬਣ ਗਿਆ। ਇਸ ਤੋਂ ਬਿਨਾਂ ਸਾਹਿਤ ਸਭਾਵਾਂ ਵੀ ਵੱਖ-ਵੱਖ ਬਣਾਈਆਂ ਗਈਆਂ। ਕੋਈ ਕਿਸੇ ਦੇ ਅਸਰ ਵਾਲੀ, ਕੋਈ ਕਿਸੇ ਦੇ ਅਸਰ ਵਾਲੀ। ਕੇਂਦਰੀ ਸਭਾ ਇਕੱਠੀ ਰਹੀ। ਪਰ ਉਸ ਵਿਚ ਵੀ ਕਈ ਵਾਰ ਫੁੱਟ ਦੀ ਕੋਸ਼ਿਸ਼ ਕੀਤੀ ਗਈ ਤੇ ਆਖਿਰ ਪਾ ਹੀ ਦਿੱਤੀ ਗਈ। ਹੁਣ ਇੱਕ ਦੀਆਂ ਦੋ ਬਣ ਚੁੱਕੀਆਂ ਹਨ। ਪਰ ਅਸਲੀ ਮੇਰੇ ਵਾਲੀ ਹੀ ਹੈ। ਇਹ ਪਹਿਲਾਂ ਬਣੀ ਮੌਲਿਕ ਹੈ। ਦੂਜੀ ਇਸਦੇ ਵਿਚੋਂ ਬਣੀ। ਪ੍ਰਭਾਵ ਮੇਰੇ ਵਾਲੀ ਦਾ ਹੈ। ਉਹ ਤਾਂ ਅਹੁਦਾ ਨਾ ਮਿਲਣ ਕਾਰਨ ਵੱਖ ਬਣਾਈ ਗਈ ਹੈ। ਇਕ ਬੰਦੇ ਦੀਆਂ ਖ਼ਾਹਿਸ਼ਾਂ ਸਨ। ਵੋਟਾਂ ਨਾਲ ਬਣ ਸਕਿਆ ਨਹੀਂ। ਵੱਖ ਬਣਾ, ਬਣ ਗਿਆ ਹੈ। ਖ਼ੈਰ, ਇਹ ਮਾੜੀ ਗੱਲ ਹੈ। ਅੱਜ ਤਾਂ ਸਾਡੇ ਸਭਨਾਂ ਦੇ ਹੀ ਇੱਕ ਹੋਣ ਦੇ ਦਿਨ ਹਨ। ਫੁੱਟ ਦੀ "ਅੱਯਾਸ਼ੀ" ਅੱਜ ਕਰਨੀ ਨਹੀਂ ਚਾਹੀਦੀ।

ਜਦੋਂ ਬੰਗਲਾਦੇਸ਼ ਲਈ ਸੰਗਰਾਮ ਸ਼ੁਰੂ ਹੋਇਆ ਸੀ ਤਾਂ ਉਹਨੀਂ ਦਿਨੀਂ ਮੈਂ "ਅੱਗ ਦੇ ਪੱਤੇ" ਕਾਵਿ ਸੰਗ੍ਰਹਿ ਲਿਖਿਆ ਸੀ। ਜਦੋਂ ਬੰਗਲਾਦੇਸ਼ ਬਾਰੇ ਮੈਂ ਕਵਿਤਾਵਾਂ ਲਿਖੀਆਂ ਤੇ ਪਰਚਿਆਂ ਵਿਚ ਛਪੀਆਂ ਤਾਂ ਕਈ ਮੇਰੇ ਮਿੱਤਰ, ਜੋ ਮਾਰਕਸਵਾਦੀ ਪਾਰਟੀ ਜਾਂ ਨਕਸਲੀਆਂ ਨਾਲ ਸੰਬੰਧਿਤ ਸਨ, ਹੈਰਾਨ ਹੋ-ਹੋ ਆਖਣ ਕਿ ਇਹ ਮੈਂ ਕੀ ਕਰ ਰਿਹਾ

ਸੀ। ਉਹਨਾਂ ਦੀ ਸੋਚ ਇਹ ਸੀ ਕਿ ਬੰਗਲਾਦੇਸ਼ ਪਾਕਿਸਤਾਨ ਦੇ ਜਬਰ ਕਾਰਨ ਨਹੀਂ ਬਣ ਰਿਹਾ, ਸਗੋਂ ਹਿੰਦੋਸਤਾਨ ਦੀ ਸ਼ਰਾਰਤ ਕਾਰਨ ਬਣ ਰਿਹਾ ਹੈ ਤੇ ਮੁਕਤੀਵਾਹਨੀ ਅਸਲ ਵਿਚ ਹਿੰਦੋਸਤਾਨੀ ਫ਼ੌਜ ਹੀ ਹੈ। ਮੁਕਤੀਵਾਹਨੀ ਬਾਰੇ ਕੁਝ ਗੱਲ ਠੀਕ ਹੋ ਸਕਦੀ ਹੈ, ਪਰ ਸਾਰੀ ਮੁਕਤੀਵਾਹਨੀ ਹਿੰਦੋਸਤਾਨ ਦੀ ਫ਼ੌਜ ਹੀ ਨਹੀਂ ਸੀ, ਬੰਗਲਾਦੇਸ਼ੀ ਆਪ ਵੀ ਸਨ ਤੇ ਉਹਨਾਂ ਦੇ ਕੀਤੇ ਕਾਰਨਾਮੇ ਅਖ਼ਬਾਰਾਂ ਵਿਚ ਆ ਰਹੇ ਸਨ। "ਟੀਟੂ" ਅਤੇ "ਰੌਸ਼ਨ ਆਰਾ" ਇਸ ਦੀਆਂ ਦੋ ਮਿਸਾਲਾਂ ਸਨ ਜੋ ਮੇਰੀ ਕਵਿਤਾ ਦਾ ਵਿਸ਼ਾ ਬਣੇ। ਵਿਚਾਰਧਾਰਕ ਫ਼ਰਕਾਂ ਕਾਰਨ, ਇਹ ਕਵਿਤਾਵਾਂ ਇਹਨਾਂ ਵਲੋਂ ਨਾ-ਪਸੰਦ ਕੀਤੀਆਂ ਗਈਆਂ।

ਨਵੇਂ, ਨਕਸਲਵਾਦੀ ਕਵੀ ਗਰਮ ਕਵਿਤਾਵਾਂ ਲਿਖਦੇ ਹੁੰਦੇ। ਮੇਰੀਆਂ ਕਵਿਤਾਵਾਂ ਵੀ ਕੋਈ ਘੱਟ ਗਰਮ ਨਹੀਂ ਸਨ, ਸਗੋਂ ਮੈਂ ਤਾਂ ਉਹਨਾਂ ਤੋਂ ਪਹਿਲਾਂ ਦਾ ਗਰਮ ਕਵਿਤਾਵਾਂ ਲਿਖਦਾ ਸਾਂ। ਇਕ ਵਾਰ ਕੁਝ ਵੱਧ ਹੀ ਗਰਮ ਮੇਰੀਆਂ ਕਵਿਤਾਵਾਂ ਛਪੀਆਂ। ਨਕਸਲਵਾਦੀ ਨੌਜਵਾਨ ਬੜੇ ਹੀ ਖ਼ੁਸ਼ ਹੋਏ ਸਨ। ਕਈ ਤਾਂ ਇਹ ਵੀ ਆਖਣ ਲੱਗੇ ਕਿ ਧੀਰ ਸੀ. ਪੀ. ਆਈ. ਨੂੰ ਛੱਡ ਕੇ "ਆਪਣੇ" ਵਿਚ ਆ ਗਿਆ ਹੈ। ਜਦੋਂ ਪਤਾ ਲੱਗਾ ਕਿ ਉਹ ਤਾਂ ਉਥੇ ਹੀ ਬੈਠਾ ਹੈ ਤਾਂ ਉਹਨਾਂ ਨੂੰ ਮਾਯੂਸੀ ਹੋਈ। ਫੇਰ ਉਹ ਆਖਦੇ ਹੁੰਦੇ ਸਨ: "ਧੀਰ ਕਵਿਤਾਵਾਂ ਤਾਂ ਚੰਗੀਆਂ ਲਿਖਦੈ, ਪਰ ਬੈਠਾ ਗ਼ਲਤ ਥਾਂ ਹੈ।" ਭਾਵ ਸੀ. ਪੀ. ਆਈ. ਵਿਚ — "ਸੋਧਵਾਦੀ" ਪਾਰਟੀ ਵਿਚ—ਜਿਸ ਵਿਚ ਹੁਣ ਇਨਕਲਾਬ ਦਾ ਤੱਤ ਤਾਂ ਉੱਕਾ ਰਿਹਾ ਹੀ ਨਹੀਂ।

ਹੌਲੀ-ਹੌਲੀ, ਸਮੇਂ ਨਾਲ, ਮੇਰੀਆਂ ਕਵਿਤਾਵਾਂ ਵੀ ਫੇਰ ਉਹਨਾਂ ਲਈ ਚੰਗੀਆਂ ਨਹੀਂ ਸਨ ਰਹੀਆਂ। ਬੱਸ, ਠੀਕ ਸਾਂ, ਪਰ ਇਨਕਲਾਬੀ ਨਹੀਂ ਸਾਂ ਬਹੁਤਾ। ਉਹਨਾਂ ਜਿੰਨਾ ਤਾਂ ਸਾਂ ਹੀ ਨਹੀਂ।

ਪੰਜਾਬ ਵਿਚ ਅੱਤਿਵਾਦ ਤੇ ਵੱਖਵਾਦ ਦੀ ਲਹਿਰ ਚੱਲੀ। ਵੱਡੇ-ਵੱਡੇ "ਪਿੱਪਲ" ਤੇ "ਬੋਹੜ" ਇਸ ਹਵਾ ਨਾਲ ਟੁੱਟ ਗਏ। ਪਰ ਮੈਂ ਲਿੱਫੀ, ਨਰਮ ਜਿਹੀ, ਸਾਵੀ ਘਾਹ ਦੀ ਪੱਤੀ ਵਾਂਗੂ ਆਪਣੀ ਥਾਂ ਖਲੋਤਾ ਰਿਹਾ। ਕਿਉਂਕਿ ਮੈਨੂੰ ਪਤਾ ਸੀ ਕਿ ਇਹ ਲਹਿਰ ਮਨੁੱਖ ਤੇ ਮਨੁੱਖਤਾ ਦੀ ਦੁਸ਼ਮਨ ਹੈ ਤੇ ਗੁਰੂ ਨਾਨਕ ਦੀ ਸਿੱਖੀ ਐਵੇਂ ਅੱਗੇ ਕੀਤੀ ਹੋਈ ਹੈ, ਆਪਣਾ ਆਪ ਛੁਪਾਉਣ ਲਈ। ਪਰ ਮੇਰੇ ਵਾਂਗੂ ਸੋਚਣ ਵਾਲੇ ਐਵੇਂ ਇੱਕ ਜਾਂ ਦੋ ਹੀ ਸਨ। ਨਹੀਂ ਤਾਂ ਚਾਰੇ ਪਾਸੇ ਹੀ ਗ਼ੁਬਾਰ ਹੀ ਚੜ੍ਹਿਆ ਪਿਆ ਸੀ। ਚੰਗੇ-ਭਲੇ ਅੱਖਾਂ ਵਾਲੇ ਅੱਖਾਂ ਦੇ ਅੰਨ੍ਹੇ ਬਣ ਚੁੱਕੇ ਸਨ। ਜਿਹੜੇ ਪਹਿਲਾਂ ਗੱਜ-ਵੱਜ ਕੇ ਕਮਿਊਨਿਸਟ ਅਖਵਾਉਂਦੇ ਸਨ, ਰਾਤੋ-ਰਾਤ ਖ਼ਾਲਿਸਤਾਨੀ ਬੁਰਕਾ ਪਹਿਨ ਬੈਠੇ ਸਨ ਤੇ ਬੁੱਧੀਜੀਵੀ ਤੋਂ ਝੱਟ ਹੀ "ਸਿੱਖ ਬੁੱਧੀਜੀਵੀ" ਬਣ ਬੈਠੇ ਸਨ। ਅਜਿਹੇ ਲੋਕਾਂ ਨੂੰ ਮੇਰੀ ਲਿਖਤ ਉੱਕਾ ਰਾਸ ਨਹੀਂ ਆਉਂਦੀ ਸੀ। ਕਹਿੰਦੇ ਸਨ ਕਿ ਮੈਨੂੰ ਆਪਣੀ "ਕੌਮ" ਦਾ ਦਰਦ ਨਹੀਂ ਰਿਹਾ। ਕੌਮ ਦਾ ਭਾਵ "ਸਿੱਖ ਕੌਮ"। ਹਾਲਾਂਕਿ ਕੌਮਾਂ ਧਰਮਾਂ ਦੇ ਆਧਾਰਾਂ ਉਤੇ ਨਹੀਂ ਹੁੰਦੀਆਂ।

ਮੈਂ ਇਸ "ਲਹਿਰ" ਵਿਰੁੱਧ ਕਹਾਣੀਆਂ ਵੀ ਲਿਖੀਆਂ, ਕਵਿਤਾਵਾਂ ਵੀ ਤੇ ਲੇਖ ਵੀ ਪਰ ਮੇਰੇ ਬਾਰੇ ਆਖਿਆ ਗਿਆ, ਉਪਰੋਕਤ "ਬੁੱਧੀਜੀਵੀਆਂ" ਵਲੋਂ, ਕਿ ਇਹਨਾਂ ਵਿਚ ਕਲਾ ਨਹੀਂ ਹੈ। ਮੇਰਾ ਕਲਾਕਾਰ ਆਪਾ, ਮੇਰੇ ਸਿਆਸੀ ਆਪੇ ਅੱਗੇ, ਹਥਿਆਰ ਸੁੱਟ ਬੈਠਾ ਹੈ। ਖ਼ਾਸ ਕਰ ਕਵਿਤਾਵਾਂ ਵਿਚ। ਇਹ ਰਾਏ ਮੇਰੇ ਮਿੱਤਰ ਗੁਰਬਚਨ ਸਿੰਘ ਭੁੱਲਰ ਦੀ ਬਣੀ ਹੈ। ਕਿਉਂਕਿ, ਪੰਜਾਬ ਬਾਰੇ, ਪੰਜਾਬ ਦੀ ਇਸ "ਲਹਿਰ" ਬਾਰੇ, ਸਾਡੇ ਵਿਚ ਮਤਭੇਦ ਹਨ। ਅਸੀਂ ਬਿਲਕੁਲ ਦੋ ਵਿਰੋਧੀ ਪਾਸਿਆਂ ਵੱਲ ਖਲੋਤੇ ਹਾਂ।

ਉਸਨੂੰ ਬਹੁਤਾ ਇਤਰਾਜ਼ ਮੇਰੀ ਇੰਦਰਾ ਗਾਂਧੀ ਦੇ ਕਤਲ ਮਗਰੋਂ ਲਿਖੀ ਕਵਿਤਾ ਬਾਰੇ ਹੈ—ਜਿਸਦਾ ਸਿਰਲੇਖ ਹੈ "ਭਾਰਤ ! ਉਦਾਸ ਨਾ ਹੋ।" ਇਤਰਾਜ਼ ਹੈ ਕਿ ਇੰਦਰਾ ਗਾਂਧੀ ਦਾ ਕਤਲ ਤਾਂ ਮੈਨੂੰ ਦਿਸਿਆ ਹੈ, ਹਜ਼ਾਰਾਂ ਸਿੱਖਾਂ ਦਾ ਕਤਲੇਆਮ ਮੈਨੂੰ ਨਜ਼ਰ ਨਹੀਂ ਆਇਆ। ਠੀਕ ਹੈ ਇਤਰਾਜ਼ ਇਹ। ਪਰ ਇਸਦਾ ਮਤਲਬ ਇਹ ਨਹੀਂ ਕਿ ਮੈਨੂੰ ਸਿੱਖਾਂ ਦੇ ਕਤਲੇਆਮ ਦਾ ਦੁੱਖ ਹੀ ਕੋਈ ਹੋਇਆ ਨਹੀਂ। ਜਲ੍ਹਿਆਂਵਾਲਾ ਬਾਗ ਵਿਚ ਜਦੋਂ ਗੋਲੀ ਚੱਲੀ ਸੀ ਤਾਂ ਭਾਈ ਵੀਰ ਸਿੰਘ ਨੇ ਵੀ ਕਵਿਤਾ ਨਹੀਂ ਲਿਖੀ ਸੀ। ਕੀ ਭਾਈ ਵੀਰ ਸਿੰਘ ਨੂੰ ਜਲ੍ਹਿਆਂਵਾਲੇ ਬਾਗ ਦੇ ਸ਼ਹੀਦਾਂ ਦਾ ਦਰਦ ਨਹੀਂ ਸੀ ? ਜਾਂ ਉਹ ਉਸ ਤੋਂ ਖ਼ੁਸ਼ ਸਨ ? ਘਟੋ ਘੱਟ ਮੈਂ ਅਜਿਹਾ ਸੋਚ ਵੀ ਨਹੀਂ ਸਕਾਂਗਾ। ਮੈਂ ਉੱਕਾ ਨਹੀਂ ਕਹਾਂਗਾ ਕਿ ਭਾਈ ਵੀਰ ਸਿੰਘ ਦਾ ਕਵੀ ਆਪਣੇ ਕਿਸੇ ਰਾਜਸੀ ਆਪੇ ਅੱਗੇ ਹਾਰ ਖਾ ਗਿਆ ਹੈ। ਕਿਉਂਕਿ ਰਾਜਸੀ ਆਪਾ ਭਾਈ ਵੀਰ ਸਿੰਘ ਦਾ ਵੀ ਸੀ ਹੀ ਕੋਈ—ਹਰ ਕਵੀ ਜਾਂ ਦਾਨਿਸ਼ਵਰ ਦਾ ਰਾਜਸੀ ਆਪਾ ਹੁੰਦਾ ਹੈ। ਪੰਜਾਬ ਵਿਚ, ਖ਼ਾਲਿਸਤਾਨੀ, ਬੇਗੁਨਾਹਾਂ ਨੂੰ ਬੱਸਾਂ ਵਿਚੋਂ ਕੱਢ-ਕੱਢ ਕੇ ਮਾਰਦੇ ਰਹੇ, ਅਤੇ ਇਕ ਵਿਸ਼ੇਸ਼ ਫ਼ਿਰਕੇ ਦੇ ਲੋਕਾਂ ਨੂੰ ਮਾਰਦੇ ਰਹੇ ਹਨ। ਉਹਨਾਂ ਬਾਰੇ ਗੁਰਬਚਨ ਸਿੰਘ ਭੁੱਲਰ ਨੇ ਕੁਝ ਵੀ ਲਿਖਿਆ ਨਹੀਂ। ਪਰ ਮੈਂ ਇਹ ਨਹੀਂ ਆਖਾਂਗਾ ਕਿ ਉਹਨੂੰ, ਉਹਨਾਂ ਬੇਗੁਨਾਹਾਂ ਨਾਲ ਕੋਈ ਹਮਦਰਦੀ ਨਹੀਂ ਸੀ। ਬੱਸ, ਨਹੀਂ ਲਿਖਿਆ ਗਿਆ। ਜੇ ਉਹ ਪੰਜਾਬ ਤੋਂ ਦੂਰ ਸੀ ਤਾਂ ਮੈਂ ਵੀ ਦਿੱਲੀ ਤੋਂ ਦੂਰ ਸਾਂ—ਜੇ ਭਲਾਂ ਨੇੜੇ ਦੇ ਹੀ ਅਨੁਭਵ ਦੀ ਗੱਲ ਕੀਤੀ ਜਾਵੇ, ਹਾਲਾਂਕਿ ਇਸਦਾ ਸਾਹਿਤ ਅਤੇ ਕਲਾ ਵਿਚ ਕੋਈ ਅਰਥ ਨਹੀਂ ਪਰ, ਭਾਈ ਵੀਰ ਸਿੰਘ ਜੀ ਅੰਮ੍ਰਿਤਸਰ ਵਿਚ ਮੌਜੂਦ ਸਨ। ਬੱਸ, ਨਹੀਂ ਲਿਖਿਆ ਗਿਆ। ਉਂਜ ਸਾਡੇ ਸਾਰਿਆਂ ਵਲੋਂ ਹੀ ਲਿਖਿਆ ਜਾਣਾ ਚਾਹੀਦਾ ਸੀ—ਮੇਰੇ ਵਲੋਂ, ਭੁੱਲਰ ਵਲੋਂ ਤੇ ਭਾਈ ਵੀਰ ਸਿੰਘ ਵਲੋਂ ਵੀ। ਪਰ ਜੇ ਨਹੀਂ ਲਿਖਿਆ ਗਿਆ ਤਾਂ ਝੱਟ ਉਸ ਨੂੰ ਕਿਸੇ ਕਵੀ ਦੀ ਉਸਦੇ ਰਾਜਸੀ ਆਪੇ ਅੱਗੇ ਹਾਰ ਨਹੀਂ ਆਖਣਾ ਚਾਹੀਦਾ। ਥੋੜਾ ਸੋਚ-ਸਮਝ ਕੇ ਹੀ ਇਹੋ ਜਿਹੇ ਫ਼ਤਵਿਆਂ ਦੀ ਵਰਤੋਂ ਕਰਨੀ ਚਾਹੀਦੀ ਹੈ। ਕਾਹਲ ਨਹੀਂ ਕਰਨੀ ਚਾਹੀਦੀ।

ਕੇਵਲ ਇੰਦਰਾ ਗਾਂਧੀ ਬਾਰੇ ਹੀ ਕਵਿਤਾ ਨਹੀਂ ਸੀ ਲਿਖੀ ਮੈਂ, ਸੰਤ ਲੌਂਗੋਵਾਲ ਬਾਰੇ ਵੀ ਮੈਂ ਇਕ ਕਵਿਤਾ ਲਿਖੀ ਸੀ, ਉਹਨਾਂ ਦੇ ਕਤਲ ਹੋਣ ਮਗਰੋਂ, ਤੇ ਕਈਆਂ ਹੋਰਾਂ ਬਾਰੇ ਵੀ। ਹਾਲਾਂਕਿ ਸੰਤ ਲੌਂਗੋਵਾਲ ਪੰਜਾਬ ਦੀ ਇਕ ਫ਼ਿਰਕਾਪ੍ਰਸਤ ਪਾਰਟੀ ਦੇ

ਹੀ ਆਗੂ ਸਨ ਜਿਨਦੀ ਫ਼ਿਰਕਾਪ੍ਰਸਤੀ ਵਿਰੁੱਧ ਮੈਂ ਸਦਾ ਹੀ ਲੜਦਾ ਰਿਹਾ ਹਾਂ। ਪਰ ਸੰਤ ਲੌਂਗੋਵਾਲ ਦਾ ਕਤਲ ਇਕ ਬੁਜ਼ਦਿਲਾਨਾ ਕਤਲ ਸੀ, ਤੇ ਇਸੇ ਤਰ੍ਹਾਂ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਕਤਲ ਵੀ। ਇਹ ਫ਼ਾਸ਼ੀਵਾਦੀ ਕਤਲ ਸਨ ਜੋ ਫ਼ਾਸ਼ੀਵਾਦੀ ਰੁਚੀਆਂ ਦੇ ਹੀ ਧਾਰਨੀਆਂ ਨੇ ਕੀਤੇ ਸਨ ਤੇ ਉਹ ਵੀ ਅਤੀ ਧੋਖੇ ਨਾਲ। ਭੁੱਲਰ ਜਦੋਂ ਮੇਰੇ ਕਵੀ ਨੂੰ, ਮੇਰੇ ਰਾਜਸੀ ਆਪੇ ਅੱਗੇ, ਹਾਰ ਚੁਕਿਆ ਕਹਿੰਦਾ ਹੈ ਤਾਂ ਉਹ ਵੀ ਆਪਣੇ ਰਾਜਸੀ ਆਪੇ ਦੇ ਕਹੇ-ਕਹਾਏ ਹੀ ਕਹਿੰਦਾ ਹੈ ਏਥੇ। ਨਹੀਂ ਤਾਂ ਉਹ ਮੇਰੇ ਕਵੀ ਨੂੰ ਮਾੜਾ ਨਹੀਂ ਸਮਝਦਾ। ਮੇਰੇ ਇਕ ਕਾਵਿ ਸੰਗ੍ਰਹਿ 'ਸੰਜੀਵਨੀ' ਦਾ ਮੁਖਬੰਧ ਗੁਰਬਚਨ ਸਿੰਘ ਭੁੱਲਰ ਨੇ ਲਿਖਿਆ ਹੈ। ਉਸ ਵਿਚ ਉਹ ਮੇਰੇ ਕਵੀ ਨੂੰ ਮਾਨਤਾ ਹੀ ਨਹੀਂ ਦਿੰਦਾ, ਸਗੋਂ ਸਲਾਹੁੰਦਾ ਵੀ ਬਹੁਤ ਹੈ। ਇਕ ਥਾਂ ਉਹ ਲਿਖਦਾ ਹੈ :

> "ਦ੍ਰਿਸ਼ਟੀ ਦੀ ਵਿਸ਼ਾਲਤਾ, ਅਨੁਭਵ ਦੀ ਗਹਿਰਾਈ, ਜਜ਼ਬੇ ਦੀ ਸੁਹਿਰਦਤਾ ਅਤੇ ਕਲਾ ਦੀ ਉੱਚੀ ਉਡਾਣ ਤਾਂ ਇਹਨਾਂ ਕਵਿਤਾਵਾਂ ਵਿਚ ਧੀਰ ਜੀ ਦੀ ਸਾਰੀ ਰਚਨਾ ਵਾਂਗ ਹੈ ਹੀ। ਸਮੇਂ ਦੇ ਪੱਖੋਂ ਇਹ ਬੀਤੇ ਨੂੰ ਛਾਣਦੀਆਂ, ਵਰਤਮਾਨ ਨੂੰ ਨਿਤਾਰਦੀਆਂ ਅਤੇ ਭਵਿੱਖ ਨੂੰ ਚਿਤਵਦੀਆਂ ਹਨ। ਇਹ ਕਿਸੇ ਇਕ ਇਲਾਕੇ ਜਾਂ ਕਿਸੇ ਇਕ ਦੇਸ ਤਕ ਸੀਮਿਤ ਨਹੀਂ ਹਨ। ਨਾ ਹੀ ਕੋਈ ਇਕ ਫ਼ਿਰਕਾ, ਕੋਈ ਇਕ ਤਬਕਾ, ਕੋਈ ਇਕ ਧਰਮ ਜਾਂ ਕੋਈ ਇਕ ਮੱਤ ਹੀ ਇਹਨਾਂ ਦਾ ਵਿਸ਼ਾ ਹੈ। ਇਹ ਸਭ ਵਲਗਣਾਂ ਤੋਂ ਮੁਕਤ ਸਰਬਕਾਲੀ, ਮਾਨਵਵਾਦੀ ਅਤੇ ਵਿਸ਼ਵਵਿਆਪੀ ਕਵਿਤਾ ਹੈ।"

ਇਹ ਪੁਸਤਕ 1983 ਵਿਚ ਛਪੀ ਸੀ। ਮੁਖਬੰਧ 12 ਫ਼ਰਵਰੀ 1983 ਦਾ ਹੈ।

ਪਰ ਹੁਣ ਭੁੱਲਰ ਦੀ ਮੇਰੇ ਬਾਰੇ ਰਾਏ ਕੁਝ ਹੋਰ ਹੋ ਗਈ ਹੈ ਜੋ ਉੱਪਰ ਦੱਸੀ ਜਾ ਚੁੱਕੀ ਹੈ। ਪਰ ਮੇਰੇ ਬਾਰੇ ਭੁੱਲਰ ਦੀ ਇਹ ਰਾਏ ਕਦੇ ਨਹੀਂ ਹੋਣੀ ਸੀ, ਜੇ ਸਾਡੇ ਦੋਹਾਂ ਵਿਚ ਵਿਚਾਰਧਾਰਕ ਫ਼ਰਕ ਨਾ ਹੁੰਦੇ।

ਇਹ ਫ਼ਰਕ ਪੰਜਾਬ-ਸਮੱਸਿਆ ਕਾਰਨ ਹੀ ਸਾਡੇ ਵਿਚ ਪੈਦਾ ਹੋਏ।

# ਮੈਂ ਹਾਂ ਬਾਰੂ ਤਾਂਗੇ ਵਾਲਾ

ਮੈਂ ਕਲਮ ਦਾ ਕਾਮਾ ਹਾਂ। ਕਵਿਤਾ, ਕਹਾਣੀ, ਨਾਵਲ, ਲੇਖ, ਸਫ਼ਰਨਾਮਾ, ਸਵੈ-ਜੀਵਨੀ, ਡਾਇਰੀ ਜਾਂ ਨਿੱਤ-ਲੇਖ, ਕਈ ਵਿਧਾਵਾਂ ਉਤੇ ਮੈਂ ਆਪਣੀ ਕਲਮ ਚੁੱਕੀ ਹੈ। ਗੁਰਬਚਨ ਸਿੰਘ ਭੁੱਲਰ ਨੇ ਮੈਨੂੰ ਕਿਸੇ ਲੇਖ ਵਿਚ "ਬਹੁ-ਵਿਧਾਵੀ" ਕਿਹਾ ਹੈ। ਇਹ ਠੀਕ ਹੀ ਵਿਸ਼ੇਸ਼ਣ ਹੈ। ਮੈਂ ਬਹੁ-ਵਿਧਾਵੀ ਲੇਖਕ ਹੀ ਹਾਂ। ਪਹਿਲਾਂ ਮੈਨੂੰ ਕਿਤੇ-ਕਿਤੇ "ਸਰਬਾਂਗੀ" ਵੀ ਆਖਿਆ ਗਿਆ ਹੈ। "ਸਰਬਾਂਗੀ" ਨਾਲੋਂ "ਬਹੁ-ਵਿਧਾਵੀ" ਆਖਿਆ ਜਾਣਾ ਠੀਕ ਹੈ। ਕਿਉਂਕਿ ਮੈਂ ਇਕ ਵਿਧਾ, ਨਾਟਕ, ਨਹੀਂ ਲਿਖਿਆ। ਨਾ ਛੋਟਾ, ਨਾ ਵੱਡਾ। ਸ਼ੁਰੂ-ਸ਼ੁਰੂ ਵਿਚ ਇਕ ਵਾਰ ਮੈਂ ਨਾਟਕ ਲਿਖਣ ਲੱਗਾ ਸਾਂ, ਪਰ ਲਿਖ ਨਹੀਂ ਸੀ ਹੋਇਆ ਮੈਥੋਂ। ਜਾਚ ਨਹੀਂ ਆਈ। ਆਖ਼ਿਰ ਮੈਂ ਇਸ ਵਿਧਾ ਤੋਂ ਦੂਰ-ਦੂਰ ਹੀ ਰਹਿੰਦਾ ਰਿਹਾ। ਇਹ ਵੀ ਆਖਿਆ ਜਾਂਦਾ ਸੀ ਕਿ ਨਾਟਕ ਖੇਡਣ ਦੀ ਚੀਜ਼ ਹੈ, ਪੜ੍ਹਨ ਦੀ ਹੀ ਨਹੀਂ ਕੇਵਲ। ਖੇਡਣ ਲਈ ਬਹੁਤ ਕੁਝ ਜੁਗਾੜ ਜੋੜਨੇ ਪੈਂਦੇ ਹਨ। ਸੋ ਮੈਂ ਇਸ ਤੋਂ ਦੂਰ ਹੀ ਰਿਹਾ। ਕਵਿਤਾ ਅਤੇ ਕਹਾਣੀ ਵਿਚ ਮੈਂ ਬਹੁਤੀ ਕਲਮ ਵਾਹੀ ਹੈ। ਹੁਣ ਤਾਂ ਨਾਵਲ ਵੀ ਕਈ ਹਨ, ਭਾਵੇਂ ਕਈ ਅਣਛਪੇ ਹਨ ਅਜੇ। ਸਵੈ-ਜੀਵਨੀ, ਸਫ਼ਰ-ਨਾਮਾ। ਸਫ਼ਰਨਾਮਾ ਛਪ ਚੁੱਕਾ ਹੈ। ਕਾਫ਼ੀ ਪਹਿਲਾਂ 1978 ਵਿਚ ਛਪਿਆ ਸੀ। ਇੰਗਲੈਂਡ ਬਾਰੇ ਲਿਖਿਆ ਸੀ—"ਮੇਰੀ ਇੰਗਲੈਂਡ ਯਾਤਰਾ"।

ਕਈ ਲੋਕ ਕਹਿ ਦਿੰਦੇ ਹਨ ਕਿ ਮੈਂ ਕਵੀ ਚੰਗਾ ਨਹੀਂ, ਕਹਾਣੀਕਾਰ ਚੰਗਾ ਹਾਂ। ਕਈ ਕਹਾਣੀਕਾਰ ਨਾਲੋਂ ਕਵੀ ਚੰਗਾ ਕਹਿੰਦੇ ਹਨ ਪਾਠਕਾਂ ਨੂੰ ਹੱਕ ਹੈ, ਉਹ ਜਿਵੇਂ ਮਰਜ਼ੀ ਹਾੜਨ, ਤੋਲਣ। ਪਰ ਇਹ ਰਾਏ ਬਹੁਤੀ ਮੇਰੇ ਲੇਖਕ ਦੋਸਤ ਹੀ ਦਿੰਦੇ ਹਨ। ਇਕ ਕਵੀ ਦਾ ਕਹਿਣਾ ਸੀ, ਕਹਾਣੀਆਂ ਚੰਗੀਆਂ ਹੁੰਦੀਆਂ ਹਨ। ਇਕ ਕਹਾਣੀਕਾਰ ਅਨੁਸਾਰ ਕਵਿਤਾਵਾਂ ਚੰਗੀਆਂ ਹੁੰਦੀਆਂ ਹਨ। ਮੈਂ ਨਤੀਜਾ ਕੱਢਿਆ ਕਿ ਦੋਵੇਂ ਹੀ ਚੰਗੀਆਂ ਹੁੰਦੀਆਂ ਹਨ। ਇਕ, ਇਕ ਦੀ ਨਜ਼ਰ ਵਿਚ ਤੇ ਦੂਜੀ ਦੂਜੇ ਦੀ ਨਜ਼ਰ ਵਿਚ। ਮੈਨੂੰ ਇਸ ਵਿਚ ਥੋੜ੍ਹਾ ਜਿਹਾ ਕੁਸਾਵਾਂਪਣ ਵੀ ਨਜ਼ਰ ਆਉਂਦਾ। ਥੋੜ੍ਹੀ ਜਿਹੀ ਈਰਖਾ ਵੀ। ਆਖਿਰ ਅਸੀਂ ਮਨੁੱਖ ਹਾਂ। ਈਰਖਾ ਦੇ ਜਜ਼ਬੇ ਨੇ ਵੀ ਸਾਡੇ ਵਿਚੋਂ ਹੀ ਲੰਘਣਾ ਹੈ।

ਅੱਜ ਗ਼ਜ਼ਲਾਂ ਲਿਖਣ ਦੀ ਭਰਮਾਰ ਦਾ ਜ਼ਮਾਨਾ ਹੈ। ਗ਼ਜ਼ਲਾਂ ਲਿਖਣ ਵਾਲੇ ਵੀ ਮੈਨੂੰ ਕਵੀ ਨਹੀਂ ਸਮਝਦੇ। ਚਲੋ, ਇਸਦਾ ਉੱਤਰ ਮੇਰੇ ਕਵਿਤਾਵਾਂ ਦੇ ਸੰਗ੍ਰਹਿਆਂ ਨੂੰ ਹੀ

ਆਪ ਦੇਣਾ ਚਾਹੀਦਾ ਹੈ। ਉਂਜ ਇਸਦਾ ਉੱਤਰ ਦੇਣ ਲਈ ਮੇਰੀ ਇਕੋ ਕਵਿਤਾ "ਨਿੱਕੀ ਸਲੇਟੀ ਸੜਕ ਦਾ ਟੋਟਾ" ਕਾਫ਼ੀ ਮੰਨੀ ਜਾ ਸਕਦੀ ਹੈ। ਨਿਰਸੰਦੇਹ, ਇਸ ਕਵਿਤਾ ਨੂੰ ਕੋਈ ਕਵੀ ਹੀ ਲਿਖ ਸਕਦਾ ਹੈ—ਜੋ ਪਹਿਲਾਂ ਕਵੀ ਹੋਵੇ ਤੇ ਹੋਰ ਸਭ ਕੁਝ ਪਿਛੋਂ ਹੋਵੇ।

ਮੈਂ ਨਾ ਕਵੀ ਸੰਤੋਖ ਸਿੰਘ ਧੀਰ ਹਾਂ; ਨਾ ਕਹਾਣੀਕਾਰ ਸੰਤੋਖ ਸਿੰਘ ਧੀਰ; ਮੈਂ ਲੇਖਕ ਸੰਤੋਖ ਸਿੰਘ ਧੀਰ ਹਾਂ। ਇਸੇ ਵਿਚ ਕਹਾਣੀਕਾਰ ਤੇ ਕਵੀ, ਸਭ ਆ ਜਾਂਦੇ ਹਨ।

ਅੱਜ, ਸਾਡੇ ਸਾਹਿਤ ਵਿਚ, ਬੜੇ ਹੀ ਘੜਮੱਸ ਵਾਲੀ ਹਾਲਤ ਬਣੀ ਹੋਈ ਹੈ। ਜਿਹੜਾ ਵੀ ਕੋਈ ਉਠਦਾ ਹੈ, ਮਾਰਕਸਵਾਦ ਉਤੇ ਜਾਂ ਪ੍ਰਗਤੀਵਾਦ ਉੱਤੇ ਆਕਰਮਣ ਸ਼ੁਰੂ ਕਰ ਦਿੰਦਾ ਹੈ। 'ਇਹਨਾਂ ਦੀ ਹੁਣ ਲੋੜ ਨਹੀਂ...ਇਹਨਾਂ ਦੀ ਭਾਂਜ ਹੋ ਚੁੱਕੀ ਹੈ...ਇਹ ਪ੍ਰਸੰਗਕ ਨਹੀਂ ਰਹੇ'। ਇਹ ਆਪਣੇ ਆਪ ਨੂੰ ਧੋਖੇ ਵਿਚ ਹੀ ਰੱਖਣ ਵਾਲੀਆਂ ਗੱਲਾਂ ਹਨ। ਅਜਿਹੀਆਂ ਗੱਲਾਂ ਜਾਂ ਤਾਂ ਬੜੇ ਹੀ ਸ਼ਾਤਰ ਲੋਕ ਕਰ ਰਹੇ ਹਨ ਜਾਂ ਬੜੇ ਹੀ ਜਜ਼ਬਾਤੀ ਲੋਕ। ਸੁਹਿਰਦ ਲੋਕ ਆਪਣੇ ਆਪ ਦੀ ਮੁੜ-ਪੜਚੋਲ ਕਰ ਰਹੇ ਹਨ।

ਕਈ ਲੋਕ ਕਹਿ ਰਹੇ ਹਨ ਕਿ ਸਾਡਾ ਕਿਸੇ ਵਾਦ ਨਾਲ ਵੀ ਕੋਈ ਸੰਬੰਧ ਨਹੀਂ ਹੈ। ਸਾਡਾ ਕੋਈ ਮੰਤਵ ਨਹੀਂ। ਅਸੀਂ ਬੱਸ ਲਿਖਦੇ ਹਾਂ ਤੇ ਲਿਖਣ ਲਈ ਹੀ ਲਿਖਦੇ ਹਾਂ। ਪਹਿਲਾਂ ਤਾਂ ਇਹ ਗੱਲ ਹੀ ਆਪਣੇ ਆਪ ਵਿਚ ਇਕ ਵਾਦ ਹੈ। ਇਹ ਕਲਾ ਲਈ ਕਲਾਵਾਦ ਜਾਂ ਲਿਖਣ ਲਈ ਲਿਖਣਵਾਦ ਹੈ। ਨਾਹਰਾ ਤਾਂ ਇਹ ਬੜੀ ਹੀ ਚਤੁਰਾਈ ਨਾਲ ਦਿੱਤਾ ਗਿਆ ਹੈ, ਪਰ ਇਸਦੇ ਪਿੱਛੇ ਲੁਕਿਆ ਮੰਤਵ ਲੁਕਿਆ ਰਹਿ ਹੀ ਸਕਦਾ ਨਹੀਂ। ਉਸਦੀ ਸੂਰਤ ਆਪਣੇ ਆਪ ਹੀ ਅੱਖਾਂ ਅੱਗੇ ਆ ਜਾਂਦੀ ਹੈ। ਇਹ ਹੈ "ਜੋ ਹੈ" ਦੀ ਸੇਵਾ। ਜੋ ਵੀ ਹੈ ਤੇ ਜਿਵੇਂ ਵੀ ਹੈ, ਇਹ ਉਸੇ ਤਰ੍ਹਾਂ ਹੀ ਬਣਿਆ ਰਹੇ। ਇਸ ਵਿਚ ਕੋਈ ਤਬਦੀਲੀ ਨਾ ਆਵੇ। ਕਈ ਨਵੇਂ ਲਿਖਣ ਵਾਲੇ ਵੀ ਇਵੇਂ ਹੀ ਆਖਣ ਲੱਗ ਜਾਂਦੇ ਹਨ ਜੋ ਕਿਵੇਂ ਨਾ ਕਿਵੇਂ ਇਸ ਨਾਹਰੇ ਦੇ ਅਸਰ ਹੇਠ ਆ ਜਾਂਦੇ ਹਨ। ਪਰ ਇਹ ਗੱਲ ਹੀ ਗ਼ਲਤ ਹੈ। ਕਈ ਮਾਣ ਨਾਲ ਆਖਣਗੇ ਕਿ ਉਹਨਾਂ ਅੱਗੇ, ਲਿਖਣ ਵੇਲੇ, ਕੋਈ ਉਦੇੱਸ਼ ਨਹੀਂ ਹੁੰਦਾ। ਇਹ ਬਿਲਕੁਲ ਉਹੀਓ ਗੱਲ ਹੈ ਕਿ ਤੁਰਨ ਵੇਲੇ ਉਹਨਾਂ ਅੱਗੇ ਕੋਈ ਮੰਜ਼ਲ ਨਹੀਂ ਹੁੰਦੀ। ਬਿਨਾਂ ਮੰਜ਼ਲ, ਬਿਨਾਂ ਨਿਸ਼ਾਨੇ, ਪੈਰ ਹੀ ਪੁੱਟਿਆ ਜਾਂਦਾ ਨਹੀਂ। ਇਸੇ ਤਰ੍ਹਾਂ ਬਿਨਾਂ ਉਦੇੱਸ਼ ਕਲਮ ਹੀ ਨਹੀਂ ਚੁੱਕੀ ਜਾਂਦੀ।

ਕਦੇ-ਕਦੇ ਕੋਈ ਮੇਰੇ ਜਿਹੇ ਲੇਖਕ ਬਾਰੇ ਆਖੇਗਾ ਕਿ ਉਸ ਲੇਖਕ ਦੀ, ਲਿਖਣ ਵੇਲੇ, ਪੂਰਬਧਾਰਨਾ ਹੁੰਦੀ ਹੈ। ਜਿਵੇਂ ਪੂਰਬਧਾਰਨ ਕੋਈ ਬਹੁਤ ਹੀ ਵੱਡਾ ਔਗਣ ਹੋਵੇ। ਸਾਹਿਤ, ਵਿਚਾਰਾਂ ਦਾ ਵਾਹਨ ਹੈ। ਪੂਰਬਧਾਰਨਾ ਹੁੰਦੀ ਹੈ, ਆਪਣੇ ਵਿਚਾਰ ਕਿਸੇ ਦੂਜੇ ਤਕ ਪਹੁੰਚਾਉਣ ਦੀ ਕੀ ਇਹ ਚਾਹੀਦਾ ਨਹੀਂ ਹੈ ? ਕੀ ਬਿਨਾਂ ਵਿਚਾਰਾਂ ਦੇ ਵੀ ਕੋਈ ਸਾਹਿਤ ਹੋ ਸਕਦਾ ਹੈ ? ਹੈ ਕੋਈ ਮਿਸਾਲ ? ਭਗਤੀ ਲਹਿਰ ਦੇ ਸਾਰੇ ਸੰਤ ਸਾਰੇ ਗੁਰੂ ਸਾਰੇ ਭਗਤ ਕਿਸੇ ਪੂਰਬਧਾਰਨਾ ਅਨੁਸਾਰ ਹੀ ਲਿਖਦੇ ਰਹੇ ਹਨ। ਹਾਂ, ਸਾਹਿਤ, ਸਾਹਿਤ ਹੋਵੇ। ਵਿਚਾਰ ਉਸ ਵਿਚ ਪੱਤਿਆਂ ਵਿਚ ਪਾਣੀ ਵਾਂਗੂੰ ਲੁਪਤ ਹੋਣ।

ਪ੍ਰਗਤੀ ਅਤੇ ਜੀਵਨ, ਇਹ ਵੱਖੋ ਵੱਖਰੇ ਨਹੀਂ ਹਨ, ਦੋਵੇਂ ਇਕੋ ਰੂਪ ਹੀ ਹਨ। ਪ੍ਰਗਤੀ ਬਿਨਾਂ ਜੀਵਨ ਕੀ ? ਪ੍ਰਗਤੀਵਾਦ, ਅਸਲ ਵਿਚ, ਜੀਵਨਵਾਦ ਹੀ ਹੁੰਦਾ ਹੈ। ਪਰ ਅਜ ਕਲ੍ਹ, ਪ੍ਰਗਤੀਵਾਦ, ਬਹੁਤਾ ਕਮਿਊਨਿਸਟਾਂ ਨਾਲ ਹੀ ਜੁੜਿਆ ਹੋਇਆ ਹੋਣ ਕਾਰਨ, ਕਈਆਂ ਲੋਕਾਂ ਨੂੰ ਇਸ ਤੋਂ ਜਿਵੇਂ ਮੁਸ਼ਕ ਆਉਣ ਲੱਗ ਜਾਂਦਾ ਹੈ ਤੇ ਚੰਗਾ-ਭਲਾ ਦਿਲ ਉਹਨਾਂ ਦਾ ਬੁਰਾ ਹੋਣ ਲੱਗ ਪੈਂਦਾ ਹੈ। ਕਮਿਊਨਿਸਟਾਂ ਨਾਲ ਨਫ਼ਰਤ ਹੋਣੀ ਸਮਝ ਵਿਚ ਆ ਸਕਦੀ ਹੈ, ਪ੍ਰਗਤੀਵਾਦ ਨਾਲ ਕਿਵੇਂ ਵੀ ਨਹੀਂ। ਪ੍ਰਗਤੀਵਾਦ ਨਾਲ ਨਫ਼ਰਤ ਕਰਨੀ ਜੀਵਨ ਨਾਲ ਹੀ ਨਫ਼ਰਤ ਹੈ, ਅਤੇ ਇਹ ਮਾੜੀ ਗੱਲ ਹੈ।

ਹਾਂ, ਅਖਾਉਤੀ ਪ੍ਰਗਤੀਵਾਦ, ਜੋ ਕੇਵਲ ਕੁਝ ਇਕ ਰਾਜਨੀਤਕ ਨਾਹਰਿਆਂ ਤਕ ਜਾ ਰਹਿੰਦਾ ਹੈ, ਸਾਹਿਤ ਅਤੇ ਕਲਾ ਵਿਚ, ਅਵੱਸ਼ ਨਿੰਦਣਯੋਗ ਹੈ। ਪਰ ਅਖਾਉਤੀ ਤਾਂ ਸਾਰਾ ਕੁਝ ਹੀ ਨਿੰਦਣਯੋਗ ਹੁੰਦਾ ਹੈ। ਕੀ ਅਖਾਉਤੀ ਧਰਮਾਂ ਦੀ ਨਹੀਂ ਨਿੰਦਿਆ ਹੋਣੀ ਚਾਹੀਦੀ ? ਅਖਾਉਤੀ ਪ੍ਰਗਤੀਵਾਦ ਤਾਂ ਕਿਸੇ ਦਾ ਕੁਝ ਵਿਗਾੜਦਾ ਨਹੀਂ ਹੈ; ਖ਼ਾਸਕਰ ਸਾਹਿਤ ਤੇ ਕਲਾ ਵਿਚ; ਜੇ ਉਹ ਕੁਝ ਵਿਗਾੜਦਾ ਹੈ ਤਾਂ ਆਪਣਾ ਹੀ ਵਿਗਾੜਦਾ ਹੈ, ਜੋ ਨੀਵੀਂ ਪੱਧਰ ਉਤੇ ਮਹਿਜ਼ ਪਰਚਾਰ ਜਿਹਾ ਬਣ ਜਾਂਦਾ ਹੈ; ਪਰ, ਅਖਾਉਤੀ ਧਰਮ ਤਾਂ ਅੱਜ ਦਨਦਨਾਂਦਾ ਫਿਰਦਾ ਤੇ ਚਾਰੇ ਪਾਸੇ ਖ਼ੂਨ ਤੇ ਅੱਗ ਦੀ ਹੋਲੀ ਖੇਡ ਰਿਹਾ ਹੈ। ਤਾਂ ਵੀ, ਅਖਾਉਤੀ ਪ੍ਰਗਤੀਵਾਦ ਅਵੱਸ਼ ਹੀ ਨਿੰਦਣਯੋਗ ਹੈ, ਪਰ ਸੱਚਾ ਪ੍ਰਗਤੀਵਾਦ ਨਹੀਂ। ਸੱਚਾ ਪ੍ਰਗਤੀਵਾਦ ਸੱਚੇ ਦਿਲੋਂ ਅਪਣਾਉਣਾ ਚਾਹੀਦਾ ਹੈ, ਚਾਹੇ ਉਸਦਾ ਝੰਡਾ ਕਮਿਊਨਿਸਟਾਂ ਨੇ ਹੀ ਚੁੱਕਿਆ ਹੋਵੇ। ਕਿਉਂਕਿ ਅਜਿਹਾ ਕਰਨ ਵਾਲੇ ਕਮਿਊਨਿਸਟ ਮਾੜੇ ਨਹੀਂ ਹਨ।

ਸੋਵੀਅਤ ਰੂਸ ਟੁੱਟ ਚੁੱਕਾ ਹੈ। ਪੂਰਬੀ ਯੂਰਪ ਦੇ ਦੇਸ਼ਾਂ ਵਿਚ ਵੀ ਹੇਠਲੀ ਉੱਤੇ ਹੋ ਚੁੱਕੀ ਹੈ। ਪਰ ਮਾਰਕਸਵਾਦ ਕਿਸੇ ਤਰ੍ਹਾਂ ਵੀ ਅ-ਪ੍ਰਸੰਗਕ ਨਹੀਂ ਹੋਇਆ। ਇਸਨੂੰ ਸਾਰੀ ਦੁਨੀਆਂ ਵਿਚ ਮੁੜ-ਵਾਚਿਆ ਜਾ ਰਿਹਾ ਹੈ। ਇਸੇ ਤਰ੍ਹਾਂ ਸਮਾਜਵਾਦ ਵੀ ਅ-ਪ੍ਰਸੰਗਕ ਨਹੀਂ ਹੈ। ਸਮਾਜਵਾਦ, ਜੋ ਢੱਠਾ ਹੈ, ਉਸਦਾ ਬਦਲ ਸਹੀ ਅਤੇ ਵਿਗਿਆਨਕ ਸਮਾਜਵਾਦ ਹੀ ਹੈ। ਮੂਲਵਾਦ ਜਾਂ ਪੂੰਜੀਵਾਦ ਇਹਨਾਂ ਦੇ ਬਦਲ ਨਹੀਂ ਹਨ।

ਅੱਜ, ਸਾਰੀ ਦੁਨੀਆਂ ਵਿਚ ਹੀ, ਮੇਰੇ ਵਰਗੇ ਲੇਖਕਾਂ ਲਈ ਇਕ ਬਹੁਤ ਵੱਡੀ ਵੰਗਾਰ ਹੈ। ਇਕ ਭਿਆਨਕ ਅਜ਼ਦਹਾ ਫੁੰਕਾਰੇ ਮਾਰ ਰਿਹਾ ਹੈ। ਇਹ ਅਜ਼ਦਹਾ ਸਰੇ ਕੁਝ ਨੂੰ ਭਸਮ ਕਰ ਦੇਣਾ ਚਾਹੁੰਦਾ ਹੈ। ਮਨੁੱਖ ਨੂੰ ਤੇ ਦੁਨੀਆਂ ਭਰ ਦੀ ਸਾਰੀ ਸੁੰਦਰਤਾਈ ਨੂੰ—ਮਨੁੱਖ ਦੀ ਸੁੰਦਰ ਸਿਰਜਣਾ ਨੂੰ। ਸਭਿਅਤਾਵਾਂ, ਸਭਿਆਚਾਰ, ਗਿਆਨ-ਵਿਗਿਆਨ ਤੇ ਫ਼ਲਸਫ਼ੇ, ਸਭ ਹੀ ਖ਼ਤਰੇ ਵਿਚ ਹਨ। ਮੂਲਵਾਦ ਉੱਠ ਰਿਹਾ ਹੈ। ਇਹੀਓ ਹੈ ਉਹ ਅਜ਼ਦਹਾ ! ਜਗਮਗਾਂਦੀ ਸੂਝ ਨਾਲ ਸਾਨੂੰ ਇਸ ਅਜ਼ਦਹੇ ਦੇ ਸਾਹਮਣੇ ਹੋਣਾ ਚਾਹੀਦਾ ਤੇ ਇਹਨੂੰ ਨੱਥਣਾ ਚਾਹੀਦਾ ਹੈ। ਇਸੇ ਵਿਚ ਹੀ ਭਲਾ ਹੈ। ਆਪਣਾ ਵੀ ਤੇ ਸਭ ਦਾ ਵੀ।

ਜੇ ਸਾਡਾ ਬਣਿਆ-ਬਣਾਇਆ ਘਰ ਅੱਜ ਢੱਠ ਜਾਂਦਾ ਹੈ ਤਾਂ ਸਾਨੂੰ ਉਸ ਹਾਲਤ ਵਿਚ ਨਿਰਾਸ਼ ਨਹੀਂ ਹੋਣਾ ਚਾਹੀਦਾ। ਫੇਰ ਨਵੇਂ ਸਿਰੇ ਤੋਂ ਉਸਾਰੀ ਕਰਨੀ ਚਾਹੀਦੀ ਹੈ। ਬੁਨਿਆਦ ਵਿਚ ਜ਼ਰੂਰ ਕਿਤੇ ਗ਼ਲਤੀ ਹੋ ਗਈ ਹੋਵੇਗੀ, ਨਹੀਂ ਤਾਂ ਉਸਾਰੀ ਵਿਚ। ਸਾਨੂੰ ਆਪਣੀ ਗ਼ਲਤੀ ਆਪ ਹੀ ਦੂਰ ਕਰਨੀ ਚਾਹੀਦੀ ਹੈ। ਅਵੱਸ਼, ਅਸੀਂ ਕਰਾਂਗੇ ਵੀ। ਕਿਉਂਕਿ ਇਹ ਯੁੱਗ ਦਾ, ਜ਼ਮਾਨੇ ਦਾ, ਸਵਾਲ ਹੈ।

"ਕੋਈ ਇਕ ਸਵਾਰ" ਕਹਾਣੀ ਦਾ ਬਾਰੂ ਤਾਂਗੇ ਵਾਲਾ ਭਾਵੇਂ ਮੇਰਾ ਸਿਰਜਿਆ ਪਾਤਰ ਹੈ, ਪਰ ਜਦੋਂ ਹਨੇਰਾ ਹੋਵੇ ਤਾਂ ਬਹੁਤ ਵਾਰ ਉਹ ਮੇਰੀ ਰਾਹਨੁਮਾਈ ਕਰਨ ਆ ਜਾਂਦਾ ਹੈ। ਅਸਲ ਵਿਚ ਉਹ ਮੇਰੀ ਆਪਣੀ ਸੋਚ ਦਾ ਹੀ ਇਕ ਟੁਕੜਾ ਹੈ ਤੇ ਮੇਰੀ ਸੋਚ ਦੇ ਇਕ ਪਾਸੇ ਉਹ ਜਗਮਗ ਕਰਦਾ ਰਹਿੰਦਾ ਹੈ।

ਬਾਰੂ ਦਾ ਮੈਂ ਦੂਜਾ ਨਾਂ "ਸੰਘਰਸ਼" ਰੱਖਣਾ ਚਾਹਾਂਗਾ।

ਬਾਰੂ ਹਾਰ ਜਾਂਦਾ ਹੈ ਤਾਂ ਅੱਡੇ ਵਿਚ ਫੇਰ ਉਹ ਪਰੈਣੀ ਉੱਚੀ ਕਰਦਾ ਤੇ ਖੰਨੇ ਦਾ ਹੋਕਾ ਦਿੰਦਾ ਹੈ, ਭਾਵ ਨਵੇਂ ਸਿਰੇ ਤੋਂ ਉਹ ਫੇਰ ਜੂਝਣ ਲੱਗ ਜਾਂਦਾ ਹੈ। ਲਿਖਦਾ ਤਾਂ ਮੈਂ ਆਪਣਾ ਸਾਹਿਤ ਭਾਵੇਂ ਕਲਮ ਨਾਲ ਹੀ ਹਾਂ, ਪਰ ਅਸਲ ਵਿਚ ਮੈਂ ਬਾਰੂ ਦੀ "ਪਰੈਣੀ" ਨਾਲ ਲਿਖਦਾ ਹਾਂ। ਪਰੈਣੀ ਅੱਗੇ ਲੱਗੀ ਆਰ ਮੇਰੀ ਕਲਮ ਦੀ ਨੋਕ ਹੈ।

"ਕੋਈ ਇਕ ਸਵਾਰ" ਵੀ ਮੈਂ ਕਲਮ ਦੀ ਥਾਂ ਬਾਰੂ ਦੀ ਪਰੈਣੀ ਨਾਲ ਹੀ ਲਿਖੀ ਸੀ। ਕਹਾਣੀ ਲਿਖਣ ਤੋਂ ਪਹਿਲਾਂ ਇਹ ਮੇਰੇ ਕੋਲ ਆ ਪੁੱਜੀ ਸੀ। ਇਸੇ ਲਈ ਕਹਾਣੀ ਵਿਚ ਮੈਂ ਇਸ ਨੂੰ ਉੱਚਾ ਕੀਤਾ ਸੀ।

"ਫੁੱਲਾਂ ਨਾਲ ਗੱਲਾਂ" ਮੇਰੀ ਨਵੀਂ ਛਪੀ ਪੁਸਤਕ ਹੈ। ਇਸਨੂੰ ਵੀ ਮੈਂ ਬਾਰੂ ਦੀ ਪਰੈਣੀ ਨਾਲ ਹੀ ਲਿਖਿਆ ਹੈ। "ਪੱਖੀ" ਕਹਾਣੀ ਸੰਗ੍ਰਹਿ ਵਿਚ ਮੇਰੀ ਕਹਾਣੀ "ਪੱਖੀ" ਹੈ। ਹੋਰ ਵੀ ਕਹਾਣੀਆਂ ਹਨ: "ਨਾਖਾਂ", "ਇਤਿਹਾਸ"। ਸਾਰੀਆਂ ਇਹ ਬਾਰੂ ਦੀ ਪਰੈਣੀ ਨਾਲ ਲਿਖੀਆਂ ਹਨ।

ਮੇਰਾ ਬਾਰੂ ਤਾਂਗੇ ਵਾਲਾ ਮਰਿਆ ਨਹੀਂ, ਜ਼ਿੰਦਾ ਹੈ, ਭਾਵੇਂ ਉਹ ਸਰੀਰਕ ਪੱਖੋਂ ਦੁਨੀਆਂ ਵਿਚ ਅੱਜ ਨਹੀਂ ਹੈ। ਕਹਾਣੀ ਵਿਚ ਬਾਰੂ ਦਾ ਮੈਂ ਅਸਲ ਨਾਂ ਹੀ ਰੱਖਿਆ ਸੀ—1954 ਵਿਚ ਮੈਂ ਇਹ ਕਹਾਣੀ ਲਿਖੀ ਸੀ। ਦਸ ਅਕਤੂਬਰ 92 ਨੂੰ ਮੈਂ ਇਕ ਕਵਿਤਾ ਲਿਖੀ ਹੈ: "ਮੈਂ ਹਾਂ ਬਾਰੂ ਤਾਂਗੇ ਵਾਲਾ।" ਪਹਿਲਾਂ ਬਾਰੂ ਤਾਂਗੇ ਵਾਲਾ ਮੇਰੀ ਕਹਾਣੀ ਵਿਚ ਜੂਝਦਾ ਹੈ। ਅੱਜ, ਅੱਠਤੀ ਵਰ੍ਹੇ ਬਾਅਦ, ਉਹ ਫੇਰ ਇਸ ਕਵਿਤਾ ਵਿਚ ਜੂਝਣ ਲਈ ਕਹਿ ਰਿਹਾ ਹੈ। ਉਦੋਂ ਉਹ ਹਾਰ ਗਿਆ ਸੀ, ਪਰ ਹਾਰ ਕੇ ਵੀ ਉਹਨੇ ਆਪਣੀ ਹਾਰ ਨਹੀਂ ਮੰਨੀ ਸੀ ਤੇ ਫੇਰ ਜੂਝਣ ਲੱਗ ਪਿਆ ਸੀ। ਅੱਜ ਵੀ ਉਹ ਕਹਿੰਦਾ ਹੈ ਕਿ ਭਾਵੇਂ ਮੈਂ ਹਾਰ ਚੁੱਕਾ ਹਾਂ, ਪਰ ਹਾਰ ਕੇ ਵੀ ਹਾਰਾਂਗਾ ਨਹੀਂ। ਇਹ ਕਵਿਤਾ ਮੈਂ ਸੋਵੀਅਤ ਰੂਸ ਦੇ ਟੁੱਟਣ ਮਗਰੋਂ ਲਿਖੀ ਹੈ। ਕਵਿਤਾ ਹੈ:

ਟੁੱਟ ਗਿਆ ਮੈਂ ਭਾਵੇਂ ਸਾਰਾ
ਪਰ ਮੈਂ ਬਾਰੂ ਤਾਂਗੇ ਵਾਲਾ
ਹਾਰ ਗਿਆ, ਪਰ ਹਾਰ ਨਾ ਮੰਨਾਂ
ਮੁੜਕੇ ਮੁੱਢ ਸੰਗਰਾਮ ਦਾ ਬੰਨ੍ਹਾਂ
ਛਾਂਟਾ ਚੁੱਕ ਆਕਾਸ਼ ਵੰਗਾਰਾਂ
ਫਿਰ ਸੰਸਾਰ ਨੂੰ ਹੱਕੇ ਮਾਰਾਂ ।

ਸੂਰਜ ਦਾ ਮੈਂ ਭਖਦਾ ਘੋੜਾ
ਧਰਤੀ ਦੇ ਤਾਂਗੇ ਨੂੰ ਜੋਇਆ
ਟੁੱਟੀ ਰਾਸ ਤੇ ਵੱਜੀ ਠੋਹਕਰ
ਤਾਂਗਾ-ਘੋੜਾ ਵੱਖ-ਵੱਖ ਹੋਇਆ
ਦੂਰ-ਇੱਛਕਾਂ ਨੇ ਤਾੜੀ ਮਾਰੀ
ਪਰ ਮੈਂ ਡਿਗਿਆ ਉੱਠ ਖਲੋਇਆ ।

ਮੁੜ ਘੋੜੇ ਦਾ ਸੀਸ ਪਲੋਸਾਂ
ਮੁੜ ਧਰਤੀ ਨੂੰ ਸੂਰਜ ਜੋੜਾਂ
ਮੁੜ ਮੰਜ਼ਲ ਲਈ ਅੱਖ ਨਿਹਾਰਾਂ
ਮੁੜ ਸੰਸਾਰ ਨੂੰ ਹੱਕੇ ਮਾਰਾਂ
ਟੁੱਟ ਗਿਆ ਮੈਂ ਭਾਵੇਂ ਸਾਰਾ
ਪਰ ਮੈਂ ਬਾਰੂ ਤਾਂਗੇ ਵਾਲਾ ।

ਅੱਡਾ ਵਸਦਾ ਘਣਾ-ਘਣੇਰਾ
ਮੇਰਾ ਤਾਂਗਾ ਮੇਰਾ-ਈ-ਮੇਰਾ
ਮੇਰਾ ਛਾਂਟਾ ਅੰਬਰ ਛੂਹੇ
ਪੁੱਜਣਾ ਮੈਂ ਚਾਨਣ ਦੇ ਬੂਹੇ
ਹਾਰ ਗਿਆ, ਪਰ ਹਾਰ ਨਾ ਮੰਨਾਂ
ਮੁੜਕੇ ਮੁੱਢ ਸੰਗਰਾਮ ਦਾ ਬੰਨ੍ਹਾਂ ।

ਮੈਂ ਹਾਂ ਬਾਰੂ ਤਾਂਗੇ ਵਾਲਾ
ਮੈਂ ਹਾਂ ਬਾਰੂ ਤਾਂਗੇ ਵਾਲਾ ।

ਇਹ ਮੇਰਾ ਜੀਵਨ-ਫਲਸਫ਼ਾ ਹੈ ।

ਮੇਰੇ ਨੇੜੇ ਲੇਖਕ ਹੋਣਾ ਯੋਧਾ ਹੋਣ ਦੇ ਤੁੱਲ ਹ ਕਲਮ ਇਕ ਹਥਿਆਰ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ, ਕਹਿੰਦੇ ਹਨ, ਕਿ ਜ਼ਫ਼ਰਨਾਮਾ ਤੀਰ ਦੀ ਨੋਕ ਨਾਲ ਲਿਖਿਆ ਸੀ। ਲਿਖਿਆ ਤਾਂ ਉਂਜ ਜ਼ਫ਼ਰਨਾਮਾ ਕਲਮ ਨਾਲ ਹੀ ਗਿਆ ਸੀ, ਪਰ ਉਹ ਕਲਮ, ਤੀਰ ਵਾਂਗ, ਹਥਿਆਰ ਹੀ ਬਣੀ ਹੋਈ ਸੀ। ਇਸੇ ਲਈ ਤਾਂ ਜ਼ਫ਼ਰਨਾਮਾ, ਖ਼ੰਜਰ ਵਾਂਗੂੰ, ਔਰੰਗਜ਼ੇਬ ਦੇ ਦਿਲ ਵਿਚ ਜਾ ਕੇ ਵੱਜਾ ਸੀ। ...ਸਿਪਾਹੀ, ਆਪਣੇ ਮੋਰਚੇ ਉਤੇ, ਬੰਦੂਕ ਫੜਕੇ ਬਹਿੰਦਾ ਹੈ। ਮੈਂ, ਆਪਣੇ ਮੋਰਚੇ ਉਤੇ, ਕਲਮ ਫੜੀਂ ਬੈਠਾ ਹਾਂ।

**ਸੰਤੋਖ ਸਿੰਘ ਧੀਰ**

UTL AT DOWNSVIEW
D RANGE BAY SHLF POS ITEM C
39 16 03 23 05 008 5